ਐਤਵਾਰ, 28 ਸਤੰਬਰ, 2025
13 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 118

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • SUNDAY, 28 SEPTEMBER, 2025
ਜਲੰਧਰ

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12+6=18

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

nawan zamana TV

ਸ਼ਹੀਦ-ਏ-ਆਜ਼ਮ

ਸਰਦਾਰ ਭਗਤ ਸਿੰਘ

ਦੇ ਅਧੂਰੇ ਸੁਪਨਿਆਂ ਨੂੰ ਪੂਰਾ ਕਰਦੇ ਹੋਏ



118ਵੇਂ ਜਨਮ ਦਿਵਸ ਮੌਕੇ ਕੋਟਿ-ਕੋਟਿ ਨਮਨ

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੇ ਕ੍ਰਾਂਤੀਕਾਰੀ ਕਦਮ

- 90% ਘਰਾਂ ਵਿੱਚ 0 ਬਿਜਲੀ ਬਿੱਲ
- 55,201 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ
- 2.77 ਲੱਖ ਤੋਂ ਜ਼ਿਆਦਾ ਪ੍ਰਾਈਵੇਟ ਸੈਕਟਰ ਵਿੱਚ ਨੌਕਰੀਆਂ
- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 17,904 ਐੱਫ.ਆਈ.ਆਰ. ਦਰਜ ਅਤੇ 27,719 ਨਸ਼ਾ ਤਸਕਰ ਗ੍ਰਿਫ਼ਤਾਰ
- ਪੰਜਾਬ ਦੇ ਹਰ ਪਰਿਵਾਰ ਨੂੰ ₹10 ਲੱਖ ਦਾ ਸਿਹਤ ਬੀਮਾ
- ਪੇਂਡੂ ਖੇਤਰਾਂ ਵਿੱਚ 3,000 ਨਵੇਂ ਵਿਸ਼ਵ-ਪੱਧਰੀ ਖੇਡ ਮੈਦਾਨ
- 881 ਆਮ ਆਦਮੀ ਕਲੀਨਿਕ, ਕੁੱਲ 4.04 ਕਰੋੜ ਮਰੀਜ਼ਾਂ ਨੇ ਇਲਾਜ ਕਰਵਾਇਆ
- 118 ਨਵੇਂ ਸਕੂਲ ਆਫ਼ ਐਮੀਨੈਂਸ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

## ਤਰਕਸ਼ੀਲ ਸੁਸਾਇਟੀ ਨੇ ਪੀ ਏ ਯੂ ਕਿਸਾਨ ਮੇਲੇ 'ਤੇ ਬੁੱਕ ਸਟਾਲ ਲਾਇਆ



ਲੁਧਿਆਣਾ (ਰੈਕਟਰ ਕਥੂਰੀਆ)-ਪੀ ਏ ਯੂ ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਆਪਣੇ ਸਾਹਿਤ ਦੀ ਲਾਈ ਸਟਾਲ ਤੋਂ ਲੋਕਾਂ ਨੂੰ ਅੰਧਵਿਸ਼ਵਾਸੀ ਅਤੇ ਵੇਲਾ ਵਿਹਾਅ ਚੁੱਕੇ ਵਿਚਾਰਾਂ ਦੀ ਥਾਂ ਵਿਗਿਆਨਕ ਨਜ਼ਰੀਆ ਵਿਕਸਤ ਕਰਨ ਦਾ ਸੱਦਾ ਦਿੱਤਾ।ਸਟਾਲ ਵਿੱਚ ਵੱਖ-ਵੱਖ ਵਿਗਿਆਨੀਆਂ, ਸਮਾਜ ਚਿੰਤਕਾਂ ਤੇ ਬੁੱਧੀਜੀਵੀਆਂ ਵੱਲੋਂ ਆਪਣੀ ਜ਼ਿੰਦਗੀ ਦੇ ਤਜਰਬਿਆਂ ਦੀ ਰੌਸ਼ਨੀ ਵਿੱਚ ਸਿੱਧ ਕੀਤੇ ਰੌਚਕ ਵਿਚਾਰਾਂ ਦੀ ਪ੍ਰਦਰਸ਼ਨੀ ਪੜ੍ਹਨ 'ਚ ਲੋਕਾਂ ਨੇ ਚੰਗੀ ਰੁਚੀ ਵਿਖਾਈ।ਵੱਖ-ਵੱਖ ਵਿਸ਼ਿਆਂ, ਸਮਾਜਿਕ ਸਰੋਕਾਰਾਂ, ਅੰਧਵਿਸ਼ਵਾਸਾਂ ਕਾਰਨ ਪੈਦਾ ਘਰੇਲੂ ਉਲਝਣਾਂ ਤੇ ਅਖੌਤੀ ਭੂਤਾਂ ਪ੍ਰੇਤਾਂ ਆਦਿ ਤੋਂ ਮੁਕਤੀ ਸਮੇਤ ਅਗਾਂਹਵਧੂ ਰੁਚੀਆਂ ਪੈਦਾ ਕਰਨ ਵਾਲੇ ਸਾਹਿਤ ਦਾ ਪਸਾਰਾ ਕੀਤਾ।ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ, ਜ਼ੋਨ ਲੁਧਿਆਣਾ ਮੁਖੀ ਜਸਵੰਤ ਜ਼ੀਰਖ, ਸਾਹਿਤ ਵੈਨ ਮੁਖੀ ਮੋਹਨ ਬਡਲਾ, ਵਿੱਤ ਮੁਖੀ ਧਰਮਪਾਲ ਸਿੰਘ, ਮੀਡੀਆ ਮੁਖੀ ਹਰਚੰਦ ਭਿੰਡਰ, ਲੁਧਿਆਣਾ ਮੁਖੀ ਬਲਵਿੰਦਰ ਸਿੰਘ, ਰਾਕੇਸ਼ ਆਜ਼ਾਦ, ਕਰਤਾਰ ਸਿੰਘ, ਅਜਮੇਰ ਦਾਖਾ, ਸੁਧਾਰ ਇਕਾਈ ਧਰਮ ਸਿੰਘ, ਮਾ. ਕਰਨੈਲ ਸਿੰਘ, ਗੁਰਮੇਲ ਸਿੰਘ, ਮਜੀਦ ਮੁਹੰਮਦ ਮਲੇਰਕੋਟਲਾ, ਜਸਵਿੰਦਰ ਸਿੰਘ ਭਾਗੀਵਾਂਦਰ, ਦੀਪ ਦਿਲਬਰ ਕੋਹਾੜਾ ਵੱਲੋਂ ਬਣਦੀ ਜ਼ਿੰਮੇਵਾਰੀ ਨਿਭਾਈ ਗਈ।

## ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਗ਼ਸ਼ਤ ਤੇਜ਼

ਬੱਧਨੀ ਕਲਾਂ (ਲਵਲੀ ਮਾਛੀਕੇ)



ਬਿਲਾਸਪੁਰ ਚੌਂਕੀ ਦੇ ਇੰਚਾਰਜ ਜਸਵੰਤ ਸਿੰਘ ਸਰਾਂ ਦੀ ਅਗਵਾਈ ਵਿੱਚ ਪਿੰਡਾਂ ਅੰਦਰ ਤੇਜ਼ ਗਸ਼ਤ ਕਰਦਿਆਂ ਸਮਾਜ ਵਿਰੋਧੀ ਅਨਸਰਾਂ ਨਾਲ ਨਜਿੱਠਣ ਦਾ ਫ਼ੈਸਲਾ ਕੀਤਾ ਹੈ। ਜਸਵੰਤ ਸਿੰਘ ਸਰਾਂ ਨੇ ਕਿਹਾ ਕਿ ਨਸ਼ਾ ਸਮਗਲਰਾਂ ਸਮਾਜ ਵਿਰੋਧੀ ਅਨਸਰਾਂ ਨੂੰ ਕਿਸੇ ਵੀ ਹਾਲਤ ਅਤੇ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਹੱਥਾਂ 'ਚ ਕਾਨੂੰਨ ਨਹੀਂ ਲੈਣ ਦਿੱਤਾ ਜਾਵੇਗਾ ਤੇ ਕਿਸੇ ਵੀ ਕਿਸਮ ਦਾ ਨਸ਼ਾ ਵੇਚਣ ਵਾਲੇ ਜਾਂ ਗੁੰਡਾ ਅਨਸਰਾਂ ਨੂੰ ਨੱਥ ਪਾਉਣ ਲਈ ਜਨਤਾ ਦੇ ਵਡਮੁੱਲੇ ਸਹਿਯੋਗ ਦੀ ਜ਼ਰੂਰਤ ਹੈ, ਇਸ ਲਈ ਕੋਈ ਵੀ ਵਿਅਕਤੀ ਬਿਨਾਂ ਕਿਸੇ ਭੈਅ ਤੇ ਡਰ ਦੇ ਅਜਿਹੇ ਅਨਸਰਾਂ ਪ੍ਰਤੀ ਤੁਰੰਤ ਪੁਲਸ ਨੂੰ ਸੂਚਿਤ ਕਰਨ ਤੇ ਉਸ ਤੋਂ ਇਲਾਵਾ ਉਨ੍ਹਾਂ ਨੇ ਵਾਹਨ ਚਾਲਕਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕੇ ਆਪਣੇ ਵਾਹਨਾਂ ਦੇ ਕਾਗਜ਼ ਤਰੁੰਤ ਪੂਰੇ ਕਰ ਲੈਣ ਤਾਂ ਅਗਲੀ ਵਾਰ ਕਿਸੇ ਵੀ ਹਾਲਤ ਅਤੇ ਕਿਸੇ ਵੀ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ ਤੇ ਨਾ ਕਿਸੇ ਦੀ ਕੋਈ ਵੀ ਸਿਫ਼ਾਰਸ਼ ਮੰਨੀ ਜਾਵੇਗੀ।

## ਸਰਕਾਰ ਨੇ ਹੜ੍ਹ ਪੀੜਤ ਮਜ਼ਦੂਰਾਂ, ਛੋਟੇ ਦੁਕਾਨਦਾਰਾਂ ਤੇ ਦਲਿਤ ਪਰਵਾਰਾਂ ਨੂੰ ਅਣਗੌਲਿਆ ਕੀਤਾ : ਵਿਜੇ ਧੀਰ



ਮੋਗਾ (ਇਕਬਾਲ ਸਿੰਘ ਖਹਿਰਾ)

ਪੰਜਾਬ ਵਿੱਚ ਹਾਲ ਹੀ ਵਿੱਚ ਆਏ ਹੜ੍ਹਾਂ ਤੇ ਭਾਰੀ ਬਰਸਾਤਾਂ ਨੇ ਭਾਰੀ ਤਬਾਹੀ ਮਚਾਈ ਹੈ।ਪੰਜਾਬ ਸਰਕਾਰ ਵੱਲੋਂ ਐਲਾਨੇ ਗਏ ਵੱਖ ਵੱਖ ਰਾਹਤ ਮੁਆਵਜ਼ਿਆਂ ਵਿੱਚ ਸਮਾਜ ਦੇ ਸਭ ਤੋਂ ਗਰੀਬ ਵਰਗ ਮਜ਼ਦੂਰ ਵਿਸ਼ੇਸ਼ ਤੌਰ 'ਤੇ ਬੇ-ਜ਼ਮੀਨੇ ਖੇਤ ਮਜ਼ਦੂਰ, ਦਿਹਾੜੀਦਾਰ, ਛੋਟੇ ਦੁਕਾਨਦਾਰ ਤੇ ਪ੍ਰਭਾਵਿਤ ਦਲਿਤ ਪਰਵਾਰਾਂ ਨੂੰ ਬਿਲਕੁਲ ਅਣਗੌਲਿਆ ਕੀਤਾ ਗਿਆ ਹੈ।ਖੇਤ ਮਜ਼ਦੂਰਾਂ ਦੇ ਸੰਘਰਸ਼ ਉਪਰੰਤ ਪੰਜਾਬ ਸਰਕਾਰ ਨੇ ਢਹਿ ਗਏ ਘਰਾਂ ਲਈ 1,20,000 ਰੁਪਏ ਤੇ ਨੁਕਸਾਨੇ ਗਏ ਘਰਾਂ ਲਈ 40,000 ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ, ਜਿਹੜਾ ਬਹੁਤ ਹੀ ਨਿਗੁਣਾ ਹੈ।ਹੜ੍ਹ ਤੇ ਮੀਂਹ ਪੀੜਤ ਗਰੀਬ ਵਰਗ ਮਜ਼ਦੂਰ ਵਿਸ਼ੇਸ਼ ਤੌਰ 'ਤੇ ਬੇ-ਜ਼ਮੀਨੇ ਖੇਤ ਮਜ਼ਦੂਰ, ਦਿਹਾੜੀਦਾਰ, ਛੋਟੇ ਦੁਕਾਨਦਾਰ ਤੇ ਪ੍ਰਭਾਵਿਤ ਦਲਿਤ ਪਰਵਾਰਾਂ ਦੇ ਹੋਏ ਨੁਕਸਾਨ ਦੀ ਸੌ ਫੀਸਦੀ ਭਰਪਾਈ ਕਰਨ ਦੀ ਮੰਗ ਨੂੰ ਲੈ ਕੇ ਮਾਲਵੇ ਦੇ ਉੱਘੇ ਮਜ਼ਦੂਰ ਵਰਗ ਆਗੂ ਵਿਜੇ ਧੀਰ ਐਡਵੋਕੇਟ ਤੇ ਜਨਰਲ ਸਕੱਤਰ ਪ੍ਰਵੀਨ ਕੁਮਾਰ ਸ਼ਰਮਾ ਦੀ ਅਗਵਾਈ ਵਿੱਚ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਰੋਸ ਪ੍ਰਦਰਸ਼ਨ ਕੀਤਾ।

ਇਸ ਰੋਸ ਪ੍ਰਦਰਸ਼ਨ ਵਿੱਚ ਵਿਜੇ ਧੀਰ ਐਡਵੋਕੇਟ ਤੋਂ ਇਲਾਵਾ ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ, ਜ਼ਿਲ੍ਹਾ ਪ੍ਰਧਾਨ ਸੰਤ ਪਾਲ ਸਿੰਘ ਭਾਗੀ ਕੇ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੌਤਰ, ਈ ਰਿਕਸ਼ਾ ਮਜ਼ਦੂਰ ਸੰਘ ਦੇ ਪ੍ਰਧਾਨ ਜਸਵਿੰਦਰ ਸਿੰਘ ਛੱਡ ਤੇ ਜਨਰਲ ਸਕੱਤਰ ਮੰਗਤ ਸਿੰਘ ਲੰਢੇਕੇ, ਪਲੰਬਰ ਐਂਡ ਸੈਨੇਟਰੀ ਵਰਕਰਜ਼ ਯੂਨੀਅਨ ਦੇ ਪ੍ਰਧਾਨ ਸੁਰਿੰਦਰ ਕੁਮਾਰ ਛਿੰਦਾ, ਭਾਰਤੀ ਕੈਂਟਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ ਭੁੱਲਰ, ਮਿਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਜੱਗਾ, ਹਨੀ, ਮਹਿਲਾ ਵਿੰਗ ਦੇ ਪ੍ਰਧਾਨ ਮਨਦੀਪ ਸ਼ਰਮਾ, ਵਾਰਡ ਪ੍ਰਧਾਨ ਸੁਰਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਮਜ਼ਦੂਰ ਜਥੇਬੰਦੀਆਂ ਨੇ ਢਹਿ ਗਏ ਘਰਾਂ 'ਤੇ ਨੁਕਸਾਨੇ ਗਏ ਘਰਾਂ ਲਈ ਸੌ ਫੀਸਦੀ ਤੇ ਮਾਰੇ ਗਏ ਪਸ਼ੂਆਂ ਲਈ 1,50,000 ਰੁਪਏ ਤੇ ਮਾਰੇ ਗਏ ਵਿਅਕਤੀਆਂ ਲਈ 15 ਲੱਖ ਰੁਪਏ ਪ੍ਰਤੀ ਵਿਅਕਤੀ ਮੁਆਵਜ਼ਾ ਦੇਣ ਦੀ ਮੰਗ ਕੀਤੀ ਤੇ ਹੜ੍ਹ ਪ੍ਰਭਾਵਿਤ ਛੋਟੇ ਦੁਕਾਨਦਾਰਾਂ ਦੇ ਨੁਕਸਾਨ ਦੀ ਵੀ ਸੌ ਫੀਸਦੀ ਭਰਪਾਈ ਕਰਨ ਦੀ ਮੰਗ ਕੀਤੀ।

## ਅਧਿਆਪਕ ਅੱਜ ਵਿੱਤ ਮੰਤਰੀ ਦੇ ਹਲਕੇ 'ਚ ਕਰਨਗੇ ਰੋਸ ਪ੍ਰਦਰਸ਼ਨ

ਸਮਰਾਲਾ (ਸੁਰਜੀਤ ਸਿੰਘ)-ਪੰਜਾਬ ਪੇਅ ਸਕੇਲ ਬਹਾਲੀ ਸਾਂਝਾ ਫਰੰਟ ਪੰਜਾਬ ਦੀ ਕਿਰਤੀ ਲੁਧਿਆਣਾ ਵੱਲੋਂ ਬਾਈ ਚੜਤ ਸਿੰਘ ਪਾਰਕ ਵਿਖੇ ਪੰਜਾਬ ਪੇਅ ਸਕੇਲ ਬਹਾਲੀ ਦੀ ਮੰਗ ਨੂੰ ਲੈ ਕੇ 28 ਸਤੰਬਰ ਨੂੰ ਦਿੜ੍ਹਬਾ 'ਚ ਹੋਣ ਵਾਲੇ ਰੋਸ ਮੁਜ਼ਾਹਰੇ ਨੂੰ ਸਫਲ ਬਣਾਉਣ ਲਈ ਮਹੱਤਵਪੂਰਨ ਮੀਟਿੰਗ ਕੀਤੀ ਗਈ ਤੇ 4161 ਮਾਸਟਰ ਕਾਡਰ ਅਧਿਆਪਕ ਯੂਨੀਅਨ ਦੇ ਆਗੂਆਂ ਨੇ ਬਦਲੀਆਂ 'ਚ 4161 ਨੂੰ ਸਪੈਸ਼ਲ ਮੌਕਾ ਦੇਣ ਸਬੰਧੀ ਵੀ ਮੀਟਿੰਗ ਕੀਤੀ।ਅਧਿਆਪਕ ਯੂਨੀਅਨ ਦੇ ਆਗੂ ਜਸਵਿੰਦਰ ਸਿੰਘ ਐਤੀਆਣਾ ਨੇ ਕਿਹਾ ਕਿ 4161 ਅਧਿਆਪਕ ਆਪਣੇ ਘਰਾਂ ਤੋਂ 200-250 ਕਿਲੋਮੀਟਰ ਆਪਣੀਆਂ ਸੇਵਾਵਾਂ ਦੇ ਰਹੇ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਹਨ, ਜਿਸ ਕਾਰਨ ਅਧਿਆਪਕਾਂ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਵਰਨਣਯੋਗ ਹੈ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਸੀ, ਉਦੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਾਅਦਾ ਕੀਤਾ ਸੀ ਕਿ ਕਿਸੇ ਵੀ ਅਧਿਆਪਕ ਨੂੰ ਆਪਣੇ ਘਰ ਤੋਂ ਦੂਰ ਨਹੀਂ ਭੇਜਿਆ ਜਾਵੇਗਾ, ਜਦਕਿ ਪਿਛਲੇ ਸਮਿਆਂ ਦੌਰਾਨ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਵੀ ਮੀਟਿੰਗ ਵਿੱਚ ਵਾਅਦਾ ਕੀਤਾ ਸੀ ਕਿ ਅਗਾਮੀ ਬਦਲੀਆਂ ਵਿੱਚ 4161 ਅਧਿਆਪਕਾਂ ਨੂੰ ਬਦਲੀਆਂ 'ਚ ਵਿਸ਼ੇਸ਼ ਮੌਕਾ ਦਿੱਤਾ ਜਾਵੇਗਾ, ਪਰ ਇਹ ਵਾਅਦਾ ਵਫ਼ਾ ਹੁੰਦਾ ਨਹੀਂ ਜਾਪ ਰਿਹਾ।ਆਗੂਆਂ ਨੇ ਐਲਾਨ ਕੀਤਾ ਕਿ ਜੇਕਰ 4161 ਅਧਿਆਪਕਾਂ ਨੂੰ ਬਦਲੀਆਂ ਦਾ ਵਿਸ਼ੇਸ਼ ਮੌਕਾ ਨਹੀਂ ਦਿੱਤਾ ਗਿਆ ਤਾਂ ਉਹ ਜਲਦੀ ਹੀ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨਗੇ।ਮੀਟਿੰਗ 'ਚ ਵਿਚਾਰ ਹੋ ਕੇ ਸਮੂਹ ਅਧਿਆਪਕਾਂ ਵੱਲੋਂ ਇਹ ਐਲਾਨ ਕੀਤਾ ਗਿਆ ਕਿ 28 ਸਤੰਬਰ ਨੂੰ ਵਿੱਤ ਮੰਤਰੀ ਹਰਪਾਲ ਚੀਮਾ ਦੇ ਹਲਕੇ ਦਿੜ੍ਹਬਾ 'ਚ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਕੇ ਸਰਕਾਰ ਦੀ ਪੋਲ ਖੋਲ੍ਹੀ ਜਾਵੇਗੀ।

## ਹੜ੍ਹ ਪੀੜਤਾਂ ਦੀ ਮਦਦ ਨਾਲ ਦੇਸ਼-ਵਿਦੇਸ਼ 'ਚ ਵੀ ਹੋਈ ਸੁਖਬੀਰ ਬਾਦਲ ਦੀ ਪ੍ਰਸ਼ੰਸਾ : ਸੰਨੀ ਗਿੱਲ



ਮੋਗਾ (ਇਕਬਾਲ ਸਿੰਘ ਖਹਿਰਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜੋ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ, ਉਹ ਸਿਆਸਤ ਤੋਂ ਉਪਰ ਉੱਠ ਕੇ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੇ ਇਸ ਸੰਕਟ ਦੀ ਘੜੀ ਵਿੱਚ ਜੋ ਮਾਨਵਤਾ ਭਰਿਆ ਕਾਰਜ ਕੀਤਾ ਹੈ, ਉਸ ਦੀ ਹੁਣ ਦੇਸ਼ਾਂ ਵਿਦੇਸ਼ਾਂ ਵਿੱਚ ਵੀ ਪ੍ਰਸ਼ੰਸਾ ਹੋ ਰਹੀ ਹੈ ਅਤੇ ਜੋ ਵਿਰੋਧੀ ਇਸ ਨੂੰ ਸਿਆਸਤ ਨਾਲ ਜੋੜ ਕੇ ਟੇਢੇ ਮੇਢੇ ਬਿਆਨ ਦੇ ਰਹੇ ਹਨ, ਉਹ ਇਸ ਗੱਲ ਦਾ ਸਬੂਤ ਹਨ ਕਿ ਸੁਖਬੀਰ ਸਿੰਘ ਬਾਦਲ ਦੀ ਹੋ ਰਹੀ ਪ੍ਰਸ਼ੰਸਾ ਉਨ੍ਹਾਂ ਨੂੰ ਹਜ਼ਮ ਨਹੀਂ ਹੋ ਰਹੀ ਤੇ ਉਹ ਆਪਣੇ ਆਪ ਨੂੰ ਬੌਣਾ ਤੇ ਆਤਮਗਿਲਾਨੀ ਵਜੋਂ ਵੇਖ ਰਹੇ ਹਨ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਹਲਕਾ ਮੋਗਾ ਦੇ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੇ ਇਸ ਕਾਰਜ ਨੇ ਇਹ ਸਾਬਤ ਕਰ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੀ ਇੱਕੋ ਇੱਕ ਖੇਤਰੀ ਪਾਰਟੀ ਹੈ, ਜਿਸ ਨੂੰ ਪੰਜਾਬ ਨਾਲ ਦਰਦ ਹੈ ਤੇ ਉਸ ਨੇ ਹਮੇਸ਼ਾ ਹੀ ਔਖੀ ਘੜੀ ਵਿੱਚ ਲੋਕਾਂ ਦਾ ਸਾਥ ਦਿੱਤਾ ਹੈ।ਉਨ੍ਹਾਂ ਕਿਹਾ ਕਿ ਅੱਜ ਲੋਕ ਇਹ ਮਹਿਸੂਸ ਕਰਨ ਲੱਗੇ ਹਨ ਕਿ ਪੰਜਾਬ ਵਿੱਚ ਖੇਤਰੀ ਪਾਰਟੀ ਦੀ ਸਰਕਾਰ ਹੋਣੀ ਲਾਜ਼ਮੀ ਹੈ ਕਿਉਂਕਿ ਸੁਖਬੀਰ ਸਿੰਘ ਬਾਦਲ ਨੇ ਸਰਕਾਰ ਤੋਂ ਬਾਹਰ ਹੁੰਦਿਆਂ ਵੀ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਤੇ ਹੁਣ ਉਹ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਦਿਨ-ਰਾਤ ਇੱਕ ਕਰ ਰਹੇ ਹਨ।

## ਸੇਵਾ ਪਖਵਾੜੇ ਤਹਿਤ ਰੇਲਵੇ ਸਟੇਸ਼ਨ ਦੀ ਸਫ਼ਾਈ ਕੀਤੀ



ਜਗਰਾਉਂ (ਅਮਿਤ ਖੰਨਾ)-ਭਾਰਤੀ ਜਨਤਾ ਪਾਰਟੀ ਵੱਲੋਂ ਸੇਵਾ ਪਖਵਾੜੇ ਦੇ ਤਹਿਤ, ਜੋ 17 ਸਤੰਬਰ ਤੋਂ 2 ਅਕਤੂਬਰ ਤੱਕ ਚੱਲ ਰਿਹਾ ਹੈ, ਉਸ ਦੇ ਤਹਿਤ ਭਾਰਤੀ ਜਨਤਾ ਪਾਰਟੀ ਦੇ ਸਮੂਹ ਵਰਕਰਾਂ ਨੇ ਰੇਲਵੇ ਸਟੇਸ਼ਨ ਦੀ ਸਫ਼ਾਈ ਕੀਤੀ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਜਨਮ ਦਿਹਾੜਾ, ਜੋ 17 ਸਤੰਬਰ ਨੂੰ ਹੁੰਦਾ ਹੈ, ਉਸ ਲਈ ਪਾਰਟੀ ਵੱਲੋਂ ਮੰਡਲ ਪੱਧਰ ਤੱਕ ਵੱਖ-ਵੱਖ ਪ੍ਰੋਗਰਾਮ ਦਿੱਤੇ ਗਏ, ਜਿਵੇਂ ਸਫਾਈ ਅਭਿਆਨ, ਮੈਡੀਕਲ ਕੈਂਪ, ਇਕ ਰੁੱਖ ਮਾਂ ਦੇ ਨਾਮ, ਖੂਨਦਾਨ ਕੈਂਪ, ਮੋਦੀ ਦੇ ਜੀਵਨ ਤੇ ਪ੍ਰਦਰਸ਼ਨੀ, ਜ਼ਿਲ੍ਹਾ ਪੱਧਰ 'ਤੇ ਸੰਮੇਲਨ, ਸਵਦੇਸ਼ੀ ਨੂੰ ਅਪਣਾਉਣਾ ਤੇ ਪ੍ਰਧਾਨ ਮੰਤਰੀ ਦੀਆਂ ਚੁਣੀਆਂ ਹੋਈਆਂ ਪੁਸਤਕਾਂ ਨੂੰ ਵੰਡਣਾ, ਚਿੱਤਰਕਲਾ ਦੇ ਮੁਕਾਬਲੇ, ਮੈਰਾਥਨ ਦੌੜ, ਮੋਦੀ ਜੀ ਤੇ ਜੀਵਨ ਦੇ ਅਧਾਰਤ ਪ੍ਰਦਰਸ਼ਨੀ, ਪੰਡਤ ਦੀਨ ਦਿਆਲ ਦੀ ਜਯੰਤੀ ਨੂੰ ਮਨਾਉਣਾ ਤੇ 2 ਅਕਤੂਬਰ ਨੂੰ ਗਾਂਧੀ ਜਯੰਤੀ ਤੇ ਲਾਲ ਬਹਾਦਰ ਸ਼ਾਸਤਰੀ ਦੀ ਜਯੰਤੀ ਮਨਾਉਣਾ, ਸਰਕਾਰੀ ਹਸਪਤਾਲਾਂ ਵਿੱਚ ਫ਼ਲ ਵਿਤਰਨ ਆਦਿ ਹਨ।

## ਦੁਨੀਆ ਦੀ ਕੋਈ ਤਾਕਤ ਸਾਨੂੰ ਇਸ਼ਕੇ ਨਬੀ ਤੋਂ ਰੋਕ ਨਹੀਂ ਸਕਦੀ : ਸ਼ਾਹੀ ਇਮਾਮ



ਲੁਧਿਆਣਾ (ਰੈਕਟਰ ਕਥੂਰੀਆ)-ਫੀਲਡ ਗੰਜ ਚੌਕ ਵਿੱਚ ਮੌਜੂਦ ਇਤਿਹਾਸਿਕ ਜਾਮਾ ਮਸਜਿਦ 'ਚ ਯੂਪੀ ਪ੍ਰਸ਼ਾਸਨ ਵੱਲੋਂ ਮੁਸਲਮਾਨਾਂ 'ਤੇ ਆਈ ਲਵ ਮੁਹੰਮਦ ਨੂੰ ਲੈ ਕੇ ਕੀਤੇ ਗਏ ਮੁਕਦਮੇ ਦੀ ਸਖ਼ਤ ਨਿਖੇਧੀ ਕਰਦੇ ਹੋਏ ਮਜਲਿਸ ਅਹਿਰਾਰ ਇਸਲਾਮ ਹਿੰਦ ਦੇ ਕੌਮੀ ਪ੍ਰਧਾਨ ਤੇ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਕਿਹਾ ਕਿ ਵਿਸ਼ਵ ਭਰ ਦੇ ਹਰ ਇੱਕ ਮੁਸਲਮਾਨ ਤੇ ਆਈ ਲਵ ਮੁਹੰਮਦ ਕਹਿਣਾ ਫਰਜ ਹੈ ਕਿਉਂਕਿ ਪੈਗੰਬਰ ਮੁਹੰਮਦ ਸੱਲੱਲਾਹੁ ਅਲੈਹੀ ਵਸੱਲਮ ਦੇ ਨਾਲ ਇਸ਼ਕ ਸਾਡੇ ਇਮਾਨ ਦਾ ਹਿੱਸਾ ਹੈ, ਜਦ ਤੱਕ ਅਸੀਂ ਇਸ ਦਾ ਇਜ਼ਹਾਰ ਦਿਲ ਤੇ ਜ਼ੁਬਾਨ ਤੋਂ ਨਹੀਂ ਕਰਦੇ ਉਸ ਸਮੇਂ ਤੱਕ ਅਸੀਂ ਮੁਸਲਮਾਨ ਨਹੀਂ ਹੋ ਸਕਦੇ। ਸ਼ਾਹੀ ਇਮਾਮ ਨੇ ਕਿਹਾ ਕਿ ਦੁਨੀਆ ਦੀ ਕੋਈ ਤਾਕਤ ਸਾਨੂੰ ਆਪਣੇ ਨਬੀ ਦੇ ਨਾਲ ਇਸ਼ਕ ਕਰਨ ਤੋਂ ਰੋਕ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਪ੍ਰਸ਼ਾਸਨ ਤੇ ਉਥੇ ਦੀ ਸਰਕਾਰ ਲਗਾਤਾਰ ਦੁਨੀਆ ਭਰ ਵਿੱਚ ਭਾਰਤ ਦੇ ਅਕਸ ਨੂੰ ਖਰਾਬ ਕਰ ਰਹੀ ਹੈ। ਭਾਰਤ ਦੇ ਪ੍ਰਤੀ ਵਿਸ਼ਵ ਭਰ ਦੇ ਲੋਕਾਂ 'ਚ ਇਹ ਰਾਜ ਸਰਕਾਰ ਨਫਰਤ ਦਾ ਸੁਨੇਹਾ ਦੇ ਰਹੀ ਹੈ, ਜਿਸ ਨੂੰ ਕਿਸੇ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਜ਼ਿਕਰਯੋਗ ਹੈ ਕਿ ਲੁਧਿਆਣਾ ਦੇ ਮੁਸਲਮਾਨਾਂ ਵੱਲੋਂ ਮਹਾਮਹਿਮ ਸ੍ਰੀਮਤੀ ਦ੍ਰੋਪਦੀ ਮੁਰਮੂ ਰਾਸ਼ਟਰਪਤੀ ਭਾਰਤ ਦੇ ਨਾਂਅ ਇੱਕ ਮੈਮੋਰੰਡਮ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਆਈ ਲਵ ਮੁਹੰਮਦ ਦੀ ਪੋਸਟ ਦੇ ਖਿਲਾਫ ਮੁਕੱਦਮਾ ਦਰਜ ਕਰਨ ਵਾਲੇ ਯੂਪੀ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਬਰਖਾਸਤ ਕਰ ਉਨ੍ਹਾਂ ਖਿਲਾਫ਼ ਐਫ ਆਈ ਆਰ ਦਰਜ ਕੀਤੀ ਜਾਵੇ ਤੇ ਉਹਨਾਂ ਦੀ ਡੀਪਾਰਟਮੈਂਟਲ ਜਾਂਚ ਕਰਾਈ ਜਾਏ ਤੇ ਇਸ ਮੈਮੋਰੰਡਮ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਜਿਨ੍ਹਾਂ ਬੇਗੁਨਾਹ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਉਨ੍ਹਾਂ ਨੂੰ ਫੌਰੀ ਤੌਰ 'ਤੇ ਰਿਹਾਅ ਕੀਤਾ ਜਾਵੇ।ਫੋਟੋ ਕੈਪਸ਼ਨ : ਏਡੀਸੀ ਰੁਪਿੰਦਰ ਪਾਲ ਸਿੰਘ ਤੇ ਏਡੀਸੀਪੀ 1 ਸਮੀਰ ਵਰਮਾ ਨੂੰ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਦੇ ਨਾਂਅ ਮੈਮੋਰੈਂਡਮ ਦਿੰਦੇ ਹੋਏ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਤੇ ਹੋਰ।

## ਕਬੱਡੀ ਖਿਡਾਰੀ ਰਣਜੀਤ ਸਿੰਘ ਦਾ ਪਿੰਡ ਪਹੁੰਚਣ 'ਤੇ ਸਵਾਗਤ



ਬੁਢਲਾਡਾ (ਅਸ਼ੋਕ ਲਕੜਾ)-ਪਿੰਡ ਬੱਛੋਆਣੇ ਦੀ ਧਰਤੀ 'ਤੇ ਖੁਸ਼ੀ ਦਾ ਮਾਹੌਲ ਬਣ ਗਿਆ ਜਦੋਂ, ਯੂਰਪ ਦੀ ਧਰਤੀ 'ਤੇ ਕਬੱਡੀ ਖੇਡ ਕੇ ਵਾਪਸ ਪਰਤੇ ਹੋਣਹਾਰ ਖਿਡਾਰੀ ਰਣਜੀਤ ਸਿੰਘ ਦਾ ਪਿੰਡ ਵਾਸੀਆਂ ਵੱਲੋਂ ਜੋਸ਼ੀਲਾ ਸਵਾਗਤ ਕੀਤਾ ਗਿਆ।ਕਬੱਡੀ ਪ੍ਰੇਮੀਆਂ ਤੇ ਨੌਜਵਾਨਾਂ ਨੇ ਰਣਜੀਤ ਸਿੰਘ ਨੂੰ ਫੁੱਲਾਂ ਦੀ ਵਰਖਾ ਕਰਕੇ ਮਾਣ ਦਿੱਤਾ। ਸਕੂਲ ਦੇ ਪ੍ਰਿੰਸੀਪਲ ਮੱਖਣ ਸਿੰਘ ਡੀਪੀ ਨੇ ਕਿਹਾ ਕਿ ਸਾਡੀ ਦਿਲੀ ਇੱਛਾ ਸੀ ਕਿ ਸਾਡੇ ਪਿੰਡ ਦੇ ਨੌਜਵਾਨ ਵਿਦਿਆਰਥੀ ਵਿਦੇਸ਼ਾਂ 'ਚ ਕਬੱਡੀ ਖੇਡਣ। ਮੁਖਤਿਆਰ ਸਿੰਘ ਦੇ ਪੁੱਤਰ ਰਣਜੀਤ ਸਿੰਘ, ਜਿਸ ਦਾ ਕੱਦ ਛੇ ਫੁੱਟ ਹੈ, ਸਕੂਲ ਦੇ ਦਿਨਾਂ ਤੋਂ ਹੀ ਮਿਹਨਤੀ ਤੇ ਦ੍ਰਿੜ ਨਿਸ਼ਚੇ ਵਾਲਾ ਵਿਦਿਆਰਥੀ ਰਿਹਾ।ਛੇ ਸਾਲ ਦੀ ਲਗਾਤਾਰ ਮਿਹਨਤ ਨੇ ਉਸ ਨੂੰ ਯੂਰਪ ਦੀ ਧਰਤੀ 'ਤੇ ਕਬੱਡੀ ਦੇ ਅਖਾੜੇ 'ਚ ਲਿਆਇਆ ਤੇ ਹੁਣ ਉਹ ਆਪਣੇ ਪਿੰਡ ਨੂੰ ਮਾਣ ਦੇਣ ਵਾਸਤੇ ਵਾਪਸ ਆਇਆ ਹੈ।

## ਗੁਰਨਾਮ ਸਿੰਘ ਬਿਜਲੀ ਦੀ ਆਤਮ ਕਥਾ 'ਸਫ਼ਰ ਤੇ ਹਮਸਫ਼ਰ' ਰਿਲੀਜ਼



ਸਮਰਾਲਾ (ਸੁਰਜੀਤ ਸਿੰਘ)-ਸਾਹਿਤ ਸਭਾ (ਰਜਿ.) ਦੀ ਮਾਸਿਕ ਇਕੱਤਰਤਾ ਸਭਾ ਦੇ ਮੀਤ ਪ੍ਰਧਾਨ ਸਿਮਰਜੀਤ ਸਿੰਘ ਕੰਗ ਦੀ ਪ੍ਰਧਾਨਗੀ ਹੇਠ ਸਰਕਾਰੀ ਸਕੂਲ ਵਿਖੇ ਹੋਈ। ਇਕੱਤਰਤਾ ਦੌਰਾਨ ਜਨਰਲ ਸਕੱਤਰ ਅਤਿੰਦਰ ਕੌਰ ਸਾਹਿਲ ਨੇ ਕਾਰਵਾਈ ਆਰੰਭ ਕਰਦੇ ਹੋਏ ਆਏ ਸਾਹਿਤਕਾਰਾਂ ਨਾਲ ਖੁਸ਼ੀ ਸਾਂਝੀ ਕੀਤੀ ਕਿ ਭਾਰਤੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਏਸ਼ੀਆਂ ਦਾ ਵੱਡਾ ਸਾਹਿਤਕ ਸਮਾਗਮ, ਜੋ 25 ਤੋਂ 28 ਸਤੰਬਰ ਤੱਕ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਦੁਨੀਆਂ ਭਰ ਤੋਂ ਵੱਖ-ਵੱਖ ਭਾਸ਼ਾਵਾਂ ਦੇ 600 ਦੇ ਕਰੀਬ ਲੇਖਕ, ਕਹਾਣੀਕਾਰ, ਕਵੀ ਭਾਗ ਲੈਣਗੇ। ਉਸ ਸਮਾਗਮ ਵਿੱਚ ਪੰਜਾਬ ਤੋਂ ਪੰਜਾਬੀ ਕਹਾਣੀ ਪੜ੍ਹਨ ਲਈ ਕਹਾਣੀਕਾਰ ਸੰਦੀਪ ਸਮਰਾਲਾ ਨੂੰ ਸੱਦਾ ਮਿਲਿਆ ਹੈ, ਜਿੱਥੇ ਉਹ ਆਪਣੀ ਪ੍ਰਸਿੱਧ ਕਹਾਣੀ 'ਬੱਸ ਇਤਨੀ ਸੀ ਬਾਤ' ਪੜ੍ਹੇਗਾ, ਜੋ ਸਭਾ ਤੇ ਸਮਰਾਲਾ ਇਲਾਕੇ ਲਈ ਮਾਣ ਵਾਲੀ ਗੱਲ ਹੈ।ਸਮੁੱਚੀ ਸਭਾ ਨੇ ਸੰਦੀਪ ਸਮਰਾਲਾ ਨੂੰ ਪਟਨਾ ਸਾਹਿਬ ਜਾਣ ਦੀ ਸ਼ੁਭ ਇਛਾਵਾਂ ਦਿੱਤੀਆਂ।ਗੁਰਨਾਮ ਸਿੰਘ ਬਿਜਲੀ ਵੱਲੋਂ ਲਿਖੀ ਆਤਮ ਕਥਾ ਦੀ ਕਿਤਾਬ 'ਸਫ਼ਰ ਤੇ ਹਮਸਫ਼ਰ' ਸਭਾ ਵੱਲੋਂ ਰਿਲੀਜ਼ ਕੀਤੀ ਗਈ ਤੇ ਮੁਬਾਰਕਬਾਦ ਦਿੱਤੀ ਗਈ।ਰਚਨਾਵਾਂ ਦੇ ਦੌਰ 'ਚ ਪਹਿਲੀ ਪੇਸ਼ਕਾਰੀ ਗੀਤਕਾਰ ਹਰਜਿੰਦਰ ਗੁਪਾਲੋਂ ਦਾ ਗੀਤ ਜੋ ਕੁਦਰਤ ਨਾਲ ਛੇੜਛਾੜ ਦੇ ਨਤੀਜਿਆਂ ਦੀ ਗੱਲ ਕਰਦਾ ਹੋਇਆ, ਸਮੁੱਚੀ ਮਹਿਫ਼ਲ ਦਾ ਤਾਜ ਮੁੜ ਗੁਪਾਲੋਂ ਦੇ ਸਿਰ ਰੱਖ ਗਿਆ, ਜਿਸ ਦੀ ਭਰਪੂਰ ਸ਼ਲਾਘਾ ਕੀਤੀ ਗਈ।ਇਸ ਤੋਂ ਬਾਅਦ ਜੁਆਲਾ ਸਿੰਘ, ਗੁਰਨਾਮ ਸਿੰਘ ਬਿਜਲੀ, ਦੀਪ ਦਿਲਬਰ, ਸੰਤੋਖ ਸਿੰਘ ਕੋਟਾਲਾ, ਕਹਾਣੀਕਾਰ ਮੁਖਤਿਆਰ ਸਿੰਘ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ।ਇਕੱਤਰਤਾ ਦੌਰਾਨ ਰੰਗਕਰਮੀ ਤੇ ਨਾਟਕਕਾਰ ਸੰਜੀਵਨ ਸਿੰਘ ਦੀ ਮਾਤਾ ਸਤਪਾਲ ਕੌਰ, ਸਾਹਿਤਕਾਰ ਡਾ. ਸ਼ਿੰਦਰਪਾਲ ਸਿੰਘ ਦੀ ਨੂੰਹ ਡਾ. ਸੁਖਦੀਪ ਕੌਰ ਦੇ ਬੇਵਕਤੀ ਚਲਾਣੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ।ਅਖੀਰ ਸਿਮਰਜੀਤ ਸਿੰਘ ਕੰਗ ਵੱਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

## ਕਮਾਲਕੇ ਸਕੂਲ ਦੇ ਅਧਿਆਪਕਾਂ 'ਤੇ ਦਰਜ ਕੇਸ ਵਾਪਸ ਲੈਣ ਦੀ ਮੰਗ

### ਮੁਅੱਤਲ ਅਧਿਆਪਕਾਂ ਨੂੰ ਵੀ ਤੁਰੰਤ ਬਹਾਲ ਕੀਤਾ ਜਾਵੇ : ਪੈਨਸ਼ਨਰ ਆਗੂ



ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਪੰਜਾਬ ਦੀ ਜ਼ਿਲ੍ਹਾ ਇਕਾਈ ਮੋਗਾ ਦੇ ਆਗੂਆਂ ਨੇ ਕਿਹਾ ਕਿ ਕਮਾਲਕੇ ਸਕੂਲ ਵਿੱਚ ਇੱਕ ਵਿਦਿਆਰਥੀ ਵੱਲੋਂ ਖੁਦਕੁਸ਼ੀ ਕਰਨ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਦੁਖੀ ਪਰਵਾਰ ਨਾਲ ਆਪਣੀ ਸੰਵੇਦਨਾ ਜ਼ਾਹਰ ਕੀਤੀ।ਜਥੇਬੰਦੀ ਦੇ ਵਰਕਿੰਗ ਪ੍ਰਧਾਨ ਸੁਖਦੇਵ ਸਿੰਘ ਰਾਊਕੇ, ਸਕੱਤਰ ਸਰਬਜੀਤ ਦੌਧਰ, ਵਿੱਤ ਸਕੱਤਰ ਪ੍ਰੇਮ ਕੁਮਾਰ ਤੇ ਵੱਖ ਵੱਖ ਸਬ ਡਵੀਜ਼ਨਾਂ ਦੇ ਪ੍ਰਧਾਨਾਂ/ਸਕੱਤਰਾਂ ਨੇ ਪੁਲਸ ਵੱਲੋਂ ਸਕੂਲ ਅਧਿਆਪਕਾਂ 'ਤੇ ਗਲਤ ਪਰਚਾ ਦਰਜ ਕਰਕੇ ਖੁਦਕੁਸ਼ੀ ਦਾ ਦੋਸ਼ ਅਧਿਆਪਕਾਂ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ ਹੈ।ਛੇ ਅਧਿਆਪਕਾਂ ਨੂੰ ਨੌਕਰੀ ਤੋਂ ਮੁਅੱਤਲ ਕਰਕੇ ਅਧਿਆਪਕਾਂ, ਵਿਦਿਆਰਥੀਆਂ ਤੇ ਮਾਪਿਆਂ ਵਿਚਕਾਰ ਵਖੇੜਾ ਖੜ੍ਹਾ ਕਰਨ ਅਤੇ ਅਧਿਆਪਕਾਂ ਨੂੰ ਬਦਨਾਮ ਤੇ ਕ੍ਰੀਮੀਨਲ ਸਿੱਧ ਕਰਕੇ ਸਮਾਜ ਵਿੱਚ ਅਧਿਆਪਕਾਂ ਦੇ ਮਾਨ ਸਨਮਾਨ ਨੂੰ ਭਾਰੀ ਸੱਟ ਮਾਰੀ ਹੈ, ਜਿਸ ਦੀ ਪੈਨਸ਼ਨਰ ਜਥੇਬੰਦੀ ਸਖਤ ਨਿੰਦਾ ਕਰਦੀ ਹੈ।ਪੈਨਸ਼ਨਰ ਜਥੇਬੰਦੀ ਦੇ ਪ੍ਰੈੱਸ ਸਕੱਤਰ ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਜਾਣਕਾਰੀ ਦਿੱਤੀ ਕਿ ਜਥੇਬੰਦੀ ਦੇ ਸੂਬਾ ਪ੍ਰਧਾਨ ਸ. ਭਜਨ ਸਿੰਘ ਗਿੱਲ ਤੇ ਜਨਰਲ ਸਕੱਤਰ ਸੁਰਿੰਦਰ ਰਾਮ ਕੁੱਸਾ ਨੇ ਜਿੱਥੇ ਪਰਵਾਰ ਦੇ ਹੋਣਹਾਰ ਬੱਚੇ ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ, ਉੱਥੇ ਉਨ੍ਹਾਂ 6 ਅਧਿਆਪਕਾਂ 'ਤੇ ਕੀਤੇ ਝੂਠੇ ਪਰਚੇ ਰੱਦ ਕਰਨ ਤੇ ਉਨ੍ਹਾਂ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਤਾਂ ਕਿ ਸਕੂਲ ਦਾ ਮਹੌਲ ਸਾਜ਼ਗਰ ਹੋ ਸਕੇ ਅਤੇ ਵਿਦਿਆਰਥੀ ਆਪਣਾ ਭਵਿੱਖ ਉੱਜਲ ਕਰਨ ਲਈ ਬੇਝਿੱਜਕ ਤੇ ਬਿਨਾਂ ਡਰ ਦੇ ਸਕੂਲ ਵਿੱਚ ਆ ਕੇ ਆਪਣੀ ਵਿੱਦਿਆ ਪ੍ਰਾਪਤ ਕਰ ਸਕਣ।


## ਚੇਅਰਮੈਨ ਸੰਧੂ ਵੱਲੋਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਮੀਟਿੰਗ

ਮਮਦੋਟ (ਹਰਪਾਲ ਸਿੰਘ ਸੋਢੀ)

ਸਾਉਣੀ ਦੇ ਸੀਜ਼ਨ ਨੂੰ ਮੁੱਖ ਰੱਖਦੇ ਝੋਨੇ ਦੀ ਫਸਲ ਦੇ ਖ਼ਰੀਦ ਪ੍ਰਬੰਧਾਂ ਨੂੰ ਲੈ ਕੇ ਮਾਰਕੀਟ ਕਮੇਟੀ ਮਮਦੋਟ ਦੇ ਚੇਅਰਮੈਨ ਬਲਰਾਜ ਸਿੰਘ ਸੰਧੂ ਵੱਲੋਂ ਮਮਦੋਟ ਮਾਰਕੀਟ ਕਮੇਟੀ ਅਧੀਨ ਆਉਂਦੇ ਸਮੂਹ ਆੜ੍ਹਤੀਆਂ ਤੇ ਕਿਸਾਨ ਜਥੇਬੰਦੀਆਂ ਨਾਲ ਇੱਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਝੋਨੇ ਦੀ ਖਰੀਦ ਨੂੰ ਲੈ ਕੇ ਭਵਿੱਖ ਵਿੱਚ ਆਉਣ ਵਾਲੀਆਂ ਦਿੱਕਤਾਂ ਤੇ ਹੋਰ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਮਾਰਕੀਟ ਕਮੇਟੀ ਮਮਦੋਟ ਸਮੂਹ ਆੜ੍ਹਤੀਆਂ ਤੇ ਕਿਸਾਨਾਂ ਦੀ ਸੇਵਾ ਵਿੱਚ ਲਗਾਤਾਰ ਹਾਜ਼ਰ ਹੈ ਅਤੇ ਕਿਸੇ ਵੀ ਸਮੱਸਿਆ ਨੂੰ ਪੇਸ਼ ਆਉਣ 'ਤੇ ਉਸ ਦੇ ਹੱਲ ਲਈ ਉਹ ਲਗਾਤਾਰ ਤਤਪਰ ਰਹਿਣਗੇ। ਇਸ ਮੌਕੇ ਮਾਰਕੀਟ ਕਮੇਟੀ ਮਮਦੋਟ ਦੇ ਸਕੱਤਰ ਬਿਕਰਮਜੀਤ ਸਿੰਘ ਸੰਧੂ ਮੌਜੂਦ ਸਨ।

## ਦਸਮੇਸ਼ ਸਕੂਲ ਨੇ ਜ਼ਿਲ੍ਹਾ ਪੱਧਰੀ ਤੈਰਾਕੀ ਮੁਕਾਬਲਿਆਂ 'ਚ 24 ਤਮਗੇ ਜਿੱਤੇ

### 16 ਖਿਡਾਰੀਆਂ ਦੀ ਰਾਜ ਪੱਧਰੀ ਮੁਕਾਬਲਿਆਂ ਲਈ ਹੋਈ ਚੋਣ



ਸਰਦੂਲਗੜ੍ਹ (ਅਵਤਾਰ ਜਟਾਣਾ)

ਦਸਮੇਸ਼ ਕਾਨਵੈਂਟ ਸੀਨੀ: ਸੈਕੰਡਰੀ ਸਕੂਲ ਤੇ ਦਸਮੇਸ਼ ਇੰਟਰਨੈਸ਼ਨਲ ਸਕੂਲ ਦੇ ਖਿਡਾਰੀਆਂ ਨੇ 69ਵੀਆਂ ਜ਼ਿਲ੍ਹਾ ਪੱਧਰੀ ਤੈਰਾਕੀ ਖੇਡਾਂ, ਜੋ ਸਿੰਗਲ ਸਟਾਰ ਸਕੂਲ ਵਿਖੇ ਹੋਈਆਂ, 'ਚ ਭਾਗ ਲਿਆ।

ਇਨ੍ਹਾਂ 'ਚੋਂ ਦੀਆ ਰਾਣੀ (100 ਮੀਟਰ ਬੈਕ ਸ੍ਟ੍ਰੋਕ), ਹਰਮਨ ਸਿੰਘ, ਕਿਰਨਪ੍ਰੀਤ ਕੌਰ ਤੇ ਤਾਨਿਸ਼ ਨੇ (50 ਮੀਟਰ ਬੈਕ ਸ੍ਟ੍ਰੋਕ), ਸੁਮਿਤ ਬਿਰੜਾ, ਅਭਿਜੀਤ ਸਿੰਘ ਨੇ (800 ਮੀਟਰ ਫ੍ਰੀ ਸਟਾਇਲ) ਤੇ ਗੁਰਕਾਸ਼ ਨੇ (50 ਮੀਟਰ ਫ੍ਰੀ ਸਟਾਇਲ) ਵਿੱਚ ਜ਼ਿਲ੍ਹੇ 'ਚੋਂ ਪਹਿਲੇ ਨੰਬਰ 'ਤੇ ਰਹਿੰਦਿਆਂ 7 ਸੋਨ ਤਮਗੇ ਜਿੱਤੇ। ਸੌਰਭ ਕੁਮਾਰ, ਪ੍ਰਦੀਪ ਸਿੰਘ (100 ਮੀਟਰ ਬੈਕ ਸ੍ਟ੍ਰੋਕ), ਜਸਪ੍ਰੀਤ ਸਿੰਘ (50 ਮੀਟਰ ਬੈਕ ਸ੍ਟ੍ਰੋਕ), ਮੋਹਿਤ (800 ਮੀਟਰ ਫ੍ਰੀ ਸਟਾਇਲ) ਤੇ ਮਨਪ੍ਰੀਤ ਸਿੰਘ (400 ਮੀਟਰ ਫ੍ਰੀ ਸਟਾਇਲ), ਪ੍ਰਦੀਪ ਸਿੰਘ (200 ਮੀਟਰ ਫ੍ਰੀ ਸਟਾਇਲ), ਹਰਮਨ ਸਿੰਘ, ਗੁਰਕਾਸ਼ ਸਿੰਘ (100 ਮੀਟਰ ਫਰੀ ਸਟਾਇਲ) ਤੇ ਪ੍ਰੀਤਅੰਸ਼ (50 ਮੀਟਰ ਫ੍ਰੀ ਸਟਾਇਲ) ਨੇ 9 ਜ਼ਿਲ੍ਹਾ ਸਿਲਵਰ ਤਮਗੇ ਜਿੱਤੇ। ਇਸੇ ਤਰ੍ਹਾਂ ਵਿਹਾਨ ਸੰਧੂ, ਅਭੀਨੂਰ ਕੌਰ, ਸਾਹਿਲਦੀਪ ਸਿੰਘ, ਪ੍ਰਦੀਪ ਸਿੰਘ ਨੇ (100 ਮੀਟਰ ਫ੍ਰੀ ਸਟਾਇਲ) ਵਿੱਚ ਕਾਂਸੀ ਤਮਗੇ ਜਿੱਤੇ ਤੇ ਵਿਹਾਨ ਸੰਧੂ, ਜਸਮੀਨ ਕੌਰ, ਪ੍ਰਦੀਪ ਸਿੰਘ ਤੇ ਸਾਹਿਬਦੀਪ ਸਿੰਘ (50 ਮੀਟਰ ਫ੍ਰੀ ਸਟਾਇਲ) ਵਿੱਚ ਕਾਂਸੇ ਤਮਗੇ ਜਿੱਤੇ।

ਤੈਰਾਕੀ ਦੇ ਅਲੱਗ-ਅਲੱਗ ਮੁਕਾਬਲਿਆਂ 'ਚ 7 ਜ਼ਿਲ੍ਹਾ ਸੋਨ ਤਮਗੇ, 9 ਚਾਂਦੀ ਤਮਗੇ ਤੇ 8 ਕਾਂਸੀ ਤਮਗਿਆਂ ਨਾਲ ਕੁਲ 24 ਤਮਗੇ ਜਿੱਤ ਕੇ 16 ਤੈਰਾਕੀ ਖਿਡਾਰੀਆਂ ਦੀ ਰਾਜ ਪੱਧਰੀ ਮੁਕਾਬਲਿਆਂ ਲਈ ਚੋਣ ਹੋਣ 'ਤੇ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਕੈਪਟਨ ਸੁਰਜੀਤ ਸਿੰਘ ਸੰਧੂ ਯਾਦਗਾਰੀ ਮਾਨਸਾ ਦਾ ਦੂਜਾ ਸਬ ਡਵੀਜ਼ਨ ਸਰਦੂਲਗੜ੍ਹ ਦਾ ਪਹਿਲਾ ਸਵੀਮਿੰਗ ਪੂਲ ਬਣਾਇਆ ਗਿਆ, ਜਿਸ ਵਿੱਚ ਮਿਹਨਤੀ ਖਿਡਾਰੀਆਂ ਤੇ ਟੀਮ ਕੋਚਾਂ ਦੀ ਮਿਹਨਤ ਸਦਕਾ ਪਹਿਲੇ ਸਾਲ ਹੀ 16 ਖਿਡਾਰੀਆਂ ਦੀ ਸਟੇਟ ਪੱਧਰ ਲਈ ਚੁਣੇ ਜਾਣਾ ਬਹੁਤ ਮਾਣ ਵਾਲੀ ਗੱਲ ਹੈ।

## ਥਾਪਰ ਕਾਲਜ ਨਾਲ ਲੱਗਦੀ ਸੜਕ ਦਾ ਮੇਅਰ ਨੇ ਕੀਤਾ ਉਦਘਾਟਨ



ਪਟਿਆਲਾ (ਰਾਜਿੰਦਰ ਥਿੰਦ)-ਪਟਿਆਲਾ ਨਿਗਮ ਹੱਦਾਂ ਵਿੱਚ ਸੜਕਾਂ ਦੀ ਵਿਕਾਸ ਯਾਤਰਾ ਨੂੰ ਹੋਰ ਤੇਜ਼ ਕਰਦੇ ਹੋਏ ਮੇਅਰ ਕੁੰਦਨ ਗੋਗੀਆ ਵੱਲੋਂ ਥਾਪਰ ਕਾਲਜ ਦੇ ਨਾਲ ਲੱਗਦੀ ਸੜਕ, ਜੋ ਆਦਰਸ਼ ਕਲੋਨੀ ਵੱਲ ਜਾਂਦੀ ਹੈ, ਦਾ ਉਦਘਾਟਨ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਿੰਦਰ ਕੋਹਲੀ ਸੀਨੀਅਰ ਡਿਪਟੀ ਮੇਅਰ, ਐਡਵੋਕੇਟ ਰਾਹੁਲ ਸੈਨੀ, ਜਸਬੀਰ ਸਿੰਘ ਗਾਂਧੀ ਐੱਮ. ਸੀ. ਵਾਰਡ ਨੰਬਰ 6, ਕੇਵਲ ਬਾਵਾ, ਦਰਸ਼ਨ ਕੌਰ, ਮਨਦੀਪ ਸਿੰਘ ਐੱਮ. ਸੀ., ਚਰਨਜੀਤ ਸਿੰਘ, ਨਿਸ਼ਾਂਤ ਤੇ ਹੋਰ ਇਲਾਕਾ ਨਿਵਾਸੀ ਮੌਜੂਦ ਸਨ। ਇਸ ਮੌਕੇ ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਿਗਮ ਖੇਤਰ ਵਿੱਚ ਰਹਿਣ ਵਾਲੇ ਵਸਨੀਕਾਂ ਨੂੰ ਸੁਵਿਧਾਵਾਂ ਦੇਣਾ ਉਨ੍ਹਾਂ ਦੀ ਸਭ ਤੋਂ ਵੱਡੀ ਤਰਜੀਹ ਹੈ।ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਨਾ ਸਿਰਫ਼ ਥਾਪਰ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ ਨੂੰ ਲਾਭ ਮਿਲੇਗਾ, ਸਗੋਂ ਆਦਰਸ਼ ਕਲੋਨੀ, ਨੇੜਲੇ ਪਿੰਡਾਂ ਤੇ ਹੋਰ ਇਲਾਕਿਆਂ ਦੇ ਲੋਕਾਂ ਨੂੰ ਵੀ ਸਫ਼ਰ ਕਰਨ ਵਿੱਚ ਸੁਵਿਧਾ ਮਿਲੇਗੀ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਵਿੱਚ ਵਸਨੀਕ ਮੌਜੂਦ ਸਨ, ਜਿਨ੍ਹਾਂ ਨੇ ਮੇਅਰ ਗੋਗੀਆ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸੜਕ ਬਣਨ ਨਾਲ ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਮੁਸ਼ਕਲ ਦਾ ਹੱਲ ਹੋ ਗਿਆ ਹੈ।

## ਪ੍ਰੋ. ਨਿਸ਼ਠਾ ਤ੍ਰਿਪਾਠੀ ਨੇ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਪੰਜਾਬ ਦੀ ਸਿਰਮੌਰ ਵਿੱਦਿਅਕ ਸੰਸਥਾ ਸਰਕਾਰੀ ਮਹਿੰਦਰਾ ਕਾਲਜ 'ਚ ਪ੍ਰੋ. ਨਿਸ਼ਠਾ ਤ੍ਰਿਪਾਠੀ ਨੇ ਬਤੌਰ ਰੈਗੂਲਰ ਪ੍ਰਿੰਸੀਪਲ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਇਸ ਮੌਕੇ ਉਨ੍ਹਾ ਕਿਹਾ ਕਿ 150 ਸਾਲ ਦਾ ਇਤਿਹਾਸ ਸਮੋਈ ਬੈਠੇ ਸਰਕਾਰੀ ਮਹਿੰਦਰਾ ਕਾਲਜ ਨੇ ਦੇਸ਼ ਲਈ ਨਿਆਇਕ ਅਧਿਕਾਰੀ, ਆਈ.ਏ.ਐੱਸ., ਆਈ.ਪੀ.ਐੱਸ., ਪੀ.ਸੀ.ਐੱਸ. ਸਮੇਤ ਫੌਜ, ਪੁਲਸ, ਪੱਤਰਕਾਰਤਾ ਸਮੇਤ ਹਰੇਕ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਦੇਣ ਵਾਲੇ ਵਿਦਿਆਰਥੀ ਤੇ ਖਿਡਾਰੀ ਪੈਦਾ ਕੀਤੇ ਹਨ।ਉਨ੍ਹਾਂ ਕਿਹਾ ਕਿ ਸਟਾਫ਼ ਤੇ ਵਿਦਿਆਰਥੀਆਂ ਦੇ ਸਹਿਯੋਗ ਨਾਲ ਇਸ ਸੰਸਥਾ ਨੂੰ ਹੋਰ ਬੁਲੰਦੀਆਂ 'ਤੇ ਲਿਜਾਇਆ ਜਾਵੇਗਾ।ਕਾਲਜ ਆਉਣ 'ਤੇ ਪ੍ਰੋ. ਤ੍ਰਿਪਾਠੀ ਸਭ ਤੋਂ ਪਹਿਲਾਂ ਕਾਲਜ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਏ, ਉਪਰੰਤ ਉਨ੍ਹਾਂ ਪ੍ਰਿੰਸੀਪਲ ਦਫ਼ਤਰ ਪਹੁੰਚ ਕੇ ਅਧਿਕਾਰਕ ਤੌਰ 'ਤੇ ਆਪਣਾ ਅਹੁਦਾ ਸੰਭਾਲਿਆ।ਇਸ ਮੌਕੇ ਕਾਲਜ ਕੌਂਸਲ ਨੇ ਨਵ-ਨਿਯੁਕਤ ਪ੍ਰਿੰਸੀਪਲ ਪ੍ਰੋ. ਨਿਸ਼ਠਾ ਤ੍ਰਿਪਾਠੀ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਇਸ ਮੌਕੇ ਸਰਕਾਰੀ ਕਾਲਜ ਮੋਹਾਲੀ ਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦਾ ਸਟਾਫ਼ ਤੇ ਪੁਰਾਣੇ ਸਾਥੀ ਵੀ ਮੌਜੂਦ ਸਨ।

## ਐੱਮ ਏ ਪੰਜਾਬੀ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਐੱਮ ਏ ਪੰਜਾਬੀ, ਸਮੈਸਟਰ ਪਹਿਲੇ ਦੇ ਨਤੀਜਿਆਂ 'ਚ ਫ਼ਤਿਹ ਗਰੁੱਪ ਆਫ਼ ਇੰਸਟੀਚਿਊਸ਼ਨ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ।ਕੁੱਲ 21 ਵਿਦਿਆਰਥੀਆਂ 'ਚੋਂ ਸਾਰੇ ਪਾਸ ਹੋਏ ਹਨ, ਜਿਨ੍ਹਾਂ 'ਚੋਂ 10 ਵਿਦਿਆਰਥੀਆਂ ਨੇ ਪਹਿਲੀ ਡਵੀਜ਼ਨ ਪ੍ਰਾਪਤ ਕੀਤੀ ਹੈ।ਇਹ ਨਤੀਜੇ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੇ ਮਾਰਗਦਰਸ਼ਨ ਤੇ ਸੰਸਥਾ ਦੇ ਉਤਸ਼ਾਹਜਨਕ ਵਾਤਾਵਰਣ ਦਾ ਨਤੀਜਾ ਹਨ।ਡਿਗਰੀ ਕਾਲਜ ਮੁਖੀ ਤੇ ਸਹਾਇਕ ਡਾਇਰੈਕਟਰ ਐਡਮਿਨਸਟ੍ਰੇਸ਼ਨ ਪ੍ਰੋ. ਜਸਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪਹਿਲੀ ਪੁਜ਼ੀਸ਼ਨ 82% ਅੰਕਾਂ ਨਾਲ ਆਸ਼ੂ ਸਪੁੱਤਰੀ ਸ੍ਰੀ ਰਾਜੇਸ਼ ਕੁਮਾਰ (ਰਾਮਪੁਰਾ ਫੂਲ), ਮਨਦੀਪ ਕੌਰ ਸਪੁੱਤਰੀ ਚਰਨਜੀਤ ਸਿੰਘ (ਰਾਮਪੁਰਾ ਫੂਲ) ਤੇ ਸਰਬਜੀਤ ਕੌਰ ਸਪੁੱਤਰੀ ਲਾਲਜੀਤ ਸਿੰਘ (ਰਾਮਨਗਰ) ਨੇ ਸਾਂਝੀ ਕੀਤੀ।ਦੂਜੀ ਪੁਜੀਸ਼ਨ 80% ਅੰਕਾਂ ਨਾਲ ਗੁਰਮੀਤ ਕੌਰ ਸਪੁੱਤਰੀ ਲੱਖਾ ਸਿੰਘ (ਰਾਮਨਗਰ), ਨਿੰਦਰ ਕੌਰ ਸਪੁੱਤਰੀ ਭੋਲਾ ਸਿੰਘ (ਮੰਡੀ ਕਲਾਂ) ਤੇ ਹਰਪ੍ਰੀਤ ਕੌਰ ਸਪੁੱਤਰੀ ਸੰਤੋਖ ਸਿੰਘ (ਮੰਡੀ ਕਲਾਂ) ਨੇ ਹਾਸਲ ਕੀਤੀ।ਤੀਜੀ ਪੁਜ਼ੀਸ਼ਨ 78% ਅੰਕਾਂ ਨਾਲ ਹਰਮਨਪ੍ਰੀਤ ਕੌਰ ਸਪੁੱਤਰੀ ਮਨਜੀਤ ਸਿੰਘ (ਢੱਡੇ) ਨੇ ਹਾਸਲ ਕਰਕੇ ਆਪਣਾ ਲੋਹਾ ਮੰਨਵਾਇਆ।

ਵਿਭਾਗ ਮੁਖੀ ਅਸਿਸਟੈਂਟ ਪ੍ਰੋਫੈਸਰ ਕੁਮਾਰੀ ਸ਼ੈਲਜਾ, ਕਲਾਸ ਇੰਚਾਰਜ ਅਸਿਸਟੈਂਟ ਪ੍ਰੋਫੈਸਰ ਹਰਜੀਤ ਕੌਰ, ਅਸਿਸਟੈਂਟ ਪ੍ਰੋਫੈਸਰ ਰੌਬਿਨ ਮੰਗਲਾ ਤੇ ਅਸਿਸਟੈਂਟ ਪ੍ਰੋਫੈਸਰ ਜਸਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਲਗਾਤਾਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਕਿਹਾ ਕਿ ਇਹ ਨਤੀਜੇ ਸੰਸਥਾ ਦੀ ਗੁਣਵੱਤਾ ਵਾਲੀ ਸਿੱਖਿਆ ਤੇ ਵਿਦਿਆਰਥੀਆਂ ਦੀ ਲਗਨ ਦਾ ਪ੍ਰਤੀਕ ਹਨ।ਉਨ੍ਹਾਂ ਸੰਸਥਾ ਦੇ ਅਕਾਦਮਿਕ ਖੇਤਰ ਵਿੱਚ ਵੱਡੀਆਂ ਉਪਲਬਧੀਆਂ ਨੂੰ ਹਾਸਲ ਕਰਨ ਲਈ ਅਹਿਮ ਨੁਕਤਿਆਂ 'ਤੇ ਆਪਣੇ ਕੁੰਜੀਵਤ ਵਿਚਾਰ ਸਾਂਝੇ ਕੀਤੇ।ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਸੰਸਥਾ ਵਿਦਿਆਰਥੀਆਂ ਦੇ ਸਮੂਹਕ ਵਿਕਾਸ ਲਈ ਹਮੇਸ਼ਾ ਵਚਨਬੱਧ ਹੈ।

## ਦਾਣਾ ਮੰਡੀ 'ਚ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ

ਧੂਰੀ (ਮਨੋਹਰ ਸਿੰਘ ਸੱਗੂ, ਬਿੰਨੀ ਗਰਗ)-ਝੋਨੇ ਦੇ ਚਾਲੂ ਸੀਜ਼ਨ ਦੌਰਾਨ ਐਸ.ਡੀ.ਐਮ ਵੱਲੋਂ ਨਵੀਂ ਅਨਾਜ ਮੰਡੀ ਅੰਦਰ ਝੋਨੇ ਦੀ ਸਰਕਾਰੀ ਖਰੀਦ ਸ਼ੁਰੂ ਕਰਾਈ ਗਈ ਅਤੇ ਮੰਡੀ 'ਚ ਪਿੰਡ ਭੜੀ ਮਾਨਸਾ ਦੇ ਕਿਸਾਨ ਅੰਮ੍ਰਿਤਪਾਲ ਸਿੰਘ ਵੱਲੋਂ ਪੀ ਆਰ-126 ਕਿਸਮ ਦੇ ਝੋਨੇ ਦੀ ਲਿਆਂਦੀ ਪਹਿਲੀ ਢੇਰੀ ਖਰੀਦ ਏਜੰਸੀ ਪਨਗ੍ਰੇਨ ਵੱਲੋਂ ਖਰੀਦੀ ਗਈ।ਐਸ.ਡੀ.ਐਮ ਰਿਸ਼ਭ ਬਾਂਸਲ ਨੇ ਕਿਹਾ ਕਿ ਝੋਨੇ ਦੇ ਸੀਜਨ ਦੌਰਾਨ ਕਿਸਾਨਾਂ, ਆੜ੍ਹਤੀਆਂ ਤੇ ਲੇਬਰ ਨੂੰ ਕੋਈ ਦਿੱਕਤ ਨਹੀਂ ਆਉਂਣ ਦਿੱਤੀ ਜਾਵੇਗੀ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੱਜਲ ਖੁਆਰੀ ਤੋਂ ਬਚਣ ਲਈ ਸਾਫ਼-ਸੁਥਰਾ ਤੇ ਸੁੱਕਾ ਝੋਨਾ ਮੰਡੀਆਂ 'ਚ ਲਿਆਉਣ।ਮਾਰਕਿਟ ਕਮੇਟੀ ਧੂਰੀ ਦੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ ਨੇ ਕਿਹਾ ਕਿ ਮੰਡੀ 'ਚ ਝੋਨੇ ਦੀ ਖਰੀਦ ਸਬੰਧੀ ਸਾਰੇ ਪ੍ਰਬੰਧ ਮੁਕੰਮਲ ਹਨ।



## ਹਾਰਮਨੀ ਆਯੁਰਵੈਦਿਕ ਮੈਡੀਕਲ ਕਾਲਜ ਤੇ ਹਸਪਤਾਲ ਵਿਖੇ ਔਰਗੈਨਿਕ ਉਤਪਾਦਾਂ ਦੇ ਸੇਲ ਕਾਊਂਟਰ ਦਾ ਉਦਘਾਟਨ




ਫਿਰੋਜ਼ਪੁਰ (ਅਸ਼ੋਕ ਸ਼ਰਮਾ)-10ਵੇਂ ਆਯੁਰਵੇਦ ਦਿਵਸ ਮੌਕੇ ਹਾਰਮਨੀ ਆਯੁਰਵੈਦਿਕ ਮੈਡੀਕਲ ਕਾਲਜ ਤੇ ਹਸਪਤਾਲ ਫ਼ਿਰੋਜ਼ਪੁਰ ਵਿਖੇ 'ਹਾਰਮਨੀ ਵਣਯਮ' ਵੱਲੋਂ ਤਿਆਰ ਕੀਤੇ ਗਏ ਔਰਗੈਨਿਕ ਉਤਪਾਦਾਂ ਦੇ ਸੇਲ ਕਾਊਂਟਰ ਦਾ ਉਦਘਾਟਨ ਮੁੱਖ ਮਹਿਮਾਨ ਮਹੰਤ ਸ੍ਰੀ ਰਾਜੇਸ਼ ਗਿਰੀ ਜੀ ਸੰਗਠਨ ਸਕੱਤਰ ਸੰਤ ਸਮਾਜ ਟਰੱਸਟ (ਜੰਮੂ ਤੇ ਕਸ਼ਮੀਰ) ਵੱਲੋਂ ਕੀਤਾ ਗਿਆ। ਇਸ ਮੌਕੇ ਭਗਵਾਨ ਸ੍ਰੀ ਧੰਨਵਤਰੀ ਦੇਵ ਜੀ ਦੀ ਪੂਜਾ ਪੰਡਿਤ ਦਵਿੰਦਰ ਪਾਂਡੇ ਜੀ ਵੱਲੋਂ ਕੀਤੀ ਗਈ। ਉਪਰੰਤ ਜੋਤ ਜਗਾ ਕੇ ਕੈਂਪ ਦਾ ਉਦਘਾਟਨ ਕੀਤਾ ਗਿਆ। ਕਾਲਜ ਦੇ ਚੇਅਰਮੈਨ ਧਰਮਪਾਲ ਬਾਂਸਲ ਤੇ ਡਾਇਰੈਕਟਰ ਯੋਗੇਸ਼ ਬਾਂਸਲ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਕਿਹਾ ਕਿ ਹਾਰਮਨੀ ਵਣਯਮ ਆਯੁਰਵੇਦ ਨੂੰ ਜਨਤਾ ਤੱਕ ਪਹੁੰਚਯੋਗ ਬਣਾਉਣ ਲਈ ਇਕ ਸ਼ਕਤੀਸ਼ਾਲੀ ਯਤਨ ਹੈ। ਧਰਮਪਾਲ ਬਾਂਸਲ ਵੱਲੋਂ ਤਿਆਰ ਕੀਤੇ ਗਏ ਪ੍ਰੋਡਕਟ ਪੂਰੀ ਤਰ੍ਹਾਂ ਔਰਗੈਨਿਕ ਹਨ, ਜੋ ਕਿ ਸਾਡੀ ਸਿਹਤ ਲਈ ਬਹੁਤ ਲਾਭਦਾਇਕ ਹਨ, ਕਿਉਂਕਿ ਅੱਜ ਦੇ ਸਮੇਂ ਵਿੱਚ ਹਰ ਚੀਜ਼ ਮਿਲਾਵਟ ਵਾਲੀ ਮਿਲਣ ਕਾਰਨ ਸਾਨੂੰ ਸਿਹਤ ਪੱਖੋਂ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਵੱਲੋਂ ਬਣਾਏ ਗਏ ਉਤਪਾਦਾਂ ਦੀ ਵਿਸਥਾਰ ਸਹਿਤ ਸਾਰਿਆਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਅੱਗੇ ਤੋਂ ਹੋਰ ਉਤਪਾਦ ਤਿਆਰ ਕਰਨ ਦੀ ਵਚਨਬੱਧਤਾ ਨੂੰ ਵੀ ਦੁਹਰਾਇਆ ਗਿਆ ਤਾਂ ਕਿ ਅਸੀਂ ਵਧੀਆ ਸਿਹਤ ਪਾ ਸਕੀਏ। ਇਸ ਮੌਕੇ ਆਏ ਹੋਏ ਸਾਰੇ ਮਹਿਮਾਨਾਂ ਵੱਲੋਂ ਵੀ ਸਾਰੇ ਤਿਆਰ ਕੀਤੇ ਗਏ ਉਤਪਾਦਾਂ ਦੀ ਸ਼ਲਾਘਾ ਕੀਤੀ ਗਈ। ਹਾਰਮਨੀ ਆਯੁਰਵੇਦਿਕ ਮੈਡੀਕਲ ਕਾਲਜ ਤੇ ਹਸਪਤਾਲ ਦੇ ਮਾਹਰ ਡਾਕਟਰਾਂ ਦੀ ਇਕ ਟੀਮ ਦੁਆਰਾ ਇੱਕ ਮੁਫਤ ਮੈਡੀਕਲ ਜਾਂਚ ਕੈਂਪ ਵੀ ਲਗਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਸਿਹਤ ਸਲਾਹ ਤੇ ਜਾਂਚ ਦਾ ਲਾਭ ਉਠਾਇਆ। ਸਮਾਗਮ ਵਿੱਚ ਮੌਜੂਦ ਮਹਿਮਾਨਾਂ, ਫੈਕਲਟੀ ਤੇ ਸਟਾਫ ਮੈਂਬਰਾਂ ਨੇ ਇਸ ਪਹਿਲਕਦਮੀ ਦੀ ਆਯੁਰਵੇਦ ਦੀ ਸੰਭਾਲ ਤੇ ਪ੍ਰਚਾਰ ਵੱਲ ਇਕ ਮਹੱਤਵਪੂਰਨ ਕਦਮ ਵਜੋਂ ਸ਼ਲਾਘਾ ਕੀਤੀ।

## 'ਸਵੱਛਤਾ ਹੀ ਸੇਵਾ' ਮੁਹਿੰਮ ਤਹਿਤ ਰੇਲਵੇ ਸਟੇਸ਼ਨਾਂ 'ਤੇ ਸਫਾਈ ਤੇ ਖਾਣ-ਪੀਣ ਵਾਲੀਆਂ ਇਕਾਈਆਂ ਦੀ ਜਾਂਚ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਰੇਲਵੇ ਮੰਡਲ ਨੇ 'ਸਵੱਛਤਾ ਹੀ ਸੇਵਾ' ਮੁਹਿੰਮ ਦੇ ਹਿੱਸੇ ਵਜੋਂ 26 ਸਤੰਬਰ ਨੂੰ ਖਾਣ-ਪੀਣ ਵਾਲੀਆਂ ਇਕਾਈਆਂ ਦੀ ਸਾਫ਼-ਸਫ਼ਾਈ ਤੇ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਇੱਕ ਵੱਡੇ ਪੱਧਰ 'ਤੇ ਮੁਹਿੰਮ ਚਲਾਈ। ਇਹ ਮੁਹਿੰਮ 17 ਸਤੰਬਰ ਤੋਂ 2 ਅਕਤੂਬਰ 2025 ਤੱਕ ਚੱਲ ਰਹੀ ਹੈ, ਜਿਸ ਤਹਿਤ ਹਰ ਰੋਜ਼ ਵੱਖ-ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸ ਦਿਨ ਨੂੰ 'ਸਵੱਛ ਆਹਾਰ ਗਲਿਆਰਾ' ਵਜੋਂ ਮਨਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਯਾਤਰੀਆਂ ਨੂੰ ਸਾਫ਼ ਤੇ ਸੁਰੱਖਿਅਤ ਭੋਜਨ ਮੁਹੱਈਆ ਕਰਵਾਉਣਾ ਸੀ। ਫ਼ਿਰੋਜ਼ਪੁਰ ਮੰਡਲ ਦੇ ਵਪਾਰਕ ਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਸੁਪਰਵਾਈਜ਼ਰਾਂ ਨੇ ਵੱਖ-ਵੱਖ ਰੇਲਵੇ ਸਟੇਸ਼ਨਾਂ 'ਤੇ ਸਥਿਤ ਸਾਰੇ ਜਲਪਾਨ ਗ੍ਰਹਿ, ਖਾਣ-ਪੀਣ ਵਾਲੇ ਸਟਾਲ, ਟਰਾਲੀਆਂ, ਕੰਟੀਨਾਂ ਤੇ ਭੋਜਨਾਲਿਆਂ ਦਾ ਵਿਸਤ੍ਰਿਤ ਨਰੀਖਣ ਕੀਤਾ। ਇਸ ਨਰੀਖਣ ਦੌਰਾਨ ਸਿਰਫ਼ ਸਫਾਈ ਹੀ ਨਹੀਂ, ਬਲਕਿ ਭੋਜਨ ਦੀ ਗੁਣਵੱਤਾ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਭੋਜਨ ਪਦਾਰਥਾਂ ਦੇ ਨਮੂਨੇ ਲਏ ਗਏ ਤਾਂ ਜੋ ਉਨ੍ਹਾਂ ਦੀ ਗੁਣਵੱਤਾ ਦੀ ਜਾਂਚ ਕੀਤੀ ਜਾ ਸਕੇ। ਇਸ ਤੋਂ ਇਲਾਵਾ, ਫੂਡ ਸਟਾਲਾਂ ਦੇ ਬਰਤਨਾਂ, ਵਿਕਰੇਤਾਵਾਂ ਦੇ ਮੈਡੀਕਲ ਸਰਟੀਫਿਕੇਟਾਂ ਤੇ ਫੂਡ ਲਾਇਸੈਂਸਾਂ ਦੀ ਜਾਂਚ ਵੀ ਕੀਤੀ ਗਈ। ਇਸ ਤੋਂ ਇਲਾਵਾ ਰੇਲ ਗੱਡੀਆਂ ਦੀਆਂ ਪੈਂਟਰੀ ਕਾਰਾਂ ਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਗਈ ਤੇ ਉਨ੍ਹਾਂ ਦੀ ਪੂਰੀ ਤਰ੍ਹਾਂ ਸਫਾਈ ਕਰਵਾਈ ਗਈ। ਇਹ ਕਦਮ ਯਾਤਰੀਆਂ ਲਈ ਰੇਲ ਯਾਤਰਾ ਨੂੰ ਇਕ ਸੁਰੱਖਿਅਤ ਤੇ ਸਵੱਛ ਅਨੁਭਵ ਬਣਾਉਣ ਲਈ ਚੁੱਕੇ ਗਏ ਹਨ।

## ਬਾਬਾ ਫ਼ਰੀਦ ਸਕੂਲ 'ਚ ਐੱਨ ਐੱਸ ਐੱਸ ਕੈਂਪ ਸ਼ੁਰੂ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ ਵਿਖੇ ਯੁਵਕ ਸੇਵਾਵਾਂ ਵਿਭਾਗ ਦੇ ਕੁਲਵਿੰਦਰ ਸਿੰਘ ਡਿਪਟੀ ਡਾਇਰੈਕਟਰ ਤੇ ਦਵਿੰਦਰ ਲੋਟੇ ਅਸਿਸਟੈਂਟ ਡਾਇਰੈਕਟਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੇ ਪ੍ਰਿੰਸੀਪਲ ਮੈਡਮ ਪਰਮਜੀਤ ਕੌਰ ਦੀ ਯੋਗ ਅਗਵਾਈ ਵਿੱਚ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਸ਼ੁਰੂ ਕੀਤਾ ਗਿਆ।ਕੈਂਪ ਦੀ ਰਸਮੀ ਸ਼ੁਰੂਆਤ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਹਰਜੀਤ ਸਿੰਘ ਬਰਾੜ ਵੱਲੋਂ ਰਿਬਨ ਕੱਟ ਕੇ ਕੀਤੀ ਗਈ।ਇਸ ਮੌਕੇ ਹਰਜੀਤ ਸਿੰਘ ਨੇ ਵਲੰਟੀਅਰਾਂ ਨੂੰ ਸੰਬੋਧਨ ਕਰਦੇ ਹੋਏ ਐਨਐਸਐਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਕਰਾਈਆਂ ਜਾ ਰਹੀਆਂ ਗਤੀਵਿਧੀਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਤ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੂੰ ਸਰਬਪੱਖੀ ਵਿਕਾਸ ਲਈ ਅਜਿਹੇ ਸਮਾਗਮਾਂ ਵਿੱਚ ਹਿੱਸਾ ਲੈਣਾ ਬਹੁਤ ਜ਼ਰੂਰੀ ਹੈ। ਪ੍ਰੋਗਰਾਮ ਅਫ਼ਸਰ ਬਲਕਰਨ ਸਿੰਘ ਬਰਾੜ ਲੈਕਚਰਾਰ ਨੇ ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਵਿੱਚ 11ਵੀਂ ਤੇ 12ਵੀਂ ਜਮਾਤ ਦੇ ਦੋ ਯੂਨਿਟਾਂ ਵਿੱਚ ਕੁੱਲ 100 ਐਨਐਸਐਸ ਵਲੰਟੀਅਰ ਭਾਗ ਲੈ ਰਹੇ ਹਨ, ਜਿਨ੍ਹਾਂ ਵਿੱਚ 50 ਲੜਕੀਆਂ ਤੇ 50 ਲੜਕੇ ਸ਼ਾਮਲ ਹਨ।ਉਨ੍ਹਾਂ ਦੱਸਿਆ ਕਿ ਸਾਰੇ ਵਲੰਟੀਅਰਾਂ ਦੇ ਰਹਿਣ-ਸਹਿਣ ਤੇ ਖਾਣ-ਪੀਣ ਪੂਰੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

## ਏ ਆਈ ਨਾਲ ਧਾਰਮਿਕ ਭਾਵਨਾਵਾਂ ਭੜਕਾਉਣ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਲਾਜ਼ਮੀ : ਮੱਖਣ ਬਰਾੜ

ਮੋਗਾ (ਇਕਬਾਲ ਸਿੰਘ ਖਹਿਰਾ)




ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਬੁਲਾਰੇ ਤੇ ਸਾਬਕਾ ਚੇਅਰਮੈਨ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਏ ਆਈ (ਆਰਟੀਫਿਸ਼ੀਅਲ ਇੰਟੈਲੀਜਸ) ਤਕਨੀਕ ਦੇ ਗਲਤ ਇਸਤੇਮਾਲ ਰਾਹੀਂ ਕੁਝ ਸ਼ਰਾਰਤੀ ਅਨਸਰ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਤੇ ਠੇਸ ਪਹੁੰਚਾਉਣ ਦੀ ਸਾਜ਼ਿਸ਼ ਰਚ ਰਹੇ ਹਨ, ਜੋ ਕਿ ਬਹੁਤ ਹੀ ਨਿੰਦਣਯੋਗ ਤੇ ਚਿੰਤਾਜਨਕ ਗੱਲ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਤਰ੍ਹਾਂ ਦੇ ਅਪਰਾਧੀਆਂ ਵਿਰੁੱਧ ਸਰਕਾਰ ਨੂੰ ਤੁਰੰਤ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਕਿਸੇ ਵੀ ਧਰਮ ਜਾਂ ਸਮਾਜ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਨਸਰਾਂ ਨੂੰ ਕਦੇ ਵੀ ਹੌਸਲਾ ਨਾ ਮਿਲ ਸਕੇ।ਬਰਜਿੰਦਰ ਸਿੰਘ ਮੱਖਣ ਬਰਾੜ ਨੇ ਕਿਹਾ ਕਿ ਧਾਰਮਿਕ ਅਸਥਾਵਾਂ ਤੇ ਭਾਵਨਾਵਾਂ ਨਾਲ ਖੇਡਣਾ ਕਿਸੇ ਵੀ ਤਰੀਕੇ ਨਾਲ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਏ ਆਈ ਜਿਹੀ ਤਕਨੀਕ ਮਨੁੱਖੀ ਭਲਾਈ ਤੇ ਵਿਕਾਸ ਲਈ ਹੈ, ਪਰ ਜੇ ਇਸ ਦਾ ਗਲਤ ਇਸਤੇਮਾਲ ਕੀਤਾ ਗਿਆ ਤਾਂ ਇਹ ਸਮਾਜਿਕ ਅਮਨ-ਸ਼ਾਂਤੀ ਲਈ ਵੱਡਾ ਖ਼ਤਰਾ ਬਣ ਸਕਦਾ ਹੈ।ਉਨ੍ਹਾਂ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਸਖ਼ਤ ਨੀਤੀਆਂ ਬਣਾਈਆਂ ਜਾਣ, ਤਾਂ ਜੋ ਆਗਾਮੀ ਸਮੇਂ ਵਿੱਚ ਇਸ ਤਰ੍ਹਾਂ ਦੀਆਂ ਸ਼ਰਾਰਤਾਂ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾ ਸਕੇ।ਉਨ੍ਹਾਂ ਨੇ ਉਦਾਹਰਨ ਦਿੱਤੀ ਕਿ ਅੱਜਕੱਲ੍ਹ ਡੀਪਫੇਕ ਵਿਡੀਓ, ਝੂਠੀ ਜਾਣਕਾਰੀ ਤੇ ਧਾਰਮਿਕ ਗ੍ਰੰਥਾਂ ਦੀ ਤਸਵੀਰ ਤੋੜਮਰੋੜ, ਧਾਰਮਿਕ ਸਥਾਨਾਂ ਨਾਲ ਛੇੜਛਾੜ ਕਰਕੇ ਲੋਕਾਂ ਵਿੱਚ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਹਨ। ਅਜਿਹੇ ਰੁਝਾਨ ਨਾ ਸਿਰਫ਼ ਲੋਕਾਂ ਵਿੱਚ ਗਲਤਫਹਿਮੀਆਂ ਪੈਦਾ ਕਰਦੇ ਹਨ, ਬਲਕਿ ਸਮਾਜਕ ਤੇ ਧਾਰਮਿਕ ਏਕਤਾ ਲਈ ਵੀ ਗੰਭੀਰ ਖ਼ਤਰਾ ਬਣ ਸਕਦੇ ਹਨ।ਇਸ ਲਈ ਲਾਜ਼ਮੀ ਹੈ ਕਿ ਟੈਕਨੋਲੋਜੀ ਕੰਪਨੀਆਂ ਤੇ ਸਰਕਾਰ ਮਿਲ ਕੇ ਇਨ੍ਹਾਂ ਮਾਮਲਿਆਂ 'ਤੇ ਤੁਰੰਤ ਨਿਗਰਾਨੀ ਕਰਨ।ਉਨ੍ਹਾਂ ਅਖੀਰ ਵਿੱਚ ਕਿਹਾ ਕਿ ਲੋਕਾਂ ਨੂੰ ਵੀ ਸਾਵਧਾਨ ਹੋਣ ਦੀ ਲੋੜ ਹੈ ਅਤੇ ਕਿਸੇ ਵੀ ਧਾਰਮਿਕ ਜਾਂ ਸਮਾਜਿਕ ਮੁੱਦੇ ਨਾਲ ਸਬੰਧਤ ਡਿਜੀਟਲ ਸਮੱਗਰੀ ਨੂੰ ਸ਼ੇਅਰ ਕਰਨ ਤੋਂ ਪਹਿਲਾਂ ਪੂਰੀ ਜਾਂਚ ਕਰਨੀ ਚਾਹੀਦੀ ਹੈ।

## ਮਾਡਰਨ ਕਾਲਜ 'ਚ ਸ਼ਹੀਦ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ




ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਕਾਲਜ ਬੀਰ ਕਲਾਂ (ਸੰਗਰੂਰ) ਵੱਲੋਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇੱਕ ਪ੍ਰੋਗਰਾਮ ਕਰਵਾਇਆ ਗਿਆ।ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਦੇ ਜੀਵਨ ਅਤੇ ਕ੍ਰਾਂਤੀਕਾਰੀ ਵਿਚਾਰਾਂ ਤੇ ਭਾਰਤ ਦੀ ਆਜ਼ਾਦੀ ਵਿੱਚ ਪਾਏ ਗਾਏ ਯੋਗਦਾਨ ਬਾਰੇ ਜਾਣੂ ਕਰਵਾਇਆ ਗਿਆ।ਇਸ ਮੌਕੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ 'ਤੇ ਕੁਇਜ਼ ਮੁਕਾਬਲੇ ਕਰਵਾਏ ਗਏ ਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋ. ਅਮਨਦੀਪ ਕੌਰ ਵੱਲੋਂ ਸਟੇਜ ਦੀ ਭੂਮਿਕਾ ਬਾਖੂਬੀ ਨਿਭਾਈ ਗਈ।ਇਸ ਮੌਕੇ ਸਮੂਹ ਸਫਾਟ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

## ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਦੀ ਭਲਾਈ ਲਈ ਸੈਂਟਰ ਹੈੱਡਟੀਚਰਾਂ ਦੀ ਟ੍ਰੇਨਿੰਗ




ਮਾਲੇਰਕੋਟਲਾ (ਅਸਗਰ ਪਰਿਹਾਰ)-ਆਈ.ਈ.ਡੀ. ਕੰਪੋਨੈਂਟ ਅਧੀਨ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ ਸੈਂਟਰ ਹੈੱਡ ਟੀਚਰਾਂ ਲਈ ਇੱਕ ਰੋਜ਼ਾ ਟ੍ਰੇਨਿੰਗ ਕੈਂਪ ਸਥਾਨਕ ਸਰਕਾਰੀ ਪ੍ਰਾਇਮਰੀ ਸਕੂਲ ਲੋਹਾ ਬਾਜ਼ਾਰ ਵਿਖੇ ਲਾਇਆ ਗਿਆ।ਇਸ ਟ੍ਰੇਨਿੰਗ ਦੀ ਨਿਗਰਾਨੀ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ.) ਬਲਜਿੰਦਰ ਕੌਰ, ਬੀ.ਪੀ.ਈ.ਓ. ਬਲਜੀਤ ਸਿੰਘ (ਬਲਾਕ ਅਹਿਮਦਗੜ੍ਹ) ਤੇ ਬੀ.ਪੀ.ਈ.ਓ. ਸੋਹਣ ਸਿੰਘ (ਮਾਲੇਰਕੋਟਲਾ-1 × ਵਾਧੂ ਚਾਰਜ ਮਾਲੇਰਕੋਟਲਾ-2) ਵੱਲੋਂ ਕੀਤੀ ਗਈ।ਇਸ ਟ੍ਰੇਨਿੰਗ ਵਿੱਚ ਜ਼ਿਲ੍ਹੇ ਦੇ ਸਮੂਹ ਸੈਂਟਰ ਹੈੱਡ ਟੀਚਰਾਂ ਨੇ ਭਾਗ ਲਿਆ।ਰਿਸੋਰਸ ਪਰਸਨ ਮੁਹੰਮਦ ਰਾਸੀਦ (ਸਿਵਲ ਹਸਪਤਾਲ ਮਾਲੇਰਕੋਟਲਾ) ਨੇ ਬੱਚਿਆਂ ਦੇ ਯੂ-ਡੀ ਆਈ ਡੀ ਕਾਰਡ ਤੇ ਮੈਡੀਕਲ ਸਰਟੀਫਿਕੇਟ ਬਣਾਉਣ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਹਰਪ੍ਰੀਤ ਕੌਰ ਦੇ ਸਟਾਫ ਮੈਂਬਰ ਮੈਬੀਨ ਕੁਰੈਸ਼ੀ (ਬਾਲ ਸੁਰੱਖਿਆ ਅਫਸਰ) ਨੇ ਪੋਕਸੋ ਐਕਟ, ਜੇ. ਜੇ. ਐਕਟ ਤੇ ਬੱਚਿਆਂ ਦੇ ਮੌਲਿਕ ਅਧਿਕਾਰਾਂ ਬਾਰੇ ਸਿਖਲਾਈ ਦਿੱਤੀ।ਡੀ.ਐੱਸ.ਈ. ਮੁਹੰਮਦ ਰਿਜਵਾਨ ਤੇ ਡੀ.ਐੱਸ.ਈ.ਟੀ. ਮੈਡਮ ਜਸਵੀਰ ਕੌਰ ਸਮੇਤ ਸਮੂਹ ਆਈ.ਈ.ਆਰ.ਟੀਜ਼ ਨੇ ਵੱਖ-ਵੱਖ ਡਿਸਏਬਿਲਟੀ ਵਾਲੇ ਬੱਚਿਆਂ ਨੂੰ ਆਈ.ਈ.ਡੀ. ਕੰਪੋਨੈਂਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਤੇ ਟੌਪਿਕਸ ਬਾਰੇ ਟ੍ਰੇਨਿੰਗ ਦਿੱਤੀ।

28-SEP-PAGE-1.qxd 9/27/2025 9:10 PM Page 1

ਐਤਵਾਰ, 28 ਸਤੰਬਰ, 2025
13 ਅੱਸੂ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 118

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 28 SEPTEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in

## ਰਾਜਵੀਰ ਜਵੰਦਾ ਗੰਭੀਰ ਜ਼ਖ਼ਮੀ



**ਮੁਹਾਲੀ :** ਪੰਜਾਬੀ ਗਾਇਕ ਰਾਜਵੀਰ ਜਵੰਦਾ ਬੱਦੀ ਤੋਂ ਸ਼ਿਮਲਾ ਵੱਲ ਮੋਟਰਸਾਈਕਲ 'ਤੇ ਜਾਂਦਿਆਂ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ।

## ਬਰੇਲੀ ਹਿੰਸਾ ਦੇ ਸੰਬੰਧ 'ਚ ਤੌਕੀਰ ਸਣੇ 8 ਗ੍ਰਿਫਤਾਰ

**ਬਰੇਲੀ :** 'ਆਈ ਲਵ ਮੁਹੰਮਦ' ਮਾਮਲੇ ਵਿੱਚ ਪੁਲਸ ਨੇ ਅੱਠ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿੱਚ ਸਥਾਨਕ ਮੌਲਵੀ ਅਤੇ ਇਤਿਹਾਦ-ਏ-ਮਿਲਤ ਕੌਂਸਲ ਦਾ ਮੁਖੀ ਤੌਕੀਰ ਰਜ਼ਾ ਖਾਨ ਸ਼ਾਮਲ ਹੈ, ਜਿਸ ਦੇ 'ਆਈ ਲਵ ਮੁਹੰਮਦ' ਮੁਹਿੰਮ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨ ਦੇ ਸੱਦੇ ਕਾਰਨ ਬਰੇਲੀ ਵਿੱਚ ਸ਼ੁੱਕਰਵਾਰ ਦੀ ਨਮਾਜ਼ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਅਤੇ ਪੁਲਸ ਦਰਮਿਆਨ ਹਿੰਸਕ ਝੜਪ ਹੋਈ। ਸਥਾਨਕ ਅਦਾਲਤ ਨੇ ਸਨਿੱਚਰਵਾਰ ਰਜ਼ਾ ਅਤੇ ਸੱਤ ਹੋਰਨਾਂ ਨੂੰ ਹਿੰਸਕ ਝੜਪ ਦੇ ਦੋਸ਼ ਹੇਠ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ।

## ਪਿੰਦੀ ਨੂੰ ਆਬੂ ਧਾਬੀ ਤੋਂ ਲਿਆਂਦਾ

**ਚੰਡੀਗੜ੍ਹ :** ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਕਈ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਦਹਿਸ਼ਤਗਰਦ ਪਰਮਿੰਦਰ ਸਿੰਘ ਉਰਫ ਪਿੰਦੀ ਨੂੰ ਆਬੂ ਧਾਬੀ ਤੋਂ ਭਾਰਤ ਲਿਆਂਦਾ ਗਿਆ ਹੈ। ਉਹ ਵਿਦੇਸ਼ਾਂ ਵਿੱਚ ਬੈਠੇ ਹਰਵਿੰਦਰ ਸਿੰਘ ਉਰਫ ਰਿੰਦਾ ਅਤੇ ਹੈਪੀ ਪਾਸੀਆ ਦਾ ਕਰੀਬੀ ਹੈ। ਪਿੰਦੀ ਬਟਾਲਾ ਵਿੱਚ ਪੈਟਰੋਲ ਬੰਬ ਹਮਲਿਆਂ, ਹਿੰਸਕ ਹਮਲਿਆਂ ਤੇ ਫਿਰੌਤੀ ਸਮੇਤ ਕਈ ਅਪਰਾਧਕ ਸਰਗਰਮੀਆਂ ਵਿੱਚ ਸ਼ਾਮਲ ਸੀ। ਉਹ ਸਤੰਬਰ ਅਤੇ ਅਕਤੂਬਰ 2023 ਵਿੱਚ ਸ਼ਰਾਬ ਦੇ ਠੇਕਿਆਂ 'ਤੇ ਹਮਲੇ ਕਰਵਾਉਣ ਵਿੱਚ ਸਿੱਧੇ ਤੌਰ 'ਤੇ ਸ਼ਾਮਲ ਸੀ।

## ਅਹੁਦੇ ਦੀ ਮਿਆਦ ਵਧਾਈ



**ਨਵੀਂ ਦਿੱਲੀ :** ਸੀਨੀਅਰ ਵਕੀਲ ਆਰ ਵੈਂਕਟਾਰਮਣੀ (75) ਨੂੰ ਦੋ ਸਾਲਾਂ ਲਈ ਮੁੜ ਭਾਰਤ ਦਾ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਦਾ ਮੌਜੂਦਾ ਤਿੰਨ ਸਾਲ ਦਾ ਕਾਰਜਕਾਲ 30 ਸਤੰਬਰ ਨੂੰ ਖਤਮ ਹੋ ਰਿਹਾ ਸੀ।

## ਰਾਹੁਲ ਦੱਖਣੀ ਅਮਰੀਕੀ ਦੇਸ਼ਾਂ ਦੇ ਦੌਰੇ 'ਤੇ

**ਨਵੀਂ ਦਿੱਲੀ :** ਰਾਹੁਲ ਗਾਂਧੀ ਬ੍ਰਾਜ਼ੀਲ ਤੇ ਕੋਲੰਬੀਆ ਸਣੇ ਚਾਰ ਦੱਖਣੀ ਅਮਰੀਕੀ ਦੇਸ਼ਾਂ ਦੇ ਦੌਰੇ 'ਤੇ ਹਨ, ਜਿੱਥੇ ਉਨ੍ਹਾ ਦੇ ਸਿਆਸੀ ਨੇਤਾਵਾਂ, ਵਿਦਿਆਰਥੀਆਂ ਅਤੇ ਕਾਰੋਬਾਰੀਆਂ ਨਾਲ ਗੱਲਬਾਤ ਕਰਨ ਦੀ ਉਮੀਦ ਹੈ। ਕਾਂਗਰਸ ਦੇ ਮੀਡੀਆ ਅਤੇ ਪ੍ਰਚਾਰ ਵਿਭਾਗ ਦੇ ਇੰਚਾਰਜ ਪਵਨ ਖੇੜਾ ਨੇ ਦੱਸਿਆ ਕਿ ਉਹ ਇਨ੍ਹਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਅਤੇ ਸੀਨੀਅਰ ਨੇਤਾਵਾਂ ਨਾਲ ਵੀ ਮੀਟਿੰਗਾਂ ਕਰਨਗੇ।

## ਤਬਾਹੀ ਦੇ ਨਿਸ਼ਾਨ ਛੱਡ ਕੇ ਪਰਤਿਆ ਮਾਨਸੂਨ

**ਚੰਡੀਗੜ੍ਹ :** ਦੱਖਣੀ-ਪੱਛਮੀ ਮਾਨਸੂਨ ਉੱਤਰ-ਪੱਛਮੀ ਭਾਰਤ ਤੋਂ ਪੂਰੀ ਤਰ੍ਹਾਂ ਹਟ ਗਿਆ ਹੈ, ਜਿਸ ਕਾਰਨ ਕਈ ਡੈਮਾਂ ਵਿੱਚ ਬੇਹਿਸਾਬਾ ਪਾਣੀ ਆਉਣ ਕਾਰਨ ਹੜ੍ਹ ਆਏ। ਭਾਰਤੀ ਮੌਸਮ ਵਿਭਾਗ ਮੁਤਾਬਕ 26 ਸਤੰਬਰ ਨੂੰ ਜੰਮੂ ਅਤੇ ਕਸ਼ਮੀਰ, ਲੱਦਾਖ, ਹਿਮਾਚਲ ਅਤੇ ਉੱਤਰਾਖੰਡ ਸਣੇ ਪੂਰੇ ਪੱਛਮੀ ਹਿਮਾਲਿਆਈ ਖੇਤਰ ਤੋਂ ਮਾਨਸੂਨ ਪਿੱਛੇ ਹਟ ਗਿਆ। ਪੰਜਾਬ ਵਿੱਚ 1 ਜੂਨ ਤੋਂ 26 ਸਤੰਬਰ ਤੱਕ 621.4 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਕਿ 436.4 ਮਿਲੀਮੀਟਰ ਦੇ ਲੰਬੇ ਸਮੇਂ ਦੇ ਔਸਤ ਦੇ ਮੁਕਾਬਲੇ 42 ਫੀਸਦੀ ਵੱਧ ਹੈ। ਹਰਿਆਣਾ ਵਿੱਚ 568.4 ਮਿਲੀਮੀਟਰ ਮੀਂਹ ਪਿਆ, ਜੋ ਕਿ ਇਸ ਦੀ ਔਸਤ 424.1 ਮਿਲੀਮੀਟਰ ਤੋਂ 34 ਫੀਸਦੀ ਵੱਧ ਹੈ। ਹਿਮਾਚਲ ਵਿੱਚ 1,022.8 ਮਿਲੀਮੀਟਰ ਮੀਂਹ ਪਿਆ, ਜੋ ਕਿ ਇਸ ਦੇ 729.5 ਮਿਲੀਮੀਟਰ ਦੀ ਔਸਤ ਤੋਂ 40 ਫੀਸਦੀ ਵੱਧ ਹੈ। ਇਸ ਸੀਜ਼ਨ ਵਿੱਚ ਭਾਰੀ ਮੀਂਹ ਮਾਰਨ ਹਿਮਾਚਲ ਵਿੱਚ ਬਿਆਸ ਦਰਿਆ 'ਤੇ ਪੌਂਗ ਡੈਮ ਭੰਡਾਰ ਵਿੱਚ ਰਿਕਾਰਡ ਪਾਣੀ ਜਮ੍ਹਾਂ ਹੋਇਆ। ਸਿਖਰ 'ਤੇ ਪਾਣੀ ਦਾ ਪ੍ਰਵਾਹ 2.2 ਲੱਖ ਕਿਊਸਿਕ ਤੱਕ ਪਹੁੰਚ ਗਿਆ, ਜਿਸ ਕਾਰਨ ਪਾਣੀ ਦਾ ਪੱਧਰ 1,390 ਫੁੱਟ ਦੀ ਵੱਧ ਤੋਂ ਵੱਧ ਮਨਜ਼ੂਰ ਸੀਮਾ ਤੋਂ ਪੰਜ ਫੁੱਟ ਤੋਂ ਉੱਪਰ ਚਲਾ ਗਿਆ। ਇਸ ਮਗਰੋਂ ਡੈਮ ਦੇ ਫਲੱਡ ਗੇਟਾਂ ਤੋਂ ਕਈ ਦਿਨਾਂ ਤੱਕ ਇੱਕ ਲੱਖ ਕਿਊਸਿਕ ਪਾਣੀ ਛੱਡਿਆ ਗਿਆ। ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਮੁਤਾਬਕ 27 ਸਤੰਬਰ ਤੱਕ ਪੌਂਗ ਡੈਮ 'ਚ ਪਾਣੀ ਦਾ ਪੱਧਰ 1,390.26 ਫੁੱਟ 'ਤੇ ਰਿਹਾ, ਜਿਸ ਵਿੱਚ 17,291 ਕਿਊਸਿਕ ਦੀ ਆਮਦ ਅਤੇ 24,823 ਕਿਊਸਿਕ ਦੀ ਨਿਕਾਸੀ ਹੋਈ। ਹਿਮਾਚਲ ਵਿੱਚ ਸਤਲੁਜ ਦਰਿਆ 'ਤੇ ਭਾਖੜਾ ਡੈਮ 'ਚ ਪਾਣੀ ਦਾ ਪੱਧਰ 1,680 ਫੁੱਟ ਦੀ ਉੱਪਰਲੀ ਮਨਜ਼ੂਰ ਸੀਮਾ ਤੋਂ ਲੱਗਭੱਗ ਦੋ ਫੁੱਟ ਥੱਲੇ ਰੱਖਿਆ ਗਿਆ। 27 ਸਤੰਬਰ ਨੂੰ ਪਾਣੀ ਦਾ ਪੱਧਰ 1,674.70 ਫੁੱਟ ਤੱਕ ਘਟਾ ਦਿੱਤਾ ਗਿਆ ਹੈ, ਜਿਸ ਵਿੱਚ 41,334 ਕਿਊਸਿਕ ਪਾਣੀ ਦੀ ਆਮਦ ਅਤੇ 32,000 ਕਿਊਸਿਕ ਪਾਣੀ ਦੀ ਨਿਕਾਸੀ ਹੋਈ। ਮੌਸਮ ਵਿਭਾਗ ਨੇ 3 ਅਕਤੂਬਰ ਤੱਕ ਖੇਤਰ ਵਿੱਚ ਖੁਸ਼ਕ ਮੌਸਮ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ।

# ਵਾਂਗਚੁੱਕ ਦਾ ਪਾਕਿਸਤਾਨੀ ਲਿੰਕ ਕੱਢ ਲਿਆਂਦਾ



**ਲੇਹ :** ਲੱਦਾਖ ਦੇ ਡੀ ਜੀ ਪੀ ਐੱਸ ਡੀ ਸਿੰਘ ਜਮਵਾਲ ਨੇ ਸਨਿੱਚਰਵਾਰ ਕਿਹਾ ਕਿ ਸੋਨਮ ਵਾਂਗਚੁੱਕ ਦੇ ਪਾਕਿਸਤਾਨੀ ਲਿੰਕ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਹਾਲ ਹੀ ਵਿੱਚ ਇੱਕ ਪਾਕਿਸਤਾਨ ਏਜੰਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਵਾਂਗਚੁੱਕ ਦੇ ਪ੍ਰਦਰਸ਼ਨਾਂ ਦੀਆਂ ਵੀਡੀਓਜ਼ ਸਰਹੱਦ ਪਾਰ ਭੇਜੀਆਂ ਸਨ। ਡੀ ਜੀ ਪੀ ਨੇ ਕਿਹਾ ਕਿ ਵਾਂਗਚੁੱਕ ਨੇ ਪਾਕਿਸਤਾਨੀ ਅਖ਼ਬਾਰ 'ਦੀ ਡਾਅਨ' ਦੇ ਪ੍ਰੋਗਰਾਮ ਵਿੱਚ ਵੀ ਸ਼ਿਰਕਤ ਕੀਤੀ ਸੀ।

ਇਸੇ ਦੌਰਾਨ ਤਿੰਨ ਦਿਨ ਪਹਿਲਾਂ ਲਗਾਏ ਗਏ ਕਰਫਿਊ ਤੋਂ ਬਾਅਦ ਪਹਿਲੀ ਵਾਰ ਸਨਿੱਚਰਵਾਰ ਦੁਪਹਿਰ ਨੂੰ ਕੁਝ ਘੰਟਿਆਂ ਦੀ ਢਿੱਲ ਦੌਰਾਨ ਲੋਕਾਂ ਨੇ ਲੰਮੀਆਂ ਕਤਾਰਾਂ ਵਿੱਚ ਲੱਗ ਕੇ ਜ਼ਰੂਰੀ ਸਮਾਨ ਖਰੀਦਿਆ।

ਜਲਵਾਯੂ ਕਾਰਕੁੰਨ ਸੋਨਮ ਵਾਂਗਚੁੱਕ ਨੂੰ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫਤਾਰ ਕਰਕੇ ਜੋਧਪੁਰ ਜੇਲ੍ਹ ਵਿੱਚ ਡੱਕਣ ਤੋਂ ਬਾਅਦ ਲੇਹ ਵਿੱਚ ਜਨਜੀਵਨ ਠੱਪ ਹੋ ਗਿਆ ਹੈ। ਬਾਜ਼ਾਰ ਬੰਦ ਹਨ, ਸੜਕਾਂ 'ਤੇ ਸੁੰਨ ਪੱਸਰੀ ਹੋਈ ਹੈ ਅਤੇ ਸਿਰਫ ਨੀਮ ਫੌਜੀ ਬਲਾਂ ਦੇ ਜਵਾਨ ਹੀ ਖਾਲੀ ਗਲੀਆਂ ਵਿੱਚ ਗਸ਼ਤ ਕਰ ਰਹੇ ਹਨ। ਪੁਲਸ ਨੇ ਕਈ ਥਾਵਾਂ 'ਤੇ ਚੌਕੀਆਂ ਸਥਾਪਤ ਕੀਤੀਆਂ ਹਨ।

ਸਥਾਨਕ ਲੋਕਾਂ ਨੇ ਕਿਹਾ ਕਿ ਅਗਲੇ ਦੋ ਦਿਨ ਅਹਿਮ ਹਨ, ਕਿਉਂਕਿ ਹਾਲ ਹੀ ਵਿੱਚ ਹੋਈ ਹਿੰਸਾ ਦੌਰਾਨ ਮਾਰੇ ਗਏ ਚਾਰ ਵਿਅਕਤੀਆਂ ਦੇ ਅੰਤਮ ਸੰਸਕਾਰ ਹੋਣਗੇ। ਲੱਦਾਖ ਪ੍ਰਸ਼ਾਸਨ ਨੇ ਹਿੰਸਾ ਲਈ ਵਾਂਗਚੁੱਕ ਦੀ ਹਿਰਾਸਤ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਨੇਪਾਲ ਅੰਦੋਲਨ ਅਤੇ ਅਰਬ ਸਪਰਿੰਗ ਦੇ ਹਵਾਲੇ ਨਾਲ ਉਸ ਦੇ ਭੜਕਾਊ ਭਾਸ਼ਣਾਂ ਦੀ ਲੜੀ ਦੇ ਨਤੀਜੇ ਵਜੋਂ ਬੁੱਧਵਾਰ ਦੀ ਹਿੰਸਾ ਹੋਈ, ਜਿਸ ਦੌਰਾਨ ਚਾਰ ਜਣੇ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ।

## ਸੋਨਮ ਵਾਂਗਚੁੱਕ ਦੀ ਗ੍ਰਿਫਤਾਰੀ ਦੀ ਸੀ ਪੀ ਆਈ ਵੱਲੋਂ ਕਰੜੀ ਨਿੰਦਾ

**ਨਵੀਂ ਦਿੱਲੀ :** ਭਾਰਤੀ ਕਮਿਊਨਿਸਟ ਪਾਰਟੀ ਨੇ ਲੱਦਾਖ ਦੇ ਉੱਘੇ ਜਲਵਾਯੂ ਕਾਰਕੁੰਨ ਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁੱਕ ਦੀ ਕੌਮੀ ਸੁਰੱਖਿਆ ਐਕਟ ਤਹਿਤ ਗ੍ਰਿਫਤਾਰੀ ਦੀ ਕਰੜੀ ਨਿੰਦਾ ਕੀਤੀ ਹੈ। ਪਾਰਟੀ ਦੇ ਕੌਮੀ ਸਕੱਤਰੇਤ ਨੇ ਕਿਹਾ ਹੈ ਕਿ ਲੱਦਾਖ ਨੂੰ ਰਾਜ ਬਣਾਉਣ ਅਤੇ ਸੰਵਿਧਾਨਕ ਹੱਕਾਂ ਲਈ ਪੁਰਅਮਨ ਆਵਾਜ਼ ਉਠਾਉਣ ਵਾਲੇ ਦੀ ਏਨੇ ਕਰੜੇ ਕਾਨੂੰਨ ਤਹਿਤ ਗ੍ਰਿਫਤਾਰੀ ਸੱਤਾ ਦੀ ਦੁਰਵਰਤੋਂ ਹੈ, ਜੋ ਕਿ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਹ ਕਾਰਵਾਈ ਨਾ ਸਿਰਫ ਲੱਦਾਖ ਦੇ ਲੋਕਾਂ ਦੇ ਹੱਕਾਂ 'ਤੇ ਛਾਪਾ ਹੈ, ਸਗੋਂ ਅਸਹਿਮਤੀ ਨੂੰ ਅਪਰਾਧ ਬਣਾਉਣ ਤੇ ਜਮਹੂਰੀ ਆਵਾਜ਼ਾਂ ਨੂੰ ਖਾਮੋਸ਼ ਕਰਨ ਦੇ ਖਤਰਨਾਕ ਰੁਝਾਨ ਨੂੰ ਦਰਸਾਉਂਦੀ ਹੈ। ਸੀ ਪੀ ਆਈ ਨੇ ਵਾਂਗਚੁੱਕ ਤੇ ਹੋਰਨਾਂ ਅੰਦੋਲਨਕਾਰੀਆਂ ਦੀ ਤੁਰੰਤ ਰਿਹਾਈ ਅਤੇ ਉਨ੍ਹਾਂ ਵਿਰੁੱਧ ਦਰਜ ਸਾਰੇ ਘੜੇ-ਘੜਾਏ ਕੇਸ ਵਾਪਸ ਲੈਣ ਦੀ ਮੰਗ ਕੀਤੀ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਲੇਹ ਵਿੱਚ ਕੀਤੀ ਗਈ ਫਾਇਰਿੰਗ, ਜਿਸ ਵਿੱਚ ਜਾਨਾਂ ਗਈਆਂ ਤੇ ਲੋਕ ਜ਼ਖ਼ਮੀ ਹੋਏ, ਲਈ ਜ਼ਿੰਮੇਵਾਰ ਦੋਸ਼ੀਆਂ ਦੀ ਪਛਾਣ ਕਰਨ ਲਈ ਅਜ਼ਾਦਾਨਾ ਤੇ ਨਿਰਪੱਖ ਜਾਂਚ ਕਰਵਾਈ ਜਾਵੇ। ਸੀ ਪੀ ਆਈ ਨੇ ਕਿਹਾ ਹੈ ਕਿ ਰਣਨੀਤਕ ਤੌਰ 'ਤੇ ਸੰਵੇਦਨਸ਼ੀਲ ਖਿੱਤੇ ਵਿੱਚ ਵਾਪਰੀਆਂ ਘਟਨਾਵਾਂ ਲਈ ਕੇਂਦਰ ਦੀ ਭਾਜਪਾ ਸਰਕਾਰ ਜ਼ਿੰਮੇਵਾਰ ਹੈ, ਜਿਸ ਨੇ ਧਾਰਾ 370 ਖਤਮ ਕਰਕੇ ਅਤੇ ਜੰਮੂ-ਕਸ਼ਮੀਰ ਸੂਬੇ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ ਬਣਾ ਕੇ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਕੀਤਾ ਹੈ। ਪਾਰਟੀ ਨੇ ਮੰਗ ਕੀਤੀ ਹੈ ਕਿ ਕੇਂਦਰ ਸਰਕਾਰ ਲੱਦਾਖ ਦੇ ਲੋਕਾਂ ਨਾਲ ਗੱਲਬਾਤ ਕਰਕੇ ਹਾਲਾਤ ਸੁਧਾਰੇ।

## ਕਾਂਗਰਸੀ ਆਗੂ ਭਾਜਪਾ ਦੇ ਪੰਜਾਬ ਵਿਰੋਧੀ ਏਜੰਡੇ ਦਾ ਕਰ ਰਹੇ ਸਮਰਥਨ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਵਿੱਤ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਕਾਂਗਰਸ ਪਾਰਟੀ 'ਤੇ ਤਿੱਖਾ ਹਮਲਾ ਕਰਦਿਆਂ ਦੋਸ਼ ਲਾਇਆ ਕਿ ਉਹ ਬੇਸ਼ਰਮੀ ਨਾਲ ਪੰਜਾਬ ਵਿੱਚ ਆਏ ਭਿਆਨਕ ਹੜ੍ਹਾਂ 'ਤੇ ਰਾਜਨੀਤੀ ਕਰ ਰਹੀ ਹੈ ਅਤੇ ਸੂਬੇ ਦੇ ਲੋਕਾਂ ਲਈ ਬਹੁਤ ਜ਼ਰੂਰੀ ਰਾਹਤ ਨੂੰ ਰੋਕਣ ਲਈ ਭਾਜਪਾ ਦਾ ਸਾਥ ਦੇ ਰਹੀ ਹੈ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਕਿਹਾ ਕਿ ਜਦੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪ੍ਰਭਾਵਤ ਪਰਵਾਰਾਂ ਦੇ ਮੁੜ ਵਸੇਬੇ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਕਾਂਗਰਸ ਪਾਰਟੀ ਰਾਹਤ ਫੰਡਾਂ ਨੂੰ ਰੋਕ ਕੇ ਅਤੇ ਬੇਕਸੂਰ ਲੋਕਾਂ ਦੀਆਂ ਮੌਤਾਂ ਦਾ ਰਾਜਨੀਤੀਕਰਨ ਕਰਕੇ ਨੀਵੇਂ ਪੱਧਰ 'ਤੇ ਡਿੱਗ ਰਹੀ ਹੈ।

'ਆਪ' ਸਰਕਾਰ ਵੱਲੋਂ ਲੋਕਾਂ ਦੇ ਮੁੜ ਵਸੇਬੇ ਬਾਰੇ ਚਰਚਾ ਕਰਨ ਲਈ ਬੁਲਾਏ ਗਏ ਵਿਸ਼ੇਸ਼ ਪੰਜਾਬ ਵਿਧਾਨ ਸਭਾ ਸੈਸ਼ਨ ਵਿੱਚ ਕਾਂਗਰਸ ਦੇ ਵਤੀਰੇ ਦੀ ਨਿੰਦਾ ਕਰਦਿਆਂ ਚੀਮਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਖੜ੍ਹੇ ਹੋਣ ਦੀ ਬਜਾਏ, ਕਾਂਗਰਸੀ ਆਗੂਆਂ ਨੇ ਆਪਣੇ ਪੈਰ ਗੰਦੇ ਹੋਣ ਤੋਂ ਬਚਣ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਵਾਹਨਾਂ ਨਾਲ ਸਸਤੇ ਫੋਟੋ-ਅਪ ਕਰਵਾਉਣ, ਡਰਾਮਾ ਕਰਨ ਨੂੰ ਤਰਜੀਹ ਦਿੱਤੀ। ਵਿਧਾਨ ਸਭਾ ਵਿੱਚ ਉਨ੍ਹਾਂ ਆਪਣੇ ਸਵਾਰਥੀ ਹਿੱਤਾਂ ਲਈ ਹੜ੍ਹ ਪੀੜਤਾਂ ਦੀਆਂ ਮੌਤਾਂ ਦਾ ਰਾਜਨੀਤੀਕਰਨ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਦੀ ਪੰਜਾਬ ਵਿਰੋਧੀ ਮਾਨਸਿਕਤਾ ਕੱਲ੍ਹ ਪੂਰੀ ਤਰ੍ਹਾਂ ਬੇਨਕਾਬ ਹੋ ਗਈ

ਮੰਤਰੀ ਨੇ ਖੁਲਾਸਾ ਕੀਤਾ ਕਿ 'ਆਪ' ਸਰਕਾਰ ਨੇ ਸੂਬੇ ਦੇ ਮੁੜ ਨਿਰਮਾਣ ਲਈ ਇੱਕ ਸਮਰਪਿਤ 'ਰੰਗਲਾ ਪੰਜਾਬ' ਫੰਡ ਬਣਾਇਆ ਹੈ, ਜਿਸ ਵਿੱਚ ਸਾਰੇ ਵਰਗਾਂ ਦੇ ਲੋਕਾਂ ਵੱਲੋਂ ਭਾਰੀ ਯੋਗਦਾਨ ਪਾਇਆ ਜਾ ਰਿਹਾ ਹੈ, ਪਰ ਕਾਂਗਰਸੀ ਆਗੂ ਹੜ੍ਹ ਰਾਹਤ ਲਈ ਇਸ ਫੰਡ ਦਾ ਸ਼ਰਮਨਾਕ ਵਿਰੋਧ ਕਰ ਰਹੇ ਹਨ। ਇਹ ਉਹੀ

• ਬਾਕੀ ਸਫਾ 10 'ਤੇ

## ਜਲੰਧਰ ਤੇ ਅੰਮ੍ਰਿਤਸਰ 'ਚ ਬਣਾਵਾਂਗੇ ਦੋ ਅਲਟਰਾ ਮਾਡਰਨ ਸਪੋਰਟਸ ਕੰਪਲੈਕਸ : ਮਾਨ

**ਜਲੰਧਰ (ਸ਼ੈਲੀ ਐਲਬਰਟ, ਰਾਜੇਸ਼ ਥਾਪਾ, ਇਕਬਾਲ ਉਭੀ, ਸੁਰਿੰਦਰ ਕੁਮਾਰ)**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਸੂਬੇ ਵਿੱਚ ਹਾਕੀ ਦੀ ਪੁਰਾਤਨ ਸ਼ਾਨ ਨੂੰ ਬਹਾਲ ਕਰਨ ਦਾ ਪ੍ਰਣ ਲਿਆ।ਪੰਜਾਬ ਹਾਕੀ ਲੀਗ 2025 ਦੇ ਫਾਈਨਲ ਮੈਚ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਪਹਿਲੀ ਜੂਨੀਅਰ ਹਾਕੀ ਲੀਗ ਪੰਜਾਬ ਹਾਕੀ ਅਤੇ ਰਾਊਂਡ ਗਲਾਸ ਅਕਾਦਮੀ ਦੁਆਰਾ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਇਹ ਹਾਕੀ ਦੇ ਖੇਤਰ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਇਨਾਮੀ ਰਾਸ਼ੀ ਵਾਲੀ ਲੀਗ ਹੈ। ਮਾਨ ਨੇ ਕਿਹਾ ਕਿ ਇਹ ਲੀਗ ਮੁਹਾਲੀ ਤੋਂ ਸ਼ੁਰੂ ਕੀਤੀ ਗਈ ਸੀ, ਜਿਸ ਦੇ ਫਾਈਨਲ ਜਲੰਧਰ ਵਿੱਚ ਖੇਡੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੀਨੀਅਰ ਖਿਡਾਰੀਆਂ ਲਈ ਤਾਂ ਵੱਖ-ਵੱਖ ਲੀਗ ਮੈਚ ਕਰਵਾਏ ਜਾਂਦੇ ਹਨ, ਪਰ ਇਹ ਦੇਸ਼ ਵਿੱਚ ਸ਼ੁਰੂ ਕੀਤੀ ਗਈ ਪਹਿਲੀ ਜੂਨੀਅਰ ਲੀਗ ਹੈ। ਉਨ੍ਹਾ ਕਿਹਾ ਕਿ ਇਹ ਇੱਕ ਯਾਦਗਾਰੀ ਮੌਕਾ ਹੈ, ਕਿਉਂਕਿ ਇੱਥੇ ਸੁਰਜੀਤ ਹਾਕੀ ਸਟੇਡੀਅਮ ਵਿੱਚ, ਪੰਜਾਬ ਦੇ ਮਹਾਨ ਹਾਕੀ ਖਿਡਾਰੀ, ਜਿਨ੍ਹਾਂ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ, ਇਕੱਠੇ ਹੋਏ ਹਨ। ਪ੍ਰਦਰਸ਼ਨੀ ਮੈਚ ਵਿੱਚ ਲੈਜੈਂਡ ਇਲੈਵਨ ਦਾ ਸਟਾਰ ਇਲੈਵਨ ਨਾਲ ਮੁਕਾਬਲਾ

• ਬਾਕੀ ਸਫਾ 10 'ਤੇ

## ਅਰਸ਼ੀ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਬਣਨ 'ਤੇ ਵਧਾਈਆਂ

**ਮਾਨਸਾ (ਆਤਮਾ ਸਿੰਘ ਪਮਾਰ)**



ਭਾਰਤੀ ਕਮਿਊਨਿਸਟ ਪਾਰਟੀ ਦੇ ਚੰਡੀਗੜ੍ਹ 'ਚ ਆਯੋਜਿਤ 25 ਵੇਂ ਮਹਾਂ-ਸੰਮੇਲਨ 'ਚ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਚੁਣੇ ਗਏ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਪਾਰਟੀ ਦੀ ਪੰਜਾਬ ਇਕਾਈ ਨੇ ਬਾਵਜੂਦ ਆਰਥਕ, ਸਮਾਜਿਕ ਚੁਣੌਤੀਆਂ ਮਹਾਂ-ਸੰਮੇਲਨ ਦੇ ਸ਼ਾਨਦਾਰ ਆਯੋਜਨ 'ਚ ਸਫਲ ਭੂਮਿਕਾ ਨਿਭਾਈ। ਇਸ ਲਈ ਪਾਰਟੀ ਲੀਡਰਸ਼ਿਪ ਤੇ ਸਮੁੱਚੇ ਵਰਕਰਾਂ ਦਾ ਹਰ ਪੱਖੋਂ ਸਹਿਯੋਗ ਲਈ ਧੰਨਵਾਦ ਹੈ। ਪਾਰਟੀ ਕਾਂਗਰਸ 'ਚ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣ, ਧਰਮ ਨਿਰਪੱਖਤਾ, ਸੰਵਿਧਾਨ, ਲੋਕਤੰਤਰ ਤੇ ਸੰਵਿਧਾਨਕ ਸੰਸਥਾਵਾਂ ਦੀ ਰਾਖੀ ਦਾ ਅਹਿਦ ਲਿਆ ਗਿਆ। ਸਾਥੀ ਅਰਸ਼ੀ ਨੇ ਕਿਹਾ ਕਿ 25 ਵੇਂ ਮਹਾਂ-ਸੰਮੇਲਨ ਦਾ ਇਸ ਕਰਕੇ ਵਧੇਰੇ ਮਹੱਤਵ ਹੈ ਕਿ ਇਹ ਵਰ੍ਹਾ ਪਾਰਟੀ ਦਾ ਸ਼ਤਾਬਦੀ ਸਾਲ ਹੈ। ਉਹਨਾ ਮਾਣ ਮਹਿਸੂਸ ਕਰਦੇ ਹੋਏ ਕਿਹਾ ਕਿ ਪੰਜਾਬ ਗੁਰੂਆਂ, ਪੀਰਾਂ, ਦੇਸ਼ ਭਗਤਾਂ, ਸੂਰਬੀਰ ਯੋਧਿਆ ਦੀ ਧਰਤੀ ਹੈ, ਜਿਸ ਲਈ ਪਾਰਟੀ ਕਾਂਗਰਸ ਦੀ ਸਫਲਤਾ ਲਈ ਹਰ ਵਰਗ ਤੇ ਕਿਰਤੀ ਲੋਕਾਂ ਨੇ ਹਰ ਤਰ੍ਹਾਂ ਦਾ ਸਹਿਯੋਗ ਕੀਤਾ। ਉਹਨਾ ਕਿਹਾ ਕਿ ਦੇਸ਼ ਵਰਤਮਾਨ ਸਮੇਂ ਦੌਰਾਨ ਭਾਰੀ ਮੁਸ਼ਕਲਾਂ ਵਿੱਚੋਂ ਲੰਘ ਰਿਹਾ ਹੈ। ਭਾਜਪਾ ਤੇ ਆਰ

• ਬਾਕੀ ਸਫਾ 10 'ਤੇ

## ਅਧਿਕਾਰੀਆਂ ਨੂੰ ਧਮਕਾ ਦੇ ਕੇ ਸੱਤਾ 'ਚ ਵਾਪਸੀ ਦਾ ਸੁਪਨਾ ਦੇਖਣਾ ਬੰਦ ਕਰਨ ਸੁਖਬੀਰ : ਧਾਲੀਵਾਲ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਆਮ ਆਦਮੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਇੱਕ ਐੱਸ ਐੱਸ ਪੀ ਨੂੰ ਜਨਤਕ ਤੌਰ 'ਤੇ ਧਮਕੀ ਦੇਣ ਲਈ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸੁਖਬੀਰ ਬਾਦਲ ਅਜੇ ਵੀ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਉਨ੍ਹਾ ਦੀ ਸਰਕਾਰ ਚਲੀ ਗਈ ਹੈ, ਜੋ ਕਦੇ ਵੀ ਵਾਪਸ ਨਹੀਂ ਆਵੇਗੀ।

ਸ਼ਨੀਵਾਰ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਾਬਕਾ ਮੰਤਰੀ ਅਤੇ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸਰਕਾਰੀ ਅਧਿਕਾਰੀਆਂ ਨੂੰ ਧਮਕੀ ਦੇ ਕੇ ਸੁਖਬੀਰ ਬਾਦਲ ਆਪਣੀ ਨਿਰਾਸ਼ਾ ਜ਼ਾਹਿਰ ਕਰ ਰਹੇ ਹਨ। ਉਨ੍ਹਾ ਨੂੰ ਸ਼ਾਇਦ ਯਾਦ ਨਹੀਂ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਸੱਤਾ ਦੀ ਦੁਰਵਰਤੋਂ ਕਿਵੇਂ ਕੀਤੀ ਗਈ ਸੀ ਅਤੇ ਪੰਜਾਬ ਦੇ ਸਰੋਤਾਂ ਨੂੰ ਕਿਵੇਂ ਲੁੱਟਿਆ ਗਿਆ ਸੀ।ਉਨ੍ਹਾ ਕਿਹਾ ਕਿ ਸੱਤਾ ਵਿੱਚ ਰਹਿੰਦਿਆਂ ਸੁਖਬੀਰ ਬਾਦਲ ਨੇ ਰੇਤ ਮਾਫੀਆ, ਭੂ-ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਕੇਬਲ ਮਾਫੀਆ ਸਮੇਤ ਕਈ ਮਾਫੀਆ ਚਲਾਏ, ਜਿਨ੍ਹਾਂ ਪੰਜਾਬ ਨੂੰ ਤਬਾਹ ਕਰ ਦਿੱਤਾ। ਉਨ੍ਹਾ ਦੇ ਕਾਰਜਕਾਲ ਦੌਰਾਨ ਜਿੰਨੇ ਝੂਠੇ ਪਰਚੇ ਦਰਜ ਕੀਤੇ ਗਏ ਸਨ, ਇਤਿਹਾਸ ਵਿੱਚ ਕਿਸੇ ਵੀ ਸਰਕਾਰ ਵੇਲੇ ਏਨੇ ਪਰਚੇ ਦਰਜ ਨਹੀਂ ਹੋਏ। 'ਆਪ' ਆਗੂ ਨੇ ਹਾਸਾ ਜ਼ਾਹਿਰ ਕਰਦਿਆਂ ਕਿਹਾ ਕਿ ਸੁਖਬੀਰ ਬਾਦਲ ਨੂੰ ਇਹ ਸਮਝ ਨਹੀਂ ਆ ਰਹੀ ਕਿ ਪੰਜਾਬ ਦੇ ਲੋਕਾਂ ਨੇ 2022 ਵਿੱਚ ਉਨ੍ਹਾ ਦਾ ਕੰਮ ਨਿਬੇੜ ਦਿੱਤਾ ਹੈ, ਹੁਣ ਉਹ ਮੁੜ ਸੱਤਾ ਵਿੱਚ ਆਉਣ ਦੇ ਸੁਪਨੇ ਲੈਣਾ ਛੱਡ ਦੇਣ।

ਉਨ੍ਹਾ ਕਿਹਾ ਕਿ ਪੰਜਾਬੀ ਇਹ ਨਹੀਂ ਭੁੱਲੇ ਹਨ ਕਿ ਕਿਵੇਂ ਅਕਾਲੀ ਦਲ ਦੀ ਸਰਕਾਰ ਦੌਰਾਨ ਮੋਗਾ ਵਿੱਚ ਇੱਕ ਧੀ ਨੂੰ ਬੱਸ ਤੋਂ ਸੁੱਟ ਕੇ ਕਤਲ ਕਰ ਦਿੱਤਾ ਗਿਆ ਸੀ ਅਤੇ ਅੰਮ੍ਰਿਤਸਰ ਵਿੱਚ ਇੱਕ ਧੀ ਦੀ ਇੱਜ਼ਤ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਇੱਕ ਪੁਲਸ ਮੁਲਾਜ਼ਮ ਨੂੰ ਉਨ੍ਹਾਂ ਦੇ ਗੁੰਡਿਆਂ ਨੇ ਮਾਰ ਦਿੱਤਾ ਸੀ।

ਧਾਲੀਵਾਲ ਨੇ ਸੁਖਬੀਰ ਬਾਦਲ ਤੋਂ ਸਵਾਲ ਕਰਦਿਆਂ ਪੁੱਛਿਆ ਕਿ ਜਦੋਂ ਸਰਕਾਰ ਤੁਹਾਡੀ ਹੁੰਦੀ ਹੈ, ਉਦੋਂ ਪੁਲਸ ਅਧਿਕਾਰੀ ਬਹੁਤ ਚੰਗੇ ਲੱਗਦੇ ਹਨ, ਪਰ ਜਦੋਂ ਕੋਈ ਹੋਰ ਸਰਕਾਰ ਆ ਜਾਂਦੀ ਹੈ, ਤਾਂ ਉਹੀ ਅਫ਼ਸਰ ਤੁਹਾਨੂੰ ਮਾੜੇ ਕਿਉਂ ਲਗਦੇ ਹਨ? ਫਿਰ ਤੁਸੀਂ ਇੱਕ ਡਾਇਰੀ ਚੁੱਕ ਕੇ ਤੁਰ ਪੈਂਦੇ ਹੋ ਅਤੇ ਅਫ਼ਸਰਾਂ ਨੂੰ ਦਬਕੇ ਮਾਰਦੇ ਹੋ, ਪਰ ਮੈਂ ਦੱਸਣਾ ਚਾਹੁੰਦਾ ਹਾਂ ਕਿ ਹੁਣ ਪੰਜਾਬ ਵਿੱਚ ਕਾਨੂੰਨ ਦਾ ਰਾਜ ਹੈ ਅਤੇ ਤੁਹਾਡੇ ਦਬਕਿਆਂ ਦਾ ਕੋਈ ਅਸਰ ਨਹੀਂ ਹੋਣ ਵਾਲਾ। ਉਹਨਾ ਸੁਖਬੀਰ ਬਾਦਲ ਦੀ ਮੁੱਖ ਮੰਤਰੀ ਬਣਨ ਦੀ ਇੱਛਾ 'ਤੇ ਟਿੱਪਣੀ ਕਰਦਿਆਂ ਯਾਦ ਦਿਵਾਇਆ ਕਿ ਜਦੋਂ ਤੁਹਾਡੇ ਪਿਤਾ ਜੀ, ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੇ ਮੁੱਖ ਮੰਤਰੀ ਰਹਿੰਦਿਆਂ ਕਈ ਅਕਾਲੀ ਲੀਡਰਾਂ ਵੱਲੋਂ ਸੁਖਬੀਰ ਨੂੰ ਮੁੱਖ ਮੰਤਰੀ ਬਣਾਉਣ ਦੀ ਸਲਾਹ ਨਹੀਂ ਮੰਨੀ ਤਾਂ ਪੰਜਾਬ ਦੇ ਲੋਕ ਇਹ

• ਬਾਕੀ ਸਫਾ 10 'ਤੇ

## ਥਾਰ ਪਲਟਣ ਨਾਲ ਪੰਜ ਨੌਜਵਾਨਾਂ ਦੀ ਮੌਤ



**ਗੁਰੂਗ੍ਰਾਮ :** ਦਿੱਲੀ-ਗੁਰੂਗ੍ਰਾਮ ਐੱਕਸਪ੍ਰੈੱਸਵੇ 'ਤੇ ਝਾਰਸਾ ਐਗਜ਼ਿਟ ਨੇੜੇ ਸਨਿੱਚਰਵਾਰ ਤੜਕੇ ਸਾਢੇ ਚਾਰ ਵਜੇ ਥਾਰ ਡਿਵਾਈਡਰ ਨਾਲ ਟਕਰਾਅ ਕੇ ਪਲਟਣ ਨਾਲ ਤਿੰਨ ਕੁੜੀਆਂ ਸਣੇ ਪੰਜ ਜਣਿਆਂ ਦੀ ਮੌਤ ਹੋ ਗਈ। ਵੀਡੀਓ ਮੁਤਾਬਕ ਥਾਰ 100 ਕਿੱਲੋਮੀਟਰ ਦੀ ਸਪੀਡ 'ਤੇ ਸੀ।

ਪੁਲਸ ਅਨੁਸਾਰ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਸਾਰੇ ਦੋਸਤ ਸਨ ਤੇ ਸ਼ੁੱਕਰਵਾਰ ਰਾਤ 10 ਵਜੇ ਗੁਰੂਗ੍ਰਾਮ ਦੇ ਸਿਗਨੇਚਰ ਟਾਵਰ ਸਥਿਤ ਇਬੋਲਾ ਕਲੱਬ ਪਹੁੰਚੇ। ਪੰਜ ਤੋਂ ਛੇ ਘੰਟੇ ਉੱਥੇ ਰਹਿਣ ਤੋਂ ਬਾਅਦ ਕਲੱਬ ਤੋਂ ਪਰਤ ਰਹੇ ਸਨ। ਉਹ ਝਾਰਸਾ ਐਗਜ਼ਿਟ 'ਤੇ ਐੱਕਸਪ੍ਰੈੱਸਵੇ ਤੋਂ ਬਾਹਰ ਨਿਕਲ ਕੇ ਅੰਡਰਪਾਸ ਰਾਹੀਂ ਦਿੱਲੀ ਵੱਲ ਜਾਣ ਵਾਲੇ ਸਨ, ਪਰ ਤੇਜ਼ ਰਫ਼ਤਾਰ ਕਾਰਨ ਥਾਰ ਕੰਟਰੋਲ ਤੋਂ ਬਾਹਰ ਹੋ ਗਈ। ਮ੍ਰਿਤਕਾਂ ਦੀ ਪਛਾਣ ਪ੍ਰਤਿਸ਼ਠਾ ਮਿਸ਼ਰਾ (25), ਆਗਰਾ ਦੇ ਆਦਿਤਿਆ ਪ੍ਰਤਾਪ ਸਿੰਘ (30), ਆਗਰਾ ਦੀ ਹੀ ਲਾਵਣਿਆ (26) ਸੋਨੀਪਤ ਦੇ ਗੌਤਮ (31) ਤੇ ਦਿੱਲੀ ਦੀ ਆਦਿਤੀ ਸੋਨੀ (25) ਵਜੋਂ ਹੋਈ ਹੈ। ਪ੍ਰਤਿਸ਼ਠਾ ਬਰੇਲੀ ਦੇ ਜੱਜ ਚੰਦਰਮਣੀ ਮਿਸ਼ਰਾ ਦੀ ਧੀ ਸੀ। ਪ੍ਰਤਿਸ਼ਠਾ ਤੇ ਲਾਵਣਿਆ ਨੋਇਡਾ ਦੇ ਕਾਲਜ ਵਿੱਚ ਕਾਨੂੰਨ ਦੀ ਪੜ੍ਹਾਈ ਕਰ ਰਹੀਆਂ ਸਨ। ਲਾਵਣਿਆ ਦੇ ਪਿਤਾ ਆਈ ਟੀ ਬੀ ਪੀ ਵਿੱਚ ਇੰਸਪੈਕਟਰ ਹਨ ਅਤੇ ਸਿੱਕਮ ਵਿੱਚ ਤਾਇਨਾਤ ਹਨ। ਆਦਿਤਿਆ ਨੋਇਡਾ ਵਿੱਚ ਨਿੱਜੀ ਕੰਪਨੀ ਵਿੱਚ ਕੰਮ ਕਰਦਾ ਸੀ, ਅਤੇ ਉਸ ਦੇ ਪਿਤਾ ਆਗਰਾ 'ਚ ਸਟੈਨੋਗ੍ਰਾਫਰ ਹਨ। ਗੌਤਮ ਇੰਜੀਨੀਅਰ ਸੀ ਅਤੇ ਨੋਇਡਾ ਵਿੱਚ ਸੈਮਸੰਗ ਵਿੱਚ ਕੰਮ ਕਰਦਾ ਸੀ। ਕਪਿਲ ਦੇ ਪਿਤਾ ਯੂ ਪੀ ਪੁਲਸ ਵਿੱਚ ਸਬ-ਇੰਸਪੈਕਟਰ ਹਨ।

ਆਦਿਤੀ ਸੋਨੀ ਦਿੱਲੀ ਦੇ ਕਾਲਕਾਜੀ ਇਲਾਕੇ ਦੇ ਇੱਕ ਕਾਲਜ ਵਿੱਚ ਬੀ ਏ ਦੂਜੇ ਸਾਲ ਦੀ ਵਿਦਿਆਰਥਣ ਸੀ ਤੇ ਉਸ ਦੇ ਪਿਤਾ ਨਿੱਜੀ ਕੰਪਨੀ ਵਿੱਚ ਕੰਮ ਕਰਦੇ ਹਨ।

## ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫਲਤਾ ਲਈ ਵਿਚਾਰ-ਵਟਾਂਦਰਾ



**ਜਲੰਧਰ :** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਬਾਬਾ ਸੋਹਣ ਸਿੰਘ ਭਕਨਾ ਲਾਇਬ੍ਰੇਰੀ ਦੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੀ ਮੀਟਿੰਗ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਇਹ ਮੀਟਿੰਗ ਗਦਰੀ ਬਾਬਿਆਂ ਦਾ ਮੇਲਾ, ਜੋ 30-31 ਅਕਤੂਬਰ ਤੇ ਪਹਿਲੀ ਨਵੰਬਰ ਨੂੰ ਲੱਗ ਰਿਹਾ ਹੈ, ਦੀ ਕਾਮਯਾਬੀ ਲਈ ਕੀਤੀ ਗਈ। ਇਸ ਮੇਲੇ ਦੀ ਆਵਾਜ਼ ਵਿਦਿਆਰਥੀਆਂ ਦੇ ਪਰਵਾਰਾਂ ਤੱਕ ਪਹੁੰਚਣੀ ਚਾਹੀਦੀ ਹੈ। ਮਾੜੀਮੇਘਾ ਨੇ ਕਿਹਾ ਕਿ ਇਸ ਵਾਰ ਮੇਲਾ ਗ਼ਦਰੀ ਵੀਰਾਂਗਣਾਂ ਗੁਲਾਬ ਕੌਰ ਦੀ 100 ਵਰ੍ਹੇਗੰਢ ਨੂੰ ਸਮਰਪਿਤ ਹੋ ਰਿਹਾ ਹੈ। ਮੇਲੇ ਵਿੱਚ ਉੱਘੇ ਕਾਲਮ ਨਵੀਸ ਪ੍ਰਭਾਤ ਪਟਨਾਇਕ, ਡਾਕਟਰ ਸਵਰਾਜਬੀਰ, ਵਿਦਵਾਨ ਮੁਹੰਮਦ ਯੂਸਫ ਤਾਰੀਗਾਮੀ ਅਤੇ ਨਵਸ਼ਰਨ ਵਿਚਾਰ ਪ੍ਰਗਟ ਕਰਨਗੇ। ਪਹਿਲੀ ਨਵੰਬਰ ਨੂੰ ਦੁਪਹਿਰ ਤੋਂ ਬਾਅਦ ਭਾਈ ਜਵਾਲਾ ਸਿੰਘ ਹਾਲ ਵਿੱਚ ਵਿਚਾਰ-ਚਰਚਾ ਵਿੱਚ ਕਮੇਟੀ ਮੈਂਬਰ ਹਰਦੇਵ ਸਿੰਘ ਅਰਸ਼ੀ ਸਾਬਕਾ ਐੱਮ ਐੱਲ ਏ, ਮੰਗਤ ਰਾਮ ਪਾਸਲਾ, ਡਾਕਟਰ ਪਰਮਿੰਦਰ, ਸੁਖਵਿੰਦਰ ਸਿੰਘ ਸੇਖੋਂ ਅਤੇ ਰਮਿੰਦਰ ਸਿੰਘ ਪਟਿਆਲਾ ਹਿੱਸਾ ਲੈਣਗੇ। ਸਾਰੀ ਰਾਤ ਨਾਟਕ ਮੇਲਾ ਚੱਲੇਗਾ। ਮੀਟਿੰਗ ਨੂੰ ਚਰੰਜੀ ਲਾਲ ਕੰਗਣੀਵਾਲ, ਰਣਜੀਤ ਸਿੰਘ ਔਲਖ, ਗੁਰਮੀਤ, ਵਿਜੇ ਬੰਬੇਲੀ ਤੇ ਡਾਕਟਰ ਅਸ਼ੋਕ ਸਹੋਤਾ ਨੇ ਸੰਬੋਧਨ ਕੀਤਾ। ਮੀਟਿੰਗ ਵਿੱਚ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਵੀ ਹਾਜ਼ਰ ਸਨ।

## ਇਜ਼ਰਾਈਲੀ ਹਮਲਿਆਂ 'ਚ ਪੱਤਰਕਾਰ ਸਣੇ 58 ਮਾਰੇ ਗਏ

**ਦੀਰ ਅਲ ਬਲਾਹ (ਗਾਜ਼ਾ ਪੱਟੀ) :** ਇਜ਼ਰਾਈਲੀ ਹਮਲਿਆਂ ਅਤੇ ਗੋਲੀਬਾਰੀ ਵਿੱਚ ਸਨਿੱਚਰਵਾਰ ਸਵੇਰੇ ਗਾਜ਼ਾ ਵਿੱਚ ਇੱਕ ਪਰਵਾਰ ਦੇ 11 ਜੀਆਂ ਸਣੇ 58 ਮਾਰੇ ਗਏ। ਮੁਹੰਮਦ ਅਲ-ਦਯਾਹ ਨਾਂਅ ਦਾ ਪੱਤਰਕਾਰ ਵੀ ਮਾਰਿਆ ਗਿਆ। ਹੁਣ ਤੱਕ ਗਾਜ਼ਾ ਵਿੱਚ 252 ਫਲਸਤੀਨੀ ਪੱਤਰਕਾਰ ਮਾਰੇ ਜਾ ਚੁੱਕੇ ਹਨ। ਭਾਵੇਂ ਕੌਮਾਂਤਰੀ ਪੱਧਰ 'ਤੇ ਜੰਗ ਰੋਕਣ ਲਈ ਦਬਾਅ ਵਧ ਰਿਹਾ ਹੈ, ਪਰ ਇਜ਼ਰਾਈਲ ਵੱਲੋਂ ਹਮਲੇ ਜਾਰੀ ਹਨ। ਅਲ-ਅਵਦਾ ਹਸਪਤਾਲ ਦੇ ਸਿਹਤ ਕਰਮਚਾਰੀਆਂ ਮੁਤਾਬਕ ਮੱਧ ਅਤੇ ਉੱਤਰੀ ਗਾਜ਼ਾ ਵਿੱਚ ਸਵੇਰੇ ਹੋਏ ਹਮਲਿਆਂ ਵਿੱਚ ਨੁਸੈਰਾਤ ਸ਼ਰਨਾਰਥੀ ਕੈਂਪ ਵਿੱਚ ਇੱਕੋ ਪਰਵਾਰ ਦੇ 11 ਮੈਂਬਰ ਸ਼ਾਮਲ ਸਨ। ਇਹ ਹਮਲੇ ਉਸ ਵੇਲੇ ਹੋਏ, ਜਦੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਸੰਯੁਕਤ ਰਾਸ਼ਟਰ ਮਹਾਂ ਸਭਾ ਵਿੱਚ ਐਲਾਨ ਕੀਤਾ ਕਿ ਹਮਾਸ ਦੇ ਪੂਰਨ ਖਾਤਮੇ ਤੱਕ ਲੜਾਈ ਜਾਰੀ ਰਹੇਗੀ।

## ਅੱਜ-ਨਾਮਾ

ਫਿਰ ਤੋਂ ਰਾਹੁਲ ਦੇ ਕੇਸ ਦੀ ਬਾਤ ਉੱਠੀ,
ਅਰਜ਼ੀ ਅਦਾਲਤ ਨੇ ਕਰੀ ਹੈ ਰੱਦ ਬੇਲੀ।
ਭਾਸ਼ਣ ਕੀਤਾ ਅਮਰੀਕਾ ਦੇ ਵਿੱਚ ਉਹਨੇ,
ਫਿਰਕੂ ਚਰਚੇ ਦੀ ਛੋਹੀ ਉਸ ਮੱਦ ਬੇਲੀ।
ਲੱਗਾ ਹੈ ਦੋਸ਼ ਕਿ ਬੋਲਦੇ ਵਕਤ ਉਸ ਨੇ,
ਛੱਡੀ ਸੀ ਤੋੜ ਮਰਿਆਦਾ ਦੀ ਹੱਦ ਬੇਲੀ।
ਉਹ ਵੀ ਕੇਸਾਂ ਦੀ ਧਿਰ ਹਨ ਬਣਨ ਲੱਗੇ,
ਊਣੇ ਸਿਆਸਤ ਦੇ ਜਿਨ੍ਹਾਂ ਦੇ ਕੱਦ ਬੇਲੀ।
ਕੀਤਾ ਜੀਹਨੇ ਵੀ ਰਾਹੁਲ 'ਤੇ ਕੇਸ ਬੇਲੀ,
ਚੌਧਰ ਦਿਨਾਂ ਵਿੱਚ ਲਈ ਆ ਖੱਟ ਬੇਲੀ।
ਵੇਖੋ-ਵੇਖੀ ਫਿਰ ਹੋਰ ਕਈ ਰੰਗ ਫੜਦੇ,
ਫਾਇਦਾ ਵੱਧ ਤੇ ਖੇਚਲ ਆ ਘੱਟ ਬੇਲੀ।

-ਤੀਸ ਮਾਰ ਖਾਂ

## ਸੰਜੀਵ ਅਰੋੜਾ ਵੱਲੋਂ ਪੰਜਾਬ 'ਚ ਨਿਵੇਸ਼ ਕਰਨ ਦਾ ਸੱਦਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**



ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਕਰਵਾਏ ਗਏ ਵਰਲਡ ਫੂਡ ਇੰਡੀਆ 2025 ਸਮਾਗਮ ਵਿੱਚ ਹਿੱਸਾ ਲਿਆ, ਜਿਸ ਵਿੱਚ 'ਫਲੇਵਰਿੰਗ ਦ ਫਿਊਚਰ ਫਰਾਮ ਫਾਰਮ ਗੇਟ ਟੂ ਗਲੋਬਲ ਪਲੇਟ-ਐਗਰੋ-ਫੂਡ ਕਾਰੋਬਾਰ ਵਿੱਚ ਮੌਕਿਆਂ ਨੂੰ ਖੋਲ੍ਹਣਾ' ਦੇ ਵਿਸ਼ੇ 'ਤੇ ਪੰਜਾਬ ਸਟੇਟ ਨਾਲੇਜ ਸੈਸ਼ਨ ਕਰਵਾਇਆ ਗਿਆ।ਇਹ ਸਮਾਗਮ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਵੱਲੋਂ ਕਰਵਾਇਆ ਗਿਆ ਸੀ।ਵਰਲਡ ਫੂਡ ਇੰਡੀਆ 2025 ਸਮਾਗਮ ਵਿਖੇ ਸੰਬੋਧਨ ਕਰਦਿਆਂ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਦਾ ਖੇਤੀਬਾੜੀ ਖੇਤਰ ਬਹੁਤ ਮਜ਼ਬੂਤ ਹੈ ਅਤੇ ਪੰਜਾਬ ਦੇ ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਨਿਵੇਸ਼ ਦੀਆਂ ਅਥਾਹ ਸੰਭਾਵਨਾਵਾਂ ਉਪਲੱਬਧ ਹਨ। ਉਨ੍ਹਾ ਕਿਹਾ ਕਿ ਸਾਡੀ ਸਰਕਾਰ ਵੱਲੋਂ ਨਿਵੇਸ਼ਕ ਪੱਖੀ ਨੀਤੀਆਂ ਘੜੀਆਂ ਜਾ ਰਹੀਆਂ ਹਨ। ਉਨ੍ਹਾ ਨੇ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ।ਉਨ੍ਹਾ ਕਿਹਾ ਕਿ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਆਪਣਾ ਉਦਯੋਗ ਸਥਾਪਤ ਕਰਨ ਲਈ ਸੰਬੰਧਤ ਸਾਰੀਆਂ ਪ੍ਰਵਾਨਗੀਆਂ 45 ਦਿਨਾਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਣਗੀਆਂ।ਫੂਡ ਪ੍ਰੋਸੈਸਿੰਗ ਖੇਤਰ ਵਾਸਤੇ ਨਵੀਂ ਉਦਯੋਗਿਕ ਨੀਤੀ ਬਣਾਉਣ ਲਈ ਗਠਿਤ ਸੁਤੰਤਰ ਕਮੇਟੀ ਬਾਰੇ ਵੀ ਜਾਣਕਾਰੀ ਦਿੱਤੀ।ਉਨ੍ਹਾ ਕਿਹਾ ਕਿ ਪੰਜਾਬ ਵਿੱਚ ਨਿਵੇਸ਼ ਕਰਨ ਦੇ ਚਾਹਵਾਨ ਉਦਮੀਆਂ ਨੂੰ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ।ਪੰਜਾਬ ਕੋਲ ਐਗਰੋ-ਫੂਡ ਕਾਰੋਬਾਰ ਲਈ ਅਗਲਾ ਗਲੋਬਲ ਹੱਬ ਬਣਨ ਦੀ ਅਥਾਹ ਸਮਰੱਥਾ ਹੈ, ਜਿਸ ਨਾਲ ਸਾਡੇ ਉਤਪਾਦਾਂ ਨੂੰ ਖੇਤਾਂ ਤੋਂ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਲਿਜਾਇਆ ਜਾਵੇਗਾ।

ਇਸ ਮੌਕੇ ਮੰਤਰੀ ਨੇ ਯੂ ਏ ਈ ਦੇ ਲੂਲੂ ਗਰੁੱਪ, ਰੂਸ ਦੇ ਜ਼ਿਆਕ ਗਰੁੱਪ, ਐੱਨ ਸੀ ਐੱਮ ਐੱਲ, ਜਾਫਜ਼ਾ, ਐਲੇਨਸਨਸ, ਬਿਟਜ਼ਰ, ਹਲਦੀਰਾਮ, ਬੀਕਾਨੇਰ ਸਮੇਤ ਹੋਰਨਾਂ ਗਰੁੱਪਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ ਅਤੇ ਸਾਰਿਆਂ ਗਰੁੱਪਾਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਵਿੱਚ ਆਪਣੀ ਦਿਲਚਸਪੀ ਪ੍ਰਗਟ ਕੀਤੀ।ਕੇਂਦਰੀ ਫੂਡ ਪ੍ਰੋਸੈਸਿੰਗ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਨੇ ਵੀ ਪੰਜਾਬ ਪੈਵੇਲੀਅਨ ਦਾ ਦੌਰਾ ਕੀਤਾ ਅਤੇ ਪੰਜਾਬ ਦੇ ਉਤਪਾਦਾਂ ਦੇ ਪ੍ਰਦਰਸ਼ਨ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾ ਜਲਦ ਹੀ ਪੰਜਾਬ ਦਾ ਦੌਰਾ ਕਰਨ ਦਾ ਵਾਅਦਾ ਵੀ ਕੀਤਾ।ਇਸ ਸਮਾਗਮ ਵਿੱਚ ਰਾਖੀ ਗੁਪਤਾ ਭੰਡਾਰੀ ਆਈ ਏ ਐੱਸ, ਉਦਯੋਗ ਅਤੇ ਵਣਜ ਵਿਭਾਗ ਦੇ ਪ੍ਰਬੰਧਕੀ ਸਕੱਤਰ ਕਮਲ ਕਿਸ਼ੋਰ ਯਾਦਵ, ਸੀ ਈ ਓ ਇਨਵੈਸਟ ਪੰਜਾਬ ਅਮਿਤ ਢਾਕਾ, ਪੰਜਾਬ ਵਿਕਾਸ ਕੌਂਸਲ ਦੀ ਵਾਈਸ ਚੇਅਰਪਰਸਨ ਸੀਮਾ ਬਾਂਸਲ ਸਮੇਤ ਕੇ ਪੀ ਐੱਮ ਜੀ ਟੀਮ ਨੇ ਵੀ ਸ਼ਿਰਕਤ ਕੀਤੀ।

ੴ
ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਸਤਿਕਾਰਯੋਗ ਪਿਤਾ ਜੀ
ਸਵ: ਸਰਦਾਰ ਮਹਿੰਦਰ ਸਿੰਘ
ਮਿਤੀ 21 ਸਤੰਬਰ 2025 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ, ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ
ਸ੍ਰੀ ਅੰਖਡ ਪਾਠ ਸਾਹਿਬ ਦਾ ਭੋਗ ਅਤੇ ਅੰਤਿਮ ਅਰਦਾਸ
ਮਿਤੀ 28 ਸਤੰਬਰ 2025 ਦਿਨ ਐਤਵਾਰ ਨੂੰ ਦੁਪਹਿਰ 12:00 ਵਜੇ ਤੋਂ 1:00 ਵਜੇ ਤੱਕ ਗੁਰਦੁਆਰਾ ਸੰਗਤਸਰ ਸਾਹਿਬ, ਨੇੜੇ ਅਨਾਜ ਮੰਡੀ, ਛਾਜਲੀ (ਸੰਗਰੂਰ) ਵਿਖੇ ਹੋਵੇਗੀ।
ਸੋ ਆਪ ਜੀ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।
-:: ਦੁਖੀ ਹਿਰਦੇ ::-
ਸਮੂਹ ਸੂਚ ਪਰਿਵਾਰ
M.: 94174-35717

## ਤਰਕਸ਼ੀਲ ਸੁਸਾਇਟੀ ਦੀ ਅਗਵਾਈ ਹੇਠ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਮਸ਼ਾਲ ਮਾਰਚ




**ਸ਼ਾਹਕੋਟ (ਗਿਆਨ ਸੈਦਪੁਰੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸ਼ਾਹਕੋਟ ਦੀ ਅਗਵਾਈ ਹੇਠ ਵੱਖ ਵੱਖ ਜਥੇਬੰਦੀਆਂ ਵੱਲੋਂ ਸ਼ਾਹਕੋਟ ਵਿਚ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਤ ਮਸ਼ਾਲ ਮਾਰਚ ਕੀਤਾ ਗਿਆ। ਇਸ ਮਸ਼ਾਲ ਮਾਰਚ ਵਿਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਪੰਜਾਬ ਖੇਤ ਮਜ਼ਦੂਰ ਯੂਨੀਅਨ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਅਤੇ ਹੋਰ ਮੁਲਾਜ਼ਮ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ। ਇਹ ਮਸ਼ਾਲ ਮਾਰਚ ਤਰਕਸ਼ੀਲ ਸੁਸਾਇਟੀ ਦੇ ਦਫ਼ਤਰ ਅੱਪੂ ਆਰਟ ਪ੍ਰੈੱਸ ਤੋਂ ਸ਼ਾਮ ਕਰੀਬ 6 ਵਜੇ ਸ਼ੁਰੂ ਹੋਇਆ ਤੇ ਸ਼ਾਹਕੋਟ ਦੇ ਮੋਗਾ ਰੋਡ, ਸਬਜ਼ੀ ਮੰਡੀ ਬਾਜ਼ਾਰ, ਮੇਨ ਬਜ਼ਾਰ ਵਿੱਚੋਂ ਗੁਜ਼ਰਦਾ ਹੋਇਆ ਅੱਪੂ ਆਰਟ ਪ੍ਰੈੱਸ ਵਿਖੇ ਸੰਪੰਨ ਹੋਇਆ। ਸ਼ਾਹਕੋਟ ਥਾਣੇ ਦੇ ਸਾਹਮਣੇ ਕੀਤੇ ਗਏ ਠਹਿਰਾਅ ਦੌਰਾਨ ਮਸ਼ਾਲ ਮਾਰਚ ਵਿਚ ਸ਼ਾਮਿਲ ਲੋਕਾਂ ਅਤੇ ਸ਼ਹਿਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਮੌਜੂਦਾ ਸਮੇਂ ਵਿਚ ਇਸ ਦੀ ਸਾਰਥਿਕਤਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਅੱਜ ਲੋੜ ਹੈ ਕਿ ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਦੇ ਫ਼ਲਸਫ਼ੇ ਬਾਰੇ ਜਾਣੂ ਕਰਵਾਈਏ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਹਿੱਤਾਂ ਲਈ ਲੋਕਾਂ ਨੂੰ ਧਾਰਮਿਕ ਅਤੇ ਸਮਾਜਿਕ ਆਧਾਰ 'ਤੇ ਵੰਡ ਰਹੀਆਂ ਹਨ। ਇਨ੍ਹਾਂ ਸਾਮਰਾਜਵਾਦੀ ਤੇ ਫਾਸ਼ੀਵਾਦੀ ਤਾਕਤਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਸੰਬੋਧਨ ਕਰਨ ਵਾਲਿਆਂ ਵਿਚ ਤਰਕਸ਼ੀਲ ਸੁਸਾਇਟੀ ਸ਼ਾਹਕੋਟ ਦੇ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਹਰਮੇਸ਼ ਮਾਲੜੀ, ਸੁਖਵਿੰਦਰ ਬਾਗਪੁਰ, ਜਗੀਰ ਜੋਸਨ, ਹਰਜਿੰਦਰ ਬਾਗਪੁਰ ਆਦਿ ਸ਼ਾਮਲ ਹਨ। ਮਸ਼ਾਲ ਮਾਰਚ ਦੌਰਾਨ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੇ ਹੱਕ ਅਤੇ ਸਾਮਰਾਜਵਾਦ ਤੇ ਫਾਸ਼ੀਵਾਦ ਦੇ ਵਿਰੋਧ ਵਿਚ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਮੇਸ਼ ਮਾਲੜੀ, ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ, ਸੁਖਵਿੰਦਰ ਬਾਗਪੁਰ, ਗੁਰਚਰਨ ਸਿੰਘ ਚਾਹਲ ਸੀਨੀਅਰ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਬਿੱਟੂ ਰੂਪੇਵਾਲੀ, ਸੁਖਵਿੰਦਰ ਪ੍ਰੀਤ ਸਿੰਘ ਪ੍ਰਧਾਨ ਡੈਮੋਕ੍ਰੇਟਿਕ ਟੀਚਰਜ਼ ਫਰੰਟ, ਅਮਨ ਬਾਗਪੁਰ, ਡਾ. ਨਰਿੰਦਰ ਸਿੰਘ ਬਾਂਸਲ, ਮਾਸਟਰ ਪ੍ਰਿਥੀਪਾਲ ਸਿੰਘ, ਮਾਸਟਰ ਕੁਲਜੀਤ ਸਿੰਘ ਪਨੇਸਰ, ਸਤਨਾਮ ਸਿੰਘ ਨੀਟਾ, ਦੇਸ ਰਾਜ ਜਾਫ਼ਰਵਾਲ, ਅਵਤਾਰ ਆਜ਼ਾਦ ਲੋਹੀਆਂ ਖ਼ਾਸ, ਜਿੰਦਰ ਬਾਗਪੁਰ, ਪ੍ਰਿੰਸੀਪਲ ਲਖਵੀਰ ਸਿੰਘ, ਦਲਬਾਰਾ ਸਿੰਘ, ਡਾ. ਰੇਸ਼ਮ ਸਿੰਘ ਰੂਪੇਵਾਲੀ, ਗੁਰਦੇਵ ਸਿੰਘ ਨਵਾਂ ਕਿਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਵੱਖ ਵੱਖ ਜਥੇਬੰਦੀਆਂ ਦੇ ਆਗੂ ਤੇ ਵਰਕਰ ਹਾਜ਼ਰ ਸਨ।



## ਏ ਜੀ ਆਈ ਗਲੋਬਲ ਸਕੂਲ ਨੇ ਦਾਦਾ-ਦਾਦੀ ਤੇ ਨਾਨਾ-ਨਾਨੀ ਦਿਵਸ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਏ ਜੀ ਆਈ ਗਲੋਬਲ ਸਕੂਲ ਵਿੱਚ ਰੂਟਸ ਐਂਡ ਵਿੰਗਜ਼, ਦਾਦਾ-ਦਾਦੀ ਨਾਨਾ-ਨਾਨੀ ਦਿਵਸ ਬੜੇ ਪਿਆਰ ਤੇ ਖ਼ੁਸ਼ੀ ਨਾਲ ਮਨਾਇਆ ਗਿਆ। ਸਕੂਲ ਨੂੰ ਰੰਗ-ਬਿਰੰਗੇ ਪੋਸਟਰਾਂ, ਬੱਚਿਆਂ ਦੀਆਂ ਬਣਾਈਆਂ ਪੇਂਟਿੰਗਾਂ ਤੇ ਪਿਆਰ ਭਰੇ ਸੁਨੇਹਿਆਂ ਨਾਲ ਸਜਾਇਆ ਗਿਆ ਸੀ। ਜਦੋਂ ਦਾਦਾ-ਦਾਦੀ ਆਏ ਤਾਂ ਬੱਚਿਆਂ ਨੇ ਉਨ੍ਹਾਂ ਦਾ ਪਿਆਰ ਨਾਲ ਸਵਾਗਤ ਕੀਤਾ।ਕਾਰਜਕ੍ਰਮ ਦੀ ਸ਼ੁਰੂਆਤ ਸੁਖਦੇਵ ਸਿੰਘ ਮੈਨੇਜਿੰਗ ਡਾਇਰੈਕਟਰ ਏ ਜੀ ਆਈ ਇਨਫਰਾ ਲਿਮਿਟਡ ਨੇ ਦੀਵੇ ਜਗਾ ਕੇ ਕੀਤੀ। ਇਸ ਮੌਕੇ ਸਲਵਿੰਦਰਜੀਤ ਕੌਰ ਚੇਅਰਪਰਸਨ, ਹਰਲੀਨ ਮੋਹੰਤੀ ਡਾਇਰੈਕਟਰ ਅਤੇ ਆਰਤੀ ਸ਼ਰਮਾ ਅਤੇ ਵੀ ਹਾਜ਼ਰ ਸਨ।ਬੱਚਿਆਂ ਨੇ ਨਾਚ, ਸਕਿੱਟ ਅਤੇ ਕਵਿਤਾਵਾਂ ਨਾਲ ਸੁੰਦਰ ਪ੍ਰੋਗਰਾਮ ਪੇਸ਼ ਕੀਤਾ। ਬੱਚਿਆਂ ਨੇ ਆਪਣੇ ਦਾਦਾ-ਦਾਦੀ ਬਾਰੇ ਆਪਣੀਆਂ ਯਾਦਾਂ ਤੇ ਪਿਆਰ ਭਰੇ ਸੁਨੇਹੇ ਸਾਂਝੇ ਕੀਤੇ।



ਬੀਤੇ ਦਿਨੀਂ ਚੰਡੀਗੜ੍ਹ 'ਚ ਹੋਏ ਮਹਾਂਸੰਮੇਲਨ ਵਿੱਚ ਸ਼ਹੀਦ ਗੋਵਿੰਦ ਪਨਸਾਰੇ ਦੀ ਬੇਟੀ ਸੁਨੀਤਾ ਪਨਸਾਰੇ ਨਾਲ ਜਗਰੂਪ, ਕੁਲਦੀਪ ਭੋਲਾ, ਕਸ਼ਮੀਰ ਗਦਾਈਆਂ ਤੇ ਹੋਰ। (ਤਸਵੀਰ ਤੇ ਵੇਰਵਾ : ਗਿਆਨ ਸੈਦਪੁਰੀ)

## ਮੁੱਖ ਮੰਤਰੀ ਸੈਣੀ ਦੀ ਮੌਜੂਦਗੀ 'ਚ ਕਰਨਾਲ 'ਚ ਸਵੱਛ ਸ਼ਹਿਰ ਜੋੜੀ ਸਮਝੌਤਾ 'ਤੇ ਦਸਤਖ਼ਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਕਰਨਾਲ ਦੇ ਜ਼ਿਲ੍ਹਾ ਸਕੱਤਰੇਤ ਆਡੀਟੋਰੀਅਮ ਵਿੱਚ ਸਵੱਛ ਭਾਰਤ ਮਿਸ਼ਨ (ਸ਼ਹਿਰੀ) ਤਹਿਤ ਸਵੱਛ ਸ਼ਹਿਰ ਜੋੜੀ-ਸਮਝੌਤਾ ਮੈਮੋ ਦਸਤਖ਼ਤ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਸਵੱਛਤਾ ਪ੍ਰਤੀ ਮਾਰਗਦਰਸ਼ਨ ਲਈ ਕਰਨਾਲ ਨਗਰ ਨਿਗਮ ਵੱਲੋਂ ਸੂਬੇ ਦੇ 5 ਸ਼ਹਿਰਾਂ ਦੀਆਂ ਨਗਰ ਪਾਲਿਕਾਵਾਂ ਨਾਲ ਐਮ ਓ ਯੂ ਕੀਤਾ ਗਿਆ। ਕੇਂਦਰੀ ਊਰਜਾ, ਆਵਾਸਨ ਤੇ ਸ਼ਹਿਰੀ ਕਾਰਜ ਮੰਤਰੀ ਮਨੋਹਰ ਲਾਲ ਸੋਨੀਪਤ ਤੋਂ ਵੀਡੀਓ ਕਾਨਫ੍ਰੈਂਸਿੰਗ ਰਾਹੀਂ ਦੇਸ਼ ਦੀ ਵੱਖ-ਵੱਖ ਨਿਗਮ ਸੰਸਥਾਵਾਂ ਨਾਲ ਜੁੜੇ ਅਤੇ ਸਵੱਛ ਸ਼ਹਿਰ ਜੋੜੀ 'ਤੇ ਚਾਨਣ ਪਾਇਆ।ਇਸ ਮੌਕੇ ਮੁੱਖ ਮੰਤਰੀ ਸੈਣੀ ਨੇ ਕਿਹਾ ਕਿ ਸਵੱਛਤਾ ਸਰਵੇਖਣ ਵਿੱਚ ਇਸ ਵਾਰ ਕਰਨਾਲ ਨੂੰ ਦੇਸ਼ ਵਿੱਚ ਤੀਜਾ ਸਥਾਨ ਪ੍ਰਾਪਤ ਹੋਇਆ ਸੀ। ਹੁਣ ਕਰਨਾਲ ਸੂਬੇ ਦੇ 5 ਸ਼ਹਿਰਾਂ- ਸੀਵਨ ਤੇ ਰਾਜੌਂਦ (ਕੈਥਲ), ਇਸਮਾਈਲਾਬਾਦ (ਕੁਰੂਕਸ਼ੇਤਰ), ਨਾਰਨੌਂਦ (ਹਿਸਾਰ) ਅਤੇ ਕਾਲਾਂਵਾਲੀ (ਸਿਰਸਾ) ਦਾ ਸਵੱਛਤਾ ਨੂੰ ਲੈ ਕੇ ਮਾਰਗਦਰਸ਼ਨ ਕਰੇਗਾ। ਇਸ ਬਾਰੇ ਵਿੱਚ ਅੱਜ ਐਮਓਯੂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਦੂਜੇ ਸ਼ਹਿਰਾਂ ਅਤੇ ਕਸਬਿਆਂ ਨੂੰ ਵੀ ਸਵੱਛ, ਸੁੰਦਰ ਤੇ ਹਰਾ-ਭਰਾ ਬਣਾਉਣ ਲਈ ਨਿਰਧਾਰਤ ਮਾਪਦੰਡਾਂ ਨੂੰ ਪੂਰਾ ਕੀਤਾ ਜਾਵੇਗਾ।ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਹਰਿਆਣਾ ਦੇ ਸ਼ਹਿਰਾਂ ਦੇ ਵਿੱਚ ਵੀ ਸਵੱਛਤਾ ਦੇ ਮੁਕਾਬਲੇ ਆਯੋਜਿਤ ਕਰਾਂਗੇ। ਅਸੀਂ ਹਰਿਆਣਾ ਦੇ ਸ਼ਹਿਰਾਂ ਦੀ ਰੈਂਕਿੰਗ ਵੀ ਤੈਅ ਕੀਤੀ ਹੈ।

## 'ਵਰਸਿਟੀ ਕਾਲਜ ਫਿਲੌਰ ਵਿਖੇ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਨੂਰਮਹਿਲ, ਫਿਲੌਰ (ਬਾਲੀ, ਨਿਰਮਲ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਵਿਵੇਕ ਮੋਦੀ, ਐਸ.ਡੀ.ਐੱਮ. ਆਦਮਪੁਰ ਜਲੰਧਰ ਨੇ ਸ਼ਿਰਕਤ ਕੀਤੀ। ਉਹਨਾਂ ਦੇ ਨਾਲ ਉਹਨਾਂ ਦੇ ਧਰਮ ਸੁਪਤਨੀ ਮੈਡਮ ਵਿਧੀ ਸਰਾਫ ਵੀ ਮੌਜੂਦ ਸਨ। ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਹਨਾਂ ਕਿਹਾ ਕਿ ਭਗਤ ਸਿੰਘ ਵਾਂਗ ਸਾਨੂੰ ਆਪਣੇ ਆਪ ਪ੍ਰਤੀ ਤੇ ਆਪਣੇ ਮੁਲਕ ਪ੍ਰਤੀ ਸੁਚੇਤ ਵੀ ਹੋਣਾ ਚਾਹੀਦਾ ਹੈ ਤੇ ਸਮਰਪਤ ਵੀ। ਇਸ ਦੇ ਨਾਲ ਹੀ ਤੇਹਿੰਗ ਪਿੰਡ ਦੀ ਪੰਚਾਇਤ ਅਤੇ ਪਤਵੰਤੇ ਸੱਜਣਾਂ ਤੀਰਥ ਸਿੰਘ ਜੌਹਲ, ਸਰਪੰਚ, ਨਿਰਮਲ ਸਿੰਘ (ਸਾਥੀਆਂ ਸਮੇਤ), ਜਥੇਦਾਰ ਕੁਲਵਿੰਦਰ ਸਿੰਘ, ਪੰਚ ਜਸਵੀਰ ਸਿੰਘ, ਪੰਚ ਸ਼ਰਨਜੀਤ ਸਿੰਘ, ਪੰਚ ਗੁਰਮੇਜ ਕੌਰ, ਪੰਚ ਬਲਵਿੰਦਰ ਕੌਰ, ਪੰਚ ਜਤਿੰਦਰ ਸਿੰਘ, ਸਾਬਕਾ ਪੰਚ ਸੁਖਵੰਤ ਸਿੰਘ, ਤੇਜਾ ਸਿੰਘ ਜੌਹਲ, ਪਿੰਡ ਤੇਹਿੰਗ, ਸੁਨੀਤਾ ਰਾਣੀ, ਸੁਖਦੇਵ ਸਿੰਘ, ਜਸਵੀਰ ਸਿੰਘ, ਲਖਵਿੰਦਰ ਸਿੰਘ, ਸਾਬਕਾ ਪੰਚ ਗੁਰਵਿੰਦਰ ਸਿੰਘ ਨੇ ਵੀ ਆਪਣੀ ਹਾਜ਼ਰੀ ਯਕੀਨੀ ਬਣਾਈ। ਕਾਲਜ ਦੇ ਪ੍ਰਿੰਸੀਪਲ ਡਾ. ਪਰਮਜੀਤ ਕੌਰ ਜੱਸਲ ਨੇ ਮੁੱਖ ਮਹਿਮਾਨ ਅਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ । ਪੰਜਾਬੀ ਵਿਭਾਗ ਤੋਂ ਡਾ. ਪਰਮਜੀਤ ਕੌਰ ਹੁਰਾਂ ਦੀ ਅਗਵਾਈ ਵਿੱਚ ਹੋਏ ਇਸ ਇਕ ਰੋਜ਼ਾ ਸਮਾਗਮ ਵਿੱਚ ਕਾਲਜ ਵਿਦਿਆਰਥੀਆਂ ਅਕਾਸ਼, ਪੰਕਜ, ਗੁਰਪ੍ਰੀਤ ਸਿੰਘ, ਗੁਰਜੋਤ, ਅਨੂ ਰਾਣੀ, ਸਿਮਰਨ, ਜਸਪ੍ਰੀਤ ਸਿੰਘ, ਹਰਮਨ, ਪਰਮਵੀਰ, ਲਵਪ੍ਰੀਤ ਸਿੰਘ, ਪਰਮਿੰਦਰ, ਜਸਪ੍ਰੀਤ ਕੌਰ ਆਦਿ ਨੇ ਗੀਤ, ਭਾਸ਼ਨ ਅਤੇ ਕਵਿਤਾ ਪਾਠ ਕੀਤਾ। ਅਜ਼ਾਦ ਰੰਗਮੰਚ ਕਲਾ ਭਵਨ, ਫਗਵਾੜਾ ਵੱਲੋਂ ਵੀ ਨਾਟਕ ਦੀ ਪੇਸ਼ਕਾਰੀ ਕੀਤੀ ਗਈ। ਪ੍ਰੋ: ਬਲਰਾਜ ਸਿੰਘ ਨੇ ਮੰਚ ਸੰਚਾਲਨ ਕੀਤਾ। ਵਿਦਿਆਰਥੀਆਂ ਨੇ ਆਪਣੀ ਸਮਰਪਣ ਭਾਵਨਾ ਦਿਖਾਉਂਦਿਆਂ ਸ. ਭਗਤ ਸਿੰਘ ਦੇ ਸੁਪਨਿਆਂ ਦੀ ਥਾਹ ਪਾਉਣ ਲਈ ਯਤਨਸ਼ੀਲ ਹੋਣ ਦਾ ਦਾਅਵਾ ਕੀਤਾ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਪ੍ਰੋ: ਵਿਸ਼ਾਲੀ ਪਸਰਿਚਾ, ਪ੍ਰੋ: ਜਸਪ੍ਰੀਤ ਕੌਰ, ਪ੍ਰੋ: ਬਬਿਤਾ ਕੁਮਾਰੀ, ਪ੍ਰੋ:ਰੁਪਿੰਦਰ ਸਿੰਘ, ਪ੍ਰੋ: ਮਨਿੰਦਰ ਸਿੰਘ, ਪ੍ਰੋ: ਮਨਦੀਪ ਕੌਰ, ਪ੍ਰੋ: ਰਾਜਨ ਮਿਤੂ, ਪ੍ਰੋ: ਕਿਰਨਦੀਪ ਕੌਰ, ਪ੍ਰੋ: ਕਮਲਪ੍ਰੀਤ ਕੌਰ, ਪ੍ਰੋ: ਸੋਨੀਆ, ਪ੍ਰੋ:ਅਨੁਜ ਸ਼ਰਮਾ, ਪ੍ਰੋ: ਮਨੀਸ਼ ਤ੍ਰੇਹਨ, ਪ੍ਰੋ: ਨਵਦੀਪ ਕੌਰ ਅਤੇ ਵਿਦਿਆਰਥੀ ਮੌਜੂਦ ਸਨ।

## ਗੁਰਾਇਆ ਬਲਾਕ ਦੋ ਤੇ ਜ਼ੋਨ ਨੰਬਰ ਨੌਂ ਦੀ ਲੜਕੇ-ਲੜਕੀਆਂ ਦੀ ਐਥਲੈਟਿਕ ਮੀਟ ਕਰਵਾਈ

**ਗੁਰਾਇਆ, ਫਿਲੌਰ (ਬਿੰਦਰ ਸੁਮਨ, ਹਰਜਿੰਦਰ ਕੌਰ)**- ਸ੍ਰੀ ਗੁਰੂ ਹਰਿ ਰਾਏ ਖਾਲਸਾ ਸੀਨੀਅਰ ਸਕੂਲ ਦੁਸਾਂਝ ਕਲਾਂ 'ਚ ਗੁਰਾਇਆ ਬਲਾਕ ਦੋ ਅਤੇ ਜ਼ੋਨ ਨੰਬਰ 9 ਦੀ ਲੜਕੇ ਅਤੇ



ਲੜਕੀਆਂ ਦੀ ਐਥਲੈਟਿਕ ਮੀਟ ਅੱਜ ਸੰਪਨ ਹੋਈ। ਜ਼ੋਨਲ ਪ੍ਰਧਾਨ ਪ੍ਰਿੰਸੀਪਲ ਸਤਵਿੰਦਰਪਾਲ ਸਿੰਘ ਅਤੇ ਸਕੱਤਰ ਬਲਦੇਵ ਸਿੰਘ ਜੌਹਲ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਕਰਵਾਈ ਗਈ ਇਸ ਐਥਲੈਟਿਕ ਮੀਟ ਲਈ ਖੇਡ ਵਿਭਾਗ ਦੇ ਕੋਚ ਕੁਲਵਿੰਦਰ ਸਿੰਘ, ਕਰਮਵੀਰ ਸਿੰਘ, ਪ੍ਰਿੰਸੀਪਲ ਨਰੇਸ਼ ਕੁਮਾਰ ਵਲੋਂ ਰਣਵੀਰ ਸਿੰਘ ਮੌਲਵੀ ਦੁਸਾਂਝ ਵੈਲਫੇਅਰ ਕਲੱਬ, ਕੁਲਵੰਤ ਸਿੰਘ ਕਨੇਡਾ, ਸੁਖਦੇਵ ਸਿੰਘ ਖੰਗੂੜਾ ਅਤੇ ਬਾਬਾ ਸੰਗ ਸਪੋਰਟਸ ਕਲੱਬ ਦੁਸਾਂਝ ਕਲਾਂ ਦੇ ਸਹਿਯੋਗ ਨਾਲ ਖਿਡਾਰੀਆਂ ਲਈ ਯੋਗ ਪ੍ਰਬੰਧ ਅਤੇ ਮੈਡਲਾਂ ਦਾ ਉਚੇਚਾ ਪ੍ਰਬੰਧ ਕੀਤਾ ਗਿਆ ਸੀ। 14 ਸਾਲ ਵਰਗ ਲੜਕਿਆਂ ਦੀ 600 ਮੀਟਰ ਦੌੜ 'ਚ ਵਿਸ਼ਾਲ ਹੀਰਾ, ਅਜੀਤ ਅਤੇ ਰਮਨਦੀਪ ਕ੍ਰਮਵਾਰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 400 ਮੀਟਰ 'ਚ ਵਿਸ਼ਾਲ ਹੀਰਾ, ਸਾਵਣ ਕੁਮਾਰ ਅਤੇ ਸਟਾਰ ਬਾਬੂ ਕ੍ਰਮਵਾਰ ਪਹਿਲੇ ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 400 ਮੀਟਰ 17 ਸਾਲ ਵਰਗ 'ਚ ਅੰਸ਼ਲਾਲ ਮਹਿਰਾ, ਤਰਨਜੀਤ ਸਿੰਘ ਅਤੇ ਯੁਕੇਸ਼ ਕ੍ਰਮਵਾਰ ਪਹਿਲੇ , ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 800 ਮੀਟਰ 17 ਸਾਲ ਵਰਗ 'ਚ ਜਤਿਨ, ਅਰਮਾਨ ਅਤੇ ਵਿਸ਼ੇਸ਼ ਕ੍ਰਮਵਾਰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 800 ਮੀਟਰ 19 ਸਾਲ ਵਰਗ 'ਚ ਰੰਜਨ ਕੁਮਾਰ, ਦਿਨੇਸ਼ ਕੁਮਾਰ ਅਤੇ ਜਤਿਨ ਬੰਗੜ ਕ੍ਰਮਵਾਰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 400 ਮੀਟਰ 19 ਸਾਲ ਵਰਗ 'ਚ ਕਰਮਜੀਤ, ਦਿਲਪ੍ਰੀਤ ਹੀਰ ਅਤੇ ਅਰਜਨ ਕੁਮਾਰ ਕ੍ਰਮਵਾਰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। 19 ਸਾਲ 100 ਮੀਟਰ 'ਚ ਹੈਰੀ ਜੱਸੀ, ਗਗਨਜੀਤ ਸਿੰਘ ਅਤੇ ਹਰਮਨ ਭਟੋਆ ਕ੍ਰਮਵਾਰ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ 'ਤੇ ਰਹੇ। ਇੱਕ ਦਿਨ ਪਹਿਲਾਂ ਕਰਵਾਏ ਲੜਕੀਆਂ ਦੇ ਮੁਕਾਬਲਿਆਂ 'ਚ 100 ਮੀਟਰ 17 ਸਾਲ ਵਰਗ 'ਚ ਮੁਸਕਾਨ ਵਿਰਦੀ ਪਹਿਲੇ, ਰੋਸ਼ਨੀ ਦੂਜੇ ਅਤੇ ਪ੍ਰੀਤੀ ਅਤੇ ਰੁਪਿੰਦਰ ਕੌਰ ਤੀਸਰੇ ਸਥਾਨ 'ਤੇ ਰਹੇ। 400 ਮੀਟਰ 17 ਸਾਲ ਵਰਗ 'ਚ ਜਸਲੀਨ ਪਹਿਲੇ, ਸ਼ਗਨ ਦੂਸਰੇ ਅਤੇ ਸੁਖ੍ਰੀਤ ਕੌਰ ਤੀਸਰੇ ਸਥਾਨ 'ਤੇ ਰਹੇ। ਇਸ ਤੋਂ ਇਲਾਵਾ ਇਸ ਅਥਲੈਟਿਕ ਮੀਟ 'ਚ ਦੌੜਾਂ ਤੋਂ ਇਲਾਵਾ ਵੱਖ-ਵੱਖ ਥਰੋ ਮੁਕਾਬਲਿਆਂ 'ਚ ਜੇਤੂਆਂ ਨੂੰ ਮੌਕੇ 'ਤੇ ਇਨਾਮ ਦਿੱਤੇ ਗਏ। ਇਸ ਮੌਕੇ ਸੋਮ ਨਾਥ, ਰਵੀ ਕੁਮਾਰ, ਪ੍ਰਿੰਸੀਪਲ ਸੁਭਾਸ਼ ਕੁਮਾਰ ਅੱਟਾ, ਦਲਜੀਤ ਕੌਰ, ਬਲਜੀਤ ਕੌਰ, ਜਗਦੀਸ਼ ਗੜ੍ਹੀ, ਪ੍ਰਿੰਸੀਪਲ ਬਲਜਿੰਦਰ ਕੁਮਾਰ, ਮੋਹਿਤ ਭੁੱਟਾ ਅਤੇ ਹੋਰ ਹਾਜ਼ਰ ਸਨ।

## ਬਾਬਾ ਜਿੰਦਾ ਸ਼ਾਹ ਮਦਾਰ ਦਾ ਸਾਲਾਨਾ ਉਰਸ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)** ਸਥਾਨਕ ਸ਼ਹਿਰ ਅਜਨਾਲਾ ਦੀ ਵਾਰਡ ਨੰਬਰ 3 ਵਿੱਚ ਸਥਿਤ ਬਾਬਾ ਜਿੰਦਾ ਸ਼ਾਹ ਮਦਾਰ ਜੀ ਦੇ ਦਰਬਾਰ ਤੇ ਸਾਲਾਨਾ ਉਰਸ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਦੇ ਨਾਲ ਕਰਵਾਇਆ ਗਿਆ।ਚਾਦਰ ਝੰਡਾ ਚੜ੍ਹਾਉਣ ਅਤੇ ਖਦਮ ਸ਼ਰੀਫ਼ ਦੀ ਰਸਮ ਸਰਕਾਰ ਬਾਬਾ ਗੋਲਡੀ ਸ਼ਾਹ ਜੀ ਅਜਨਾਲਾ ਸ਼ਰੀਫ਼ ਵਲੋਂ ਵਲੋਂ ਕੀਤੀ ਗਈ।ਇਸ ਉਪਰੰਤ ਦਰਬਾਰ ਤੇ ਉਚੇਚੇ ਤੌਰ 'ਤੇ ਹਾਜ਼ਰੀ ਲਗਵਾਉਣ ਪਹੁੰਚੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਨੇ ਦਰਬਾਰ 'ਤੇ ਮੱਥਾ ਟੇਕਿਆ ਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ।ਇਸ ਮੌਕੇ ਦਰਬਾਰ ਦੇ ਪ੍ਰਬੰਧਕਾਂ ਅਤੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਅਤੁੱਟ ਲੰਗਰ ਭੰਡਾਰਾ ਵੀ ਵਰਤਿਆ ਗਿਆ।ਬਾਬਾ ਜੀ ਦੀਆਂ ਕੱਵਾਲੀਆਂ ਦਾ ਗੁਣਗਾਨ ਵੀ ਕੀਤਾ ਗਿਆ।ਇਸ ਮੌਕੇ ਕਾਂਗਰਸ ਪਾਰਟੀ ਦੇ ਸ਼ਹਿਰੀ ਪ੍ਰਧਾਨ ਤੇ ਸੀਨੀਅਰ ਆਗੂ ਦਵਿੰਦਰ ਸਿੰਘ ਡੈਮ ਅਜਨਾਲਾ, ਕੌਂਸਲਰ ਗੁਰਦੇਵ ਸਿੰਘ ਨਿੱਜਰ, ਕਾਂਗਰਸ ਪਾਰਟੀ ਦੇ ਸੋਸ਼ਲ ਮੀਡੀਆ ਅਜਨਾਲਾ ਦੇ ਸਾਬਕਾ ਚੇਅਰਮੈਨ ਸੁਖਦੇਵ ਸਰੀਨ ਅਜਨਾਲਾ, ਨੰਦ ਕਿਸ਼ੋਰ, ਕੀਮਤੀ ਲਾਲ, ਸੁਨੀਲ ਗਾਂਧੀ, ਤਨੂੰ ਕੁਮਾਰ, ਸੰਨੀ ਕੁਮਾਰ, ਰਾਜੇਸ਼ ਕੁਮਾਰ, ਸੋਨੂੰ ਭਾਟੀਆ ਇਲੈਕਟ੍ਰਾਨਿਕ ਅਜਨਾਲਾ, ਕਾਕਾ ਅਜਨਾਲਾ, ਰਣਜੋਧ ਭਾਟੀਆ ਆਦਿ ਹਾਜ਼ਰ ਸਨ।



## ਏ ਡੀ ਸੀ ਡਾ. ਅਕਸ਼ਿਤਾ ਗੁਪਤਾ ਸ਼੍ਰੋਮਣੀ ਵਿਸ਼ਵਕਰਮਾ ਮੰਦਰ ਵਿਖੇ ਨਤਮਸਤਕ ਹੋਏ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸ਼੍ਰੋਮਣੀ ਸ਼੍ਰੀ ਵਿਸ਼ਵਕਰਮਾ ਮੰਦਰ ਵਿਖੇ ਅੱਜ ਏ.ਡੀ.ਸੀ. ਕਮ ਨਗਰ ਨਿਗਮ ਕਮਿਸ਼ਨਰ ਡਾ. ਅਕਸ਼ਿਤਾ ਗੁਪਤਾ ਨੇ ਨਤਮਸਤਕ ਹੁੰਦਿਆਂ ਬਾਬਾ ਵਿਸ਼ਵਕਰਮਾ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਉਹਨਾਂ ਨਾਲ ਮੇਅਰ ਰਾਮਪਾਲ ਉੱਪਲ ਵੀ ਸਨ। ਇਸ ਦੌਰਾਨ ਏ.ਡੀ.ਸੀ. ਗੁਪਤਾ ਅਤੇ ਮੇਅਰ ਉੱਪਲ ਦਾ ਸਵਾਗਤ ਵਿਸ਼ਵਕਰਮਾ ਧੀਮਾਨ ਸਭਾ ਅਤੇ ਸ੍ਰੀ ਵਿਸ਼ਵਕਰਮਾ ਚੈਰੀਟੇਬਲ ਟਰੱਸਟ ਹਸਪਤਾਲ ਦੇ ਪ੍ਰਧਾਨ ਪ੍ਰਦੀਪ ਧੀਮਾਨ ਵਲੋਂ ਕੀਤਾ ਗਿਆ। ਡਾ. ਅਕਸ਼ਿਤਾ ਗੁਪਤਾ ਨੇ ਕਿਹਾ ਕਿ ਮੰਦਿਰ ਦਾ ਹਰਿਆ-ਭਰਿਆ ਅਤੇ ਸ਼ਾਂਤੀਪੂਰਣ ਵਾਤਾਵਰਣ ਰੂਹ ਨੂੰ ਖੁਸ਼ ਕਰਨ ਵਾਲਾ ਹੈ। ਸਭਾ ਦੇ ਪ੍ਰਧਾਨ ਪ੍ਰਦੀਪ ਧੀਮਾਨ ਨੇ ਉਹਨਾਂ ਨੂੰ ਚੈਰੀਟੇਬਲ ਹਸਪਤਾਲ ਟਰੱਸਟ ਵਿਖੇ ਮਿਲਣ ਵਾਲੀਆਂ ਸਿਹਤ ਸੁਵਿਧਾਵਾਂ ਬਾਰੇ ਵੀ ਜਾਣੂ ਕਰਵਾਇਆ। ਇਸ ਤੋਂ ਇਲਾਵਾ ਉਹਨਾਂ ਦੀਵਾਲੀ ਤੋਂ ਅਗਲੇ ਦਿਨ ਮਨਾਏ ਜਾਣ ਵਾਲੇ ਦੋ ਰੋਜ਼ਾ ਸਲਾਨਾ ਭਗਵਾਨ ਸ੍ਰੀ ਵਿਸ਼ਵਕਰਮਾ ਉਤਸਵ ਤੋਂ ਪਹਿਲਾਂ ਮੰਦਰ ਦੇ ਬਾਹਰ ਬੰਗਾ ਰੋਡ ਦੀ ਖਸਤਾ ਹਾਲਤ ਨੂੰ ਸੁਧਾਰਨ ਦੀ ਮੰਗ ਵੀ ਕੀਤੀ। ਜਿਸ 'ਤੇ ਏ.ਡੀ.ਸੀ. ਡਾ. ਗੁਪਤਾ ਅਤੇ ਮੇਅਰ ਰਾਮਪਾਲ ਉੱਪਲ ਨੇ ਕਮੇਟੀ ਦੇ ਅਹੁਦੇਦਾਰਾਂ ਨੂੰ ਭਰੋਸਾ ਦਿੱਤਾ ਕਿ ਕਾਰਪੋਰੇਸ਼ਨ ਵਲੋਂ ਸੜਕ ਦੀ ਲੋੜੀਂਦੀ ਮੁਰੰਮਤ ਤੋਂ ਇਲਾਵਾ ਸਟਰੀਟ ਲਾਈਟ ਅਤੇ ਸਵੱਛਤਾ ਦਾ ਪੂਰਾ ਪ੍ਰਬੰਧ ਕਰਵਾਇਆ ਜਾਵੇਗਾ। ਇਸ ਮੌਕੇ ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਜਸਪਾਲ ਸਿੰਘ ਲਾਲ, ਵਾਈਸ ਪ੍ਰਧਾਨ ਐਸ.ਪੀ. ਧੀਮਾਨ, ਮਾਘੀ ਕੁੰਦੀ ਗੁਰਾਇਆ, ਬਿਕਰਮ ਰੂਪ ਰਾਏ ਦਫਤਰ ਸਕੱਤਰ, ਅਮੋਲਕ ਸਿੰਘ ਝੀਤਾ, ਗੀਤ ਪ੍ਰੀਤ ਪਾਲ ਸਿੰਘ ਭਮਰਾ ਆਦਿ ਹਾਜ਼ਰ ਸਨ।



## ਐੱਲ ਪੀ ਯੂ ਵਿਖੇ ਡੇਟਾ-ਸੰਚਾਲਿਤ ਵਪਾਰਕ ਕ੍ਰਾਂਤੀ ਬਾਰੇ ਚਰਚਾ




**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਵਿਖੇ ਆਯੋਜਿਤ ਐਨਾਲਿਟਿਕਸ ਲੀਡਰਸ਼ਿਪ ਸਮਿਟ 2025 ਨੇ ਕਾਰੋਬਾਰ ਦੇ ਭਵਿੱਖ 'ਤੇ ਚਰਚਾ ਕੀਤੀ, ਜਿਸ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਡੇਟਾ-ਸੰਚਾਲਿਤ ਫੈਸਲੇ ਲੈਣਾ ਨਾ ਸਿਰਫ਼ ਲਾਭਦਾਇਕ ਹੈ ਬਲਕਿ ਆਧੁਨਿਕ ਲੀਡਰਸ਼ਿਪ ਲਈ ਜ਼ਰੂਰੀ ਵੀ ਹੈ। ਮਿੱਤਲ ਸਕੂਲ ਆਫ਼ ਬਿਜ਼ਨਸ ਦੁਆਰਾ ਈਵਾਈ ਦੇ ਸਹਿਯੋਗ ਨਾਲ ਆਯੋਜਿਤ ਇਸ ਸਮਿਟ ਨੇ ਸੈਂਕੜੇ ਵਿਦਿਆਰਥੀਆਂ ਅਤੇ ਫੈਕਲਟੀ ਦੇ ਨਾਲ-ਨਾਲ ਤਕਨਾਲੋਜੀ, ਵਿੱਤ, ਸਾਈਬਰ ਸੁਰੱਖਿਆ ਅਤੇ ਮਨੁੱਖੀ ਸਰੋਤਾਂ ਦੇ ਨੇਤਾ ਇਕੱਠਾ ਹੋਏ ।ਐਲ ਪੀ ਯੂ ਦੇ ਪ੍ਰੋ-ਵਾਈਸ ਚਾਂਸਲਰ ਡਾ. ਲੋਵੀਰਾਜ ਗੁਪਤਾ ਨੇ ਕਿਹਾ ਕਿ ਅੱਜ ਦੇ ਸਿਸਟਮ ਵਿੱਚ ਸਫਲਤਾ ਨਾ ਸਿਰਫ਼ ਜਾਣਕਾਰੀ ਇਕੱਠੀ ਕਰਨ 'ਤੇ, ਸਗੋਂ ਰਣਨੀਤਕ ਫੈਸਲੇ ਲੈਣ ਲਈ ਇਸ ਦੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ 'ਤੇ ਵੀ ਨਿਰਭਰ ਕਰਦੀ ਹੈ। ਇਨ੍ਹਾਂ ਵਿੱਚ ਆਈਐਫ ਏਕਸਏ ਦੇ ਸੀਈਓ ਗੌਰਵ ਜੈਨ, ਟਾਈਮਜ਼ ਨੈੱਟਵਰਕ ਦੇ ਸਿਧਾਰਥ ਸੁਬਰਾਮਨੀਅਨ, ਕੇਲਾਨੋਵਾ ਸਾਊਥ ਏਸ਼ੀਆ ਦੀ ਸੀਐਫਓ ਸੁਰਭੀ ਮਹਿਰੋਤਰਾ, ਆਈਆਈਐਫਐਲ ਫਾਈਨੈਂਸ ਦੀ ਪ੍ਰਧਾਨ ਅਤੇ ਸੀਐਚਆਰਓ ਪ੍ਰੀਤੀ ਕੰਨਨ, ਮੋਤੀਲਾਲ ਓਸਵਾਲ ਫਾਈਨੈਂਸ਼ੀਅਲ ਸਰਵਿਸਿਜ਼ ਦੇ ਸੀਆਈਐਸਓ ਚੰਦਰਸ਼ੇਖਰ ਚੇਟੀਅਰ ਅਤੇ ਓਮੀਫਿਨ ਗਰੁੱਪ ਦੇ ਡਾਇਰੈਕਟਰ ਵਿਕਾਸ ਗੋਇਲ ਸ਼ਾਮਲ ਸਨ। ਚਰਚਾ ਵਿੱਚ ਵਿਸਥਾਰ ਨਾਲ ੧ਦੱਸਿਆ ਗਿਆ ਕਿ ਵਿਸ਼ਲੇਸ਼ਣ ਕਿਵੇਂ ਰਵਾਇਤੀ ਰਿਪੋਰਟਿੰਗ ਤੋਂ ਵਿਕਸਤ ਹੋ ਕੇ ਵਿੱਤ, ਮਨੁੱਖੀ ਸਰੋਤ, ਤਕਨਾਲੋਜੀ, ਸੰਚਾਲਨ ਅਤੇ ਜੋਖਮ ਪ੍ਰਬੰਧਨ ਵਿੱਚ ਰਣਨੀਤਕ ਫੈਸਲੇ ਲੈਣ ਦਾ ਇੱਕ ਮਹੱਤਵਪੂਰਨ ਹਿੱਸਾ ਬਣ ਗਿਆ ਹੈ।ਸੰਮੇਲਨ ਨੇ ਕਿਤਾਬੀ ਗਿਆਨ ਅਤੇ ਵਿਹਾਰਕ ਉਪਯੋਗ ਵਿਚਕਾਰ ਪਾੜੇ ਨੂੰ ਦੂਰ ਕੀਤਾ। ਵਿਦਿਆਰਥੀਆਂ ਨੇ ਸਿੱਧੇ ਤੌਰ 'ਤੇ ਲੀਡਰਸ ਨਾਲ ਗੱਲਬਾਤ ਕੀਤੀ ਅਤੇ ਕਰੀਅਰ ਮਾਰਗਾਂ ਅਤੇ ਸਫਲਤਾ ਲਈ ਲੋੜੀਂਦੇ ਹੁਨਰਾਂ ਬਾਰੇ ਸਵਾਲ ਪੁੱਛੇ।

## ਕਟਾਰੂਚੱਕ ਨੇ 1 ਕਰੋੜ 13 ਲੱਖ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣ ਵਾਲੀਆਂ ਦੋ ਸੜਕਾਂ ਦੇ ਨੀਂਹ ਪੱਥਰ ਰੱਖੇ

**ਪਠਾਨਕੋਟ (ਦਵਿੰਦਰ ਸਿੰਘ)**- ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਸੜਕਾਂ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜਿੰਦਰ ਸਿੰਘ ਬੰਟੀ ਜ਼ਿਲ੍ਹਾ ਪ੍ਰਧਾਨ ਕਿਸਾਨ ਵਿੰਗ ਪਠਾਨਕੋਟ, ਰੋਸ਼ਨ ਭਗਤ ਜਿਲ੍ਹਾ ਪ੍ਰਧਾਨ ਐੱਸ.ਸੀ. ਵਿੰਗ ਪਠਾਨਕੋਟ, ਹੈਪੀ ਸਰਪੰਚ ਨਵਾਲਾ, ਰਵੀ ਕੁਮਾਰ ਬਲਾਕ ਪ੍ਰਧਾਨ, ਸੰਜੀਵ ਮੀਡੀਆ ਇੰਚਾਰਜ, ਪਰਮਜੀਤ ਸਰਪੰਚ ਫੂਲਪੁਰ, ਕੁਲਜੀਤ ਸੈਣੀ ਮੀਡੀਆ ਇੰਚਾਰਜ, ਪਰਦੀਪ ਐਕਸੀਅਨ ਲੋਕ ਨਿਰਮਾਣ ਵਿਭਾਗ, ਰਜਿੰਦਰ ਕੁਮਾਰ ਐੱਸ.ਡੀ.ਓ. ਲੋਕ ਨਿਰਮਾਣ ਵਿਭਾਗ, ਕੁਲਦੀਪ ਭਟੋਆ ਬਲਾਕ ਪ੍ਰਧਾਨ, ਤਰਸੇਮ ਲਾਲ ਨੰਬਰਦਾਰ, ਵਿਜੈ ਕੁਮਾਰ, ਰਾਕੇਸ਼ ਕੁਮਾਰ, ਗੁਰਚਰਨ, ਬੰਸੀ ਲਾਲ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਹਾਜ਼ਰ ਸਨ।ਜਾਣਕਾਰੀ ਦਿੰਦਿਆਂ ਕਟਾਰੂਚੱਕ ਨੇ ਕਿਹਾ ਕਿ ਹੜ੍ਹਾਂ ਦੇ ਨਾਲ ਵਿਧਾਨ ਸਭਾ ਹਲਕਾ ਭੋਆ ਦੀਆਂ ਕਾਫੀ ਸੜਕਾਂ ਪ੍ਰਭਾਵਿਤ ਹੋਈਆਂ ਹਨ ਅਤੇ ਪੰਜਾਬ ਸਰਕਾਰ ਵੱਲੋਂ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਸੜਕਾਂ ਦੀ ਹਾਲਤ ਨੂੰ ਵੇਖਦਿਆਂ ਫੰਡ ਵੀ ਜਾਰੀ ਕੀਤੇ ਹਨ, ਜਲਦੀ ਹੀ ਸਾਰੀਆਂ ਸੜਕਾਂ ਦਾ ਨਵਨਿਰਮਾਣ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਅੱਜ ਵੀ ਵਿਧਾਨ ਸਭਾ ਹਲਕਾ ਭੋਆ ਦੀਆਂ ਦੋ ਸੜਕਾ ਪਹਿਲੀ ਸੜਕ ਜੋ ਪਿੰਡ ਰਹੀਮਪੁਰ ਤੋਂ ਫੂਲਪੁਰ-ਨੰਗਲ ਫਰੀਦਾ ਤੱਕ ਅਤੇ ਦੂਸਰੀ ਮਾਰਗ ਜੋ ਤਾਰਾਗੜ੍ਹ ਤੋਂ ਭਟੋਆ-ਰਤਨਗੜ੍ਹ ਤੱਕ ਕਰੀਬ 5 ਕਿਲੋਮੀਟਰ ਦੀ ਲੰਬਾਈ ਦੀਆਂ ਇਨ੍ਹਾਂ ਸੜਕਾਂ ਦੇ ਨੀਂਹ ਪੱਥਰ ਰੱਖੇ ਗਏ ਹਨ ।ਉਨ੍ਹਾਂ ਦੱਸਿਆ ਕਿ ਇਨ੍ਹਾਂ ਸੜਕਾਂ ਦੇ ਨਵਨਿਰਮਾਣ 'ਤੇ ਕਰੀਬ 1 ਕਰੋੜ 13 ਲੱਖ ਰੁਪਏ ਖਰਚ ਕੀਤੇ ਜਾਣੇ ਹਨ।ਉਨ੍ਹਾਂ ਕਿਹਾ ਕਿ ਇਨ੍ਹਾਂ ਸੜਕਾਂ ਦਾ ਨਿਰਮਾਣ ਲੰਮੇ ਸਮੇਂ ਤੋਂ ਨਹੀਂ ਹੋਇਆ ਸੀ। ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਅੰਦਰ ਹੜ੍ਹਾਂ ਨੇ ਸੜਕਾਂ ਨੂੰ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਸੜਕਾਂ ਦੀ ਰਿਪੇਅਰ/ ਨਵਨਿਰਮਾਣ ਲਈ ਪੰਜਾਬ ਸਰਕਾਰ ਵੱਲੋਂ ਯੋਜਨਾ ਤਿਆਰ ਕੀਤੀ ਗਈ ਹੈ।



## ਪਰਾਲੀ ਨੂੰ ਖੇਤਾਂ 'ਚ ਸਾੜਨ 'ਤੇ ਹੁੰਦੇ ਵਾਤਾਵਰਣਿਕ ਨੁਕਸਾਨ ਬਾਰੇ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

**ਗੁਰਦਾਸਪੁਰ, (ਜਨਕ ਮਹਾਜਨ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਰਾੜਾ ਵਿਖੇ ਵਿਦਿਆਰਥੀਆਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ।ਇਸ ਜਾਗਰੂਕਤਾ ਸੈਮੀਨਾਰ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਅਤੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਵਿਦਿਆਰਥੀਆਂ ਨੂੰ ਸੰਬੋਧਨ ਹੁੰਦੇ ਹੋਏ ਏਡੀਸੀ ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਾ ਕਿਸੇ ਵੀ ਪੱਖ ਤੋਂ ਸਹੀ ਤੇ ਲਾਭਕਾਰੀ ਨਹੀਂ ਹੈ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਜ਼ਹਿਰੀਲੀਆਂ ਗੈਸਾਂ ਨਾਲ ਸਾਡਾ ਵਾਤਾਵਰਨ ਪਲੀਤ ਹੁੰਦਾ ਹੈ ਓਥੇ ਜ਼ਮੀਨ ਦੇ ਉਪਜਾਊ ਤੱਤ ਵੀ ਸੜ ਕੇ ਨਸ਼ਟ ਹੋ ਜਾਂਦੇ ਹਨ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਵਾਤਾਵਰਨ ਦੀ ਸੰਭਾਲ ਦੇ ਅੰਬੈਸਡਰ ਬਣ ਕੇ ਆਪਣੇ ਪਿੰਡਾਂ ਵਿੱਚ ਕੰਮ ਕਰਨ।ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੋਡਲ ਅਫ਼ਸਰ, ਕਲੱਸਟਰ ਅਫ਼ਸਰ ਆਦਿ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ, ਜੋ ਕਿ ਪਿੰਡਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਜਾਗਰੂਕ ਕਰਨਗੇ।ਇਸ ਤੋਂ ਇਲਾਵਾ ਪਰਾਲੀ ਪ੍ਰੋਟੈਕਸ਼ਨ ਫੋਰਸ ਦਾ ਗਠਨ ਵੀ ਕੀਤਾ ਗਿਆ ਹੈ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਪਰਾਲੀ ਸਾੜਨ ਦੇ ਨੁਕਸਾਨ ਅਤੇ ਇਨ ਸੀਟੂ ਅਤੇ ਐਕਸ ਸੀਟੂ ਤਕਨੀਕ ਨਾਲ ਪਰਾਲੀ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾ ਸਕਦਾ ਹੈ।ਇਸ ਮੌਕੇ ਜ਼ਿਲਾ ਰੈੱਡ ਕ੍ਰਾਸ ਸੋਸਾਇਟੀ ਗੁਰਦਾਸਪੁਰ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਾ ਸਾਮਾਨ, ਖਾਣ ਵਾਲੀਆਂ ਵਸਤਾਂ ਅਤੇ ਸੈਨੇਟਰੀ ਪੈਡ ਵੀ ਵੰਡੇ ਗਏ।ਇਸ ਦੌਰਾਨ ਰੈੱਡ ਕ੍ਰਾਸ ਸੋਸਾਇਟੀ ਦੇ ਸਕੱਤਰ ਰਾਜੀਵ ਸਿੰਘ, ਸਕੂਲ ਪ੍ਰਿੰਸੀਪਲ ਅਤੇ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।



## ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਨੇ ਮੁੱਖ ਮੰਤਰੀ ਨੂੰ ਭੇਜਿਆ ਅਪੀਲ-ਕਮ-ਪ੍ਰਸਤਾਵ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਦੀ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਦੇ ਵਫਦ ਵੱਲੋਂ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਵੱਲੋਂ ਪਿਛਲੇ ਕੁੱਝ ਸਮੇਂ ਤੋਂ ਨਾ ਸਿਰਫ ਜ਼ਿਲ੍ਹਾ ਹੁਸ਼ਿਆਰਪੁਰ ਸਗੋਂ ਸਮੁੱਚੇ ਪੰਜਾਬ ਭਰ ਵਿੱਚ ਅਪਰਾਧਕ ਘਟਨਾਵਾਂ ਵਿਚ ਹੋ ਰਹੇ ਬੇਤਹਾਸ਼ਾ ਵਾਧੇ ਨੂੰ ਵੇਖਦਿਆਂ ਅਮਨ ਕਾਨੂੰਨ ਨੂੰ ਬਰਕਰਾਰ ਰੱਖਣ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਅਪੀਲ ਕਮ ਪ੍ਰਸਤਾਵ ਪੱਤਰ ਦਿੱਤਾ ਗਿਆ । ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਨੂੰ ਦਿੱਤੇ ਗਏ ਇਸ ਮੈਮੋਰੰਡਮ ਵਿੱਚ ਦੱਸਿਆ ਗਿਆ ਕਿ ਬਹੁਤ ਵੱਡੀ ਗਿਣਤੀ ਵਿੱਚ ਲੋਕ ਵੱਖ ਵੱਖ ਰਾਜਾਂ ਤੋਂ ਆ ਕੇ ਜ਼ਿਲੇ ਵਿੱਚ ਕਿਰਾਏ 'ਤੇ ਮਕਾਨ ਲੈ ਕੇ ਰਹਿ ਰਹੇ ਹਨ । ਇਸ ਤੋਂ ਇਲਾਵਾ ਵੀ ਬਹੁਤ ਸਾਰੇ ਲੋਕ ਝੁੱਗੀਆਂ ਝੋਂਪੜੀਆਂ ਵਿੱਚ ਨਜਾਇਜ਼ ਢੰਗ ਨਾਲ ਰਹਿ ਰਹੇ ਹਨ ਜਿਨਾਂ ਦਾ ਕੋਈ ਅਤਾ ਪਤਾ ਨਹੀਂ ਹੈ। ਹਰ ਪ੍ਰਵਾਸੀ ਦੀ ਪੁਲਸ ਤਸਦੀਕ ਲਾਜ਼ਮੀ ਹੋਵੇ ਇਸ ਤਹਿਤ ਹਰ ਮਕਾਨ ਮਾਲਕ ਲਈ ਆਪਣੇ ਘਰ ਨੂੰ ਕਿਸੇ ਵੀ ਪ੍ਰਵਾਸੀ ਨੂੰ ਕਿਰਾਏ 'ਤੇ ਦੇਣ ਤੋਂ ਪਹਿਲਾਂ ਪ੍ਰਵਾਸੀ ਕਿਰਾਏਦਾਰ ਦੀ ਪੁਲਸ ਤਸਦੀਕ ਅਤੇ ਪਿੱਤਰੀ ਸੂਬੇ ਤੋਂ ਪੁਲਿਸ ਕਲੀਅਰੈਂਸ ਸਰਟੀਫਿਕੇਟ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਅਜਿਹਾ ਨਾ ਕਰਨ ਵਾਲੇ ਮਕਾਨ ਮਾਲਕ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਤਰਸੇਮ ਦੀਵਾਨਾ ਜੁਆਇੰਟ ਸਕੱਤਰ ਇੰਡੀਆ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਸ਼ਵਨੀ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਕੁਲਦੀਪ ਸੈਣੀ, ਗੌਰਵ ਭਾਰਦਵਾਜ ਆਦਿ ਪੱਤਰਕਾਰ ਹਾਜ਼ਰ ਸਨ ।



## ਰਾਜੂ ਉੱਪਲ ਨੂੰ ਹਲਕਾ ਨਕੋਦਰ ਦੇ ਐੱਸ ਸੀ ਵਿੰਗ ਦਾ ਪ੍ਰਧਾਨ ਬਣਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਬੀਬੀ ਇੰਦਰਜੀਤ ਕੌਰ ਮਾਨ ਹਲਕਾ ਵਿਧਾਇਕ ਨਕੋਦਰ ਦੀ ਅਗਵਾਈ ਵਿਚ ਤੇ ਲਖਵੀਰ ਸਿੰਘ ਸ਼ੀਰ ਉੱਪਲ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ ਯਤਨਾਂ ਸਦਕਾ ਪ੍ਰੇਮ ਕੁਮਾਰ ਉਰਫ ਉੱਪਲ ਨੂੰ ਵਿਧਾਨ ਸਭਾ ਹਲਕਾ ਨਕੋਦਰ ਦਾ ਐੱਸ.ਵਿੰਗ ਦਾ ਪ੍ਰਧਾਨ ਲਗਾਇਆ ਗਿਆ। ਇਸ ਮੌਕੇ ਆਪ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਰਾਜੂ ਉੱਪਲ ਦੇ ਹਾਰ ਪਾ ਕੇ ਵਧਾਈ ਦਿੱਤੀ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਰਾਜੀਵ ਮਿਸ਼ਰ ਕੌਂਸਲਰ, ਕਰਨੈਲ ਰਾਮ ਬਾਲੂ ਚੇਅਰਮੈਨ ਮਾਰਕੀਟ ਕਮੇਟੀ ਨਕੋਦਰ, ਜਸਵੀਰ ਸਿੰਘ ਧੰਜਲ ਹਲਕਾ ਸੰਗਠਨ ਇੰਚਾਰਜ ਤੇ ਡਾਇਰੈਕਟਰ ਬੈਕਫਿੰਫੋ ਪੰਜਾਬ, ਰਜਨੀਸ਼ ਬੱਬਰ ਪ੍ਰਧਾਨ ਯੂਥ ਨਕੋਦਰ, ਸੰਜੀਵ ਸ਼ਰਮਾ, ਸੰਚੂ ਵੰਧਵਾ, ਮਨਜੀਤ ਸਿੰਘ ਕੰਦੋਲਾ ਨੰਬਰਦਾਰ, ਦਵਿੰਦਰ ਸੰਧੂ ਪ੍ਰਧਾਨ ਬਲਾਕ ਨੂਰਮਹਿਲ, ਪ੍ਰਮੋਦ ਸੇਖੜੀ, ਸ਼ਾਲੂ ਤਕਿਆਰ, ਹਨੀ ਆਦੇਕਾਲੀ ਪ੍ਰਧਾਨ, ਰਿੰਕੂ ਵਰਮਾ, ਰਕੇਸ਼ ਅਰੋੜਾ, ਸੰਜੀਵ ਵਰਮਾ, ਸੰਦੀਪ ਮਿੱਤੂ, ਟੋਨੀ ਖੋਸਲਾ, ਮੈਡਮ ਨਰਿੰਦਰ ਕੌਰ ਆਪ ਸੀਨੀਅਰ ਆਗੂ , ਜਸਵੰਤ ਸਿੰਘ ਸਰਪੰਚ ਉੱਪਲ ਖਾਲਸਾ, ਪਰਲਾਨ ਸ਼ਰਮਾਂ, ਕੁਲਦੀਪ ਸਿੰਘ ਉੱਪਲ ਅਤੇ ਜਸਵੀਰ ਸਿੰਘ ਪੰਚ ਰਾਮਪੁਰ ਹਾਜ਼ਰ ਸਨ।

## ਆਰ ਐੱਮ ਪੀ ਆਈ ਵੱਲੋਂ ਹੜ੍ਹਾਂ ਦੇ ਯੋਗ ਮੁਆਵਜ਼ੇ ਲਈ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਪੰਜਾਬ ਵੱਲੋਂ ਸਾਰੇ ਪੰਜਾਬ ਦੇ ਜ਼ਿਲ੍ਹਾ ਕੇਂਦਰਾਂ ਤੇ ਪੂਰੇ ਮੁਆਵਜ਼ੇ ਦੀ ਮੰਗ ਵਾਸਤੇ ਮੁਲਾਜ਼ਮ ਭਵਨ ਵਿਚ ਐਮ ਪੀ ਆਈ ਦੀ ਐਕਸਟੈਂਡਡ ਮੀਟਿੰਗ ਕਾਮਰੇਡ ਹਰਕਮਲ ਸਿੰਘ, ਗਿਆਨ ਸਿੰਘ ਗੁਪਤਾ ਅਤੇ ਸਵਾਰਨ ਸਿੰਘ ਮੁਕੇਰੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੀਟਿੰਗ ਦੌਰਾਨ ਹੜ੍ਹ ਪੀੜਤਾਂ ਦੀਆਂ ਸਮੱਸਿਆਵਾਂ ਦੇ ਸਬੰਧ ਵਿੱਚ ਐਮ ਪੀ ਆਏ ਦੇ ਵਰਕਰਾਂ ਦੁਆਰਾ ਹੜ੍ਹ ਪੀੜਤਾਂ ਦੇ ਇਲਾਕਿਆਂ ਵਿੱਚ ਕੀਤੇ ਗਏ ਕਾਰਜਾਂ ਦੀ ਸਮੀਖਿਆ ਕੀਤੀ ਗਈ ਅਤੇ ਆਉਣ ਵਾਲੇ ਸਮੇਂ ਦੀਆਂ ਮੁਸ਼ਕਿਲਾਂ ਨੂੰ ਸਨਮੁਖ ਰੱਖਦੇ ਹੋਏ ਵਰਕਰਾਂ ਦੇ ਵਿਚਾਰ ਲਏ ਗਏ ਅਤੇ ਸਰਕਾਰ ਤੋਂ ਹੜ੍ਹ ਪੀੜਤਾਂ ਦੇ ਜਾਨੀ ਮਾਲੀ, ਫਸਲਾਂ, ਜ਼ਮੀਨਾਂ, ਘਰਾਂ ਅਤੇ ਪਸ਼ੂ ਧਨ ਦੇ ਹੋਏ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਗਈ ਅਤੇ ਅਫਸਰਸ਼ਾਹੀ ਜਿਨ੍ਹਾਂ ਨੇ ਹੜ੍ਹਾਂ ਤੋਂ ਪਹਿਲਾਂ ਇਸ ਦੀ ਰੋਕਥਾਮ ਲਈ ਯੋਗ ਉਪਰਾਲੇ ਨਹੀਂ ਕੀਤੇ ਦੇ ਵਿਰੁੱਧ ਸਖਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ। ਇਸ ਮੌਕੇ ਕਾਮਰੇਡ ਹਰਕਮਲ ਨੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਹੜ੍ਹ ਪੀੜਤਾਂ ਲਈ ਦਿੱਤੀ ਗਈ 1600 ਕਰੋੜ ਦੀ ਰਾਸ਼ੀ ਬਹੁਤ ਹੀ ਘੱਟ ਹੈ। ਪੰਜਾਬ ਦੇ ਮੁੜ ਵਸੇਬੇ ਲਈ ਘੱਟੋ ਘੱਟ 40 ਹਜ਼ਾਰ ਕਰੋੜ ਰੁਪਏ ਦੀ ਅੰਤਰਿਮ ਰਾਹਤ ਦਿੱਤੀ ਜਾਵੇ ਅਤੇ ਬੇਜ਼ਮੀਨੇ ਸਾਧਨਹੀਨ ਕਿਰਤੀਆਂ, ਗਰੀਬਾਂ, ਕਿਸਾਨਾਂ, ਆਬਾਦਕਾਰਾਂ, ਠੇਕੇ ਤੇ ਜ਼ਮੀਨਾਂ ਵਾਹੁਣ ਵਾਲੇ ਕਾਸ਼ਤਕਾਰਾਂ, ਰੇੜ੍ਹੀ ਫੜ੍ਹੀ ਲਾਉਣ ਵਾਲੇ ਛੋਟੇ ਕਾਰੋਬਾਰੀਆਂ ਅਤੇ ਹੜ੍ਹ ਦੀ ਮਾਰ ਹੇਠ ਆਉਣ ਵਾਲੇ ਹਰ ਵਿਅਕਤੀ ਨੂੰ ਮੁਆਵਜ਼ਾ ਦਿੱਤਾ ਜਾਵੇ। ਹੜ੍ਹਾਂ ਵਿੱਚ ਜਾਨ ਗਵਾਉਣ ਵਾਲੇ ਹਰ ਵਿਅਕਤੀ ਦੇ ਪਰਵਾਰ ਨੂੰ 25 ਲੱਖ ਰੁਪਏ ਮੁਆਵਜ਼ਾ ਅਤੇ ਪਰਵਾਰ ਦੇ ਇੱਕ ਜੀਅ ਪੱਕੀ ਸਰਕਾਰੀ ਨੌਕਰੀ ਦਿੱਤੀ ਜਾਵੇ। ਸਾਰੇ ਹੜ੍ਹ ਪੀੜਤਾਂ ਨੂੰ ਪ੍ਰਤੀ ਪਰਵਾਰ ਇਕ ਲੱਖ ਰੁਪਏ ਅੰਤਰਿਮ ਰਾਹਤ ਦਿੱਤੀ ਜਾਵੇ, ਕਿਸਾਨਾਂ ਦੀਆਂ ਖਰਾਬ ਹੋਈਆਂ ਮੋਟਰਾਂ, ਖੇਤੀ ਮਸ਼ੀਨਰੀ ਦੀ ਪੂਰੀ ਕੀਮਤ ਅਦਾ ਕੀਤੀ ਜਾਵੇ, ਮਰੇ ਪਸ਼ੂਆਂ, ਮੁਰਗੀਆਂ, ਬੱਕਰੀਆਂ ਦੀ ਪੂਰੀ ਕੀਮਤ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਸਵਰਨ ਸਿੰਘ ਮੁਕੇਰੀਆਂ ਨੇ ਕਿਹਾ ਕਿ ਘੱਟੋ ਘੱਟ ਝੋਨੇ ਦੇ ਖਰਾਬੇ ਦੇ 70 ਹਜ਼ਾਰ ਪ੍ਰਤੀ ਏਕੜ ਅਤੇ ਗੰਨੇ ਦੇ ਖਰਾਬੇ ਲਈ ਇਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਗਿਆਨ ਸਿੰਘ ਗੁਪਤਾ ਨੇ ਭਵਿੱਖ ਦੇ ਸਮੇਂ ਲਈ ਕਿਸਾਨਾਂ ਨੂੰ ਜ਼ਮੀਨ ਪੱਧਰੀ ਕਰਨ ਲਈ ਯੋਗ ਮਸ਼ੀਨਰੀ ਮੁਹਈਆ ਕਰਵਾਉਣ ਅਤੇ ਭਵਿੱਖ ਵਿੱਚ ਹੜ੍ਹਾਂ ਦੇ ਖਤਰੇ ਦੇ ਬਚਾਅ ਲਈ ਅਨਕੰਟਰੋਲਡ ਮਾਈਨਿੰਗ ਪੱਕੇ ਤੌਰ 'ਤੇ ਬੰਦ ਕਰਾਈ ਜਾਵੇ, ਡੈਮਾਂ ਦੀ ਡੀਸਿਲਟਿੰਗ ਕਰਾਈ ਜਾਵੇ, ਬਰਸਾਤੀ ਨਾਲੇ, ਨਹਿਰਾਂ ਦੀ ਸਫਾਈ ਅਗਾਊਂ ਹੀ ਕਰਾਈ ਜਾਵੇ ਅਤੇ ਚੋਆ ਅਤੇ ਧੁੱਸੀਆਂ ਦੇ ਬੰਨ੍ਹ ਸਥਾਈ ਤੌਰ ਤੇ ਪੱਕੇ ਕੀਤੇ ਜਾਣ। ਕੰਢੀ ਖੇਤਰ ਵਿੱਚ ਬਣਾਏ ਗਏ ਡੈਮਾਂ ਦੇ ਓਵਰਫਲੋ ਪਾਣੀ ਦੇ ਸਿਸਟਮ ਨੂੰ ਚੈਨਲਾਈਜ਼ ਕੀਤਾ ਜਾਵੇ । ਅੰਤ ਵਿੱਚ ਸਵਰਨ ਸਿੰਘ, ਦਵਿੰਦਰ ਸਿੰਘ ਕੱਕੋ, ਸੁਖਦੇਵ ਸਿੰਘ ਢਿੱਲੋ, ਦੀਪਕ ਠਾਕੁਰ, ਗੰਗਾ ਪ੍ਰਸ਼ਾਦ, ਮੁਲਖ ਰਾਜ, ਤਰਸੇਮ ਲਾਲ, ਗੁਰਚਰਨ ਸਿੰਘ ਅਤੇ ਹੋਰ ਸਾਥੀਆਂ ਦੇ ਡੈਪੂਟੇਸ਼ਨ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੂੰ ਹੜ੍ਹ ਪੀੜਤਾਂ ਦੇ ਮੁਆਵਜੇ ਸਬੰਧੀ ਮੰਗ ਪੱਤਰ ਦਿੱਤਾ।



## ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਰੁਜ਼ਗਾਰ ਯੋਗਤਾ ਹੁਨਰ ਸਿਖਲਾਈ ਪ੍ਰੋਗਰਾਮ ਕਰਵਾਇਆ

**ਆਦਮਪੁਰ (ਪਰਮਜੀਤ ਸਿੰਘ)**- ਯੋਗ ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ, ਹਰਦਮਨ ਸਿੰਘ ਮਿਨਹਾਸ (ਸਕੱਤਰ) ਦੇ ਦਿਸ਼ਾ ਨਿਰਦੇਸ਼ ਤਹਿਤ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਅਤੇ ਨੰਦੀ ਫਾਊਂਡੇਸ਼ਨ ਦੁਆਰਾ ਮਹਿੰਦਰਾ ਪ੍ਰਾਈਡ ਕਲਾਸਰੂਮ ਦੇ ਅਧੀਨ ਬੀ.ਟੈਕ (ਸੀ ਐਸ ਈ) ਅੰਤਿਮ ਸਾਲ ਦੀਆਂ ਵਿਦਿਆਰਥਣਾਂ ਲਈ ਯੂਨੀਵਰਸਿਟੀ ਦੇ ਸਿਖਲਾਈ ਅਤੇ ਪਲੇਸਮੈਂਟ ਵਿਭਾਗ ਦੇ ਸਹਿਯੋਗ ਨਾਲ ਰੁਜ਼ਗਾਰ ਯੋਗਤਾ ਹੁਨਰ ਸਿਖਲਾਈ ਪ੍ਰੋਗਰਾਮ ਸਿਰਲੇਖ ਹੇਠ 7-ਦਿਨਾ ਵਰਕਸ਼ਾਪ ਸਫਲਤਾਪੂਰਵਕ ਆਯੋਜਿਤ ਕੀਤੀ ਗਈ ਹੈ। ਜਿਸਦਾ ਉਦੇਸ਼ ਵਿਦਿਆਰਥੀਆਂ ਦੀ ਨੌਕਰੀ ਦੀ ਤਿਆਰੀ, ਸੰਚਾਰ ਅਤੇ ਪੇਸ਼ੇਵਰ ਹੁਨਰ ਨੂੰ ਵਧਾਉਣਾ ਹੈ, ਨੌਜਵਾਨ ਔਰਤਾਂ ਨੂੰ ਉੱਜਵਲ ਕਰੀਅਰ ਦੇ ਮੌਕਿਆਂ ਲਈ ਸਸ਼ਕਤ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।ਇਸ ਵਰਕਸ਼ਾਪ ਦੀ ਟਰੈਨਰ ਅੰਜੂ ਜੈਨ ਸੀ। ਉਨ੍ਹਾਂ ਰੁਜ਼ਗਾਰ ਦੀਆਂ ਨਵੀਂਆਂ ਸੰਭਾਵਨਾਵਾਂ, ਸੰਚਾਰ ਕਲਾ, ਟੀਮ ਵਰਕ, ਸਮੱਸਿਆ ਹੱਲ ਕਰਨ ਦੀ ਸਮਰਥਾ ਅਤੇ ਇੰਟਰਵਿਊ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ । ਇਹ ਵਰਕਸ਼ਾਪ ਐਸੋਸੀਏਟ ਪ੍ਰੋ. ਡਾ. ਜਗਤੇਸ਼ਵਰ ਸਿੰਘ (ਸਿਖਲਾਈ ਅਤੇ ਪਲੇਸਮੈਂਟ ਵਿਭਾਗ) ਅਤੇ ਪ੍ਰੋ.ਹਰਮਿੰਦਰ ਸਿੰਘ ਦੀ ਨਿਗਰਾਨੀ ਹੇਠ ਕਰਵਾਈ ਗਈ। ਇਸ ਮੌਕੇ ਡਾ.ਰਜਿੰਦਰ ਕੁਮਾਰ (ਰਜਿਸਟਰਾਰ), ਡਾ. ਵਿਜੈ ਧੀਰ, ਡੀਨ ਅਕਾਦਮਿਕਸ, ਰੂਪ ਸਿੰਘ, ਡਿਪਟੀ ਰਜਿਸਟਰਾਰ, ਡਾ. ਜਗਦੀਪ ਕੌਰ ਅਤੇ ਵੱਖ-ਵੱਖ ਵਿਭਾਗਾਂ ਦੇ ਪ੍ਰੋਫੈਸਰ ਵੀ ਹਾਜ਼ਰ ਸਨ।



ਵਰ੍ਹੇਗੰਢ ਮੁਬਾਰਕ



ਗੁਰਜਿੰਦਰ ਸਿੰਘ ਅਤੇ ਜਸਵੀਰ ਕੌਰ ਪਿੰਡ ਦੌਲਤਪੁਰ ਨੂੰ ਵਿਆਹ ਦੀ 28ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਹਾਕਮ ਸਿੰਘ ਭੱਟੀ ਅਤੇ ਰਜਵੰਤ ਕੌਰ ਭੱਟੀ ਨੂੰ ਵਿਆਹ ਦੀ 22ਵੀਂ ਵਰ੍ਹੇਗੰਡ ਦੀਆ ਮੁਬਾਰਕਾਂ।

# ਵਰਕਰਾਂ ਨੂੰ ਜ਼ਿੰਮੇਵਾਰੀਆਂ ਮਿਲਣ ਨਾਲ ਪਾਰਟੀ ਮਜ਼ਬੂਤ ਹੋਵੇਗੀ : ਕਾਕਾ ਬਰਾੜ

## ਨਵੇਂ ਬਣੇ ਐੱਸ ਸੀ ਵਿੰਗ ਦੇ ਪ੍ਰਧਾਨ ਮਾਸਟਰ ਮੁਰਾਰੀ ਲਾਲ ਦਾ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਜ਼ਮਿੰਦਰ ਪਾਲ, ਪੂਜਾ)**-ਪਿਛਲੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਐੱਸ ਸੀ ਵਿੰਗ ਦੀ ਜਾਰੀ ਕੀਤੀ ਗਈ ਲਿਸਟ ਵਿੱਚ ਹਲਕਾ ਮੁਕਤਸਰ ਤੋਂ ਮਾਸਟਰ ਮੁਰਾਰੀ ਲਾਲ ਖੋਸਾ ਨੂੰ ਪ੍ਰਧਾਨ ਨਿਯੁਕਤ ਕਰਨ 'ਤੇ ਵਰਕਰਾਂ ਵਿੱਚ ਭਾਰੀ ਜੋਸ਼ ਪਾਇਆ ਜਾ ਰਿਹਾ ਹੈ।ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਨਵਨਿਯੁਕਤ ਪ੍ਰਧਾਨ ਦਾ ਸਿਰੋਪਾ ਭੇਟ ਕਰਕੇ ਸਨਮਾਨ ਕੀਤਾ ਗਿਆ ਤੇ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਕਿਹਾ ਕਿ ਮਾਸਟਰ ਮੁਰਾਰੀ ਲਾਲ ਨੂੰ ਐੱਸ ਸੀ ਵਿੰਗ ਦਾ ਪ੍ਰਧਾਨ ਨਿਯੁਕਤ ਕਰਨ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ।ਉਨ੍ਹਾਂ ਕਿਹਾ ਕਿ ਮਾਸਟਰ ਜੀ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਤੇ ਉਨ੍ਹਾਂ ਨੇ ਪਾਰਟੀ ਲਈ ਬਹੁਤ ਵਧੀਆ ਕੰਮ ਕੀਤਾ ਹੈ।ਉਨ੍ਹਾਂ ਕਿਹਾ ਕਿ ਉਹ ਪੂਰੀ ਉਮੀਦ ਕਰਦੇ ਹਨ ਕਿ ਮਾਸਟਰ ਮੁਰਾਰੀ ਲਾਲ ਆਪਣੀ ਨਵੀਂ ਜ਼ਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਮਾਸਟਰ ਮੁਰਾਰੀ ਲਾਲ ਨੇ ਕਿਹਾ ਕਿ ਉਹ ਪਾਰਟੀ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਪਾਰਟੀ ਵਰਕਰਾਂ ਦੇ ਨਾਲ ਹਨ ਅਤੇ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਲਈ ਤਿਆਰ ਹਨ।ਇਸ ਮੌਕੇ ਪਾਰਟੀ ਵਰਕਰਾਂ ਨੇ ਵੀ ਮਾਸਟਰ ਜੀ ਨੂੰ ਐੱਸ ਸੀ ਵਿੰਗ ਦਾ ਪ੍ਰਧਾਨ ਨਿਯੁਕਤ ਹੋਣ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਹ ਪਾਰਟੀ ਨੂੰ ਹੋਰ ਅੱਗੇ ਲੈ ਕੇ ਜਾਣਗੇ।ਉਨ੍ਹਾਂ ਕਿਹਾ ਕਿ ਮਾਸਟਰ ਮੁਰਾਰੀ ਲਾਲ ਇੱਕ ਬਹੁਤ ਹੀ ਮਿਹਨਤੀ ਤੇ ਇਮਾਨਦਾਰ ਵਿਅਕਤੀ ਹਨ ਅਤੇ ਉਹ ਹਮੇਸ਼ਾ ਪਾਰਟੀ ਦੇ ਹਿੱਤਾਂ ਲਈ ਕੰਮ ਕਰਦੇ ਹਨ।ਇਸ ਮੌਕੇ ਨਵਨਿਯੁਕਤ ਪ੍ਰਧਾਨ ਮਾਸਟਰ ਮੁਰਾਰੀ ਲਾਲ ਨੂੰ ਹਾਰ ਤੇ ਸਿਰੋਪਾ ਭੇਟ ਕਰਕੇ ਸਨਮਾਨਤ ਕੀਤਾ ਗਿਆ ਅਤੇ ਮੂੰਹ ਮਿੱਠਾ ਕਰਵਾਇਆ ਗਿਆ।

ਇਸ ਮੌਕੇ ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ, ਸਿਕੰਦਰ ਸਿੰਘ ਬਰਾੜ, ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕੌਂਸਲਰ ਰਵਿੰਦਰ ਸਿੰਘ, ਕਿਸਾਨ ਵਿੰਗ ਦੇ ਹਲਕਾ ਪ੍ਰਧਾਨ ਸਰਪੰਚ ਜਸਕਰਨ ਸਿੰਘ ਵੱਟੂ, ਬਿੰਦਰ ਸਿੰਘ ਬਲਾਕ ਪ੍ਰਧਾਨ, ਯੁੱਧ ਨਸ਼ਿਆਂ ਵਿਰੁੱਧ, ਬਲਾਕ ਪ੍ਰਧਾਨ ਅਮਨਦੀਪ ਸਿੰਘ ਖੋਖਰ, ਗੁਰਬੀਰ ਸਿੰਘ ਪੀਪੀ ਬਰਾੜ ਕਿਸਾਨ ਵਿੰਗ, ਰੁਪਿੰਦਰ ਸਿੰਘ ਵਾਈਸ ਪ੍ਰਧਾਨ, ਸੋਹਣ ਸਿੰਘ ਬਧਾਈ, ਵਿਕਰਮ ਵਿੱਕੀ ਆਦਿ ਹਾਜ਼ਰ ਸਨ।

# ਨੈਸ਼ਨਲ ਪੱਧਰ 'ਤੇ ਕੁਲਰੀਆਂ ਸਕੂਲ ਦੀ ਵਿਦਿਆਰਥਣ ਨੇ ਜਿੱਤਿਆ ਗੋਲਡ ਮੈਡਲ



**ਬਰੇਟਾ (ਰੀਤਵਾਲ)**- ਰਾਸ਼ਟਰੀ ਪੱਧਰੀ ਜੂਨੀਅਰ ਐਸੋਸੀਏਸ਼ਨ ਕਿੱਕ ਬਾਕਸਿੰਗ ਜੋ ਕਿ ਹਿਮਾਚਲ ਦੇ ਸੋਲਨ ਵਿਖੇ ਹੋਈ।ਇਸ ਦੇ ਫਾਈਨਲ ਮੁਕਾਬਲੇ ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਕੁਲਰੀਆਂ ਦੀ ਗਿਆਰਵੀਂ ਦੀ ਵਿਦਿਆਰਥਣ ਅਰਸ਼ਪ੍ਰੀਤ ਕੌਰ ਨੇ 52 ਕਿਲੋਗ੍ਰਾਮ (ਫੁੱਲ ਕੰਟੈਕਟ) ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਨੈਸ਼ਨਲ ਪੱਧਰ 'ਤੇ ਗੋਲਡ ਮੈਡਲ ਆਪਣੀ ਝੋਲੀ ਵਿੱਚ ਪਾਇਆ ਹੈ।ਅਰਸ਼ਪ੍ਰੀਤ ਕੌਰ ਦੇ ਕੋਚ ਅਮਨਦੀਪ ਸਿੰਘ ਨੇ ਦੱਸਿਆ ਕਿ ਇਸ ਬੱਚੀ ਨੇ ਲਗਾਤਾਰ ਆਪਣਾ ਵਧੀਆ ਪ੍ਰਦਰਸ਼ਨ ਜਾਰੀ ਰੱਖਦੇ ਹੋਏ ਪਹਿਲਾਂ ਜ਼ੋਨ ਲੈਵਲ, ਜ਼ਿਲ੍ਹਾ ਲੈਵਲ ਤੇ ਫਿਰ ਸਟੇਟ ਲੈਵਲ 'ਤੇ ਜਿੱਤ ਦਰਜ ਕਰਵਾਈ।ਸੰਸਥਾ ਦੇ ਅਧਿਆਪਕ ਹਰਦੀਪ ਸਿੰਘ ਡੀਪੀਈ ਨੇ ਦੱਸਿਆ ਕਿ ਇਸ ਬੱਚੀ ਨੇ ਪੜ੍ਹਾਈ ਦੇ ਨਾਲ ਨਾਲ ਆਪਣੀ ਗੇਮ ਨੂੰ ਵੀ ਸਮਾਂ ਦਿੱਤਾ ਤੇ ਸੰਸਥਾ ਦੇ ਅਧਿਆਪਕ ਡੀਸੀ ਸਿੰਘ ਨੇ ਮਿਹਨਤ ਕਰਵਾਈ, ਜਿਸ ਦੇ ਸਿੱਟੇ ਵਜੋਂ ਉਸ ਨੇ ਅੱਜ ਗੋਲਡ ਮੈਡਲ ਹਾਸਲ ਕਰਕੇ ਆਪਣੇ ਮਾਤਾ-ਪਿਤਾ, ਸੰਸਥਾ ਤੇ ਇਲਾਕੇ ਦਾ ਮਾਣ ਵਧਾਇਆ ਹੈ।ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀਮਤੀ ਨੀਲਮ ਰਾਣੀ ਅਤੇ ਉਪ- ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰ ਪਰਮਜੀਤ ਸਿੰਘ ਭੋਗਲ ਵੱਲੋਂ ਵਿਦਿਆਰਥੀ ਦੀ ਇਸ ਜਿੱਤ ਉੱਤੇ ਮਾਤਾ ਪਿਤਾ ਅਤੇ ਸੰਸਥਾ ਨੂੰ ਵਧਾਈ ਦਿੱਤੀ ਗਈ।ਇਸ ਮੌਕੇ ਪ੍ਰਿੰਸੀਪਲ ਅਰੁਣ ਕੁਮਾਰ ਗਰਗ ਵੱਲੋਂ ਸੰਸਥਾ ਮੁਖੀ ਮਾਪਿਆਂ, ਅਧਿਆਪਕ ਸਾਹਿਬਾਨਾਂ ਤੇ ਕੋਚ ਸਾਹਿਬਾਨਾਂ ਨੂੰ ਵਧਾਈ ਦਿੱਤੀ ਗਈ ਅਤੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਇਹ ਵਿਦਿਆਰਥਣ ਆਪਣੇ ਆਉਣ ਵਾਲੇ ਮੈਚਾਂ ਵਿੱਚ ਵੀ ਵਧੀਆ ਪ੍ਰਦਰਸ਼ਨ ਕਰੇਗੀ।ਸੰਸਥਾ ਮੁਖੀ ਨਰਸੀ ਸਿੰਘ ਨੇ ਦੱਸਿਆ ਕਿ ਹੁਣ ਵਿਦਿਆਰਥਣ ਇੰਟਰਨੈਸ਼ਨਲ ਲੈਵਲ 'ਤੇ ਚੀਨ ਵਿਖੇ ਹੋਣ ਜਾ ਰਹੀਆਂ ਜੂਨੀਅਰ ਆਈਐਸਿਸਕ ਕਿੱਕ ਬਾਕਸਿੰਗ ਦੀਆਂ ਖੇਡਾਂ ਵਿੱਚ ਭਾਰਤ ਦੀ ਤਰਜਮਾਨੀ ਕਰੇਗੀ।ਇਸ ਮੌਕੇ ਐੱਸ ਐੱਮ ਸੀ ਕਮੇਟੀ ਚੇਅਰਮੈਨ ਬੰਤ ਸਿੰਘ, ਜਲਵਿੰਦਰ ਸਿੰਘ, ਬਿੰਦਰ ਸਿੰਘ, ਜਸਵਿੰਦਰ ਸਿੰਘ, ਜਰਨੈਲ ਸਿੰਘ, ਜਗਮੇਲ ਸਿੰਘ, ਤਰਸੇਮ ਸਿੰਘ, ਖਜ਼ਾਨਚੀ ਰਾਮ, ਜਗਜੀਤ ਸਿੰਘ ਅੰਮ੍ਰਿਤ ਪਾਲ ਸਿੰਘ, ਰਸ਼ਪਾਲ ਸਿੰਘ, ਹਰਜੀਤ ਕੌਰ, ਜਸਵੀਰ ਕੌਰ, ਅਮਨਦੀਪ ਕੌਰ ਰਣਪ੍ਰੀਤ ਕੌਰ, ਸੁਮਨਦੀਪ ਕੌਰ ਤੇ ਸਮੂਹ ਅਧਿਆਪਕ ਸਾਹਿਬਾਨਾਂ ਨੇ ਵਿਦਿਆਰਥਣ ਨੂੰ ਮੁਬਾਰਕਬਾਦ ਦਿੱਤੀ।

# ਰੇਲਵੇ ਵਿਸ਼ਵ-ਪੱਧਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਰਵਨੀਤ ਸਿੰਘ

## ਲੁਧਿਆਣਾ 'ਚ ਨਵੀਂ ਰੇਲਵੇ ਸਿਹਤ ਸਹੂਲਤ ਦਾ ਕੀਤਾ ਉਦਘਾਟਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**- ਰੇਲ ਰਾਜ ਮੰਤਰੀ ਤੇ ਫੂਡ ਪ੍ਰੋਸੈਸਿੰਗ ਇੰਡਸਟਰੀ ਰਾਜ ਮੰਤਰੀ ਰਵਨੀਤ ਸਿੰਘ ਨੇ ਲੁਧਿਆਣਾ ਵਿੱਚ ਨਵ-ਨਿਰਮਿਤ ਰੇਲਵੇ ਸਿਹਤ ਸਹੂਲਤ ਕੇਂਦਰ ਦਾ ਉਦਘਾਟਨ ਕੀਤਾ। ਲਗਭਗ 7.5 ਕਰੋੜ ਦੀ ਲਾਗਤ ਨਾਲ ਬਣੇ ਇਸ ਅਤਿ-ਆਧੁਨਿਕ ਕੇਂਦਰ ਦਾ ਨਿਰਮਾਣ 1,800 ਵਰਗ ਮੀਟਰ ਖੇਤਰਫਲ ਵਿਚ ਕੀਤਾ ਗਿਆ ਹੈ। ਇਹ ਕੇਂਦਰ ਰੇਲਵੇ ਕਰਮਚਾਰੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵਿਸ਼ਵਾਸ ਸੇਵਾਵਾਂ ਪ੍ਰਦਾਨ ਕਰੇਗਾ। ਜੀ-1 ਸੰਰਚਨਾ ਵਿੱਚ 06 ਓਪੀਡੀ, 4-ਬੈੱਡ ਵਾਲਾ ਵਾਰਡ, ਐਮਰਜੈਂਸੀ ਸਹੂਲਤਾਂ (ਜਿਸ ਵਿਚ ਸਟੀਰਲਾਈਜ਼ੇਸ਼ਨ ਤੇ ਡਰੈਸਿੰਗ ਰੂਮ ਸ਼ਾਮਲ ਹਨ), ਫਾਰਮੇਸੀ ਤੇ ਲੋਕਲ ਪਰਚੇਜ਼, ਯਾਤਰੀ ਤੇ ਸਟਰੈਚਰ ਲਿਫਟ, 3 ਬਾਥਾਂ 'ਤੇ ਪ੍ਰਤੀਕਸ਼ਾ ਸਹੂਲਤਾਂ (ਸਟੇਨਲੈੱਸ ਸਟੀਲ ਬੈਂਚਾਂ ਦੇ ਨਾਲ), ਕਾਨਫਰੰਸ ਰੂਮ, ਪੁਰਸ਼/ਮਹਿਲਾ ਤੇ ਸਟਾਫ਼ ਲਈ ਵੱਖਰੇ ਟਾਇਲਟ, ਵੀਆਰਵੀ ਏਅਰ ਕੰਡੀਸ਼ਨਿੰਗ ਸਿਸਟਮ, ਸੁਸੱਜਿਤ ਡਬਲ ਹਾਈਟ ਲਾਬੀ, ਦੋ-ਪਹੀਆ/ਚਾਰ-ਪਹੀਆ ਤੇ ਐਂਬੂਲੈਂਸ ਪਾਰਕਿੰਗ ਦੀ ਸਹੂਲਤ, ਹਸਪਤਾਲ ਦੇ ਬਾਹਰ ਵਿਕਸਿਤ ਹਰੇ-ਭਰੇ ਖੇਤਰ, ਪੀਐੱਮਈ ਡਾਰਕ ਰੂਮ ਸਹੂਲਤ, ਐਕਸ-ਰੇ ਕਮਰਾ (ਡਾਰਕ ਰੂਮ ਸਮੇਤ), ਲੈਬੋਰੇਟਰੀ ਤੇ ਮੈਡੀਕਲ ਰਿਕਾਰਡ ਰੂਮ ਸ਼ਾਮਲ ਹਨ। ਫਿਰੋਜ਼ਪੁਰ ਮੰਡਲ ਦੀਆਂ ਸਿਹਤ ਸਹੂਲਤਾਂ ਬਾਰੇ ਜਾਣਕਾਰੀ ਦਿੰਦਿਆਂ ਰਵਨੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਫਿਰੋਜ਼ਪੁਰ ਮੰਡਲ ਵਿੱਚ ਇਕ ਡਵੀਜ਼ਨਲ ਹਸਪਤਾਲ (ਫਿਰੋਜ਼ਪੁਰ), ਇੱਕ ਉਪ-ਮੰਡਲੀ ਹਸਪਤਾਲ (ਅੰਮ੍ਰਿਤਸਰ) ਤੇ 6 ਸਿਹਤ ਯੂਨਿਟਾਂ ਹਨ, ਜਿਨ੍ਹਾਂ ਵਿੱਚ ਕੁੱਲ 34 ਡਾਕਟਰ ਤਾਇਨਾਤ ਹਨ। ਫਿਰੋਜ਼ਪੁਰ ਡਵੀਜ਼ਨਲ ਹਸਪਤਾਲ ਵਿੱਚ ਕੁੱਲ 69 ਬੈੱਡ ਹਨ, ਜਿੱਥੇ ਮੈਡੀਸਨ, ਜਨਰਲ ਸਰਜਰੀ, ਗਾਇਨੇਕੋਲੋਜੀ, ਆਰਥੋਪੀਡਿਕ, ਪੈਥੋਲੋਜੀ, ਐਨੇਸਥੀਸੀਆ ਤੇ ਡੈਂਟਲ ਵਰਗੀਆਂ ਵਿਸ਼ੇਸ਼ਤਾਵਾਂ ਵਿੱਚ ਸੇਵਾਵਾਂ ਉਪਲਬਧ ਹਨ। ਹਸਪਤਾਲ ਵਿੱਚ ਅਤਿ-ਆਧੁਨਿਕ ਲੈਬੋਰੇਟਰੀ, ਫਿਜ਼ਿਓਥੈਰੇਪੀ ਯੂਨਿਟ, ਕੰਪਿਊਟਰਾਈਜ਼ਡ ਰੇਡੀਓਗ੍ਰਾਫਿਕ ਸਿਸਟਮ ਤੇ ਮੋਡੀਊਲਰ ਓਪਰੇਸ਼ਨ ਥੀਏਟਰ ਦੀਆਂ ਸਹੂਲਤਾਂ ਮੌਜੂਦ ਹਨ। ਅੰਮ੍ਰਿਤਸਰ ਵਿੱਚ 50-ਬੈੱਡ ਦਾ ਹਸਪਤਾਲ ਚੱਲ ਰਿਹਾ ਹੈ, ਇਸ ਤੋਂ ਇਲਾਵਾ ਲੁਧਿਆਣਾ, ਜਲੰਧਰ ਸਿਟੀ, ਜਲੰਧਰ ਛਾਉਣੀ ਤੇ ਕਪੂਰਥਲਾ ਵਿੱਚ ਸਿਹਤ ਯੂਨਿਟਾਂ ਕੰਮ ਕਰ ਰਹੀਆਂ ਹਨ। ਇਸ ਤੋਂ ਇਲਾਵਾ ਰੇਲਵੇ ਲਾਭਪਾਤਰੀਆਂ ਨੂੰ ਐਮਰਜੈਂਸੀ ਦੇਖ-ਭਾਲ ਦੇਣ ਲਈ 51 ਨਿੱਜੀ ਹਸਪਤਾਲਾਂ ਤੇ 16 ਡਾਇਗਨੋਸਟਿਕ ਸੈਂਟਰਾਂ ਨੂੰ ਪੈਨਲ ਵਿੱਚ ਸ਼ਾਮਲ ਕੀਤਾ ਗਿਆ ਹੈ। ਇਸ ਮੌਕੇ ਸੰਜੀਵ ਕੁਮਾਰ ਡੀਆਰਐੱਮ ਫਿਰੋਜ਼ਪੁਰ, ਵਰਸ਼ਨੇ ਸੀਪੀਐੱਮ ਕਨਸਟਰਕਸ਼ਨ, ਡਾ. ਰਿਸ਼ੀ ਪਾਂਡੇ ਸੀਨੀਅਰ ਡੀਐੱਸਈ ਆਰਪੀਐੱਫ ਫਿਰੋਜ਼ਪੁਰ, ਪਰਮਦੀਪ ਸੈਣੀ ਸੀਨੀਅਰ ਡੀਸੀਐੱਮ ਫਿਰੋਜ਼ਪੁਰ, ਸੁਮਿਤ ਖੁਰਾਣਾ ਸੀਨੀਅਰ ਡੀਈਐੱਨ ਕੋਆਰਡੀਨੇਸ਼ਨ ਫਿਰੋਜ਼ਪੁਰ, ਭੂਸ਼ਣ ਖੁਰਾਣਾ ਡਿਪਟੀ ਚੀਫ਼ ਇੰਜੀਨੀਅਰ ਕਨਸਟਰਕਸ਼ਨ, ਅਜੈਪਾਲ ਸੀਨੀਅਰ ਡੀਈਐੱਨ-9 ਫਿਰੋਜ਼ਪੁਰ ਤੇ ਆਦਿੱਤਿਆ ਮਹਿਰਾ ਸਟੇਸ਼ਨ ਡਾਇਰੈਕਟਰ ਲੁਧਿਆਣਾ ਸਮੇਤ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

## ਕਾਤਰਾਂ

### ਸ੍ਰੀ ਦਰਬਾਰ ਸਾਹਿਬ ਦਾ ਲੈਂਟਰ ਅੱਜ ਪਵੇਗਾ

**ਲੌਂਗੋਵਾਲ (ਪ੍ਰਦੀਪ ਸੱਪਲ)**-ਗੁਰਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਦੇ ਪ੍ਰਧਾਨ ਗੁਰਜੰਟ ਸਿੰਘ ਦੁੱਲਟ, ਜਨਰਲ ਸਕੱਤਰ ਸੁਰਜੀਤ ਸਿੰਘ ਮਾਸੇਕਾ, ਖਜ਼ਾਨਚੀ ਜੁਗਰਾਜ ਸਿੰਘ ਨੇ ਦੱਸਿਆ ਕਿ ਪਿੰਡਾਂ ਤੇ ਆਲੇ-ਦੁਆਲੇ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਯਾਦਗਰ ਸ਼ਹੀਦਾਂ ਪੱਤੀ ਦੁੱਲਟ ਲੌਂਗੋਵਾਲ ਦੇ ਸ੍ਰੀ ਦਰਬਾਰ ਸਾਹਿਬ ਦਾ ਲੈਂਟਰ 28 ਸਤੰਬਰ ਨੂੰ ਪਵੇਗਾ ਅਤੇ ਲੈਂਟਰ ਪਾਉਣ ਤੋਂ ਪਹਿਲਾਂ ਸਵੇਰ ਸਮੇਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੇ ਅਰਦਾਸ ਕਰਨ ਉਪਰੰਤ ਸਮੂਹ ਸਾਧ ਸੰਗਤ ਵੱਲੋਂ ਲੈਂਟਰ ਪਾਉਣ ਦਾ ਕੰਮ ਸ਼ੁਰੂ ਕੀਤਾ ਜਾਵੇਗਾ ਅਤੇ ਲੈਂਟਰ ਪਾਉਣ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ।

### ਜੇਲ੍ਹ 'ਚੋਂ 4 ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਵਿੱਚ ਤਲਾਸ਼ੀ ਦੌਰਾਨ 4 ਮੋਬਾਇਲ ਫੋਨ ਬਰਾਮਦ ਹੋਏ। ਇਸ ਸੰਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 4 ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਪੱਤਰ ਨੰ. 2810 ਮਿਤੀ 11 ਸਤੰਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਵਿਸ਼ਾਲ ਸਿੰਘ ਉਰਫ ਲਾਲੂ ਪੁੱਤਰ ਬਿੱਟੂ ਸਿੰਘ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਸਮੇਤ ਸਿਮ ਬਰਾਮਦ ਹੋਇਆ। ਪੱਤਰ ਨੰ. 2897 ਮਿਤੀ 17 ਸਤੰਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਹਰਪ੍ਰਤਾਪ ਸਿੰਘ ਪੁੱਤਰ ਸੁਚੇਤ ਸਿੰਘ ਕੋਲੋਂ 1 ਟੱਚ ਸਕਰੀਨ ਮੋਬਾਇਲ ਫੋਨ ਸਮੇਤ ਸਿਮ ਬਰਾਮਦ ਹੋਇਆ। ਪੱਤਰ ਨੰ. 2959 ਮਿਤੀ 22 ਸਤੰਬਰ 2025 ਨੂੰ ਤਲਾਸ਼ੀ ਦੌਰਾਨ ਹਵਾਲਾਤੀ ਕੁਲਜੀਤ ਸਿੰਘ ਪੁੱਤਰ ਬਸੰਤ ਸਿੰਘ ਕੋਲੋਂ 1 ਕੀਪੈਡ ਮੋਬਾਇਲ ਫੋਨ ਸਮੇਤ ਸਿੰਮਾਂ ਬਰਾਮਦ ਹੋਣ ਤੇ ਹਵਾਲਾਤੀ ਸੁਨੀਲ ਕੁਮਾਰ ਪੁੱਤਰ ਹਰਬੰਸ ਲਾਲ ਕੋਲੋਂ 1 ਕੀਪੈਡ ਮੋਬਾਇਲ ਫੋਨ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਚਰਨ ਕੰਵਲ ਸਾਹਿਬ ਵਿਖੇ ਗੁਰਮਤਿ ਸਮਾਗਮ ਅੱਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਗੁਰਮਤਿ ਸਮਾਗਮ 28 ਸਤੰਬਰ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਵਸ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਤ ਵਿਸ਼ੇਸ਼ ਸਮਾਗਮ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਮੌਕੇ ਕਥਾਵਾਚਕ ਭਾਈ ਸਰਬਜੀਤ ਸਿੰਘ ਲੁਧਿਆਣੇ ਵਾਲੇ, ਭਾਈ ਗੁਰਕੀਰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਜਸਦੇਵ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਚਰਨ ਕੰਵਲ ਸਾਹਿਬ ਸੰਗਤਾਂ ਨੂੰ ਬਾਣੀ ਨਾਲ ਜੋੜਨਗੇ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਚੜ੍ਹ ਕੇ ਸਮਾਗਮ 'ਚ ਸ਼ਾਮਲ ਹੋਣ।

# ਗੁਰਸ਼ਰਨ ਕੌਰ ਰੰਧਾਵਾ ਨੇ ਡੇਰਾ ਬਿਆਸ ਮੁਖੀ ਨਾਲ ਕੀਤੀ ਮੁਲਾਕਾਤ

## ਡੇਰੇ ਵੱਲੋਂ ਕੀਤੇ ਸਮਾਜਿਕ ਕੰਮਾਂ ਦੀ ਕੀਤੀ ਸ਼ਲਾਘਾ ਤੇ ਲਿਆ ਆਸ਼ੀਰਵਾਦ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਮਹਿਲਾ ਕਾਂਗਰਸ ਦੇ ਪ੍ਰਧਾਨ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬੀਬੀ ਗੁਰਸ਼ਰਨ ਕੌਰ ਰੰਧਾਵਾ ਨੇ ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਮੁਲਾਕਾਤ ਕੀਤੀ ਹੈ ਅਤੇ ਉਨ੍ਹਾਂ ਪਾਸੋਂ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੁਲਾਕਾਤ ਸਬੰਧੀ ਉਨ੍ਹਾਂ ਕਿਹਾ ਕਿ ਰਾਧਾ ਸੁਆਮੀ (ਸਤਿਸੰਗ ਬਿਆਸ) ਦੇ ਅਧਿਆਤਮਿਕ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਦੇ ਦਰਸ਼ਨ ਕਰਨ ਦਾ ਜੋ ਸੁਭਾਗ ਪ੍ਰਾਪਤ ਹੋਇਆ ਹੈ, ਉਹ ਆਪਣੇ ਆਪ ਨੂੰ ਬਹੁਤ ਖੁਸ਼ ਕਿਸਮਤ ਮੰਨਦੇ ਹਨ ਤੇ ਬਾਬਾ ਜੀ ਦੇ ਦਰਸ਼ਨ ਕਰਕੇ ਬਹੁਤ ਹੀ ਸਕੂਨ ਮਿਲਿਆ ਹੈ।ਉਨ੍ਹਾਂ ਕਿਹਾ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਵੱਲੋਂ ਲਗਾਤਾਰ ਕਈ ਦਹਾਕਿਆਂ ਤੋਂ ਸਮਾਜ ਵਿੱਚ ਅਧਿਆਤਮਿਕ ਚੇਤਨਾ ਜਗਾ ਕੇ ਮਨੁੱਖਤਾ ਤੇ ਸਮਾਜ ਸੇਵਾ ਦਾ ਜੋ ਕਾਰਜ ਕੀਤਾ ਜਾ ਰਿਹਾ ਹੈ, ਉਹ ਆਪਣੇ ਆਪ ਵਿੱਚ ਅਦਭੁੱਤ ਤੇ ਪ੍ਰੇਰਣਾਦਾਇਕ ਹੈ।

ਇਸ ਮੁਲਾਕਾਤ ਦੌਰਾਨ ਉਨ੍ਹਾਂ ਡੇਰੇ ਵਿੱਚ ਚੱਲ ਰਹੀਆਂ ਧਾਰਮਿਕ ਤੇ ਸਮਾਜਕ ਸਰਗਰਮੀਆਂ ਬਾਰੇ ਜਾਣਕਾਰੀ ਹਾਸਲ ਕੀਤੀ। ਬੀਬੀ ਰੰਧਾਵਾ ਨੇ ਡੇਰਾ ਬਿਆਸ ਵੱਲੋਂ ਕੁਦਰਤੀ ਆਫਤ ਕੋਰੋਨਾ ਤੇ ਪੰਜਾਬ ਵਿੱਚ ਆਏ ਹੜ੍ਹਾਂ ਮੌਕੇ ਕੀਤੀ ਸਮਾਜ ਸੇਵਾ ਦੀ ਰੱਜ ਕੇ ਸ਼ਲਾਘਾ ਕੀਤੀ।ਇਸ ਮੌਕੇ ਬੀਬੀ ਰੰਧਾਵਾ ਦੇ ਨਾਲ ਡੇਰੇ ਨਾਲ ਪੁਰਾਣੇ ਜੁੜੇ ਕ੍ਰਿਸ਼ਨ ਕੁਮਾਰ ਖੁਰਮੀ (ਕ੍ਰਿਸ਼ਨ ਜੀਊਲਰਜ਼ ਪਟਿਆਲਾ) ਸੱਭਿਆਚਾਰ ਮੰਚ ਪੰਜਾਬ ਦੇ ਪ੍ਰਧਾਨ ਤੇ ਪੋਲੀਵੁੱਡ ਪੋਸਟ ਦੇ ਮਾਲਕ ਹਰਜਿੰਦਰ ਸਿੰਘ ਜਵੰਦਾ, ਅਜੀਤਪਾਲ ਸਿੰਘ ਅਨੰਦਪੁਰ ਸਾਹਿਬ, ਗਰੀਸ਼ ਮਠਾੜੂ ਦੁਬਈ ਤੇ ਜਸਵਿੰਦਰ ਰੰਧਾਵਾ ਸਾਬਕਾ ਪ੍ਰਧਾਨ ਜ਼ਿਲ੍ਹਾ ਯੂਥ ਕਾਂਗਰਸ ਪਟਿਆਲਾ ਹਾਜ਼ਰ ਰਹੇ।

# ਮਹਿੰਦਰ ਸਿੰਘ ਸੂਚ ਨਮਿੱਤ ਸ਼ਰਧਾਂਜਲੀ ਸਮਾਗਮ ਅੱਜ



ਇਸ ਨਾਸ਼ਵਾਨ ਦੁਨੀਆ 'ਤੇ ਜੋ ਜੀਵ ਪੈਦਾ ਹੋਇਆ ਹੈ, ਉਸ ਆਖ਼ਰ ਇਸ ਦੁਨੀਆ ਤੋਂ ਰੁਖਸਤ ਹੋਣਾ ਹੀ ਹੈ।ਇਹ ਕੁਦਰਤ ਦਾ ਅਟੱਲ ਨਿਯਮ ਹੈ।ਬੱਸ ਗੱਡੀ ਇਸੇ ਤੋਰ ਤੁਰਦੀ ਹੈ, ਕੋਈ ਆ ਗਿਆ ਤੇ ਕੋਈ ਚਲਾ ਗਿਆ।ਸ੍ਰ. ਮਹਿੰਦਰ ਸਿੰਘ ਸੂਚ ਦਾ ਜਨਮ 10-4-1943 ਨੂੰ ਸ੍ਰ. ਕਾਕਾ ਸਿੰਘ ਦੇ ਘਰ ਮਾਤਾ ਗੋਬਿੰਦ ਕੌਰ ਦੀ ਕੁੱਖੋਂ ਪਿੰਡ ਛਾਜਲੀ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ।ਆਪ ਪਰਿਵਾਰ ਵਿੱਚ ਤਿੰਨ ਭਰਾ ਤੇ ਦੋ ਭੈਣਾਂ ਸਨ।ਉਸ ਨੇ ਹੱਸਦੇ-ਖੇਡਦੇ ਮੁੱਢਲੀ ਵਿੱਦਿਆ ਪਿੰਡ ਦੇ ਸਰਕਾਰੀ ਸਕੂਲ ਵਿੱਚ ਪ੍ਰਾਪਤ ਕੀਤੀ।ਜਲਦੀ ਹੀ ਪੈਪਸੂ ਰੋਡਵੇਜ਼ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਨੌਕਰੀ ਕਰ ਲਈ, ਜਿੱਥੇ ਉਨ੍ਹਾਂ 21 ਸਾਲ ਦੀ ਸਾਫ਼-ਸੁਥਰੀ ਤੇ ਬੇਦਾਗ ਨੌਕਰੀ ਕਰਕੇ ਰਿਟਾਇਰਮੈਂਟ ਲੈ ਕੇ ਘਰ ਆਏ।ਉਨ੍ਹਾਂ ਦੀ ਸ਼ਾਦੀ ਮੌੜ ਮੰਡੀ ਵਿਖੇ ਅਮਰਜੀਤ ਕੌਰ ਨਾਲ ਹੋਈ, ਜਿਨ੍ਹਾਂ ਦੇ ਘਰ ਦੋ ਬੇਟੇ ਤੇ ਦੋ ਬੇਟੀਆਂ ਨੇ ਜਨਮ ਲਿਆ।ਇਨ੍ਹਾਂ ਵਿੱਚੋਂ ਵੱਡਾ ਬੇਟਾ ਕੁਲਵੰਤ ਸਿੰਘ ਸੂਚ ਪੰਜਾਬ ਪੁਲਸ ਵਿੱਚ ਸੇਵਾ ਨਿਭਾਅ ਰਿਹਾ ਹੈ ਤੇ ਛੋਟਾ ਬੇਟਾ ਹਰਬੰਸ ਸਿੰਘ ਸੂਚ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਹੈ, ਆਮ ਆਦਮੀ ਪਾਰਟੀ ਦੇ ਕਿਸਾਨ ਵਿੰਗ ਦੇ ਜਾਇੰਟ ਸੱਕਤਰ ਹਨ ਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਮਾਨ ਦੇ ਨੇੜੇ ਹਨ।ਦੋਨੋਂ ਬੇਟੀਆਂ ਆਪੋ-ਆਪਣੇ ਘਰੀ ਸੈੱਟ ਹਨ।ਪੋਤਰੇ ਲਵਪ੍ਰੀਤ ਸਿੰਘ (ਨਿਊਜ਼ੀਲੈਂਡ), ਡਾ. ਪ੍ਰਦੀਪ ਸਿੰਘ ਸੂਚ ਐੱਮ.ਬੀ.ਬੀ.ਐੱਸ ਤੇ ਰਮਨਦੀਪ ਸਿੰਘ ਸੂਚ ਬੀ.ਏ. ਐੱਲ.ਐੱਲ.ਬੀ. ਕਰ ਰਹੇ ਹਨ।ਸਾਰੇ ਪਰਿਵਾਰ ਨੂੰ ਸੈੱਟ ਕਰਕੇ ਸ੍ਰ. ਮਹਿੰਦਰ ਸਿੰਘ ਪਿਛਲੇ ਦਿਨੀਂ 21 ਸਤੰਬਰ ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ।ਉਨ੍ਹਾਂ ਦੀ ਆਤਮਿਕ ਸ਼ਾਂਤੀ ਦੀ ਅਰਦਾਸ ਤੇ ਸ਼ਰਧਾਂਜਲੀ ਸਮਾਗਮ 28 ਸਤੰਬਰ ਐਤਵਾਰ ਗੁਰਦੁਆਰਾ ਸ੍ਰੀ ਸੰਗਤਸਰ ਨੇੜੇ ਦਾਣਾ ਮੰਡੀ ਛਾਜਲੀ ਵਿਖੇ ਹੋਵੇਗਾ।

**-ਜਸਵੀਰ ਲਾਡੀ, ਛਾਜਲੀ**

# ਸਮਾਜ ਸੇਵੀ ਰੁਲਦੂ ਰਾਮ ਜੈਨ 'ਗਰੀਬਾਂ ਦਾ ਮਸੀਹਾ' ਉਪਾਧੀ ਨਾਲ ਸਨਮਾਨਤ

## ਜੈਨ ਸੰਤਾਂ ਦੀ ਪ੍ਰੇਰਣਾ ਨਾਲ ਜੈਨ ਵੱਲੋਂ ਸਾਰੇ ਅਹੁਦਿਆਂ ਦਾ ਤਿਆਗ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਕਾਲਾਂਵਾਲੀ 'ਚ ਜੈਨ ਸੰਤਾਂ ਦੇ ਅਸ਼ੀਰਵਾਦ ਨਾਲ ਸਮੁੱਚੇ ਜੈਨ ਭਾਈਚਾਰੇ ਵੱਲੋਂ ਖੇਤਰ ਦੀ ਪ੍ਰਸਿੱਧ ਸ਼ਖਸੀਅਤ ਤੇ ਜੈਨ ਸਭਾ ਕਾਲਾਂਵਾਲੀ ਦੇ ਸਾਬਕਾ ਮੁਖੀ ਅਤੇ ਸਰਪ੍ਰਸਤ ਰੁਲਦੂ ਰਾਮ ਜੈਨ ਉਰਫ (ਰੱਬ ਜੀ) ਨੂੰ ਸਮਾਜ ਵਿੱਚ ਉਨ੍ਹਾਂ ਦੇ ਅਦੁੱਤੀ ਯੋਗਦਾਨ ਤੇ ਗਰੀਬਾਂ ਦੀ ਸੇਵਾ ਲਈ 'ਗਰੀਬਾਂ ਦੇ ਮਸੀਹਾ' ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਇਸ ਵਿਸ਼ੇਸ਼ ਮੌਕੇ ਰੁਲਦੂ ਰਾਮ ਜੈਨ (82) ਨੇ ਸਾਧਵੀ ਸ਼੍ਰੀ ਸਰਵਗਿਆ ਪ੍ਰਭਾ ਜੀ ਤੋਂ ਪ੍ਰੇਰਣਾ ਲੈ ਕੇ ਸਾਰੇ ਅਹੁਦਿਆਂ ਨੂੰ ਤਿਆਗਣ ਦਾ ਐਲਾਨ ਕੀਤਾ। ਇਸ ਸਮਾਗਮ ਵਿੱਚ ਮਹਾਂਸਾਧਵੀ ਸ਼੍ਰੀ ਸਰਵਗਿਆ ਪ੍ਰਭਾ ਜੀ ਨੇ ਆਪਣੇ ਪੈਰੋਕਰਾਂ ਨੂੰ ਕਿਹਾ ਕਿ ਸਾਨੂੰ ਵੱਡ ਵਡੇਰਿਆਂ ਦੀ ਮੌਤ ਹੋ ਜਾਣ 'ਤੇ ਮਠਿਆਈਆਂ ਆਦਿ ਪਕਾਉਣ ਵਰਗੀਆਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਦੀ ਥਾਂ ਗਰੀਬਾਂ ਦੀ ਸੇਵਾ ਅਤੇ ਸਾਦਾ ਲੰਗਰ ਲਾਉਣਾ ਚਾਹੀਦਾ ਹੈ। ਮਹਾਂ ਸਾਧਵੀ ਸਰਵਗਿਆ ਪ੍ਰਭਾ ਨੇ ਵਿਸ਼ੇਸ਼ ਤੌਰ 'ਤੇ ਕਿਹਾ ਕਿ ਸਮਾਜ ਉਦੋਂ ਹੀ ਤਰੱਕੀ ਕਰੇਗਾ, ਜਦੋਂ ਅਸੀਂ ਬੁਰੇ ਕੰਮ ਤਿਆਗ ਕੇ ਮਨੁੱਖਤਾ ਦੀ ਸੇਵਾ ਤੇ ਸਾਦਗੀ ਵੱਲ ਵਧਾਂਗੇ। ਜੈਨ ਸੰਤਾਂ ਤੋਂ ਪ੍ਰੇਰਿਤ ਹੋ ਕੇ ਜੈਨ ਭਾਈਚਾਰੇ ਨੇ ਸਰਬਸੰਮਤੀ ਨਾਲ ਫੈਸਲਾ ਕੀਤਾ ਕਿ ਹੁਣ ਤੋਂ ਮਰਗ ਮੌਕੇ ਕੋਈ ਵੀ ਅਡੰਬਰ ਨਹੀ ਕੀਤਾ ਜਾਵੇਗਾ। ਇਸ ਮੌਕੇ ਜੈਨ ਸਭਾ ਦੇ ਸਰਪ੍ਰਸਤ ਗਿਆਨਚੰਦ ਜੈਨ ਨੇ ਕਿਹਾ ਕਿ ਰੁਲਦੂ ਰਾਮ ਜੈਨ ਨੇ ਹਮੇਸ਼ਾ ਆਪਣੇ ਜੀਵਨ ਵਿੱਚ ਸਮਾਜ ਸੇਵਾ ਤੇ ਧਾਰਮਿਕ ਵਿਸ਼ਵਾਸ ਦੀ ਮਿਸਾਲ ਕਾਇਮ ਕੀਤੀ, ਜਿਸ ਲਈ ਅਜ ਉਨ੍ਹਾਂ ਨੂੰ ਗਰੀਬਾਂ ਦੇ ਮਸੀਹਾ ਦਾ ਖਿਤਾਬ ਦਿੱਤਾ ਗਿਆ ਹੈ। ਇਸ ਮੌਕੇ ਸੇਠ ਰੁਲਦੂ ਰਾਮ ਜੈਨ ਦੇ ਸਪੁੱਤਰ ਆੜ੍ਹਤੀ ਐਸੋਸੀਏਸ਼ਨ ਸਿਰਸਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਦੀਪ ਜੈਨ ਦੂਜੇ ਸਪੁਤਰ ਐੱਸ ਜੈਨ ਸਭਾ ਦੇ ਪ੍ਰਧਾਨ ਸੰਦੀਪ ਜੈਨ ਤੇ ਤੀਜੇ ਸਪੁੱਤਰ ਲਵਲੀਨ ਜੈਨ ਸਮੇਤ ਸਮੁਚੇ ਪਰਵਾਰ ਵੱਲੋਂ ਘਰ ਆਏ ਸਾਰੇ ਜੈਨ ਭਾਈਚਾਰੇ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ ਅਤੇ ਜੈਨ ਸੰਤਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਰਾਕੇਸ਼ ਜੈਨ, ਨਵੀਨ ਜੈਨ, ਹੈਪੀ ਜੈਨ, ਮੰਗਤ ਰਾਏ ਜੈਨ, ਸਰਪ੍ਰਸਤ ਗਿਆਨ ਚੰਦ ਜੈਨ, ਸੁਖਰਾਮ ਫੱਤਾ; ਡਾ. ਰਾਜੇਸ਼ ਦੀਪ ਗੋਇਲ, ਨਰੇਸ਼ ਗਰਗ ਜੈਨ, ਮਹਿਲਾ ਬੋਰਡ ਪ੍ਰਧਾਨ ਨਿਰਮਲਾ ਜੈਨ, ਊਸ਼ਾ ਜੈਨ, ਬਬਲੀ ਜੈਨ, ਬਬੀਤਾ ਜੈਨ, ਤਨੂਜਾ ਜੈਨ, ਤਨੂ ਜੈਨ, ਬੰਦਨਾ ਜੈਨ ਤੇ ਕੇਸ਼ਵ ਜੈਨ ਨੇ ਭਾਈਚਾਰੇ ਦੇ ਫੈਸਲੇ ਦਾ ਸਵਾਗਤ ਕੀਤਾ ਅਤੇ ਮ੍ਰਿਤੂ ਭੋਜ ਤਿਆਗਣ ਦਾ ਪ੍ਰਣ ਲਿਆ।

# ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਤਿੱਖੇ ਸੰਘਰਸ਼ ਦਾ ਐਲਾਨ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸੂਬਾ ਕਮੇਟੀ ਮੈਂਬਰਾਂ ਦੀ ਮੀਟਿੰਗ ਵਿੱਚ ਸੂਬਾ ਕਮੇਟੀ ਮੈਂਬਰ ਸਾਹਿਬਾਨਾਂ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਹੈ ਕਿ ਸਰਕਾਰੀ ਆਈ ਟੀ ਆਈਜ਼ ਠੇਕਾ ਮੁਲਾਜ਼ਮ ਯੂਨੀਅਨ ਪੰਜਾਬ ਦੇ ਬੈਨਰ ਹੇਠ ਆਮ ਆਦਮੀ ਪਾਰਟੀ ਪ੍ਰਧਾਨ, ਕੱਚਿਆਂ ਨੂੰ ਪੱਕਾ ਕਰਨ ਲਈ ਬਣਾਈ ਸਬ ਕਮੇਟੀ ਦੇ ਮੈਂਬਰ ਤੇ ਕੈਬਨਿਟ ਮੰਤਰੀ ਸ੍ਰੀ ਅਮਨ ਅਰੋੜਾ ਦੇ ਹਲਕੇ ਸੁਨਾਮ ਵਿਖੇ 5 ਅਕਤੂਬਰ 25 ਨੂੰ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਉਨ੍ਹਾਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ।ਸੂਬਾ ਕਮੇਟੀ/ਮੈਂਬਰ ਮੈਡਮ ਕਰਮਜੀਤ ਕੌਰ ਤੇ ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਅਸੀਂ ਪਿਛਲੇ 15-16 ਸਾਲਾਂ ਤੋਂ ਪੰਜਾਬ ਦੀਆਂ ਸਰਕਾਰੀ ਆਈ ਟੀ ਆਈਜ਼ ਵਿੱਚ ਗਰੁੱਪ ਬੀ ਕਰਾਫਟ ਇੰਸਟਰਕਟਰ ਵਜੋਂ ਬਿਨਾਂ ਕਿਸੇ ਸਰਕਾਰੀ ਸਹੂਲਤਾਂ ਤੋਂ ਠੇਕੇ ਉੱਪਰ ਸਿਰਫ਼ 15000 ਪ੍ਰਤੀ ਮਹੀਨਾ ਉੱਪਰ ਆਪਣਾ ਸ਼ੋਸ਼ਣ ਕਰਵਾ ਰਹੇ ਹਾਂ।ਸਾਡੀ ਭਰਤੀ ਵਿਭਾਗ ਵੱਲੋਂ ਸਮੇਂ ਸਮੇਂ ਉੱਪਰ ਜਾਰੀ ਹਦਾਇਤਾਂ ਰਾਹੀਂ ਪਾਰਦਰਸ਼ੀ ਢੰਗ ਨਾਲ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇ ਕੇ, ਰੋਜ਼ਗਾਰ ਦਫ਼ਤਰਾਂ ਰਾਹੀਂ ਕੀਤੀ ਗਈ ਹੈ।ਅਸੀਂ ਡੀ ਜੀ ਟੀ ਭਾਰਤ ਸਰਕਾਰ ਵੱਲੋਂ ਮੰਗੀਆਂ ਜਾਂਦੀਆਂ ਸਾਰੀਆਂ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਹਾਂ, ਪ੍ਰੰਤੂ ਫਿਰ ਵੀ ਸਾਡੇ ਨਾਲ ਪੰਜਾਬ ਸਰਕਾਰ ਸ਼ਰੇਆਮ ਧੱਕਾ ਕਰ ਰਹੀ ਹੈ। ਅਸੀਂ ਆਮ ਆਦਮੀ ਪਾਰਟੀ ਦੀ ਸਰਕਾਰ ਲਿਆਉਣ ਲਈ ਬਹੁਤ ਮਿਹਨਤ ਕੀਤੀ ਸੀ ਕਿ ਸ਼ਾਇਦ ਇਹ ਪਾਰਟੀ ਸਾਡੀਆਂ ਮੰਗਾਂ ਪੂਰੀਆਂ ਕਰੇਗੀ ਪ੍ਰੰਤੂ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਨਿਕਲੀ।ਅਸੀਂ ਇਸ ਸਰਕਾਰ ਵਿੱਚ ਪਿਛਲੇ 3 ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲੇ ਇਸੇ ਦੇ ਚੱਲਦਿਆਂ ਬਹੁਤ ਵਾਰ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਵਿੱਤ ਮੰਤਰੀ ਹਰਪਾਲ ਚੀਮਾਂ, ਕੈਬਨਿਟ ਮੰਤਰੀ ਅਮਨ ਅਰੋੜਾ ਤੇ ਹੋਰ ਕੈਬਨਿਟ ਮੰਤਰੀਆਂ ਨੂੰ ਮਿਲ ਚੁੱਕੇ ਹਾਂ, ਪ੍ਰੰਤੂ ਇਨ੍ਹਾਂ ਵਿੱਚੋਂ ਕਿਸੇ ਨੇ ਵੀ ਸਾਡੀ ਗੱਲ ਉੱਪਰ ਗੌਰ ਨਹੀਂ ਕੀਤੀ।ਇਸ ਤੋਂ ਇਲਾਵਾ ਆਮ ਲੋਕਾਂ ਦੇ ਮੁੱਖ ਮੰਤਰੀ ਕਹਾਉਣ ਵਾਲੇ ਭਗਵੰਤ ਮਾਨ ਦੀ ਸਰਕਾਰੀ ਕੋਠੀ ਦੇ 50-60 ਚੱਕਰ ਲਗਾ ਚੁੱਕੇ ਹਾਂ, ਪ੍ਰੰਤੂ ਉਨ੍ਹਾਂ ਵੱਲੋਂ ਅੱਜ ਤੱਕ ਇੱਕ ਮਿੰਟ ਦਾ ਵੀ ਸਮਾਂ ਨਹੀਂ ਦਿੱਤਾ ਗਿਆ।ਹੁਣ ਜਥੇਬੰਦੀ ਨੇ ਮਜਬੂਰ ਹੋ ਕੇ ਪੰਜਾਬ ਸਰਕਾਰ ਵਿਰੁੱਧ ਖੁੱਲ੍ਹ ਕੇ ਸੰਘਰਸ਼ ਕਰਨ ਦਾ ਐਲਾਨ ਕੀਤਾ ਹੈ।ਇਸੇ ਦੇ ਚੱਲਦਿਆਂ ਸੰਘਰਸ਼ ਦੀ ਸ਼ੁਰੂਆਤ ਪਾਰਟੀ ਪ੍ਰਧਾਨ ਅਮਨ ਅਰੋੜਾ ਦੇ ਹਲਕੇ ਸੁਨਾਮ ਤੋਂ 5 ਅਕਤੂਬਰ 25 ਨੂੰ ਧਰਨਾ ਦੇ ਕੇ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਉੱਪਰ ਧਿਆਨ ਨਹੀਂ ਦੇਵੇਗੀ ਤਾਂ ਆਉਣ ਵਾਲੇ ਦਿਨਾਂ ਵਿੱਚ ਬਾਕੀ ਕੈਬਨਿਟ ਮੰਤਰੀਆਂ ਦੀ ਕੋਠੀ ਦਾ ਘਿਰਾਓ ਕੀਤਾ ਜਾਵੇਗਾ ਅਤੇ ਮੁੱਖ ਮੰਤਰੀ ਦੀ ਕੋਠੀ ਦਾ ਘਿਰਾਓ ਵੀ ਕੀਤਾ ਜਾਵੇਗਾ।

# ਦਰਬਾਰ ਸਾਹਿਬ ਦੀ ਏ ਆਈ ਰਾਹੀਂ ਤਿਆਰ ਕੀਤੀ ਵੀਡੀਓ ਦੀ ਜ਼ੋਰਦਾਰ ਨਿੰਦਾ

**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪਿਛਲੇ ਕੁਝ ਅਰਸੇ ਤੋਂ ਲਗਾਤਾਰ ਏ. ਆਈ. ਰਾਹੀਂ ਤਿਆਰ ਕੀਤੀਆਂ ਜਾ ਰਹੀਆਂ ਦਰਬਾਰ ਸਾਹਿਬ ਨਾਲ਼ ਸੰਬੰਧਤ ਵਿਵਾਦਿਤ ਤੇ ਇਤਰਾਜ਼ਯੋਗ ਵੀਡੀਓ ਸੰਬੰਧੀ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਜ਼ਿਕਰਯੋਗ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਦੁਆਰਾ ਹਰਿਮੰਦਰ ਸਾਹਿਬ ਦੇ ਪਾਕ-ਪਵਿੱਤਰ ਅਕਸ ਅਤੇ ਸਿੱਖ ਇਤਿਹਾਸ ਦੇ ਸਦੀਵੀਂ ਸੱਚ ਨੂੰ ਵਿਗਾੜਨ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ।ਇਸੇ ਤਹਿਤ ਕਦੇ ਤਾਂ ਦਰਬਾਰ ਸਾਹਿਬ 'ਤੇ ਬੰਬਾਂ ਦੇ ਹਮਲੇ, ਕਦੇ ਢਹਿ-ਢੇਰੀ ਕੀਤੇ ਜਾਣ ਦੇ ਦ੍ਰਿਸ਼ ਜਾਂ ਜਨੌਰਾਂ ਤੇ ਜਾਨਵਰਾਂ ਦੇ ਅਣਸੁਖਾਵੇਂ ਦ੍ਰਿਸ਼ਾਂ ਰਾਹੀਂ ਸਿੱਖ ਭਾਵਨਾਵਾਂ ਨੂੰ ਵਲੂੰਧਰਿਆ ਜਾ ਰਿਹਾ ਹੈ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਜੀ ਦੀ ਅਗਵਾਈ ਹੇਠ ਸਮੁੱਚੇ ਸਟਾਫ਼ ਵੱਲੋਂ ਅਜਿਹੀਆਂ ਘਿਨੌਣੀਆਂ ਹਰਕਤਾਂ ਲਈ ਜ਼ਿੰਮੇਵਾਰ ਅਨਸਰਾਂ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਅਪੀਲ ਕੀਤੀ ਗਈ । ਸੰਸਥਾ ਮੁਖੀ ਡਾ. ਗਗਨਦੀਪ ਸਿੰਘ ਵੱਲੋਂ ਅਜਿਹੇ ਅਨਸਰਾਂ ਦੇ ਨਾਪਾਕ ਇਰਾਦਿਆਂ ਤੇ ਨਾ-ਸਹਿਣਯੋਗ ਹਰਕਤਾਂ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।

# ਵਿਧਾਇਕਾ ਮਾਣੂੰਕੇ ਨੇ ਝੋਨੇ ਦੀ ਸਰਕਾਰੀ ਖਰੀਦ ਦਾ ਕੀਤਾ ਉਦਘਾਟਨ



**ਜਗਰਾਉਂ (ਅਮਿਤ ਖੰਨਾ)**- ਏਸ਼ੀਆ ਦੀ ਦੂਜੀ ਸਭ ਤੋਂ ਵੱਡੀ ਅਨਾਜ ਮੰਡੀ ਜਗਰਾਉਂ ਵਿੱਚ ਝੋਨੇ ਦੀ ਖਰੀਦ ਸ਼ੁਰੂ ਹੋਈ।ਮਾਰਕਫੈੱਡ ਖਰੀਦ ਏਜੰਸੀ ਵੱਲੋਂ ਨਿੱਕਾ ਸਿੰਘ ਅਜਾਇਬ ਸਿੰਘ ਦੀ ਕਮਿਸ਼ਨ ਏਜੰਟ ਦੀ ਦੁਕਾਨ ਤੋਂ ਝੋਨਾ ਖਰੀਦਿਆ ਗਿਆ।ਪਿੰਡ ਕੋਠੇ ਹਾਂਸ ਕਲਾਂ ਦੇ ਕਿਸਾਨ ਗੁਰਮੇਲ ਸਿੰਘ ਦੇ ਪੁੱਤਰ ਸੁਖਵਿੰਦਰ ਸਿੰਘ ਨੇ ਆਪਣਾ ਝੋਨਾ ਸਰਕਾਰ ਦੇ 2,389 ਰੁਪਏ ਦੇ ਘੱਟੋ-ਘੱਟ ਸਮਰਥਨ ਮੁੱਲ 'ਤੇ ਵੇਚਿਆ।ਮੰਡੀ ਸਕੱਤਰ ਕਵਲਪ੍ਰੀਤ ਸਿੰਘ ਕਸਲੀ ਨੇ ਦੱਸਿਆ ਕਿ ਪੰਜਾਬ ਵਿੱਚ ਝੋਨੇ ਦੀ ਖਰੀਦ 16 ਸਤੰਬਰ ਨੂੰ ਸ਼ੁਰੂ ਹੋਈ ਸੀ, ਪਰ ਬਰਸਾਤ ਦੇ ਮੌਸਮ ਕਾਰਨ ਜਗਰਾਉਂ ਮੰਡੀ ਵਿੱਚ ਖਰੀਦ ਪ੍ਰਕਿਰਿਆ ਵਿੱਚ ਦੇਰੀ ਹੋ ਗਈ।ਸਥਾਨਕ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਖਰੀਦ ਪ੍ਰਕਿਰਿਆ ਦਾ ਉਦਘਾਟਨ ਕਰਨ ਲਈ ਮੰਡੀ ਵਿੱਚ ਪਹੁੰਚੇ।ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਘਨੱਈਆ ਗੁਪਤਾ ਬਾਂਕਾ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਝੋਨਾ ਸੁੱਕਣ ਤੋਂ ਬਾਅਦ ਹੀ ਮੰਡੀ ਵਿੱਚ ਲਿਆਉਣ, ਤਾਂ ਜੋ ਖਰੀਦ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਤੋਂ ਬਚਿਆ ਜਾ ਸਕੇ।ਅਧਿਕਾਰੀਆਂ ਨੇ ਇਸ ਸਾਲ ਹੜ੍ਹਾਂ ਕਾਰਨ ਹੋਏ ਫਸਲ ਦੇ ਨੁਕਸਾਨ ਦੇ ਮੱਦੇਨਜ਼ਰ ਸ਼ੈਲਰ ਮਾਲਕਾਂ ਨੂੰ ਸਹਿਯੋਗ ਦੀ ਅਪੀਲ ਵੀ ਕੀਤੀ।ਮਾਰਕੀਟ ਕਮੇਟੀ ਨੇ ਭਰੋਸਾ ਦਿੱਤਾ ਕਿ ਮੰਡੀ ਵਿੱਚ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ ਤੇ ਕਿਸਾਨਾਂ ਦੀ ਫ਼ਸਲ ਆਉਂਦੇ ਹੀ ਇਸ ਦੀ ਖਰੀਦ ਯਕੀਨੀ ਬਣਾਈ ਜਾਵੇਗੀ।ਅਨਾਜ ਮੰਡੀ ਵਿੱਚ ਝੋਨੇ ਦੀ ਖਰੀਦ ਮੌਕੇ ਸੁਪਰਡੈਂਟ ਰਵਿੰਦਰ ਸਿੰਘ ਪੱਬੀ, ਮੰਡੀ ਸੁਪਰਵਾਈਜ਼ਰ ਜਸਪ੍ਰੀਤ ਕੌਰ, ਮਾਰਕਫੈੱਡ ਇੰਸਪੈਕਟਰ ਸਤਨਾਮ ਸਿੰਘ, ਵੇਅਰਹਾਊਸ ਇੰਸਪੈਕਟਰ ਵਿਜੇ ਕੁਮਾਰ, ਪਨਸਪ ਇੰਸਪੈਕਟਰ ਹਰਪ੍ਰੀਤ ਸਿੰਘ, ਪਨਗ੍ਰੇਨ ਇੰਸਪੈਕਟਰ ਹਰਜੀਤ ਸਿੰਘ, ਆੜ੍ਹਤੀਆ ਐਸੋਸੀਏਸ਼ਨ ਜਗਰਾਉਂ ਦੇ ਪ੍ਰਧਾਨ ਘਨਈਆ ਗੁਪਤਾ ਬਾਂਕਾ, ਜ਼ਿਲ੍ਹਾ ਪ੍ਰਧਾਨ ਰਾਜਕੁਮਾਰ ਭੱਲਾ, ਜਨਰਲ ਸਕੱਤਰ ਜਤਿੰਦਰ ਸਿੰਘ ਸਰਾਂ, ਉਪ ਪ੍ਰਧਾਨ ਬਲਵਿੰਦਰ ਸਿੰਘ ਗਰੇਵਾਲ, ਉਪ ਪ੍ਰਧਾਨ ਗੁਰਮੀਤ ਸਿੰਘ ਦੋਧਰ, ਮਨੋਹਰ ਲਾਲ ਬੂਟਾ ਸਿੰਘ ਗਰੇਵਾਲ, ਅੰਮ੍ਰਿਤ ਪਾਲ ਸਿੰਘ ਆਸ਼ੂ ਮਿੱਤਲ, ਨਰਿੰਦਰ ਸਿਆਲ, ਉਪ ਪ੍ਰਧਾਨ ਨਵੀਨ ਸਿੰਗਲਾ ਤੇ ਨਵੀਨ ਗੋਇਲ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਅੰਦੋਲਨਕਾਰੀਆਂ 'ਤੇ ਗੋਲੀਬਾਰੀ ਤੇ ਚਾਰ ਨੌਜਵਾਨਾਂ ਦੀ ਮੌਤ ਦੀ ਲਿਬਰੇਸ਼ਨ ਵੱਲੋਂ ਸਖਤ ਨਿੰਦਾ

**ਮਾਨਸਾ (ਆਤਮਾ ਸਿੰਘ ਪਮਾਰ)**

ਲੱਦਾਖ ਆਦਿਵਾਸੀ ਖਿੱਤੇ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਤੇ ਇਸ ਵਿਸ਼ਾਲ ਖਿੱਤੇ ਨੂੰ ਸੂਬੇ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਵੱਡੇ ਪੱਧਰ 'ਤੇ ਹੋਏ ਵਿਰੋਧ ਪ੍ਰਦਰਸ਼ਨ ਦੌਰਾਨ ਲੰਘੀ 24 ਸਤੰਬਰ ਨੂੰ ਦੇਸ਼ ਵਿੱਚ ਪੁਲਸ ਗੋਲੀ ਨਾਲ ਚਾਰ ਨੌਜਵਾਨਾਂ ਨੂੰ ਕਤਲ ਤੇ ਕਰੀਬ ਸੱਠ ਨੂੰ ਫੱਟੜ ਕਰਨ ਦੀ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਵੱਲੋਂ ਸਖਤ ਨਿੰਦਾ ਕੀਤੀ ਗਈ।ਲਿਬਰੇਸ਼ਨ ਨੇ ਇਸ ਗੜਬੜ ਤੇ ਟਕਰਾਅ ਲਈ ਸੰਵੇਦਨਹੀਣ ਮੋਦੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ।ਪਾਰਟੀ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਇਸ ਭੜਕਾਹਟ ਤੇ ਟਕਰਾਅ ਲਈ ਲੱਦਾਖੀਆਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਤੋਂ ਵਾਂਝੇ ਕਰਨ, ਸੰਵਿਧਾਨ ਦੀ ਪਾਲਣਾ ਨਾ ਕਰਨ, ਦੇਸ਼ ਦੇ ਫੈਡਰਲ ਢਾਂਚੇ ਨੂੰ ਪੈਰਾਂ ਹੇਠ ਰੋਲਣ ਅਤੇ ਇਸ ਦੁਰੇਡੇ ਆਦਿਵਾਸੀ ਖਿੱਤੇ 'ਤੇ ਆਪਣੀ ਸਿਆਸੀ ਜਕੜ ਕਾਇਮ ਕਰਨ ਦੀਆਂ ਬੀਜੇਪੀ ਤੇ ਮੋਦੀ ਸਰਕਾਰ ਦੀਆਂ ਲਾਲਸਾਵਾਂ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

ਮੋਦੀ ਸਰਕਾਰ ਨੇ 2019 'ਚ ਮਨਮਾਨੇ ਢੰਗ ਨਾਲ ਧਾਰਾ 370 ਨੂੰ ਖਤਮ ਕਰਕੇ ਰਿਆਸਤ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਤੇ ਲੱਦਾਖ 'ਚ ਵੰਡ ਦਿੱਤਾ ਸੀ।ਇਨ੍ਹਾਂ ਦੋਹਾਂ ਹਿੱਸਿਆਂ ਦੇ ਲੋਕਾਂ ਵੱਲੋਂ ਸੂਬੇ ਦੇ ਦਰਜੇ ਨੂੰ ਮੁੜ ਬਹਾਲ ਕਰਨ ਦੀ ਮੰਗ ਲਗਾਤਾਰ ਉਠਾਈ ਜਾ ਰਹੀ ਹੈ।ਫਿਰ ਵੀ, ਮੋਦੀ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਨੇ ਲੋਕਾਂ ਦੀਆਂ ਲੋਕਤੰਤਰੀ ਇੱਛਾਵਾਂ ਵੱਲੋਂ ਪੂਰੀ ਤਰ੍ਹਾਂ ਅੱਖਾਂ ਮੀਟ ਰੱਖੀਆਂ ਹਨ।ਲੱਦਾਖ ਵਿੱਚ 24 ਸਤੰਬਰ ਨੂੰ ਹੋਏ ਵਿਰੋਧ ਪ੍ਰਦਰਸ਼ਨ, ਜਿਸ ਵਿੱਚ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ, ਲੋਕਾਂ ਦੇ ਅਧਿਕਾਰਾਂ ਤੇ ਮੰਗਾਂ ਪ੍ਰਤੀ ਸਾਲਾਂ ਤੋਂ ਜਾਰੀ ਦਮਨ ਵਿਰੁੱਧ ਵਧਦੇ ਹੋਏ ਗੁੱਸੇ ਨੂੰ ਦਰਸਾਉਂਦੇ ਹਨ, ਜਿੱਥੇ ਕੇਂਦਰ 'ਚ 2014 ਤੋਂ ਜਾਰੀ ਬੀਜੇਪੀ ਸ਼ਾਸਨ ਦੌਰਾਨ ਦੇਸ਼ 'ਚ ਮੁਸਲਿਮ ਤੇ ਈਸਾਈ ਧਾਰਮਿਕ ਘੱਟ ਗਿਣਤੀਆਂ ਤੇ ਕੇਂਦਰੀ ਭਾਰਤ ਦੇ ਆਦਿਵਾਸੀ ਇਲਾਕੇ ਪਹਿਲਾਂ ਹੀ ਤਿੱਖੀ ਫਿਰਕੂ ਨਫ਼ਰਤ ਤੇ ਹਕੂਮਤੀ ਹਮਲਿਆਂ ਦਾ ਨਿਸ਼ਾਨਾ ਬਣੇ ਹੋਏ ਹਨ, ਉੱਥੇ ਇਸ ਸੂਚੀ ਵਿੱਚ ਹੁਣ ਬੁੱਧਮਤ ਦੇ ਪੈਰੋਕਾਰ ਲੱਦਾਖੀਆਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ।

**ਮੁਸਲਿਮ ਤੇ ਈਸਾਈ ਭਾਈਚਾਰਿਆਂ ਤੋਂ ਬਾਅਦ ਹੁਣ ਲੱਦਾਖ਼ ਦੇ ਬੋਧੀ ਵੀ ਭਾਜਪਾ ਹਕੂਮਤ ਦੇ ਨਿਸ਼ਾਨੇ 'ਤੇ**

ਪਾਰਟੀ ਦੀ ਮੰਗ ਹੈ ਕਿ ਉਹ ਲੱਦਾਖ ਦੇ ਲੋਕਾਂ ਦੀਆਂ ਜਮਹੂਰੀ ਇੱਛਾਵਾਂ ਦਾ ਸਨਮਾਨ ਕਰੇ, ਉਨ੍ਹਾਂ ਨਾਲ ਤੁਰੰਤ ਮੰਗਾਂ ਬਾਰੇ ਗੱਲਬਾਤ ਆਰੰਭੇ ਅਤੇ ਲੱਦਾਖ਼ ਕਾਰਗਿਲ ਨੂੰ ਸੰਵਿਧਾਨ ਦੀ ਛੇਵੀਂ ਅਨੁਸੂਚੀ ਵਿੱਚ ਸ਼ਾਮਲ ਕਰਨ ਦੇ ਨਾਲ-ਨਾਲ ਸੂਬੇ ਦਾ ਦਰਜਾ ਵੀ ਬਹਾਲ ਕਰਨ ਨੂੰ ਯਕੀਨੀ ਬਣਾਇਆ ਜਾਵੇ।ਇਸ ਤੋਂ ਇਲਾਵਾ ਗੋਲੀ ਚਲਾ ਕੇ ਪ੍ਰਦਰਸ਼ਨਕਾਰੀ ਨੌਜਵਾਨਾਂ ਨੂੰ ਕਤਲ ਕਰਨ ਵਾਲੇ ਜ਼ਿੰਮੇਵਾਰ ਅਫਸਰਾਂ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਜਾਵੇ ਅਤੇ ਅਪਣੇ ਭਾਈਚਾਰੇ ਦੀਆਂ ਜਾਇਜ਼ ਮੰਗਾਂ ਲਈ ਜਾਨਾਂ ਦੇਣ ਵਾਲੇ ਇਨ੍ਹਾਂ ਨੌਜਵਾਨਾਂ ਦੇ ਪੀੜਤ ਪਰਵਾਰਾਂ ਨੂੰ ਤੁਰੰਤ ਢੁਕਵੀਂ ਆਰਥਿਕ ਸਹਾਇਤਾ ਦਿੱਤੀ ਜਾਵੇ।

# ਡਾ. ਸੀਮਾਂਤ ਗਰਗ ਤੇ ਪਰੂਥੀ ਪਰਵਾਰ ਨੇ ਕੀਤੇ ਦੇਵੀ ਭਗਵਤੀ ਦੇ ਦਰਸ਼ਨ

## ਕਮਲ ਦੁਆ ਨੇ ਭਜਨਾਂ ਨਾਲ ਸ਼ਰਧਾਲੂਆਂ ਨੂੰ ਕੀਤਾ ਮੰਤਰਮੁਗਧ



**ਮੋਗਾ (ਇਕਬਾਲ ਸਿੰਘ ਖਹਿਰਾ)**

ਅਨਮੋਲ ਵੈੱਲਫੇਅਰ ਕਲੱਬ ਵੱਲੋਂ ਨਵਰਾਤਰੇ ਮੌਕੇ ਪੁਰਾਣੀ ਦਾਨਾ ਮੰਡੀ ਵਿਖੇ 'ਮਈਆ ਦੇ ਸਮਾਗਮ' ਮੇਲੇ ਦੇ ਪੰਜਵੇਂ ਦਿਨ ਜਲੰਧਰ ਤੋਂ ਪਹੁੰਚੇ ਭਜਨ ਗਾਇਕ ਕਮਲ ਦੁਆ ਨੇ 'ਜੈ ਮਾਤਾ ਕੀ' ਦੇ ਜੈਕਾਰਿਆਂ ਵਿਚਕਾਰ ਦੇਵੀ ਭਗਵਤੀ ਦਾ ਗੁਣਗਾਨ ਕਰਕੇ ਤੇ ਪੰਡਾਲ ਵਿੱਚ ਸੁੰਦਰ ਭੇਟਾ ਚੜ੍ਹਾ ਕੇ ਸ਼ਰਧਾ ਫੈਲਾਈ।ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਤੇ ਪਰੂਥੀ ਪਰਵਾਰ ਨੇ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚ ਦਰਸ਼ਨ ਕੀਤੇ।ਸਭ ਤੋਂ ਪਹਿਲਾਂ ਪੰਡਿਤ ਰਾਹੁਲ ਕੁਮਾਰ ਗੌੜ ਦੀ ਅਗਵਾਈ ਹੇਠ ਸ਼ਰਮਾ ਟ੍ਰੈਵਲ ਦੇ ਐੱਮ ਡੀ ਕੁਲਦੀਪ ਗਰਗ ਤੇ ਅਰਿਸਕਾ ਗਰਗ ਨੇ ਆਪਣੇ ਪਰਵਾਰਾਂ ਸਮੇਤ ਪੂਜਾ ਦੀ ਰਸਮ ਨਿਭਾਈ।ਇਸ ਦੇ ਨਾਲ ਹੀ ਸ਼ਰਧਾਲੂਆਂ ਨੇ ਲੰਬੀਆਂ ਲਾਈਨਾਂ 'ਚ ਖੜ੍ਹੇ ਹੋ ਕੇ 25 ਸ਼ਕਤੀਪੀਠਾਂ ਮਾਂ ਚਿੰਨਮਸਤਿਕਾ ਦੇਵੀ ਚਿੰਤਪੁਰਨੀ, ਮਾਂ ਜਵਾਲਾ ਦੇਵੀ ਮਾਂ ਜਵਾਲਾ ਜੀ, ਮਾਂ ਤ੍ਰਿਪੁਰਮਾਲਿਨੀ ਦੇਵੀ ਜਲੰਧਰ, ਮਾਂ ਬਗਲਾਮੁਖੀ, ਮਾਂ ਕਾਂਗੜਾ ਦੇਵੀ ਹਿਮਾਚਲ ਪ੍ਰਦੇਸ਼, ਮਾਂ ਕਾਂਗੜਾ ਦੇਵੀ ਚਮਨਾਚਲ ਪ੍ਰਦੇਸ਼, ਮਾਚਲ ਪ੍ਰਦੇਸ਼, ਮਾਂ ਚਿੰਨਮਸਤਿਕਾ ਦੇਵੀ ਚਿੰਤਪੁਰਨੀ ਤੋਂ ਲਿਆਂਦੀਆਂ ਪਵਿੱਤਰ ਜੋਤਾਂ ਦੇ ਦਰਸ਼ਨ ਕੀਤੇ।ਇਸ ਮੌਕੇ ਜਲੰਧਰ ਤੋਂ ਪਹੁੰਚੇ ਭਜਨ ਗਾਇਕ ਕਮਲ ਦੁਆ ਨੇ 'ਅੱਜ ਮਈਆ ਤੇਰਾ ਜਗਰਾਤਾ ਅਸੀਂ ਨੱਚਣਾ ਸਾਰੀ ਰਾਤ...' ਆਦਿ ਗੀਤ ਗਾ ਕੇ ਸ਼ਰਧਾਲੂਆਂ ਨੂੰ ਮੰਤਰਮੁਗਧ ਕੀਤਾ।ਇਸ ਦੌਰਾਨ ਕਲੱਬ ਵੱਲੋਂ ਸਮਾਜ ਸੇਵਕ ਕੁਲਦੀਪ ਗਰਗ ਪਰਵਾਰ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਦੌਰਾਨ ਆਰਤੀ ਕੀਤੀ ਗਈ ਤੇ ਵਰਤ ਦਾ ਭੋਜਨ ਵੰਡਿਆ ਗਿਆ।ਇਸ ਮੌਕੇ ਕਲੱਬ ਦੇ ਪ੍ਰਧਾਨ ਰਾਜੇਸ਼ ਅਰੋੜਾ ਨੇ ਦੱਸਿਆ ਕਿ 1 ਅਕਤੂਬਰ ਤੱਕ ਜਾਰੀ ਰਹਿਣ ਵਾਲੇ ਇਸ ਮੇਲੇ ਵਿੱਚ ਹਰ ਰੋਜ਼ ਸ਼ਾਮ 7:30 ਵਜੇ ਤੋਂ ਰਾਤ 11 ਵਜੇ ਤੱਕ ਮਾਤਾ ਦੀ ਚੌਕੀ ਹੋਵੇਗੀ, ਜਿਸ ਵਿੱਚ ਵੱਖ-ਵੱਖ ਭਜਨ ਗਾਇਕ ਮਾਤਾ ਦੁਰਗਾ ਦਾ ਗੁਣਗਾਨ ਕਰਨਗੇ।ਮਾਤਾ ਦੀ ਚੌਕੀ ਤੋਂ ਬਾਅਦ, ਸ਼ਰਧਾਲੂਆਂ ਨੂੰ ਵਰਤ ਦਾ ਅਟੁੱਟ ਭੋਜਨ ਵੰਡਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਕੱਠ ਵਾਲੀ ਥਾਂ 'ਤੇ 25 ਸ਼ਕਤੀਪੀਠ ਗੁਰਧਾਮਾਂ ਤੋਂ ਲਿਆਂਦੇ ਗਏ ਪਵਿੱਤਰ ਦੀਵੇ ਰੱਖੇ ਗਏ ਹਨ, ਜਿਨ੍ਹਾਂ ਦੇ ਦਰਸ਼ਨ ਸ਼ਰਧਾਲੂ ਕਿਸੇ ਵੀ ਸਮੇਂ ਕਰ ਸਕਦੇ ਹਨ।ਇਸ ਮੌਕੇ ਕਲੱਬ ਦੇ ਪ੍ਰਧਾਨ ਰਾਜੇਸ਼ ਅਰੋੜਾ, ਸਰਪ੍ਰਸਤ ਹਰੀ ਚੰਦ ਸਿੰਗਲਾ, ਚੇਅਰਮੈਨ ਸੁਰਿੰਦਰ ਤਾਇਲ, ਵਾਈਸ ਚੇਅਰਮੈਨ ਪ੍ਰਲਾਦ ਕਾਲੜਾ, ਮੀਤ ਪ੍ਰਧਾਨ ਵਿਸ਼ਾਲ ਢੀਂਗਰਾ, ਸਕੱਤਰ ਵਿਵੇਕ ਮਜੀਠੀਆ, ਜੁਆਇੰਟ ਸੈਕਟਰੀ ਅਜੈ ਕਥੂਰੀਆ, ਖਜ਼ਾਨਚੀ ਐਡਵੋਕੇਟ ਪ੍ਰਵੀਨ ਸਚਦੇਵਾ, ਪ੍ਰੋਜੈਕਟ ਚੇਅਰਮੈਨ ਗੌਰਵ ਜਿੰਦਲ, ਕੋ-ਪ੍ਰੋਜੈਕਟ ਚੇਅਰਮੈਨ ਰਮੀਕਾਂਤ ਜੈਨਦੀਪ ਗੌਣਵੀਸ, ਕੋ-ਪ੍ਰੋਜੈਕਟ ਚੇਅਰਮੈਨ ਐਡਵੋਕੇਟ ਜੈਨਵੀਸ-ਏ. ਮਿੱਤਲ, ਪ੍ਰੈੱਸ ਸਕੱਤਰ ਕਪਿਲ ਕਪੂਰ, ਸਹਿ-ਪ੍ਰੈੱਸ ਸਕੱਤਰ ਪ੍ਰਿੰਸ ਗਾਬਾ, ਪ੍ਰਚਾਰ ਸਕੱਤਰ ਪਵਨ ਆਹੂਜਾ, ਸਹਿ-ਪ੍ਰਚਾਰ ਸਕੱਤਰ ਰਾਘਵ ਗੁਪਤਾ, ਸੋਸ਼ਲ ਮੀਡੀਆ ਇੰਚਾਰਜ ਅਕਸ਼ੈ ਗੁਲਾਟੀ, ਸੇਵਾ ਇੰਚਾਰਜ ਅਮਨਮ ਮਹਿੰਦੀ, ਸੇਵਾ ਇੰਚਾਰਜ ਜਗਨਚਨਨ ਸਿੰਘ ਜੱਗੀ, ਮੈਂਬਰ ਚਮਨ ਲਾਲ ਮਿੱਤਲ, ਸੁਸ਼ਾਂਤ ਮਜੀਠੀਆ, ਰਾਹੁਲ ਜਗੀਰੋ, ਅਸ਼ਵਨੀ, ਡੀ.ਜੀ. ਸੂਦ, ਰਾਜੇਸ਼ ਗੁਪਤਾ, ਡਾ. ਨਵੀਨ ਅਰੋੜਾ, ਸੀ. ਏ. ਇਸ ਮੌਕੇ ਰੋਹਿਤ ਸਿੰਗਲਾ ਤੋਂ ਇਲਾਵਾ ਸ਼ਹਿਰ ਦੀਆਂ ਧਾਰਮਿਕ, ਰਾਜਨੀਤਕ, ਸਮਾਜਿਕ ਸੰਸਥਾਵਾਂ ਦੇ ਅਧਿਕਾਰੀ ਤੇ ਸ਼ਹਿਰ ਵਾਸੀ ਹਾਜ਼ਰ ਸਨ।

# ਹੋਲੀ ਮੈਰੀ ਸਕੂਲ ਬਨੂੜ ਨੇ ਜ਼ੋਨਲ ਐਥਲੈਟਿਕਸ ਮੀਟ 'ਚ ਚੈਂਪੀਅਨਸ਼ਿਪ ਜਿੱਤੀ



**ਰਾਜਪੁਰਾ (ਰਮੇਸ਼ ਕਟਾਰੀਆ)**

ਹੋਲੀ ਮੈਰੀ ਸਕੂਲ ਬਨੂੜ ਨੇ ਜ਼ੋਨਲ ਐਥਲੈਟਿਕਸ ਮੀਟ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਆਲਓਵਰ ਚੈਂਪੀਅਨਸ਼ਿਪ ਜਿੱਤੀ। ਇਸ ਮੌਕੇ ਹੋਏ ਵੱਖ ਮੁਕਾਬਲਿਆਂ ਜਿਵੇਂ ਲੜਕੇ ਅੰਡਰ- 14 ਵਿੱਚ ਨਤੀਕ ਨੇ 100 ਮੀਟਰ ਅਤੇ 200 ਮੀਟਰ ਦੌੜਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ।ਤੁਸ਼ਾਰ ਨੇ ਲੌਂਗ ਜੰਪ, 400 ਮੀਟਰ ਤੇ ਮਨਵਿੰਦਰ ਨੇ 600 ਮੀਟਰ ਦੌੜ ਵਿੱਚ ਸੋਨੇ ਦਾ ਤਮਗਾ ਜਿੱਤਿਆ।4×100 ਰਿਲੇਅ ਰੇਸ ਵਿੱਚ ਨਤੀਕ, ਤੁਸ਼ਾਰ, ਦੀਪੰਸ਼ ਤੇ ਚਲਦੀਪ ਸਿੰਘ ਦੀ ਟੀਮ ਨੇ ਸੋਨਾ ਤਮਗਾ ਜਿੱਤਿਆ। 400 ਮੀਟਰ ਵਿੱਚ ਦੀਪੰਸ਼ ਨੇ ਰਜਤ, 100 ਮੀਟਰ ਵਿੱਚ ਆਰਮਨ ਨੇ ਰਜਤ ਅਤੇ 200 ਮੀਟਰ ਵਿੱਚ ਚਲਦੀਪ ਨੇ ਕਾਂਸੀ ਦਾ ਤਮਗਾ ਜਿੱਤਿਆ।ਲੜਕੇ ਅੰਡਰ-17 ਵਿੱਚ ਇਸ਼ਤਪ੍ਰੀਤ ਨੇ 200 ਮੀਟਰ ਦੌੜ ਤੇ ਲੌਂਗ ਜੰਪ ਵਿੱਚ ਸੋਨ ਤਮਗਾ ਜਿੱਤਿਆ।ਹਰਬਕਸ਼ ਨੇ 400 ਮੀਟਰ ਤੇ 800 ਮੀਟਰ ਦੌੜਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ।ਗੁਰਵੀਰ ਨੇ ਸ਼ਾਟਪੁੱਟ ਵਿੱਚ ਸੋਨੇ ਦਾ ਤਮਗਾ ਜਿੱਤਿਆ।4×100 ਰਿਲੇਅ ਰੇਸ ਵਿੱਚ ਹਰਬਕਸ਼, ਇਸ਼ਤਪ੍ਰੀਤ, ਕਰਨਜੋਤ ਤੇ ਮੋਨੂ ਦੀ ਟੀਮ ਨੇ ਸੋਨਾ ਤਮਗਾ ਜਿੱਤਿਆ।100 ਮੀਟਰ ਵਿੱਚ ਕਰਨਜੋਤ ਨੇ ਰਜਤ, ਲੌਂਗ ਜੰਪ ਵਿੱਚ ਮੋਨੂ ਨੇ ਚਾਂਦੀ, ਹਾਈ ਜੰਪ ਵਿੱਚ ਪ੍ਰਦੀਪ ਨੇ ਚਾਂਦੀ, ਡਿਸਕਸ ਵਿੱਚ ਗੁਰਵੀਰ ਨੇ ਚਾਂਦੀ ਅਤੇ ਸ਼ਾਟਪੁੱਟ ਵਿੱਚ ਹਰਮਨ ਨੇ ਕਾਂਸੀ ਦਾ ਤਮਗਾ ਜਿੱਤਿਆ।ਇਸ ਤਰ੍ਹਾਂ ਹੋਲੀ ਮੈਰੀ ਸਕੂਲ ਬਨੂੜ ਨੇ ਕੁੱਲ 12 ਸੋਨੇ, 6 ਚਾਂਦੀ ਤੇ 2 ਕਾਂਸੀ ਦੇ ਤਮਗੇ ਜਿੱਤੇ ਅਤੇ ਸਾਰੇ ਮੁਕਾਬਲਿਆਂ ਦੇ ਨਤੀਜੇ ਵਿੱਚ ਆਲਓਵਰ ਐਥਲੈਟਿਕਸ ਚੈਂਪੀਅਨਸ਼ਿਪ ਹਾਸਲ ਕਰਕੇ ਡਿਸਟ੍ਰਿਕਟ ਐਥਲੈਟਿਕਸ ਮੀਟ ਲਈ ਕਵਾਲੀਫਾਈ ਕੀਤਾ।

28-SEP-PAGE-6.qxd 9/27/2025 9:13 PM Page 1



# ਯੂਨਾਈਟਡ ਅਕਾਲੀ ਦਲ ਵੱਲੋਂ ਸਰਕਲ ਕੋਟ ਈਸੇ ਖਾਂ 'ਚ 25 ਮੈਂਬਰੀ ਕਮੇਟੀ ਸਥਾਪਤ



**ਮੋਗਾ (ਇਕਬਾਲ ਸਿੰਘ ਖਹਿਰਾ)**

ਯੂਨਾਈਟਡ ਅਕਾਲੀ ਦਲ ਸਰਕਲ ਕੋਟ ਈਸੇ ਖਾਂ ਦੇ ਵਰਕਰਾਂ ਦੀ ਮੀਟਿੰਗ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਜਥੇਦਾਰ ਬੂਟਾ ਸਿੰਘ ਰਣਸੀਂਹ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਾਰਟੀ ਨੂੰ ਮਜਬੂਤ ਕਰਨ ਸਬੰਧੀ ਅਤੇ ਪੰਜਾਬ ਅੰਦਰ ਪੰਥਕ ਸਰਕਾਰ ਬਣਾਉਣ ਲਈ ਸਰਕਲ ਕੋਟ ਈਸੇ ਖਾਂ ਵਿੱਚ 25 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਜਥੇਦਾਰ ਪ੍ਰਿਤਪਾਲ ਸਿੰਘ ਗਲੋਟੀ, ਭਾਈ ਰਮਨਦੀਪ ਸਿੰਘ ਗੋਲਾਟੀ, ਅਮਨਦੀਪ ਸਿੰਘ ਕੋਟ ਈਸੇ ਖਾਂ, ਰਣਵੀਰ ਸਿੰਘ ਰਾਣਾ, ਅਰਸ਼ਦੀਪ ਸਿੰਘ ਚਰਾਗ ਸ਼ਾਹ ਵਾਲਾ, ਚਮਕੌਰ ਸਿੰਘ ਗੋਰਾ, ਸਰਪੰਚ ਦਵਿੰਦਰ ਸਿੰਘ ਸਦਰਕੋਟ, ਭਾਈ ਨਿਰਮਲ ਸਿੰਘ, ਭਾਈ ਪਰਮਜੀਤ ਸਿੰਘ, ਜਰਨੈਲ ਸਿੰਘ ਰਾਮਗੜ੍ਹ, ਜਥੇਦਾਰ ਪਿਆਰਾ ਸਿੰਘ ਮਨਾਵਾਂ, ਮਨਦੀਪ ਸਿੰਘ, ਕਸ਼ਮੀਰ ਸਿੰਘ, ਸਰਪੰਚ ਸੇਵਕ ਸਿੰਘ ਮਨਾਵਾਂ, ਪ੍ਰਿਥੀ ਸਿੰਘ ਜਨੇਰ, ਜਸਵੀਰ ਸਿੰਘ ਜਨੇਰ, ਜਥੇਦਾਰ ਗੁਰਜੀਤ ਸਿੰਘ ਮਸੀਤਾਂ, ਗੁਰਲਾਲ ਸਿੰਘ, ਜਥੇਦਾਰ ਬਲਵੀਰ ਸਿੰਘ ਬਹਿਰਾਮ ਕੇ, ਜਥੇਦਾਰ ਮੋਤਾ ਸਿੰਘ, ਓਮਕਾਰ ਸਿੰਘ ਦੋਲੇਵਾਲ, ਮੈਂਬਰ ਚੁਣੇ ਗਏ ਇਸ ਸਮੇਂ ਜਥੇਦਾਰ ਬੂਟਾ ਸਿੰਘ ਰਣਸੀਂਹ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਹੋ ਚੁੱਕੀ ਹੈ।

ਲੋਕਾਂ ਨੇ ਬਾਦਲ ਦਲ ਤੇ ਕਾਂਗਰਸ ਵੱਲੋਂ ਪੰਜਾਬ ਦੀ ਲੁੱਟ ਦੇ ਖਿਲਾਫ ਤੀਸਰਾ ਬਦਲ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਲਿਆਂਦਾ ਸੀ।ਪੰਜਾਬ ਅੰਦਰ ਭਾਰੀ ਬਹੁਮਤ ਨਾਲ ਜਤਾਇਆ ਗਿਆ ਸੀ, ਪਰ ਸਿਹਤ ਸਹੂਲਤਾਂ ਤੇ ਵਿੱਦਿਆ ਨੂੰ ਪੰਜਾਬ ਅੰਦਰ ਅੱਗੇ ਲੈ ਕੇ ਜਾਣ ਲਈ ਬਣੀ ਸਰਕਾਰ ਅੱਜ ਪੰਜਾਬ ਅੰਦਰ ਪ੍ਰਿੰਸੀਪਾਲ, ਹੈੱਡ ਮਾਸਟਰ, ਬਲਾਕ ਅਫਸਰਾਂ, ਦੀਆਂ ਸੈਂਕੜੇ ਪੋਸਟਾਂ ਖਾਲੀ ਪਈਆਂ ਹਨ, ਜਿਨ੍ਹਾਂ ਨੂੰ ਨਹੀਂ ਭਰ ਸਕੇ।ਸਰਕਾਰੀ ਹਸਪਤਾਲਾਂ ਵਿੱਚ ਮਰੀਜ਼ਾਂ ਦਾ ਬੁਰਾ ਹਾਲ ਹੈ।

ਉਨ੍ਹਾਂ ਕਿਹਾ ਕਿ ਅਸੀਂ 2027 ਵਿੱਚ ਪੰਥਕ ਸਰਕਾਰ ਬਣਾ ਕੇ ਪੰਜਾਬੀਆਂ ਨੂੰ ਰਾਹਤ ਦੇਵਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਚੱਲ ਰਹੀ ਕਤਲੋਗਾਰਦ ਨੂੰ ਰੋਕਣ ਲਈ ਤੇ ਪੰਜਾਬ ਵਿੱਚ ਫੈਲੇ ਹੋਏ ਛੇਵੇਂ ਦਰਿਆ ਦੇ ਰੂਪ ਵਿੱਚ ਵਗ ਰਹੇ ਨਸ਼ੇ ਨੂੰ ਰੋਕਣ ਲਈ ਅਸੀਂ ਵਚਨਬੱਧ ਹਾਂ।ਅੱਜ ਦੀ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਬੰਦੀ ਸਿੰਘ ਰਿਹਾ ਕੀਤੇ ਜਾਣ ਤੇ ਭਾਈ ਬਲਵੰਤ ਸਿੰਘ ਰਾਜੋਆਣ ਦੀ ਫਾਂਸੀ ਦੀ ਸਜ਼ਾ ਮੁਆਫ ਕਰਕੇ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ, ਕਿਉਂਕਿ ਉਨ੍ਹਾਂ ਨਾਲ ਸਿੱਖ ਕੌਮ ਦੀਆਂ ਭਾਵਨਾਵਾਂ ਵੀ ਜੁੜੀਆਂ ਹੋਈਆਂ ਹਨ।ਹੜ੍ਹਾਂ ਵਿੱਚ ਮਾਰੇ ਗਏ ਲੋਕਾਂ ਦੀ ਸਰਕਾਰ ਬਾਂਹ ਫੜੇ।

ਮੀਟਿੰਗ ਵਿੱਚ ਭਾਈ ਬਲਜੀਤ ਸਿੰਘ ਅਕਾਲੀਆਂ ਵਾਲਾ, ਭਾਈ ਗੁਰਲਾਲ ਸਿੰਘ ਧਰਮਕੋਟ, ਭਾਈ ਹਰਪ੍ਰੀਤ ਸਿੰਘ ਧੱਲੇਕੇ, ਭਾਈ ਭੁਪਿੰਦਰ ਸਿੰਘ ਬੜੈਚ ਸ਼ਹਿਰੀ ਪ੍ਰਧਾਨ ਯੂਨਾਈਟਡ ਅਕਾਲੀ ਦਲ, ਜਥੇਦਾਰ ਤੋਤਾ ਸਿੰਘ ਬਹਿਰਾਮ ਕੇ, ਹਜ਼ੂਰਾ ਸਿੰਘ ਮੰਦਰ, ਨਿਹੰਗ ਪਸ਼ੌਰਾ ਸਿੰਘ, ਬੀਬੀ ਜਸਵਿੰਦਰ ਕੌਰ, ਦਿਲਬਾਗ ਸਿੰਘ, ਚਾਨਣ ਸਿੰਘ ਮਸਤੇਵਾਲਾ, ਮੇਜਰ ਸਿੰਘ ਜਨੇਰ ਆਦਿ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਹਾਜ਼ਰ ਸਨ।

## ਬ੍ਰਹਮਕੁਮਾਰੀ ਮਾਊਂਟ ਆਬੂ ਵਿਖੇ ਮੀਡੀਆ ਕਾਨਫਰੰਸ ਸ਼ੁਰੂ




**ਆਬੂ ਰੋਡ ਰਾਜਸਥਾਨ (ਸਤੀਸ਼ ਕੁਮਾਰ ਭੀਰੀ)**-ਬ੍ਰਹਮਕੁਮਾਰੀ ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਹੈੱਡ ਕੁਆਰਟਰ ਸ਼ਾਂਤੀਵਨ ਕੈਂਪਸ ਵਿਖੇ ਪੰਜ ਰੋਜ਼ਾ ਨੈਸ਼ਨਲ ਮੀਡੀਆ ਕਾਨਫਰੰਸ ਦਾ ਆਰੰਭ ਕਰਦੇ ਹੋਏ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸ਼ਾਂਤਨੂੰ ਨੇ ਦੱਸਿਆ ਕਿ ਸਮਾਜ ਵਿੱਚ ਸ਼ਾਂਤੀ, ਏਕਤਾ ਤੇ ਭਾਈਚਾਰਕ ਸਾਂਝ ਲਈ ਮੀਡੀਆ ਦੀ ਭੂਮਿਕਾ ਅਹਿਮ ਸਥਾਨ ਰੱਖਦੀ ਹੈ।ਉਨ੍ਹਾਂ ਕਿਹਾ ਕਿ ਜੇਕਰ ਮੀਡੀਆ ਕਰਮੀ ਨਾਕਾਰਾਤਮਕ ਤਰੀਕੇ ਨੂੰ ਅੱਖੋਂ ਪਰੋਖੇ ਕਰਕੇ ਸਕਾਰਾਤਮਕ ਖਬਰਾਂ ਨੂੰ ਤਰਜੀਹ ਦੇਣ ਤਾਂ ਚੰਗਾ ਸਮਾਜ ਸਿਰਜਣ ਵਿੱਚ ਕ੍ਰਾਂਤੀ ਲਿਆ ਸਕਦੇ ਹਨ।ਇਸ ਮੀਡੀਆ ਕਾਨਫਰੰਸ ਵਿੱਚ ਦੇਸ਼ ਦੇ ਕੋਨੇ ਕੋਨੇ ਤੋਂ ਪੁੱਜੀਆਂ ਪੱਤਰਕਾਰ ਜਗਤ ਦੀਆਂ ਮਹਾਨ ਹਸਤੀਆਂ ਵਿਚਕਾਰ ਜੈਤੋ ਤੋਂ ਜੋਗਿੰਦਰ ਸਿੰਘ ਪੁੰਨੀ, ਅਸ਼ੋਕ ਜਿੰਦਲ, ਅਸ਼ੋਕ ਧੀਰ, ਨਰਿੰਦਰ ਕੁਮਾਰ, ਐਡਵੋਕੇਟ ਸਤੀਸ਼ ਕੁਮਾਰ ਭੀਰੀ, ਅੰਗਰੇਜ਼ ਸਿੰਘ ਤੇ ਕੋਟਕਪੂਰਾ ਤੋਂ ਸੁਭਾਸ਼ ਮਹਿਤਾ ਤੇ ਚਾਵਲਾ ਜੀ ਨੇ ਵੀ ਸ਼ਿਰਕਤ ਕੀਤੀ।

## ਹਾਰਵਰਡ ਵੱਲੋਂ ਅੱਖਾਂ ਦੇ ਫਰੀ ਚੈੱਕਅੱਪ ਕੈਂਪ ਦਾ ਪੋਸਟਰ ਜਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਇੱਕ ਅਜਿਹੀ ਸੰਸਥਾ ਹੈ, ਜੋ ਪੜ੍ਹਾਈ ਦੇ ਖੇਤਰ ਵਿੱਚ ਜਿੱਥੇ ਮੀਲ ਪੱਥਰ ਸਥਾਪਤ ਕਰ ਰਹੀ ਹੈ, ਉਥੇ ਹੀ ਸਮਾਜ ਸੇਵੀ ਕੰਮਾਂ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲੈਂਦੀ ਹੈ।ਇਸੇ ਲੜੀ ਤਹਿਤ 3 ਅਕਤੂਬਰ 2025 ਨੂੰ ਅੱਖਾਂ ਦਾ ਤੀਜਾ ਫਰੀ ਚੈੱਕਅਪ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਦਾ ਸਕੂਲ ਵੱਲੋਂ ਪੋਸਟਰ ਜਾਰੀ ਕੀਤਾ ਗਿਆ।ਇਸ ਦੀ ਜਾਣਕਾਰੀ ਦਿੰਦੇ ਹੋਏ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਉਹ ਹਰ ਸਾਲ ਆਪਣੇ ਪਿਤਾ ਸ੍. ਜਗਸੀਰ ਸਿੰਘ ਬਰਾੜ ਦੀ ਯਾਦ ਵਿੱਚ ਅੱਖਾਂ ਦਾ ਫਰੀ ਚੈੱਕਅਪ ਕੈਂਪ ਲਗਾਉਂਦੇ ਹਨ, ਜੋ ਕਿ ਇਸ ਸਾਲ 3 ਅਕਤੂਬਰ 2025 ਨੂੰ ਹਾਰਵਰਡ ਕਾਨਵੈਂਟ ਸਕੂਲ ਵਿੱਚ ਲਗਾਇਆ ਜਾ ਰਿਹਾ ਹੈ।ਇਸ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਵੱਲੋਂ ਮਾਹਰ ਡਾਕਟਰਾਂ ਦੀ ਟੀਮ ਪਹੁੰਚ ਰਹੀ ਹੈ, ਇਸ ਕੈਂਪ ਵਿੱਚ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਤੇ ਐਨਕਾਂ ਮੁਫਤ ਦਿੱਤੀਆਂ ਜਾਣਗੀਆਂ।ਇਸ ਤੋਂ ਇਲਾਵਾ ਚਿੱਟੇ ਮੋਤੀਏ ਦੇ ਮਰੀਜ਼ਾਂ ਦੇ ਆਪ੍ਰੇਸ਼ਨ ਵੀ ਮੁਫਤ ਕੀਤੇ ਜਾਣਗੇ।ਮਰੀਜ਼ਾਂ ਦੀ ਦੇਖਭਾਲ ਦਾ ਕੰਮ ਵੀ ਸਕੂਲ ਵੱਲੋਂ ਕੀਤਾ ਜਾਵੇਗਾ।ਇਸ ਸਮੇਂ ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਤੇ ਡਾਇਰੈਕਟਰ ਇੰਜੀਨੀਅਰ ਜਗਦੀਪ ਸਿੰਘ ਬਰਾੜ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਲੋੜਵੰਦ ਲੋਕ ਇਸ ਕੈਂਪ ਨਾਲ ਵੱਧ ਤੋਂ ਵੱਧ ਲਾਭ ਉਠਾਉਣ।ਆਪ੍ਰੇਸ਼ਨ ਵਾਲੇ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਤੇ ਵਾਪਸ ਲਿਆਉਣ ਦੀ ਸਹੂਲਤ ਵੀ ਸਕੂਲ ਵੱਲੋਂ ਪ੍ਰਦਾਨ ਕੀਤੀ ਜਾਵੇਗੀ।ਇਸ ਸਮੇਂ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

## ਕਰਮਗੜ੍ਹ 'ਚ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਕੈਂਪ ਲਗਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕਰਮਗੜ੍ਹ ਵਿਖੇ ਪੰਜਾਬ ਸਰਕਾਰ ਦੇ ਹੁਕਮਾਂ ਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ. ਬੈਨਿਥ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਹੇਠ 10 ਲੱਖ ਰੁਪਏ ਤੱਕ ਦੇ ਸਿਹਤ ਕਵਰੇਜ ਲਈ ਰਜਿਸਟਰੇਸ਼ਨ ਕੈਂਪ ਲਾਇਆ ਗਿਆ। ਇਹ ਕੈਂਪ ਮੁਢਲਾ ਸਿਹਤ ਕੇਂਦਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵੰਤ ਸਿੰਘ ਔਜਲਾ ਦੀ ਦੇਖ-ਰੇਖ ਹੇਠ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ।ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਸੁਰੱਖਿਆ ਲਈ ਗੰਭੀਰ ਹੈ ਤੇ ਇਸ ਯੋਜਨਾ ਰਾਹੀਂ ਹਰੇਕ ਯੋਗ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਬੀਮਾ ਸੁਰੱਖਿਆ ਕਵਚ ਮੁਹੱਈਆ ਕਰਵਾਇਆ ਜਾ ਰਿਹਾ ਹੈ।ਕੈਂਪਾਂ ਰਾਹੀਂ ਰਜਿਸਟਰੇਸ਼ਨ ਦੀ ਪ੍ਰਕਿਰਿਆ ਤੇਜ਼ੀ ਨਾਲ ਚੱਲ ਰਹੀ ਹੈ ਤੇ ਕੋਈ ਵੀ ਯੋਗ ਪਰਵਾਰ ਇਸ ਲਾਭ ਤੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ।ਇਸ ਮੌਕੇ ਸਰਪੰਚ ਹਰਪ੍ਰੀਤ ਕੌਰ ਕਰਮਗੜ੍ਹ, ਪੰਚ ਗੁਰਦੀਪ ਸਿੰਘ, ਗੁਰਬਖਸ਼ ਸਿੰਘ, ਹਰਕੇਸ਼ ਸਿੰਘ ਨੇ ਸਰਕਾਰ ਵੱਲੋਂ ਪਿੰਡਾਂ ਵਿੱਚ ਸਿੱਧੇ ਤੌਰ 'ਤੇ ਲੋਕਾਂ ਤੱਕ ਯੋਜਨਾ ਦੇ ਲਾਭ ਪਹੁੰਚਾਉਣ ਦੀ ਸ਼ਲਾਘਾ ਕੀਤੀ।ਇਸ ਮੌਕੇ ਗੁਰਮੀਤ ਸਿੰਘ ਕਰਮਗੜ੍ਹ, ਸੀ.ਐਚ.ਓ. ਕਿਰਨਦੀਪ ਕੌਰ, ਕਰਮਜੀਤ ਕੌਰ, ਦਵਿੰਦਰ ਕੌਰ, ਪ੍ਰਿਤਪਾਲ ਕੌਰ, ਪਰਮਜੀਤ ਕੌਰ, ਆਸ਼ਾ ਵਰਕਰ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਵਿਸ਼ਵ ਪੰਜਾਬੀ ਦਿਵਸ ਨੂੰ ਸਮਰਪਤ ਸਮਾਗਮ




**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਆਪਣਾ ਪੰਜਾਬ ਫਾਊਂਡੇਸ਼ਨ ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਸੱਦੇ 'ਤੇ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ (ਬਰਨਾਲਾ) 'ਚ ਵਿਸ਼ਵ ਪੰਜਾਬੀ ਦਿਵਸ ਨੂੰ ਸਮਰਪਤ ਵਿਸ਼ਾਲ ਸਮਾਗਮ ਕਰਵਾਇਆ ਗਿਆ।ਸੰਸਥਾ ਦੇ ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਦੱਸਿਆ ਕਿ ਇਸ ਦਿਨ ਸੰਸਥਾ ਵਿੱਚ ਵਿਦਿਆਰਥੀ ਕਵਿਤਾ ਉਚਾਰਨ, ਕਾਵਿ ਲੇਖਣ, ਨਿਬੰਧ ਲੇਖਣ, ਕਹਾਣੀ ਰਚਨਾ, ਵਾਦ-ਵਿਵਾਦ, ਭਾਸ਼ਣ ਮੁਕਾਬਲਾ, ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ ਮੁਕਾਬਲਾ, ਸ਼ਬਦ ਜੋੜ ਮੁਕਾਬਲਾ, ਬੋਲ-ਲਿਖਤ, ਸਵਾਲ-ਜਵਾਬ ਮੁਕਾਬਲਾ, ਪੋਸਟਰ ਮੁਕਾਬਲਾ, ਪੰਜਾਬੀ ਭਾਸ਼ਾ ਵਿੱਚ ਨਾਅਰਾ ਲਿਖਣਾ, ਅੱਖਰਕਾਰੀ ਮੁਕਾਬਲੇ ਵਿੱਚ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਇਹ ਇੱਕ ਨਵਾਂ ਆਰੰਭ ਹੋ ਰਿਹਾ ਹੈ।ਡਾ. ਧੂਰੀ ਮੁਤਾਬਕ ਸਦੀਆਂ ਤੋਂ ਪੰਜਾਬੀਆਂ ਦੀ ਸੱਭਿਆਚਾਰਕ ਤੇ ਸਾਹਿਤਕ ਬੋਲੀ ਦਾ ਹੱਕ ਬਣਦਾ ਹੈ ਕਿ ਵਿਸ਼ਵ ਵਿੱਚ ਵੱਸਦੇ ਸਮੂਹ ਪੰਜਾਬੀ ਹਰ ਸਾਲ ਇੱਕ ਦਿਨ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ।ਪੰਜਾਬੀ ਬੋਲੀ ਨੂੰ ਇਹ ਹੱਕ ਦੇਣ ਲਈ ਆਪਣਾ ਪੰਜਾਬ ਫਾਊਂਡੇਸ਼ਨ ਵੱਲੋਂ ਬਾਬਾ ਫ਼ਰੀਦ ਜੀ ਦੇ ਆਗਮਨ ਦਿਵਸ ਨੂੰ ਸਮਰਪਤ ਹਰ ਸਾਲ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਉਣ ਦਾ ਫ਼ੈਸਲਾ ਲਿਆ ਗਿਆ।ਇਸ ਮੌਕੇ ਵਾਈਸ ਪ੍ਰਿੰਸੀਪਲ ਪ੍ਰਦੀਪ ਸਿੰਘ, ਕੁਲਦੀਪ ਸਿੰਘ ਮੰਡ ਆਦਿ ਨੇ ਵਿਚਾਰ ਰੱਖੇ।

## ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਐੱਨ ਐੱਸ ਐੱਸ ਕੈਂਪ ਸਫਲਤਾਪੂਰਵਕ ਸੰਪੰਨ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਭਾਸ਼ਾਵਾਂ ਵਿਭਾਗ ਤੇ ਸੋਸ਼ਲ ਸਾਇੰਸਜ਼ ਵਿਭਾਗ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਸੱਤ ਰੋਜ਼ਾ ਐੱਨ. ਐੱਸ. ਐੱਸ. ਕੈਂਪ ਸਫਲਤਾਪੂਰਵਕ ਸਮਾਪਤ ਹੋਇਆ।ਡਾ. ਬਲਦੇਵ ਸਿੰਘ ਮੁਖੀ ਸੋਸ਼ਲ ਸਾਇੰਸਜ਼ ਵਿਭਾਗ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਸਮਾਪਤੀ ਸਮਾਰੋਹ ਦੇ ਮੁੱਖ ਬੁਲਾਰੇ ਐਡਵੋਕੇਟ ਅਵਤਾਰ ਸਿੰਘ ਸਿੱਧੂ ਸਨ, ਜੋ ਨਾਲੋ ਨਾਲ ਇੱਕ ਉੱਘੇ ਸਮਾਜ ਸੇਵੀ ਵੀ ਹਨ।ਆਪਣੇ ਸੰਬੋਧਨ ਵਿੱਚ ਜਿੱਥੇ ਉਨ੍ਹਾਂ ਕਾਨੂੰਨ ਦੀਆਂ ਬਰੀਕੀਆਂ ਤੋਂ ਜਾਣੂ ਕਰਵਾਇਆ, ਉੱਥੇ ਸਮਾਜ ਦੀ ਤਰੱਕੀ ਲਈ ਰੋੜਾ ਬਣੇ ਅਤੇ ਫੈਲੇ ਵਹਿਮ ਭਰਮਾਂ ਨੂੰ ਭੰਡਿਆ।ਭਾਸ਼ਾਵਾਂ ਵਿਭਾਗ ਦੇ ਪ੍ਰੋਗਰਾਮ ਅਫਸਰ ਡਾ. ਸੁਨੀਤਾ ਰਾਣੀ ਨੇ ਸੱਤ ਦਿਨਾਂ ਦੀ ਪ੍ਰਗਤੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਉਨ੍ਹਾਂ ਨੇ 'ਮਾਨਸਿਕ ਸਿਹਤ ਜਾਗਰੂਕਤਾ' ਵਿਸ਼ੇ 'ਤੇ ਸਗਲਪ੍ਰੀਤ ਦੁਆਰਾ ਦਿੱਤੇ ਭਾਸ਼ਣ ਤੇ ਹੋਰ ਕਾਰਜਾਂ ਜਿਵੇਂ ਨਸ਼ਾ ਵਿਰੁੱਧ ਰੈਲੀ, ਸਫ਼ਾਈ ਅਭਿਆਨ, ਪੋਸਟਰ ਬਣਾਉਣਾ, ਫਲਦਾਰ ਪੌਦੇ ਲਗਾਉਣਾ, ਆਯੁਰਵੇਦ ਦਿਵਸ, ਖੇਡ ਮੁਕਾਬਲੇ, ਸਾਈਬਰ ਸਕਿਉਰਟੀ ਤੇ ਸੱਭਿਆਚਾਰਕ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।ਡਾ. ਸੰਦੀਪ ਰਾਣਾ ਮੁਖੀ ਭਾਸ਼ਾਵਾਂ ਵਿਭਾਗ ਨੇ ਐੱਨ ਐੱਸ ਐੱਸ ਕੈਂਪ ਦੀ ਮਹੱਤਤਾ ਦੱਸਦਿਆਂ ਵਿਦਿਆਰਥੀਆਂ ਨੂੰ ਅਜਿਹੇ ਸਮਾਜ ਸੇਵੀ ਪ੍ਰੋਗਰਾਮਾਂ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ।ਕੈਂਪਸ ਡਾਇਰੈਕਟਰ ਪ੍ਰੋਫੈਸਰ ਅਮਨਦੀਪ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਤੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਕੈਂਪ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਤੋਂ ਇਲਾਵਾ ਚੰਗਾ ਜੀਵਨ ਅਨੁਭਵ ਵੀ ਦਿੰਦੇ ਹਨ।ਇਸ ਮੌਕੇ ਵੱਖ-ਵੱਖ ਗਤੀਵਿਧੀਆਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਲੰਟੀਅਰਾਂ ਨੂੰ ਸਨਮਾਨਤ ਕੀਤਾ ਗਿਆ।ਸੋਸ਼ਲ ਸਾਇੰਸਜ਼ ਵਿਭਾਗ ਦੇ ਪ੍ਰੋਗਰਾਮ ਅਫਸਰ ਡਾ. ਅਮਨਦੀਪ ਸਿੰਘ ਸੇਖੋਂ ਨੇ ਆਏ ਹੋਏ ਮੁੱਖ ਮਹਿਮਾਨ, ਬੁਲਾਰੇ ਤੇ ਵਲੰਟੀਅਰਜ਼ ਦਾ ਧੰਨਵਾਦ ਕੀਤਾ।ਮੰਚ ਸੰਚਾਲਨ ਦੀ ਭੂਮਿਕਾ ਗੁਰਮੀਤ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ।ਦੋਹਾਂ ਵਿਭਾਗਾਂ ਦੇ ਅਧਿਆਪਕ ਤੇ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ।

## ਐੱਲ.ਪੀ.ਜੀ. ਡਿਸਟ੍ਰੀਬਿਊਟਰਾਂ ਵੱਲੋਂ ਜ਼ਬਰਦਸਤੀ ਸੇਲ, ਇੰਡੈਂਟ ਐਡਿਟਿੰਗ ਤੇ ਇਕਪੱਖੀ ਨੀਤੀਆਂ ਦਾ ਵਿਰੋਧ

**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਦੇ ਐੱਲ ਪੀ ਜੀ ਡਿਸਟ੍ਰੀਬਿਊਟਰਾਂ ਦੀ ਫੈਡਰੇਸ਼ਨ ਨੇ ਡਿਸਟ੍ਰੀਬਿਊਟਰਾਂ 'ਤੇ ਲਾਗੂ ਕੀਤੀਆਂ ਜਾ ਰਹੀਆਂ ਗੈਰ-ਇਨਸਾਫ਼ੀ ਭਰੀਆਂ ਪ੍ਰਥਾਵਾਂ 'ਤੇ ਡੂੰਘੀ ਨਾਰਾਜ਼ਗੀ ਜਤਾਈ ਹੈ। ਕਈ ਵਾਰ ਪੇਸ਼ਕਸ਼ਾਂ ਕਰਨ ਦੇ ਬਾਵਜੂਦ ਡੀਲਰਾਂ ਦੀਆਂ ਚਿੰਤਾਵਾਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ ਅਤੇ ਹੁਣ ਹਾਲਾਤ ਬਰਦਾਸ਼ਤ ਤੋਂ ਬਾਹਰ ਹੋ ਚੁੱਕੇ ਹਨ। ਡਿਸਟ੍ਰੀਬਿਊਟਰਾਂ ਵੱਲੋਂ ਬਿਨਾਂ ਮੰਗੇ ਸਾਮਾਨ ਦੀ ਜ਼ਬਰਦਸਤੀ ਸੇਲ, ਡੀਲਰ ਦੀ ਮਨਜ਼ੂਰੀ ਤੋਂ ਬਿਨਾਂ ਇੰਡੈਂਟ ਐਡਿਟਿੰਗ, ਬਿਨਾਂ ਮਾਰਕੀਟ ਅਧਿਐਨ ਜਾਂ ਪਾਰਦਰਸ਼ੀ ਮਨਜ਼ੂਰੀ ਪ੍ਰਕਿਰਿਆ ਤੋਂ ਐੱਫ.ਟੀ.ਐੱਲ, ਕੰਪੋਜ਼ਿਟ ਸਿਲੰਡਰ ਤੇ ਹੋਰ ਐੱਨ.ਐੱਫ.ਆਰ. ਪ੍ਰੋਡਕਟਾਂ ਦੀ ਮਨਮਾਨੀ ਤਰ੍ਹਾਂ ਸ਼ੁਰੂਆਤ, ਧਮਕੀ ਭਰੇ ਈਮੇਲ, ਧਮਕੀ ਭਰੇ ਈ-ਮੇਲ ਐੱਮ.ਡੀ.ਜੀ. ਦੀ ਗਲਤ ਵਰਤੋਂ ਤੇ ਗੈਰ-ਜ਼ਰੂਰੀ ਦਬਾਅ ਦਾ ਡੱਟਵਾਂ ਵਿਰੋਧ ਕੀਤਾ ਗਿਆ ਹੈ। ਗੱਲਬਾਤ ਕਰਦਿਆਂ ਯੂਨੀਅਨ ਆਗੂਆਂ ਕਿਹਾ ਕਿ ਇਹ ਸਭ ਕੁਝ ਹਕੂਮਤੀ/ਤਾਨਾਸ਼ਾਹੀ ਤਰੀਕੇ ਨਾਲ ਕੀਤਾ ਜਾ ਰਿਹਾ ਹੈ, ਜਿਸ ਨਾਲ ਡਿਸਟ੍ਰੀਬਿਊਟਰਾਂ ਤੇ ਉਨ੍ਹਾਂ ਦੇ ਸਟਾਫ ਦੀ ਸ਼ਾਂਤੀ ਭੰਗ ਹੋ ਰਹੀ ਹੈ ਅਤੇ ਡਰ ਤੇ ਪ੍ਰੇਸ਼ਾਨੀ ਦਾ ਮਾਹੌਲ ਬਣ ਗਿਆ ਹੈ। ਡੀਲਰਾਂ ਨੇ ਇਕਸੁਰ ਹੋ ਕੇ ਐਲਾਨ ਕੀਤਾ ਹੈ ਕਿ ਹੁਣ ਅਸੀਂ ਕਿਸੇ ਵੀ ਐਡਿਟ ਕੀਤੇ ਲੋਡ ਨੂੰ, ਜੋ ਸਾਡੀ ਅਸਲ ਜ਼ਰੂਰਤਾਂ ਅਨੁਸਾਰ ਨਹੀਂ ਹੈ, ਕਬੂਲ ਨਹੀਂ ਕਰਾਂਗੇ। ਫੈਡਰੇਸ਼ਨ ਵੱਲੋਂ ਇੱਕ ਪ੍ਰੈਸ਼ਰ-ਮੁਕਤ ਬਿਜ਼ਨੈੱਸ ਮਾਹੌਲ ਦੀ ਮੰਗ ਕੀਤੀ ਗਈ ਹੈ ਅਤੇ ਇਹ ਵੀ ਮੰਗ ਕੀਤੀ ਗਈ ਹੈ ਕਿ ਪ੍ਰੋਡਕਟਾਂ ਦੀ ਮਨਜ਼ੂਰੀ ਪ੍ਰਕਿਰਿਆ ਦੀ ਪੂਰੀ ਜਾਂਚ ਹੋਵੇ, ਨਹੀਂ ਤਾਂ ਇਹ ਡੀਲਰਾਂ ਲਈ ਭ੍ਰਿਸ਼ਟਾਚਾਰ ਦਾ ਸਾਧਨ ਬਣ ਰਹੀ ਹੈ।

# ਸੁਖਬੀਰ ਵੱਲੋਂ ਐੱਸ ਐੱਸ ਪੀ ਨੂੰ ਧਮਕੀ ਦੇਣਾ ਬੁਖਲਾਹਟ ਦੀ ਨਿਸ਼ਾਨੀ : ਬਰਸਟ

■ ਆਪ ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਨਾਲ ਚਟਾਨ ਵਾਂਗ ਖੜੀ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**

ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਬੀਤੇ ਕੱਲ੍ਹ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਬਿਆਨਬਾਜ਼ੀ ਵਿਰੁੱਧ ਸਖਤ ਨੋਟਿਸ ਲੈਂਦੇ ਹੋਏ ਕਿਹਾ ਕਿ 2007 ਤੋਂ 2017 ਤੱਕ ਜਿਸ ਸਮੇਂ ਪੰਜਾਬ ਵਿੱਚ ਸ੍. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸੀ ਅਤੇ ਸੁਖਬੀਰ ਸਿੰਘ ਬਾਦਲ ਗ੍ਰਹਿ ਮੰਤਰੀ ਸੀ, ਇਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਦੀ ਬਰਬਾਦੀ ਦੀ ਨੀਂਹ ਰੱਖੀ ਗਈ।ਇਸ ਸਮੇਂ ਦੌਰਾਨ ਇਨ੍ਹਾਂ ਨੇ ਪਬਲਿਕ ਸੈਕਟਰ ਦੇ ਸਾਰੇ ਅਦਾਰੇ ਵੇਚ ਦਿੱਤੇ, ਪੰਜਾਬ ਸਿਰ ਲੱਖਾਂ ਕਰੋੜਾਂ ਰੁਪਏ ਦਾ ਕਰਜ਼ਾ ਚੜ੍ਹਾਇਆ।ਫੋਕੀ ਵਾਹ ਵਾਹੀ ਖੱਟਣ ਲਈ ਸੰਗਤ ਦਰਸ਼ਨ ਦੇ ਨਾਂ ਥੱਲੇ ਪੰਜਾਬ ਦੇ ਲੋਕਾਂ ਦਾ ਪੈਸਾ ਆਪਣੇ ਚਹੇਤਿਆਂ ਨੂੰ ਖੁਸ਼ ਕਰਨ ਲਈ ਬਿਨਾਂ ਪਲਾਨਿੰਗ ਤੋਂ ਵੰਡਿਆ।ਇਥੇ ਹੀ ਬਸ ਨਹੀਂ ਇਨ੍ਹਾਂ ਦਸਾਂ ਸਾਲਾਂ ਵਿੱਚ ਸਿੱਖ ਰਹਿਤ ਮਰਿਆਦਾ ਦਾ ਪੂਰੀ ਤਰ੍ਹਾਂ ਘਾਣ ਕੀਤਾ ਗਿਆ।ਤਖ਼ਤਾਂ ਦੀ ਮਰਿਆਦਾ ਤੋੜੀ ਗਈ ਧਾਰਮਿਕ ਸਥਾਨਾਂ ਦੇ ਆਗੂਆਂ ਨੂੰ ਸਰਕਾਰੀ ਦਬਾਅ ਥੱਲੇ ਨਿੱਜੀ ਸਿਆਸੀ ਹਿੱਤਾਂ ਲਈ ਵਰਤਿਆ।ਬਾਦਲ ਪਰਵਾਰ ਦੇ ਚਹੇਤਿਆਂ ਨੇ ਨਿੱਜੀ ਜਾਇਦਾਦਾਂ ਬਣਾਉਣ ਲਈ ਹਰ ਤਰ੍ਹਾਂ ਦੇ ਹਰਵੇ ਵਰਤੇ।ਇਨ੍ਹਾਂ ਹੀ ਸਮਿਆਂ ਦੌਰਾਨ ਪੰਜਾਬ ਵਿੱਚ ਗੁੰਡਾਗਰਦੀ ਵਧੀ ਤੇ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੋਇਆ। ਪੰਜਾਬ ਵਿੱਚ ਨਸ਼ਿਆਂ ਦਾ ਚਲਨ ਵਧਿਆ।ਅੱਜ ਫਿਰ ਜਦੋਂ ਪੰਜਾਬ ਦੀਆਂ ਸੰਗਤਾਂ ਨੇ ਇਨ੍ਹਾਂ ਨੂੰ ਬਿਲਕੁਲ ਨਕਾਰ ਦਿੱਤਾ ਤਾਂ ਬੁਖਲਾਹਟ ਵਿੱਚ ਆ ਕੇ ਪਹਿਲਾਂ ਆਮ ਆਦਮੀ ਪਾਰਟੀ ਦੇ ਆਗੂਆਂ ਖਿਲਾਫ ਬੁੜਕਦੇ ਰਹੇ, ਪਰ ਜਦੋਂ ਕਾਨੂੰਨ ਦਾ ਸ਼ਿਕੰਜਾ ਕੱਸਣ ਲੱਗਾ ਤਾਂ ਪੰਜਾਬ ਪੁਲਸ ਦੇ ਅਫਸਰਾਂ ਨੂੰ ਧਮਕੀਆਂ ਦੇਣ 'ਤੇ ਉੱਤਰ ਆਏ।ਪਟਿਆਲਾ ਦੇ ਐੱਸ.ਐੱਸ.ਪੀ. ਵਰੁਣ ਸ਼ਰਮਾ ਨੂੰ ਸੁਖਬੀਰ ਸਿੰਘ ਬਾਦਲ ਵੱਲੋਂ ਧਮਕੀ ਦੇਣਾ ਪੂਰੀ ਤਰ੍ਹਾਂ ਬੁਖਲਾਹਟ ਦੀ ਨਿਸ਼ਾਨੀ ਹੈ।ਮੈਂ ਸੁਖਬੀਰ ਸਿੰਘ ਬਾਦਲ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਿਸੇ ਵੀ ਤਰ੍ਹਾਂ ਦੀ ਸੱਤਾ ਦੀ ਤਾਕਤ ਜਾਂ ਅਹੁਦੇ, ਜਾਂ ਪੈਸਾ ਕਾਨੂੰਨ ਤੋਂ ਉੱਪਰ ਨਹੀਂ ਹੈ।ਇਸ ਲਈ ਹੰਕਾਰ ਛੱਡ ਕੇ ਕਾਨੂੰਨ ਦਾ ਸਾਹਮਣਾ ਕਰੋ ਤੇ ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਨੂੰ ਧਮਕੀਆਂ ਦੇਣੀਆਂ ਬੰਦ ਕਰੋ।ਆਮ ਆਦਮੀ ਪਾਰਟੀ ਕਾਨੂੰਨ ਲਾਗੂ ਕਰਨ ਵਾਲੇ ਅਫਸਰਾਂ ਨਾਲ ਚਟਾਨ ਵਾਂਗ ਖੜੇ ਹਨ।

## ਝੋਨੇ ਦੇ ਖਰੀਦ ਪ੍ਰਬੰਧਾਂ ਨੂੰ ਲੈ ਕੇ ਐੱਸ ਡੀ ਐੱਮ ਨੇ ਕੀਤੀ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਡਿਪਟੀ ਕਮਿਸ਼ਨਰ ਪਟਿਆਲਾ ਦੇ ਨਿਰਦੇਸ਼ਾਂ ਮੁਤਾਬਿਕ ਐੱਸ.ਡੀ.ਐੱਮ. ਸਮਾਣਾ ਸ੍ਰੀਮਤੀ ਰਿਚਾ ਗੋਇਲ ਵੱਲੋਂ ਝੋਨੇ ਦੀ ਖਰੀਦ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਸਕੱਤਰ ਮਾਰਕੀਟ ਕਮੇਟੀ ਸਮਾਣਾ ਭਰਪੂਰ ਸਿੰਘ, ਵੱਖ-ਵੱਖ ਏਜੰਸੀਆਂ ਦੇ ਮੈਨੇਜਰ/ਇੰਸਪੈਕਟਰ, ਨਰਿੰਦਰ ਕੁਮਾਰ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਪ੍ਰਧਾਨ ਵਰਕਰ ਮੈਨੇਜਮੈਂਟ ਕਮੇਟੀ ਤੇ ਠੇਕੇਦਾਰ ਟਰਾਂਸਪੋਰਟ ਸਮਾਣਾ ਹਾਜ਼ਰ ਆਏ। ਐੱਸ.ਡੀ.ਐੱਮ. ਸਮਾਣਾ ਨੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦੇ ਹੋਏ ਹਾਜ਼ਰ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਮੰਡੀਆਂ ਵਿੱਚ ਸਾਫ ਸਫਾਈ, ਬਿਜਲੀ ਸਪਲਾਈ, ਪੀਣ ਵਾਲੇ ਪਾਣੀ ਦੀ ਸੁਵਿਧਾ, ਪਖਾਨੇ ਤੇ ਬੈਠਣ ਲਈ ਛਾਂ ਦੇ ਪੂਰੇ ਪ੍ਰਬੰਧ ਯਕੀਨੀ ਬਣਾਏ ਜਾਣ।ਇਹ ਵੀ ਕਿਹਾ ਕਿ ਖਰੀਦ ਪ੍ਰਕਿਰਿਆ ਦੌਰਾਨ ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਕੋਈ ਵੀ ਤਕਲੀਫ ਨਾ ਆਵੇ।ਮਜ਼ਦੂਰਾਂ ਲਈ ਢੁੱਕਵੇਂ ਛਾਂਦਾਰ ਖੇਤਰ ਤੇ ਆਰਾਮ ਲਈ ਪ੍ਰਬੰਧ ਵੀ ਕੀਤੇ ਜਾਣ।ਆੜ੍ਹਤੀ ਐਸੋਸੀਏਸ਼ਨ ਵੱਲੋਂ ਕਿਹਾ ਗਿਆ ਕਿ ਮਾਰਕੀਟ ਕਮੇਟੀ ਵੱਲੋਂ ਗਿੱਲੀ ਫਸਲ ਨੂੰ ਮੰਡੀ ਵਿੱਚ ਐਂਟਰੀ ਨਾ ਦਿੱਤੀ ਜਾਵੇ।ਇਸ ਸਬੰਧੀ ਹਾਜ਼ਰੀਨ ਅਧਿਕਾਰੀਆਂ ਨੂੰ ਕਿਹਾ ਕਿ ਪਿੰਡਾਂ ਵਿੱਚ ਕਿਸਾਨਾਂ ਨੂੰ ਗਿੱਲੀ ਫਸਲ ਨਾ ਲਿਆਉਣ ਲਈ ਜਾਗਰੂਕ ਕੀਤਾ ਜਾਵੇ ਤਾਂ ਜੋ ਨਮੀ ਦੀ ਮਾਤਰਾ ਸਹੀ ਆਵੇ ਤੇ ਫਸਲ ਖ੍ਰੀਦਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ। ਇਸ ਤੋਂ ਇਲਾਵਾ ਲੇਬਰ ਯੂਨੀਅਨ ਦੇ ਪ੍ਰਧਾਨ ਨੂੰ ਫੂਡ ਏਜੰਸੀਆਂ ਨਾਲ ਹੋਏ ਐਗਰੀਮੈਂਟ ਅਨੁਸਾਰ ਪੂਰੀ ਲੇਬਰ ਦੀਆਂ ਟੋਲੀਆਂ ਦੇਣ ਦੀ ਹਦਾਇਤ ਕੀਤੀ ਗਈ।ਐੱਸ.ਡੀ.ਐੱਮ. ਸਮਾਣਾ ਨੇ ਕਿਹਾ ਕਿ ਅਗਾਮੀ ਝੋਨੇ ਦੇ ਸੀਜ਼ਨ ਵਿੱਚ ਕਿਸਾਨ ਵੀਰਾਂ ਨੂੰ ਕਿਸੇ ਵੀ ਕਿਸਮ ਦੀ ਮੁਸ਼ਕਲ ਦਾ ਸਾਮਣਾ ਨਹੀਂ ਕਰਨਾ ਪਵੇਗਾ ਤੇ ਕਿਸੇ ਵੀ ਪ੍ਰੇਸ਼ਾਨੀ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸੈਮੀਨਾਰ



**ਬੱਧਨੀ ਸਿੰਘ (ਲਵਲੀ ਮਾਛੀਕੇ)**-ਜ਼ਿਲ੍ਹਾ ਕਨੂੰਨੀ ਸੇਵਾਵਾਂ ਅਥਾਰਟੀ ਮੋਗਾ ਵੱਲੋਂ ਪਿੰਡ ਬੱਧਨੀ ਖੁਰਦ ਵਿਖੇ ਬਚਪਨ ਬਚਾਓ ਅੰਦੋਲਨ ਤਹਿਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਐਡਵੋਕੇਟ ਮੀਤੂ ਰਾਣੀ ਤੇ ਪੀ.ਐੱਲ.ਵੀ. ਗੁਰਬਰਮ ਸਿੰਘ ਨੇ ਪਿੰਡ ਵਾਸੀਆਂ ਨੂੰ ਬਾਲ ਵਿਆਹ ਬਾਰੇ ਵਿਧਵਾ, ਬੁਢਾਪਾ, ਆਸ਼ਰਿਤ ਪੈਨਸ਼ਨ ਸਕੀਮ ਬਾਰੇ ਫ੍ਰੀ ਲੀਗਲ ਏਡ, ਲੋਕ ਅਦਾਲਤ, ਮੈਡੀਏਸ਼ਨ ਸੈਂਟਰ ਤੇ ਹੋਰ ਲੋਕ ਭਲਾਈ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਵਿੱਚ ਸਮੂਹ ਗ੍ਰਾਮ ਪੰਚਾਇਤ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਦੇਵ ਸਮਾਜ ਕਾਲਜ ਵਿਖੇ ਏ ਆਈ ਅਸਿਸਟਡ ਡਾਟਾ ਐਨਾਲਾਇਸਿਸ ਵਿਸ਼ੇ 'ਤੇ ਵਰਕਸ਼ਾਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਸਿੱਖਿਆ, ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਨੈਕ ਦੇ ਅਨੁਸਾਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਏ-ਪਲੱਸ ਗ੍ਰੇਡ ਪ੍ਰਾਪਤ ਕਾਲਜ ਹੈ। ਇਹ ਸੰਸਥਾ ਕਾਲਜ ਦੇ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਦੇ ਆਸ਼ੀਰਵਾਦ, ਚੇਅਰਪਰਸਨ ਡਾ. ਅਗਨੀਜ਼ ਢਿੱਲੋਂ ਦੇ ਉਚਿਤ ਮਾਰਗਦਰਸ਼ਨ ਤੇ ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਦੀ ਉੱਦਮਸ਼ੀਲਤਾ ਨਾਲ ਸਿੱਖਿਆ ਤੇ ਸਮਾਜਿਕ ਗਤੀਵਿਧੀਆਂ ਵਿਚ ਨਿੱਤ ਨਵੇਂ ਕੀਰਤੀਮਾਨ ਸਥਾਪਤ ਕਰ ਰਹੀ ਹੈ।

ਇਸੇ ਕੜੀ ਤਹਿਤ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੇ ਪੋਸਟ ਗ੍ਰੈਜੂਏਟ ਅਰਥਸ਼ਾਸਤਰ ਵਿਭਾਗ ਵੱਲੋਂ ਬੀਤੇ ਦਿਨ 'ਏ. ਆਈ. ਅਸਿਸਟਿਡ ਡਾਟਾ ਐਨਾਲਿਸਿਸ' ਵਿਸ਼ੇ 'ਤੇ ਵਰਕਸ਼ਾਪ ਕਰਵਾਈ ਗਈ। ਇਸ ਮੌਕੇ ਸੰਜੀਵ ਕੱਕੜ ਮੁਖੀ ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਨੇ ਮੁੱਖ ਵਕਤਾ ਵਜੋਂ ਵਿਦਿਆਰਥਣਾਂ ਨੂੰ ਸਮਝਾਇਆ ਕਿ ਕਿਸ ਤਰ੍ਹਾਂ ਏ. ਆਈ. ਡਾਟਾ ਵਿਜ਼ੁਅਲਾਈਜ਼ੇਸ਼ਨ, ਪ੍ਰਿਡਿਕਟਿਵ ਮਾਡਲਿੰਗ ਤੇ ਅਸਲੀ ਡਾਟਾ ਵਿਸ਼ਲੇਸ਼ਣ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਸਹਾਇਕ ਤਕਨੀਕ ਹੈ। ਉਨ੍ਹਾਂ ਪ੍ਰੈਕਟਿਕਲ ਉਦਾਹਰਣਾਂ ਰਾਹੀਂ ਵਿਦਿਆਰਥਣਾਂ ਨੂੰ ਏ. ਆਈ. ਸੰਚਾਲਿਤ ਸਾਫਟਵੇਅਰ 'ਤੇ ਕੰਮ ਕਰਨ ਦਾ ਅਨੁਭਵ ਵੀ ਪ੍ਰਦਾਨ ਕੀਤਾ। ਵਰਕਸ਼ਾਪ ਦੌਰਾਨ ਵਿਦਿਆਰਥਣਾਂ ਨੂੰ ਡਾਟਾ ਕਲੀਨਿੰਗ, ਪ੍ਰੋਸੈਸਿੰਗ ਤੇ ਵਿਜ਼ੁਅਲਾਈਜ਼ੇਸ਼ਨ ਦੀਆਂ ਪ੍ਰਕਿਰਿਆਵਾਂ ਦਾ ਲਾਈਵ ਡੈਮੋ ਵਿਖਾਇਆ ਗਿਆ। ਖਾਸ ਕਰਕੇ ਆਰਥਿਕ ਖੋਜ ਵਿਚ ਏ.ਆਈ. ਟੂਲਜ਼ ਦੀ ਉਪਯੋਗਤਾ, ਮਾਰਕੀਟ ਟਰੈਂਡਜ਼ ਦੀ ਪਛਾਣ ਤੇ ਨੀਤੀ-ਨਿਰਧਾਰਨ ਵਿੱਚ ਡਾਟਾ ਐਨਾਲਿਟਿਕਸ ਦੀ ਭੂਮਿਕਾ 'ਤੇ ਵੀ ਚਰਚਾ ਕੀਤੀ ਗਈ। ਸੈਸ਼ਨ ਦੌਰਾਨ ਪ੍ਰਸ਼ਨੋਤਰੀ ਰਾਊਂਡ ਵੀ ਰੱਖਿਆ ਗਿਆ, ਜਿਸ ਵਿਚ ਵਿਦਿਆਰਥਣਾਂ ਨੇ ਡਾਟਾ ਐਨਾਲਿਟਿਕਸ ਨਾਲ ਜੁੜੀਆਂ ਵਾਸਤਵਿਕ ਚੁਣੌਤੀਆਂ, ਰੋਜ਼ਗਾਰ ਦੀਆਂ ਸੰਭਾਵਨਾਵਾਂ ਤੇ ਕਰੀਅਰ ਮੌਕਿਆਂ ਬਾਰੇ ਮਾਰਗਦਰਸ਼ਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਆਧੁਨਿਕ ਯੁੱਗ ਵਿਚ ਆਰਟੀਫ਼ਿਸ਼ਲ ਇੰਟੈਲੀਜੈਂਸ ਤੇ ਡਾਟਾ ਐਨਾਲਿਟਿਕਸ ਦਾ ਗਿਆਨ ਹਰ ਖੇਤਰ ਲਈ ਅਤਿ-ਜ਼ਰੂਰੀ ਹੋ ਰਿਹਾ ਹੈ। ਉਨ੍ਹਾਂ ਨੇ ਪ੍ਰੋਗਰਾਮ ਦੇ ਸਫਲ ਆਯੋਜਨ 'ਤੇ ਪੋਸਟ ਗ੍ਰੈਜੂਏਟ ਅਰਥਸ਼ਾਸਤਰ ਵਿਭਾਗ ਦੀ ਮੁਖੀ ਡਾ. ਸੰਗੀਤਾ ਅਰੋੜਾ ਤੇ ਪੋਸਟ ਗ੍ਰੈਜੂਏਟ ਕੰਪਿਊਟਰ ਸਾਇੰਸ ਵਿਭਾਗ ਦੇ ਮੁਖੀ ਸੰਜੀਵ ਕੱਕੜ ਨੂੰ ਵਧਾਈ ਦਿੱਤੀ। ਉਨ੍ਹਾਂ ਸਾਰੇ ਭਾਗੀਦਾਰਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਤੇ ਅਜਿਹੀਆਂ ਅਕਾਦਮਿਕ ਗਤੀਵਿਧੀਆਂ ਨੂੰ ਭਵਿੱਖ ਲਈ ਲਾਭਦਾਇਕ ਦੱਸਿਆ।

# ਸਰਕਾਰ ਬੰਦੀ ਸਿੰਘਾਂ ਨੂੰ ਰਿਹਾਅ ਕਰੇ : ਪੀਰ ਮੁਹੰਮਦ

**ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਭੇਜੀ ਜਾਵੇਗੀ ਖੁੱਲ੍ਹੀ ਚਿੱਠੀ**



**ਮੋਗਾ (ਇਕਬਾਲ ਸਿੰਘ ਖਹਿਰਾ)**

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕੇਂਦਰ ਸਰਕਾਰ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਮੌਕੇ ਮਨੁੱਖਤਾਵਾਦੀ ਪਹੁੰਚ ਅਪਣਾਉਂਦਿਆਂ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ (ਬੰਦੀ ਸਿੰਘਾਂ) ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਇੱਥੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਸੱਚੇ ਦਿਲੋਂ 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨਾ ਚਾਹੁੰਦੀ ਹੈ, ਤਾਂ ਉਸ ਨੂੰ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣਾ ਪਵੇਗਾ।ਗੁਰੂ ਸਾਹਿਬ ਨੇ ਜ਼ੁਲਮ ਖਿਲਾਫ਼ ਤੇ ਮਨੁੱਖੀ ਹੱਕਾਂ ਲਈ ਸ਼ਹਾਦਤ ਦਿੱਤੀ ਸੀ।ਅੱਜ ਉਸੇ ਦੇਸ਼ ਵਿੱਚ ਬੰਦੀ ਸਿੰਘ ਦਹਾਕਿਆਂ ਤੋਂ ਰਿਹਾਈਆਂ ਨੂੰ ਉਡੀਕ ਰਹੇ ਹਨ।ਇਸ ਇਤਿਹਾਸਕ ਸ਼ਤਾਬਦੀ 'ਤੇ ਉਨ੍ਹਾਂ ਨੂੰ ਰਿਹਾਅ ਕਰਨ ਤੋਂ ਵੱਡੀ ਸ਼ਰਧਾਂਜਲੀ ਹੋਰ ਕੋਈ ਨਹੀਂ ਹੋ ਸਕਦੀ।

ਉਨ੍ਹਾਂ ਦੱਸਿਆ ਕਿ ਇਸ ਸੰਬੰਧ ਵਿੱਚ ਜਲਦੀ ਹੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇੱਕ ਖੁੱਲ੍ਹੀ ਚਿੱਠੀ ਭੇਜੀ ਜਾ ਰਹੀ ਹੈ।ਇਸ ਚਿੱਠੀ 'ਤੇ ਦੇਸ਼ ਦੇ ਉੱਘੇ ਮਨੁੱਖੀ ਅਧਿਕਾਰ ਕਾਰਕੁਨਾਂ, ਲੇਖਕਾਂ ਤੇ ਸੇਵਾ-ਮੁਕਤ ਜੱਜਾਂ ਦੇ ਦਸਤਖ਼ਤ ਵੀ ਲਏ ਜਾਣਗੇ ਤਾਂ ਜੋ ਸਰਕਾਰ ਤੱਕ ਕੌਮ ਦੀ ਸਾਂਝੀ ਆਵਾਜ਼ ਪਹੁੰਚ ਸਕੇ।ਸ੍. ਪੀਰ ਮੁਹੰਮਦ ਨੇ ਉਮੀਦ ਜਤਾਈ ਕਿ ਸਰਕਾਰ ਸਿੱਖਾਂ ਦੀਆਂ ਭਾਵਨਾਵਾਂ ਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਕਰਦਿਆਂ ਇਸ ਇਤਿਹਾਸਕ ਮੌਕੇ 'ਤੇ ਇੱਕ ਸਾਰਥਕ ਫ਼ੈਸਲਾ ਲਵੇਗੀ।

## ਆਬਕਾਰੀ ਵਿਭਾਗ ਨੇ ਤਿਉਹਾਰਾਂ ਦੇ ਮੱਦੇਨਜ਼ਰ ਲੋਕਾਂ ਨੂੰ ਕੀਤਾ ਜਾਗਰੂਕ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਆਗਾਮੀ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਆਬਕਾਰੀ ਵਿਭਾਗ ਪੰਜਾਬ ਦੇ ਕਮਿਸ਼ਨਰ ਮਾਨਯੋਗ ਸ੍ਰੀ ਜਤਿੰਦਰ ਜੋਰੇਵਾਲ ਆਈ ਏ ਐੱਸ, ਡਿਪਟੀ ਕਮਿਸ਼ਨਰ ਪਵਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅਤੇ ਸ਼੍ਰੀ ਗੁਲਸ਼ਨ ਹੂਰੀਆ ਸਹਾਇਕ ਕਮਿਸ਼ਨਰ ਸੰਗਰੂਰ, ਦਿਲਪ੍ਰੀਤ ਸਿੰਘ ਆਬਕਾਰੀ ਅਧਿਕਾਰੀ ਸੰਗਰੂਰ-1 ਦੀ ਅਗਵਾਈ ਵਿੱਚ ਆਬਕਾਰੀ ਇੰਸਪੈਕਟਰ ਸੁਨਾਮ ਸ੍ਰੀ ਗੌਰਵ ਜਿੰਦਲ ਤੇ ਆਬਕਾਰੀ ਇੰਸਪੈਕਟਰ ਲੌਂਗੋਵਾਲ ਸ੍. ਬਿਕਰਮ ਢੀਂਡਸਾ ਵੱਲੋਂ ਨਾਜਾਇਜ਼, ਨਕਲੀ ਤੇ ਘਰ ਦੀ ਕੱਢੀ ਸ਼ਰਾਬ ਦੇ ਸਿਹਤ ਨੂੰ ਹੋਣ ਵਾਲੇ ਮਾੜੇ ਪ੍ਰਭਾਵ ਸਬੰਧੀ ਲੋਕਾਂ ਨੂੰ ਪ੍ਰਮੁੱਖ ਜਨਤਕ ਥਾਵਾਂ ਜਿਵੇਂ ਕਿ ਬੱਸ ਸਟੈਂਡ, ਰੇਲਵੇ ਸਟੇਸ਼ਨ, ਤਹਿਸੀਲ ਦਫਤਰ ਤੇ ਸਿਵਲ ਹਸਪਤਾਲ ਵਿੱਚ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਨਜਾਇਜ਼ ਤੇ ਨਕਲੀ ਸ਼ਰਾਬ ਵਿਰੁੱਧ ਮੁਹਿੰਮ ਜੰਗੀ ਪੱਧਰ 'ਤੇ ਚਲਾਈ ਗਈ ਹੈ ਅਤੇ ਜਾਲੀ ਨਜਾਇਜ਼ ਸ਼ਰਾਬ ਦਾ ਕਾਰੋਬਾਰ ਕਰਨ ਵਾਲੇ ਨੂੰ ਕਿਸੇ ਵੀ ਵਿਅਕਤੀ ਨੂੰ ਨਹੀਂ ਬਖ਼ਸ਼ਿਆ ਜਾਵੇਗਾ। ਇਸ ਮੌਕੇ ਉਨ੍ਹਾਂ ਵੱਲੋਂ ਵੱਖ-ਵੱਖ ਥਾਵਾਂ 'ਤੇ ਨਕਲੀ, ਮਾੜੀ ਸ਼ਰਾਬ ਤੇ ਘਰ ਦੀ ਕੱਢੀ ਹੋਈ ਸ਼ਰਾਬ ਦੇ ਹੋਣ ਵਾਲੇ ਮਾੜੇ ਪ੍ਰਭਾਵ ਬਾਰੇ ਪੋਸਟਰ ਵੀ ਲਗਾਏ ਗਏ।

## ਤਿਉਹਾਰੀ ਸੀਜ਼ਨ ਮੌਕੇ ਸੁਰੱਖਿਆ ਦੇ ਪੱਕੇ ਪ੍ਰਬੰਧ : ਐੱਸ ਐੱਸ ਪੀ




**ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰ ਪਾਲ, ਪੂਜਾ)**-ਤਿਉਹਾਰੀ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਸ੍ਰੀ ਮੁਕਤਸਰ ਸਾਹਿਬ ਦੇ ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਣ ਤੇ ਸ਼ਹਿਰ ਵਾਸੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ।ਜਿੱਥੇ ਉਨ੍ਹਾਂ ਵੱਲੋਂ ਖੁਦ ਰਾਤ ਸਮੇਂ ਰਾਮਲੀਲ੍ਹਾ ਗਰਾਊਂਡ ਤੇ ਸ਼ਹਿਰ ਦੇ ਵੱਖ-ਵੱਖ ਨਾਕਿਆਂ 'ਤੇ ਚੈਕਿੰਗ ਕੀਤੀ ਗਈ ਅਤੇ ਪੁਲਸ ਮੁਲਾਜ਼ਮਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ।ਐੱਸ.ਐੱਸ.ਪੀ. ਡਾ. ਅਖਿਲ ਚੌਧਰੀ ਨੇ ਦੱਸਿਆ ਕਿ ਤਿਉਹਾਰੀ ਸੀਜ਼ਨ ਦੌਰਾਨ ਸ੍ਰੀ ਮੁਕਤਸਰ ਸਾਹਿਬ ਵਿੱਚ ਵੱਧ ਸੁਰੱਖਿਆ ਪ੍ਰਬੰਧਾਂ ਲਈ 500 ਤੋਂ ਵੱਧ ਪੁਲਸ ਮੁਲਾਜ਼ਮਾਂ ਨੂੰ ਸੜਕਾਂ ਤੇ ਭੀੜ ਵਾਲੇ ਇਲਾਕਿਆਂ 'ਚ ਤਾਇਨਾਤ ਕੀਤਾ ਗਿਆ ਹੈ।ਸ਼ਹਿਰ ਦੇ ਮੁੱਖ ਚੌਰਾਹਿਆਂ, ਅੰਦਰੂਨੀ ਬਾਜ਼ਾਰਾਂ ਤੇ ਸੰਵੇਦਨਸ਼ੀਲ ਸਥਾਨਾਂ 'ਤੇ ਵੱਧ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਇਸ ਤੋਂ ਇਲਾਵਾ ਚਾਰੇ ਸਬ ਡਵੀਜ਼ਨਾਂ ਮੁਕਤਸਰ, ਮਲੋਟ, ਗਿੱਦੜਬਾਹਾ ਤੇ ਲੰਬੀ ਵਿੱਚ ਵੱਖ-ਵੱਖ ਨਾਕੇ ਲਗਾਏ ਗਏ ਹਨ ਅਤੇ ਹਰ ਨਾਕੇ 'ਤੇ 24 ਘੰਟੇ ਪੁਲਸ ਮੁਲਾਜ਼ਮ ਤਾਇਨਾਤ ਕੀਤੇ ਗਏ ਹਨ।ਪੀ.ਸੀ.ਆਰ. ਮੋਟਰਸਾਈਕਲ ਤੇ ਗਸ਼ਤ ਟੀਮਾਂ ਵੀ ਤਿਆਰ ਕੀਤੀਆਂ ਗਈਆਂ ਹਨ, ਜਿਨ੍ਹਾਂ ਵੱਲੋਂ ਲਗਾਤਾਰ ਸ਼ਰਾਰਤੀ ਅਨਸਰਾਂ 'ਤੇ ਨਿਗਰਾ ਰੱਖੀ ਜਾ ਰਹੀ ਹੈ।ਇਸ ਮੌਕੇ ਡਾ. ਅਖਿਲ ਚੌਧਰੀ ਵੱਲੋਂ ਖੁਦ ਰਾਤ ਸਮੇਂ ਰਾਮਲੀਲ੍ਹਾ ਗਰਾਊਂਡਾਂ ਵਿੱਚ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਉਨ੍ਹਾਂ ਮੌਕੇ 'ਤੇ ਮੌਜੂਦ ਪੁਲਸ ਅਧਿਕਾਰੀਆਂ ਤੇ ਮੁਲਾਜ਼ਮਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਨੂੰ ਤਿਉਹਾਰੀ ਸੀਜ਼ਨ ਦੌਰਾਨ ਹੋਰ ਜ਼ਿਆਦਾ ਚੌਕਸੀ ਤੇ ਜ਼ਿੰਮੇਵਾਰੀ ਨਾਲ ਡਿਊਟੀ ਨਿਭਾਉਣ ਲਈ ਵਿਸ਼ੇਸ਼ ਹਦਾਇਤਾਂ ਜਾਰੀ ਕੀਤੀਆਂ।ਉਨ੍ਹਾਂ ਜਨਤਾ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸ਼ੱਕੀ ਗਤੀਵਿਧੀ ਜਾਂ ਵਿਅਕਤੀ ਦੀ ਸੂਚਨਾ ਤੁਰੰਤ ਪੁਲਸ ਕੰਟਰੋਲ ਰੂਮ ਨੂੰ ਦੇਣ।

## ਬੱਸ ਅੱਡੇ ਦੇ ਰਸਤੇ ਬਣੇ ਮੌਤ ਦੇ ਖੂਹ, ਲੋਕ ਪ੍ਰੇਸ਼ਾਨ, ਨਗਰ ਕੌਂਸਲ ਖਾਮੋਸ਼



**ਜੈਤੋ (ਸਤੀਸ਼ ਕੁਮਾਰ ਭੀਰੀ)**-ਪੰਜਾਬ ਦੀਆਂ ਰਵਾਇਤੀ ਪਾਰਟੀਆਂ ਅਕਾਲੀ-ਭਾਜਪਾ ਗੱਠਜੋੜ ਤੇ ਕਾਂਗਰਸ ਤੋਂ ਨਿਰਾਸ਼ ਹੋ ਕੇ ਪੰਜਾਬੀ ਵੋਟਰਾਂ ਨੇ ਆਮ ਆਦਮੀ ਪਾਰਟੀ (ਆਪ) ਨੂੰ ਸੱਤਾ ਸੌਂਪੀ ਸੀ, ਪਰ ਸੱਤਾ ਵਿੱਚ ਆਉਂਦੇ ਹੀ ਆਪ ਦੇ ਆਗੂਆਂ ਨੇ ਲੋਕਾਂ ਦੀਆਂ ਉਮੀਦਾਂ ਉੱਤੇ ਪਾਣੀ ਫੇਰ ਦਿੱਤਾ। ਆਪਣੇ ਹੰਕਾਰ ਤੇ ਨਿੱਜੀ ਲਾਭਾਂ ਨੂੰ ਤਰਜੀਹ ਦਿੰਦੇ ਹੋਏ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਤੋਂ ਅੱਖਾਂ ਮੂੰਦ ਲਈਆਂ।ਜੈਤੋ ਸ਼ਹਿਰ ਦੇ ਬਾਜ਼ਾਰਾਂ, ਗਲੀਆਂ ਤੇ ਲਿੰਕ ਸੜਕਾਂ ਦੀ ਹਾਲਤ ਖਰਾਬ ਹੋਣ ਨਾਲ ਲੋਕ ਰੋਜ਼ਾਨਾ ਪ੍ਰੇਸ਼ਾਨ ਹਨ।ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ ਅਨੁਸਾਰ ਬੱਸ ਅੱਡਾ ਜੈਤੋ ਦੇ ਤਿੰਨੋ ਪ੍ਰਵੇਸ਼ ਰਸਤੇ ਖਤਰਨਾਕ ਖੱਡਿਆਂ ਵਿੱਚ ਤਬਦੀਲ ਹੋ ਚੁੱਕੇ ਹਨ, ਜੋ ਸਿੱਧੇ ਤੌਰ 'ਤੇ ਮੌਤ ਨੂੰ ਸੱਦਾ ਦੇ ਰਹੇ ਹਨ।ਜਦੋਂ ਲੋਕਾਂ ਨੇ ਨਗਰ ਕੌਂਸਲ ਦੀ ਲਾਪ੍ਰਵਾਹੀ ਵਿਰੁੱਧ ਮੀਡੀਆ ਰਾਹੀਂ ਆਵਾਜ਼ ਬੁਲੰਦ ਕੀਤੀ ਤਾਂ ਨਗਰ ਕੌਂਸਲ ਪ੍ਰਧਾਨ ਹਰੀਸ਼ ਚੰਦਰ ਨੇ ਹੱਥ ਖੜ੍ਹੇ ਕਰ ਦਿੱਤੇ।ਉਨ੍ਹਾਂ ਕਿਹਾ ਕਿ ਰਿਪੇਅਰ ਵਾਲਾ ਠੇਕੇਦਾਰ ਭੱਜ ਗਿਆ ਹੈ, ਇਸ ਲਈ ਨਵਾਂ ਟੈਂਡਰ ਲਗਾਉਣ ਵਿੱਚ ਲਗਭਗ ਇੱਕ ਮਹੀਨਾ ਲੱਗੇਗਾ।ਜੇ ਲੋਕ ਚਾਹੁੰਦੇ ਹਨ ਤਾਂ ਆਪਣੇ ਆਪ ਮੌਤ ਦੇ ਟੋਏ ਭਰ ਲੈਣ, ਮੈਂ ਬਿੱਲ ਦੇ ਦਿਆਂਗਾ।ਇਸ ਮੌਕੇ ਕਾਂਗਰਸੀ ਨੇਤਾ ਤੇ ਸਮਾਜ ਸੇਵੀ ਕਾਲਾ ਸ਼ਰਮਾ ਨੇ ਕਿਹਾ ਕਿ ਜਿੰਨਾ ਚਿਰ ਕੋਈ ਬਜ਼ੁਰਗ ਜਾਂ ਗਰੀਬ ਵਿਅਕਤੀ ਇਨ੍ਹਾਂ ਖੱਡਿਆਂ ਵਿੱਚ ਡਿੱਗ ਕੇ ਮਰ ਨਹੀਂ ਜਾਂਦਾ, ਉਨਾ ਚਿਰ ਨਗਰ ਕੌਂਸਲ ਜੈਤੋ ਹਰਕਤ ਵਿੱਚ ਨਹੀਂ ਆਉਂਦੀ।ਜੇ ਹਾਲਾਤ ਐਸੇ ਹੀ ਰਹੇ ਤੇ ਲੋਕਾਂ ਨੂੰ ਬਿਨਾਂ ਕਿਸੇ ਸੁਣਵਾਈ ਦੇ ਨਗਰ ਕੌਂਸਲ ਦੀਆਂ ਲਾਪ੍ਰਵਾਹੀਆਂ ਦਾ ਸ਼ਿਕਾਰ ਬਣਾਇਆ ਗਿਆ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਇਸ ਦੀ ਵੱਡੀ ਕੀਮਤ ਚੁਕਾਉਣੀ ਪਵੇਗੀ।

## ਡਾ. ਰਤਨ ਗੁਪਤਾ ਏਮਜ਼ ਬਠਿੰਡਾ ਦੇ ਕਾਰਜਕਾਰੀ ਨਿਰਦੇਸ਼ਕ ਵਜੋਂ ਨਿਯੁਕਤ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਬਠਿੰਡਾ ਡਾ. ਰਤਨ ਗੁਪਤਾ ਨੂੰ ਆਪਣੇ ਨਵੇਂ ਕਾਰਜਕਾਰੀ ਨਿਰਦੇਸ਼ਕ ਵਜੋਂ ਨਿਯੁਕਤ ਕਰਨ ਦਾ ਐਲਾਨ ਕਰਦੇ ਹੋਏ ਖੁਸ਼ੀ ਮਹਿਸੂਸ ਕਰ ਰਿਹਾ ਹੈ।ਡਾ. ਗੁਪਤਾ ਆਪਣੇ ਨਾਲ ਡਾਕਟਰੀ ਸਿੱਖਿਆ, ਖੋਜ ਤੇ ਹਸਪਤਾਲ ਪ੍ਰਸ਼ਾਸਨ ਦੇ ਖੇਤਰ ਵਿੱਚ ਤਜਰਬੇ, ਉੱਤਮਤਾ ਪ੍ਰਤੀ ਸਮਰਪਣ ਤੇ ਇੱਕ ਵਿਲੱਖਣ ਟਰੈਕ ਰਿਕਾਰਡ ਲੈ ਕੇ ਆਉਂਦੇ ਹਨ।ਏਮਜ਼ ਬਠਿੰਡਾ ਵਿਖੇ ਆਪਣੀ ਨਿਯੁਕਤੀ ਤੋਂ ਪਹਿਲਾਂ ਡਾ. ਗੁਪਤਾ ਨੇ ਭਾਰਤ ਦੇ ਪ੍ਰਮੁੱਖ ਮੈਡੀਕਲ ਸੰਸਥਾਵਾਂ ਵਿੱਚ ਵੱਖ-ਵੱਖ ਲੀਡਰਸ਼ਿਪ ਭੂਮਿਕਾਵਾਂ ਵਿੱਚ ਸੇਵਾ ਨਿਭਾਈ ਹੈ।ਸਿਹਤ ਸੰਭਾਲ ਸੇਵਾਵਾਂ ਨੂੰ ਅੱਗੇ ਵਧਾਉਣ, ਮਰੀਜ਼ਾਂ ਦੀ ਦੇਖਭਾਲ ਵਿੱਚ ਸੁਧਾਰ ਕਰਨ ਤੇ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਤ ਕਰਨ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਹੈ।ਆਪਣੀ ਨਵੀਂ ਭੂਮਿਕਾ ਬਾਰੇ ਬੋਲਦਿਆਂ ਡਾ. ਗੁਪਤਾ ਨੇ ਕਿਹਾ ਕਿ ਏਮਜ਼ ਬਠਿੰਡਾ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਣ 'ਤੇ ਮਾਣ ਹੈ।ਮੈਂ ਇਸ ਸੰਸਥਾ ਨੂੰ ਸਿਹਤ ਸੰਭਾਲ ਤੇ ਡਾਕਟਰੀ ਸਿੱਖਿਆ ਵਿੱਚ ਉੱਤਮਤਾ ਦਾ ਕੇਂਦਰ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਲਈ ਫੈਕਲਟੀ, ਸਟਾਫ ਤੇ ਵਿਦਿਆਰਥੀਆਂ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ।

## ਆਸ਼ਿਮ ਸਿੰਗਲਾ ਦੀ ਨਿਯੁਕਤੀ ਦਾ ਸਵਾਗਤ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਬੀਤੇ ਦਿਨੀਂ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਵੱਲੋਂ ਆਸ਼ਿਮ ਸਿੰਗਲਾ ਭੈਣੀਵਾਲਾ ਐਡਵੋਕੇਟ ਨੂੰ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਦੀ ਪ੍ਰਬੰਧਕੀ ਕਮੇਟੀ ਦਾ ਕੋ-ਆਪਟਡ ਮੈਂਬਰ ਨਿਯੁਕਤ ਕੀਤਾ ਗਿਆ। ਆਸ਼ਿਮ ਸਿੰਗਲਾ ਭੈਣੀਵਾਲਾ, ਜੋ ਕਿ ਕੇਵਲ ਕ੍ਰਿਸ਼ਨ ਭੈਣੀਵਾਲਾ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ ਦੇ ਹੋਣਹਾਰ ਸਪੁੱਤਰ ਹਨ।ਜ਼ਿਕਰਯੋਗ ਹੈ ਕਿ ਇਨ੍ਹਾਂ ਦੇ ਮਾਤਾ ਸ੍ਰੀਮਤੀ ਅੰਜੂ ਭੈਣੀਵਾਲਾ, ਜੋ ਕਿ ਨਗਰ ਨਿਗਮ ਚੰਡੀਗੜ੍ਹ ਦੇ ਸੀਨੀਅਰ ਡਿਪਟੀ ਮੇਅਰ ਰਹਿ ਚੁੱਕੇ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਜਤਿੰਦਰ ਸਿੰਘ ਸੋਢੀ ਐਡਵੋਕੇਟ ਨੇ ਦੱਸਿਆ ਕਿ ਭੈਣੀਵਾਲਾ ਪਰਿਵਾਰ ਦਾ ਪਿਛੋਕੜ ਮਾਨਸਾ ਦਾ ਹੈ ਤੇ ਇਹ ਮਾਨਸਾ ਵਿੱਚ ਸਮਾਜਿਕ ਗਤੀਵਿਧੀਆਂ ਤੇ ਸਮਾਜ ਭਲਾਈ ਦੇ ਕੰਮਾਂ ਵਿੱਚ ਹਿੱਸਾ ਲੈਂਦੇ ਰਹਿੰਦੇ ਹਨ।ਆਸ਼ਿਮ ਸਿੰਗਲਾ ਨੂੰ ਇਸ ਨਿਯੁਕਤੀ ਦਾ ਪੱਤਰ ਸ੍ਰੀ ਸੀ ਐੱਮ ਮੁੰਜਾਲ ਸਾਬਕਾ ਚੇਅਰਮੈਨ ਪੰਜਾਬ ਤੇ ਹਰਿਆਣਾ ਬਾਰ ਕੌਂਸਲ ਤੇ ਮੌਜੂਦਾ ਮੈਂਬਰ ਨੇ ਉਨ੍ਹਾਂ ਦੇ ਪਿਤਾ ਕੇ ਕੇ ਭੈਣੀਵਾਲਾ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਦੀ ਹਾਜ਼ਰੀ ਵਿੱਚ ਦਿੱਤਾ।ਆਸ਼ਿਮ ਸਿੰਗਲਾ ਦੀ ਇਸ ਨਿਯੁਕਤੀ 'ਤੇ ਬਾਰ ਐਸੋਸੀਏਸ਼ਨ ਮਾਨਸਾ, ਬੁਢਲਾਡਾ ਤੇ ਸਰਦੂਲਗੜ੍ਹ ਦੇ ਸੀਨੀਅਰ ਮੈਂਬਰਾਂ ਤੇ ਅਹੁਦੇਦਾਰਾਂ ਨੇ ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਨਿਯੁਕਤੀ ਨਾਲ ਮਾਨਸਾ ਜ਼ਿਲ੍ਹੇ ਦੇ ਵਕਾਲਤ ਕਰ ਰਹੇ ਭਾਈਚਾਰੇ ਦੀ ਭਲਾਈ ਦੇ ਕੰਮਾਂ ਤੇ ਮੰਗਾਂ, ਮਸਲਿਆਂ ਲਈ ਉਮੀਦ ਨੂੰ ਇੱਕ ਕਿਰਨ ਦਿਖਾਈ ਦਿੱਤੀ ਹੈ।

## ਪੁਲਸ ਨੇ ਵੱਖ-ਵੱਖ ਮਾਮਲਿਆਂ 'ਚ ਜ਼ਬਤ ਕੀਤੇ ਨਸ਼ੀਲੇ ਪਦਾਰਥਾਂ ਨੂੰ ਕੀਤਾ ਨਸ਼ਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਪੁਲਸ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਲਗਾਤਾਰ ਚੱਲ ਰਹੀ ਮੁਹਿੰਮ ਅਧੀਨ ਅੱਜ ਇੱਕ ਵੱਡਾ ਆਪ੍ਰੇਸ਼ਨ ਕੀਤਾ ਗਿਆ।ਐਸ.ਐਸ.ਪੀ ਮੋਗਾ, ਐਸ.ਪੀ (ਡੀ) ਤੇ ਡੀ.ਐਸ.ਪੀ (ਡੀ)/ਡੀ.ਐਸ.ਪੀ (ਐਨ.ਡੀ.ਪੀ.ਐੱਸ.) ਮੋਗਾ ਦੀ ਸਿੱਧੀ ਨਿਗਰਾਨੀ ਤੇ ਦਿਸ਼ਾ-ਨਿਰਦੇਸ਼ ਹੇਠ ਮੋਗਾ ਪੁਲਸ ਦੀ ਡਰੱਗ ਡਿਸਪੋਜ਼ਲ ਕਮੇਟੀ ਨੇ 83 ਵੱਖ-ਵੱਖ ਐਨ.ਡੀ.ਪੀ.ਐਸ. ਐਕਟ ਅਧੀਨ ਦਰਜ ਮਾਮਲਿਆਂ ਵਿੱਚ ਜ਼ਬਤ ਕੀਤੇ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਲਈ ਵਿਸ਼ਾਲ ਕਾਰਵਾਈ ਅੰਜਾਮ ਦਿੱਤੀ।ਇਸ ਆਪ੍ਰੇਸ਼ਨ ਦੌਰਾਨ ਪੁਲਸ ਨੇ ਸੁਰੱਖਿਆ ਦੇ ਪੂਰੇ ਇੰਤਜ਼ਾਮਾਂ ਤੇ ਕਾਨੂੰਨੀ ਕਾਰਵਾਈ ਦੀ ਪਾਲਣਾ ਕਰਦਿਆਂ ਕੁੱਲ 8.664 ਕਿਲੋਗ੍ਰਾਮ ਹੈਰੋਇਨ, 659 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 1,020 ਨਸ਼ੀਲੀਆਂ ਗੋਲੀਆਂ ਤੇ 10 ਗ੍ਰਾਮ ਸਮੈਕ ਨੂੰ ਵਿਸ਼ੇਸ਼ ਭੱਠੀ ਵਿੱਚ ਪੂਰੀ ਤਰ੍ਹਾਂ ਸਾੜ ਕੇ ਨਸ਼ਟ ਕੀਤਾ।ਇਹ ਕਾਰਵਾਈ ਨਾ ਸਿਰਫ਼ ਪੁਲਸ ਦੀ ਕਾਰਗੁਜ਼ਾਰੀ ਨੂੰ ਦਰਸਾਉਂਦੀ ਹੈ, ਸਗੋਂ ਇਸ ਗੱਲ ਨੂੰ ਵੀ ਯਕੀਨੀ ਬਣਾਉਂਦੀ ਹੈ ਕਿ ਜ਼ਬਤ ਕੀਤਾ ਗਿਆ ਕੋਈ ਵੀ ਨਸ਼ੀਲਾ ਪਦਾਰਥ ਮੁੜ ਸਮਾਜ ਵਿੱਚ ਨਹੀਂ ਪਹੁੰਚ ਸਕੇ।ਮੋਗਾ ਪੁਲਸ ਵੱਲੋਂ ਹਮੇਸ਼ਾ ਇਹ ਯਤਨ ਕੀਤਾ ਗਿਆ ਹੈ ਕਿ ਨਸ਼ਾ ਮਾਫੀਆ ਤੇ ਮਾਦਾ ਅਨਸਰਾਂ ਨੂੰ ਜੜ੍ਹੋਂ ਖ਼ਤਮ ਕਰਕੇ ਜ਼ਿਲ੍ਹੇ ਨੂੰ ਪੂਰੀ ਤਰ੍ਹਾਂ ਨਸ਼ਾ-ਮੁਕਤ ਬਣਾਇਆ ਜਾਵੇ।ਅਜਿਹੀਆਂ ਕਾਰਵਾਈਆਂ ਸਮਾਜ ਵਿੱਚ ਇਹ ਸੁਨੇਹਾ ਦਿੰਦੀਆਂ ਹਨ ਕਿ ਨਸ਼ਿਆਂ ਵਿਰੁੱਧ ਪੁਲਸ ਦੀ ਲੜਾਈ ਸਿਰਫ਼ ਸ਼ਬਦਾਂ ਤੱਕ ਸੀਮਿਤ ਨਹੀਂ, ਸਗੋਂ ਇਸ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।ਲੋਕਾਂ ਨੂੰ ਵੀ ਅਪੀਲ ਕੀਤੀ ਜਾਂਦੀ ਹੈ ਕਿ ਉਹ ਨਸ਼ਿਆਂ ਖ਼ਿਲਾਫ਼ ਇਸ ਲੜਾਈ ਵਿੱਚ ਪੁਲਸ ਦਾ ਸਾਥ ਦੇਣ ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਮਿਲਣ 'ਤੇ ਤੁਰੰਤ ਪੁਲਸ ਨੂੰ ਸੂਚਿਤ ਕਰਨ।

# ਮੰਗਾਂ ਨੂੰ ਲੈ ਕੇ ਜੰਗਲਾਤ ਕਾਮੇ 4 ਅਕਤੂਬਰ ਨੂੰ ਦਿੜ੍ਹਬਾ 'ਚ ਕਰਨਗੇ ਰੋਸ ਰੈਲੀ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22 ਬੀ ਚੰਡੀਗੜ੍ਹ ਨਾਲ ਸੰਬਧਤ ਜੰਗਲਾਤ ਦੇ ਫੀਲਡ ਕਾਮਿਆਂ ਦੀ ਇਕੋ-ਇਕ ਸਿਰਮੌਰ ਸੰਘਰਸ਼ੀਲ ਜਥੇਬੰਦੀ ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ ਗੜ੍ਹਸ਼ੰਕਰ ਦੀ ਪ੍ਰਧਾਨਗੀ ਹੇਠ ਹੋਈ।ਆਗੂਆਂ ਨੇ ਦੱਸਿਆ ਕਿ ਵਣ ਅਤੇ ਜੰਗਲੀ ਜੀਵ ਵਿਭਾਗ ਵਿਚ ਕੰਮ ਕਰਦੇ ਕਾਮਿਆਂ ਦੀਆਂ ਮੰਗਾਂ ਸੰਬੰਧੀ ਵਣ ਮੰਤਰੀ ਅਤੇ ਵਿੱਤ ਮੰਤਰੀ ਨਾਲ ਅਨੇਕਾਂ ਮੀਟਿੰਗਾਂ ਹੋਣ ਦੇ ਬਾਵਜੂਦ ਇਕ ਵੀ ਮੰਗ ਦਾ ਹੱਲ ਨਹੀਂ ਹੋਇਆ। ਸੂਬਾ ਚੇਅਰਮੈਨ ਵਿਰਸਾ ਸਿੰਘ ਚਹਿਲ, ਵਿੱਤ ਸਕੱਤਰ ਅਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਰਣਜੀਤ ਸਿੰਘ ਗੁਰਦਾਸਪੁਰ, ਬਲਵੀਰ ਸਿੰਘ ਤਰਨਤਾਰਨ ਅਤੇ ਸ਼ੇਰ ਸਿੰਘ ਸਰਹਿੰਦ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਜੰਗਲਾਤ ਅਤੇ ਜੰਗਲੀ ਜੀਵ ਵਿਭਾਗ ਦੇ ਕਾਮਿਆਂ ਨੂੰ ਪੰਜਾਬ ਸਰਕਾਰ ਵੱਲੋਂ 30 ਜੁਲਾਈ ਨੂੰ ਪੱਕਿਆਂ ਕੀਤਾ ਸੀ, ਉਨ੍ਹਾਂ ਨੂੰ 2 ਮਹੀਨੇ ਪੱਕੇ ਹੋਣ ਦੇ ਬਾਵਜੂਦ ਤਨਖਾਹਾਂ ਵੀ ਨਸੀਬ ਨਹੀਂ ਹੋਈਆਂ।ਇਨ੍ਹਾਂ ਵਰਕਰਾਂ ਨੂੰ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿਉਂਕਿ ਉਹ ਆਪਣੇ ਬਜ਼ੁਰਗ ਮਾਤਾ-ਪਿਤਾ ਦਾ ਇਲਾਜ ਕਰਨ ਤੋਂ ਅਸਮਰੱਥ ਹਨ ਅਤੇ ਬੱਚਿਆਂ ਦੀਆਂ ਸਕੂਲਾਂ ਦੀਆ ਫੀਸਾਂ ਵੀ ਭਰਨ ਤੋਂ ਅਸਮਰੱਥ ਹਨ ਅਤੇ ਹਰ ਰੋਜ਼ ਘਰ ਵਿਚ ਬਰਤਨ ਵਾਲੀ ਵਸਤੂਆਂ ਰਾਸ਼ਨ, ਦੁੱਧ ਲਿਆਉਣ ਤੋਂ ਅਸਮਰਥ ਹਨ।ਇੰਨੀ ਅੰਤਾਂ ਦੀ ਮਹਿੰਗਾਈ ਵਿੱਚ ਇਨ੍ਹਾਂ ਨੂੰ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨਾ ਮੁਸ਼ਕਿਲ ਹੋਇਆ ਪਿਆ ਹੈ ਜਿਸ ਕਾਰਨ ਕਾਮਿਆਂ ਵਿੱਚ ਭਾਰੀ ਰੋਸ ਬੇਚੈਨੀ ਪਾਈ ਜਾ ਰਹੀ ਹੈ।ਮੀਟਿੰਗ ਵਿੱਚ ਬਲਵਿੰਦਰ ਸਿੰਘ, ਬਲਵਿੰਦਰ ਪਾਲ, ਸੁਲੱਖਣ ਸਿੰਘ, ਵਿਨੋਦ ਕੁਮਾਰ, ਜਸਵੰਤ ਸਿੰਘ ਅਤੇ ਪ੍ਰੇਮ ਸਿੰਘ ਆਦਿ ਆਗੂ ਵੀ ਹਾਜ਼ਰ ਹੋਏ।



# ਪ੍ਰਤਾਪ ਵਰਲਡ ਸਕੂਲ ਪਠਾਨਕੋਟ ਵੱਲੋਂ ਪ੍ਰੀਫੈਕਟੋਰੀਅਲ ਬੋਰਡ ਸਿਰਜਣ ਦਾ ਐਲਾਨ

ਪਠਾਨਕੋਟ (ਦਵਿੰਦਰ ਸਿੰਘ)-ਪ੍ਰਤਾਪ ਵਰਲਡ ਸਕੂਲ ਪਠਾਨਕੋਟ ਨੇ ਸੈਸ਼ਨ 2025-26 ਲਈ ਪ੍ਰੀਫੈਕਟੋਰੀਅਲ ਬੋਰਡ ਦੇ ਸਿਰਜਣ ਨੂੰ ਲੈ ਕੇ ਇੱਕ ਸ਼ਾਨਦਾਰ ਇਨਵੈਸਟੀਚਰ ਸਮਾਰੋਹ ਦਾ ਆਯੋਜਨ ਕੀਤਾ।ਇਸ ਸਮਾਰੋਹ ਨੇ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ, ਜ਼ਿੰਮੇਵਾਰੀ ਅਤੇ ਅਨੁਸ਼ਾਸਨ ਵਧਾਉਣ ਪ੍ਰਤੀ ਸਕੂਲ ਦੀ ਵਚਨਬੱਧਤਾ ਨੂੰ ਦਰਸਾਇਆ।ਇਸ ਸਮਾਰੋਹ ਦੌਰਾਨ ਵਿਦਿਆਰਥੀ ਨੇਤਾਵਾਂ ਨੂੰ ਹੈੱਡ ਬੁਆਏ, ਹੈੱਡ ਗਰਲ, ਸਕੂਲ ਕੈਪਟਨ, ਹਾਊਸ ਕੈਪਟਨ, ਵਾਈਸ ਕੈਪਟਨ, ਸਪੋਰਟਸ ਕੈਪਟਨ ਅਤੇ ਪ੍ਰੀਫੈਕਟ ਵੱਜੋਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਤਾਂ ਜੋ ਉਹ ਸਕੂਲ ਦੇ ਪ੍ਰਸ਼ਾਸਨ ਅਤੇ ਗਤੀਵਿਧੀਆਂ ਵਿੱਚ ਸਰਗਰਮ ਭੂਮਿਕਾ ਨਿਭਾ ਸਕਣ।ਨਿਰਦੇਸ਼ਕ ਸੰਨੀ ਮਹਾਜਨ ਨੇ ਕਿਹਾ ਕਿ ਇਹ ਸਿਰਫ਼ ਇੱਕ ਅਹੁਦੇ ਦਾ ਨਾਮ ਨਹੀਂ, ਬਲਕਿ ਪ੍ਰਭਾਵ, ਪ੍ਰੇਰਣਾ ਅਤੇ ਬਦਲਾਅ ਲਿਆਉਣ ਦੀ ਸਮਰੱਥਾ ਹੈ।ਪ੍ਰਤਾਪ ਵਰਲਡ ਸਕੂਲ ਵਿੱਚ ਹਰ ਵਿਦਿਆਰਥੀ ਨੂੰ ਜ਼ਿੰਮੇਵਾਰ ਨੇਤਾ ਬਣਨ ਦੀ ਤਿਆਰੀ ਦਿੱਤੀ ਜਾਂਦੀ ਹੈ।ਪ੍ਰਿੰਸੀਪਲ ਸ਼ੁਭਰਾ ਰਾਣੀ ਨੇ ਕਿਹਾ ਕਿ ਇਹ ਸਮਾਰੋਹ ਇਮਾਨਦਾਰੀ ਅਤੇ ਜ਼ਿੰਮੇਵਾਰੀ ਦਾ ਤਿਉਹਾਰ ਹੈ।ਸਾਨੂੰ ਆਪਣੇ ਵਿਦਿਆਰਥੀ ਨੇਤਾਵਾਂ 'ਤੇ ਮਾਣ ਹੈ ਕਿ ਉਹ ਸਕੂਲ ਦੇ ਆਦਰਸ਼ਾਂ ਨੂੰ ਮਾਣ ਅਤੇ ਸਮਰਪਣ ਨਾਲ ਅੱਗੇ ਵਧਾਉਣਗੇ।



**ਅੰਤਿਮ ਅਰਦਾਸ 'ਤੇ ਵਿਸ਼ੇਸ਼**

# ਦ੍ਰਿੜ੍ਹ ਇਰਾਦੇ ਵਾਲੇ ਸਨ ਬੀਬੀ ਸੱਤਪਾਲ ਕੌਰ



ਜੇ ਮੇਰਾ ਬਾਪ ਰਿਪੁਦਮਨ ਸਿੰਘ ਰੂਪ ਝੱਖੜਾਂ 'ਚ ਝੂਲਦਾ ਰੁੱਖ ਐ ਤਾਂ ਮੇਰੀ ਮਾਂ ਸੱਤਪਾਲ ਕੌਰ ਉਹ ਵਿਸ਼ਾਲ ਜ਼ਮੀਨ ਸੀ, ਜਿਸ ਨੇ ਉਸ ਰੁੱਖ ਨੂੰ ਝੱਖੜਾਂ 'ਚ ਵੀ ਮਜ਼ਬੂਤੀ ਪ੍ਰਦਾਨ ਕੀਤੀ। ਜੇ ਮੇਰੇ ਪਿਓ ਦੀ ਹਿੱਕ ਸਾਰੀ ਉਮਰ ਤਣੀ ਰਹੀ, ਖ਼ੁਦਾਰੀ ਕਾਇਮ ਰਹੀ ਤਾਂ ਇਸ 'ਚ ਮੇਰੀ ਮਾਂ ਦਾ ਅਹਿਮ, ਜ਼ਿਕਰਯੋਗ ਤੇ ਨਿੱਗਰ ਯੋਗਦਾਨ ਐ।ਜੇ ਮੇਰੇ ਪਿਓ ਦਾ ਗੜਕਾ ਕਾਇਮ ਰਿਹਾ ਤਾਂ ਵਜਾਹ ਮੇਰੀ ਮਾਂ ਸੀ।ਜੇ ਮੇਰਾ ਪਿਓ ਲੋਕਾਂ ਦੇ ਪੱਖ ਅਤੇ ਹੱਕ 'ਚ ਸਾਰੀ ਉਮਰ ਖੜ੍ਹਿਆ ਤੇ ਲੜਦਾ ਰਿਹਾ ਤਾਂ ਤਾਕਤ ਮੇਰੀ ਮਾਂ ਸੀ।

ਖੜੀ ਉਂਗਲ ਸਾਡੇ ਖਾਨਦਾਨ ਦਾ ਪ੍ਰਤੀਕ ਬਣ ਚੁੱਕੀ ਹੈ।ਮੇਰੇ ਪੜਦਾਦੇ, ਦਾਦੇ ਬਾਰੇ ਤਾਂ ਮੈਨੂੰ ਪਤਾ ਨ੍ਹੀਂ ਪਰ ਤਾਏ ਸੰਤੋਖ ਸਿੰਘ ਧੀਰ ਅਤੇ ਪਿਓ ਰਿਪੁਦਮਨ ਸਿੰਘ ਰੂਪ ਦੀ ਉਂਗਲੀ ਜੇ ਖੜ੍ਹੀ ਰਹੀ ਤਾਂ ਉਸ ਪਿੱਛੇ ਸ਼ਕਤੀ ਮੇਰੀ ਤਾਈ ਤੇ ਮੇਰੀ ਮਾਂ ਸਨ।

ਮੇਰਾ ਪਿਓ, ਮੇਰੀ ਮਾਂ ਦੀ ਬਦੌਲਤ ਹੀ ਆਪਣੇ ਭੈਣਾਂ-ਭਾਈਆਂ ਅਤੇ ਸਕੇ-ਸੰਬੰਧੀਆਂ ਨਾਲ ਅੜੇ-ਥੁੜੇ ਉਨ੍ਹਾਂ ਦੇ ਕੰਮ ਆ ਸਕਿਆ, ਦਰਜਨ ਦੇ ਕਰੀਬ ਸਾਹਿਤਕ ਕਿਤਾਬਾਂ ਲਿਖ ਸਕਿਆ, ਆਪਣੇ ਮੁਲਾਜ਼ਮ ਸਾਥੀਆਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਲਈ ਮੂਹਰਲੀ ਕਤਾਰ ਵਿਚ ਸਰਗਰਮ ਰਹਿ ਕੇ ਅਨੇਕਾਂ ਵਾਰ ਜੇਲ੍ਹ ਜਾ ਸਕਿਆ, ਸਮਾਜਿਕ ਮਸਲੇ ਬੇਬਾਕੀ ਅਤੇ ਦਲੇਰੀ ਨਾਲ ਉਭਾਰ ਸਕਿਆ।

ਔਰਤ ਦਾ ਆਪਣੇ ਬੰਦੇ ਦੀ ਕਮਾਈ 'ਤੇ ਜਨਮ ਸਿੱਧ ਅਧਿਕਾਰ ਮੰਨਿਆ ਜਾਂਦਾ ਹੈ।ਉਹ ਚਾਹੁੰਦੀ ਹੈ, ਉਸ ਦਾ ਪਤੀ ਮਹੀਨੇ ਦੀ ਸਾਰੀ ਦੀ ਸਾਰੀ ਆਮਦਨ, ਜਿੰਨੀ ਵੀ ਹੋਵੇ, ਉਸ ਦੀ ਤਲੀ 'ਤੇ ਧਰੇ। ਗੱਲ ਹੈ ਵੀ ਸਹੀ, ਘਰ ਦੀ ਸੁਆਣੀ ਨੂੰ ਕਿਰਸ ਕਰਨੀ ਆਉਂਦੀ ਐ, ਔਰਤ ਮਕਾਨ ਨੂੰ ਘਰ ਬਣਾਉਣ ਦਾ ਵਲ ਜਾਣਦੀ ਐ, ਪਰ ਮੇਰੀ ਮਾਂ ਨੇ ਮਕਾਨ ਨੂੰ ਘਰ ਹੀ ਨਹੀਂ, ਬੇਹਤਰੀਨ ਘਰ ਬਣਾਇਆ।ਜਿੱਥੇ ਮੋਹ-ਪਿਆਰ ਵੀ ਸੀ, ਹਾਸੇ-ਠੱਠੇ ਵੀ ਸਨ, ਨੋਕ-ਝੋਕ ਵੀ ਸੀ, ਗਿਲੇ-ਸ਼ਿਕਵੇ ਵੀ, ਪਰ ਆਪਸੀ ਇਤਫ਼ਾਕ ਦੀ ਕਦੇ ਵੀ ਨਦਾਰਦ ਨਹੀਂ ਹੋਇਆ।

ਜੇ ਦੋਵੇਂ ਜੀਅ ਹੋਣ ਸਰਕਾਰੀ ਅਧਿਆਪਕ, ਸੌ-ਸੌ ਰੁਪਏ ਮਹੀਨਾ ਕਮਾਉਂਦੇ ਹੋਣ, ਇਕ ਹੋਵੇ ਜੁਆਕ, ਸੋਨਾ ਹੋਵੇ ਬਾਨਵੇਂ ਰੁਪਏ ਤੋਲਾ, ਦੇਸੀ ਘੀ ਹੋਵੇ ਪੰਜ ਰੁਪਏ ਕਿਲੋ, ਖੁੱਲ੍ਹੇ-ਡੁੱਲ੍ਹੇ ਘਰ ਦਾ ਕਿਰਾਇਆ ਹੋਵੇ ਅੱਠ ਰੁਪਏ, ਦੁੱਧ ਹੋਵੇ ਪੰਜਾਹ ਪੈਸੇ ਕਿਲੋ, ਸਬਜ਼ੀਆਂ ਹੋਣ ਦਸ ਪੈਸੇ ਕਿਲੋ, ਫੇਰ ਤਾਂ ਲਹਿਰਾਂ-ਬਹਿਰਾਂ ਈ ਸਮਝੋ, ਪਰ ਮੇਰੀ ਮਾਂ ਨੇ ਲਹਿਰਾਂ-ਬਹਿਰਾਂ ਨੂੰ ਤਿਲਾਂਜਲੀ ਦੇ ਕੇ, ਤਰਜੀਹ ਦਿੱਤੀ ਤੰਗੀਆਂ-ਤੁਰਸ਼ੀਆਂ ਨੂੰ, ਦਿੱਕਤਾਂ-ਦੁਸ਼ਵਾਰੀਆਂ ਨੂੰ, ਭੁੱਖਾਂ-ਫਾਕਿਆਂ ਨੂੰ। ਵਜ੍ਹਾ, ਆਪਣੇ ਪਤੀ ਦੇ ਵੱਡੇ ਭਰਾ ਦੇ ਪਰਵਾਰ ਨੂੰ ਵਿੱਤੀ ਠੁੰਮ੍ਹਣਾ ਦੇਣਾ।

ਹਰ ਰੋਜ਼ ਪਿੰਡ ਡਡਹੇੜੀ ਤੋਂ ਤਕਰੀਬਨ ਤਿੰਨ ਕਿਲੋਮੀਟਰ ਮੰਡੀ ਗੋਬਿੰਦਗੜ੍ਹ ਦੇ ਕੁੜੀਆਂ ਦੇ ਸਰਕਾਰੀ ਸਕੂਲ ਪੈਦਲ ਜਾਣਾ, ਚਾਹੇ ਜੇਠ-ਹਾੜ੍ਹ ਦੀ ਜਿਸਮ ਲੂੰਹਦੀ ਧੁੱਪ ਹੋਵੇ, ਚਾਹੇ ਸੌਣ-ਭਾਦੋਂ ਦਾ ਮੂਸਲਾਧਾਰ ਮੀਂਹ ਹੋਵੇ, ਚਾਹੇ ਹੋਵੇ ਪੋਹ-ਮਾਘ ਦੀ ਹੱਡ-ਚੀਰਵੀਂ ਠੰਢ।ਤਕਰੀਬਨ ਰੋਜ਼ ਚੱਟਣੀ/ਅਚਾਰ ਨਾਲ ਰੋਟੀ ਖਾਣੀ, ਕਦੇ-ਕਦੇ ਸਕੂਲ ਵੀ ਲੈ ਜਾਣੀ। ਸਾਰਾ ਸਿਆਲ ਬਣਨਾ ਸਾਗ, ਦਾਲ-ਸਬਜ਼ੀ ਤਾਂ ਕਿਸੇ ਆਏ-ਗਏ ਤੋਂ ਬਣਨੀ।ਮੇਰੀ ਮਾਂ ਨੇ ਫ਼ਾਕੇ ਵੀ ਖਿੜੇ-ਮੱਥੇ ਕਬੂਲ ਕੀਤੇ ਅਤੇ ਹਰ ਕਿਸਮ ਦੀ ਸੁੱਖ-ਸਹੂਲਤ ਵੀ ਮਾਣੀ।

ਗੱਲ ਸਾਢੇ ਪੰਜ ਦਹਾਕੇ ਪੁਰਾਣੀ ਐ, ਮੇਰੀ ਉਮਰ ਦਸ ਕੁ ਸਾਲ, ਰੰਜੀਵਨ ਸਾਲ ਕੁ ਦਾ ਸੀ।ਸਰਕਾਰ ਸੀ ਅਕਾਲੀਆਂ ਦੀ, ਹੁਣ ਵਾਂਗ ਮੁਲਾਜ਼ਮਾਂ ਨਾਲ ਹਾਕਮ ਦੀਆਂ ਧੱਕੇਸ਼ਾਹੀਆਂ ਅਤੇ ਆਪ-ਹੁਦਰੀਆਂ ਉਦੋਂ ਵੀ ਸ਼ਰੇਆਮ ਹੋ ਰਹੀਆਂ ਸਨ।ਹਲਕੇ ਦੇ ਉਸ ਸਮੇਂ ਦਾ ਵਿਧਾਇਕ ਦਾ ਰਵੱਈਆ ਮੁਲਾਜ਼ਮ ਵਿਰੋਧੀ ਸੀ।ਮੇਰੇ ਬਾਪ ਨੇ ਨੇੜੇ-ਤੇੜੇ ਦੇ ਮੁਲਾਜ਼ਮ ਲਾਮਬੰਦ ਕਰਕੇ ਸਰਕਾਰ ਦੇ ਖਿਲਾਫ ਮੁਜ਼ਾਹਰਾ ਕੀਤਾ।ਐੱਮ.ਐੱਲ.ਏ. ਸਾਹਿਬ ਦੇ ਹੁਕਮਾਂ ਦੀ 'ਇਨ-ਬਿਨ' ਪਾਲਣਾ ਕਰਦਿਆਂ ਸਥਾਨਕ ਪੁਲਸ ਮੇਰੇ ਡੈਡੀ ਸਮੇਤ ਕੁੱਝ ਆਗੂਆਂ ਨੂੰ ਮੁਕਾਬਲੇ 'ਚ ਖਤਮ ਕਰਨ ਦੇ ਇਰਾਦੇ ਨਾਲ ਚੁੱਕ ਕੇ ਸੂਏ ਲੈ ਗਈ।ਮੁਲਾਜ਼ਮਾਂ ਅਤੇ ਸ਼ਹਿਰ ਵਾਸੀਆਂ ਨੂੰ ਪਤਾ ਲੱਗ ਗਿਆ।ਉਨ੍ਹਾਂ ਰਸਤੇ 'ਚ ਹੀ ਪੁਲਸ ਨੂੰ ਘੇਰ ਲਿਆ, ਪੁਲਸ ਨੂੰ ਮਜਬੂਰਨ ਵਾਪਸ ਆਉਣਾ ਪਿਆ।ਉਹ ਸਭ ਨੂੰ ਠਾਣੇ ਲੈ ਗਏ।ਉਥੇ ਸਾਰਿਆਂ ਦੀ ਚੰਗੀ 'ਆਓ ਭਗਤ' ਕੀਤੀ। ਅਫ਼ਵਾਹ ਫੈਲ ਗਈ ਮੇਰੇ ਪਿਓ ਦੀ ਠਾਣੇ ਦੀ ਕੰਧਾਂ 'ਚ ਸਿਰ ਮਾਰ-ਮਾਰ ਦੀ ਉਚੇਚਾ 'ਸੇਵਾ' ਕੀਤੀ ਗਈ।

ਮੇਰੀ ਮਾਂ ਮੈਨੂੰ ਉਂਗਲੀ ਲਾ ਕੇ ਅਤੇ ਰੰਜੀਵਨ ਨੂੰ ਕੁੱਛੜ ਚੁੱਕ ਕੇ ਠਾਣੇ ਚਲੀ ਗਈ।ਉਸ ਦੇ ਜਾਣ ਤੋਂ ਪਹਿਲਾਂ ਪੁਲਸ ਨੇ ਸਾਰੇ ਛੱਡ'ਤੇ।ਸਾਰੇ ਆਉਂਦੇ ਹੋਏ ਸਰਕਾਰ ਅਤੇ ਵਿਧਾਇਕ ਦੇ ਖਿਲਾਫ਼ ਹੋਰ ਵੀ ਰੋਹ ਨਾਲ ਨਾਹਰੇ ਮਾਰ ਰਹੇ ਸਨ।ਨਾਹਰਿਆਂ ਨਾਲ ਅਸਮਾਨ ਗੂੰਜ ਰਿਹਾ ਸੀ।ਕੁੱਝ ਮਰਦ ਅਤੇ ਇਸਤਰੀ ਅਧਿਆਪਕ/ਮੁਲਾਜ਼ਮ ਮੇਰੀ ਮਾਂ ਨੂੰ ਕਹਿਣ ਲੱਗੇ, ਭੈਣ ਜੀ, ਭਰਾ ਜੀ ਨੂੰ ਸਮਝਾਓ, ਬਹੁਤਾ ਮੂਹਰੇ ਨਾ ਹੋਇਆ ਕਰਨ, ਹੋਰ ਵੀ ਬਥੇਰੇ ਨੇ ਕੋਈ ਕੁਸਕਦਾ ਤੱਕ ਨ੍ਹੀਂ, ਕਿਤੇ ਕੋਈ ਊਂਨੀ ਇੱਕੀ ਨਾ ਹੋਜੇ, ਭੋਰਾ-ਭਰ ਜੁਆਕ ਰੁਲ ਜਾਣਗੇ। ਮੇਰੀ ਮਾਂ ਨੇ ਭੋਲੇ-ਭਾਅ ਕਿਹਾ, ਭੈਣ ਜੀ ਕਿਸੇ ਨੂੰ ਤਾਂ ਮੂਹਰੇ ਹੋਣਾ ਈ ਪੈਣਾ ਐ, ਕਿਸੇ ਨੂੰ ਤਾਂ ਇਨ੍ਹਾਂ ਜ਼ਾਲਮਾਂ, ਵਹਿਸ਼ੀ-ਦਰਿੰਦਿਆਂ ਨੂੰ ਟੱਕਰਨਾ ਈ ਪੈਣਾ ਐ।ਭਰਾ ਜੀ ਜੇ ਕਿਸੇ ਨੂੰ ਮੂਹਰੇ ਹੋਣਾ ਪੈਣਾ ਐ, ਫੇਰ ਇਹੀ ਕਿਉਂ ਨਾ ਹੋਣ।

ਜਿਵੇਂ ਕਹਿੰਦੇ ਨੇ ਇਕ ਖਰਬੂਜ਼ੇ ਨੂੰ ਦੇਖ ਕੇ ਦੂਜੇ ਖਰਬੂਜ਼ੇ ਨੂੰ ਮਾੜਾ-ਮੋਟਾ ਰੰਗ ਤਾਂ ਚੜ੍ਹ ਈ ਜਾਂਦਾ ਐ।ਮੇਰੇ ਪਿਓ ਦੇ ਸਾਥ ਕਰਕੇ ਮੇਰੀ ਮਾਂ ਦੀ ਦਿਲਚਸਪੀ ਵੀ ਮੁਲਾਜ਼ਮ ਸੰਘਰਸ਼ਾਂ 'ਚ ਪੈਦਾ ਹੋ ਗਈ, ਸਾਹਿਤ ਦੀ ਚੇਟਕ ਵੀ ਲੱਗ ਗਈ।ਮੇਰੀ ਮਾਂ ਨੇ ਵੀ ਕੁੱਝ ਕਹਾਣੀਆਂ/ਲੇਖ ਲਿਖੇ, ਜੋ ਅਖਬਾਰਾਂ/ਰਸਾਲਿਆਂ ਵਿਚ ਛਪੇ ਵੀ।

ਕੀਰਤਪੁਰ ਸਾਹਿਬ ਵਿਖੇ ਜਲ-ਪ੍ਰਵਾਹ ਕਰਨ ਤੋਂ ਪਹਿਲਾਂ ਦੀਆਂ ਮਾਂ ਦੀਆਂ ਅਸਥੀਆਂ ਨੂੰ ਓਸ ਘਰ, ਜਿਸ 'ਚ ਉਸ ਦੇ ਪਸੀਨੇ ਅਤੇ ਮੁਸ਼ੱਕਤ ਦੀ ਹਮੇਸ਼ਾ ਆਉਂਦੀ ਰਹੇਗੀ, ਉਸ ਦੇ ਪੁੱਤਾਂ-ਨੂੰਹਾਂ, ਪੋਤੇ-ਪੋਤੀਆਂ ਵੱਲੋਂ ਸਾਰੇ ਕਮਰਿਆਂ ਵਿਚ ਫੇਰਨ ਅਤੇ ਉਸ ਦੇ 75 ਸਾਲ ਦੇ ਸਾਥੀ ਦੀ ਝੋਲੀ ਪਾਉਣ ਤੋਂ ਬਾਅਦ, ਘਰ ਚੱਲ ਰਹੇ ਸਧਾਰਨ ਪਾਠ ਦੌਰਾਨ ਅਰਦਾਸ ਕਰਵਾ ਕੇ ਅੱਧੀ ਰਾਖ ਵਗਦੇ ਪਾਣੀ 'ਚ ਵਿਸਰਜਨ ਕੀਤੀ ਅਤੇ ਘਰ ਆ ਕੇ ਬਾਕੀ ਅੱਧੀ ਬਚੀ ਰਾਖ਼ ਨਾਲ ਮਾਂ ਦੀ ਯਾਦ ਨੂੰ ਸਦੀਵੀ ਰੱਖਣ ਲਈ ਪਰਵਾਰ ਵੱਲੋਂ ਬਗੀਚੀ 'ਚ ਅੰਬ ਪੌਦਾ ਲਾਇਆ।

ਮੇਰੀ ਮਾਂ ਸੱਤਪਾਲ ਕੌਰ ਦੀ ਅੰਤਿਮ ਅਰਦਾਸ ਅਤੇ ਕੀਰਤਨ ਮਿਤੀ 28 ਸਤੰਬਰ 2025 (ਐਤਵਾਰ) ਨੂੰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ ਸੈਕਟਰ, 49-ਸੀ, ਚੰਡੀਗੜ੍ਹ, (ਨੇੜੇ ਮਾਨਵ ਮੰਗਲ ਸਕੂਲ) ਮੁਹਾਲੀ ਫੇਜ਼-10 ਵਿਖੇ ਹੋਵੇਗੀ।

—ਸੰਜੀਵਨ ਸਿੰਘ

# ਸਿਹਤਮੰਦ ਜੀਵਨ-ਸ਼ੈਲੀ ਨੂੰ ਕਿਵੇਂ ਅਪਣਾਉਣਾ, ਬਾਬਤ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਤਰਨ ਤਾਰਨ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪੋਸ਼ਣ ਅਭਿਆਨ ਤਹਿਤ ਮਹੀਨਾ ਸਤੰਬਰ ਨੂੰ ਪੋਸ਼ਣ ਮਾਂਹ ਵਜੋਂ ਮਨਾਇਆ ਜਾ ਰਿਹਾ ਹੈ ਜੋ ਕਿ ਇਸ ਸਾਲ 17 ਸਤੰਬਰ ਤੋਂ 16 ਅਕਤੂਬਰ ਤੱਕ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਮਨਾਇਆ ਜਾ ਰਿਹਾ ਹੈ।ਜ਼ਿਲ੍ਹਾ ਪ੍ਰੋਗਰਾਮ ਅਫਸਰ ਤਰਨ ਤਾਰਨ ਰਾਹੁਲ ਅਰੋੜਾ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਇਸ ਵਿੱਚ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਰਾਹੀਂ ਜਾਗਰੂਕ ਕੀਤਾ ਗਿਆ ਹੈ।ਇਸ ਸਾਲ ਵੀ ਪੋਸ਼ਣ ਮਾਂਹ ਵਿੱਚ ਵੱਖ-ਵੱਖ ਥੀਮ ਤਹਿਤ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਉਦੇਸ਼ ਗਰਭਵਤੀ ਮਹਿਲਾਵਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਕਿਸ਼ੋਰੀਆਂ ਵਿੱਚ ਪੋਸ਼ਣ ਪ੍ਰਤੀ ਜਾਗਰੂਕਤਾ, ਬੱਚਿਆਂ ਦੀ ਸਿਹਤ ਜਾਂਚ ਅਤੇ ਵਾਧਾ, ਸਥਾਨਕ ਖਾਧ ਪਦਾਰਥਾਂ ਨਾਲ ਪੌਸ਼ਟਿਕ ਭੋਜਨ ਬਣਾਉਣ ਦੇ ਪ੍ਰਦਰਸ਼ਨ ਅਤੇ ਸਾਫ਼-ਸਫ਼ਾਈ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ। ਉਨ੍ਹਾਂ ਕਿਹਾ ਕਿ ਅੱਜ ਪੋਸ਼ਣ ਮਾਹ ਦੇ ਥੀਮ ਅਨੁਸਾਰ ਸਿਹਤਮੰਦ ਜੀਵਨਸ਼ੈਲੀ ਅਤੇ ਸਹੀ ਪੋਸ਼ਣ ਬਾਰੇ ਜਾਗਰੂਕਤਾ ਸ਼ੈਸ਼ਨ ਨੂੰ ਤਰਨ ਤਾਰਨ ਦੇ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਅੱਜ ਦੇ ਥੀਮ ਅਨੁਸਾਰ ਬੱਚਿਆਂ ਦੇ ਪੋਸ਼ਣ ਅਤੇ ਦੇਖਭਾਲ ਤੇ ਪਿਤਾ/ਪੁਰਸ਼ ਮੈਂਬਰਾਂ ਨਾਲ ਪੋਸ਼ਣ ਚੌਪਾਲ, ਪੰਚਾਇਤ, ਮੀਟਿੰਗ ਅਤੇ ਪਹਿਲੇ 1000 ਦਿਨਾਂ ਦੌਰਾਨ ਦਿਮਾਗੀ ਵਿਕਾਸ ਬਾਰੇ ਪਿਤਾ ਅਤੇ ਭਾਈਚਾਰੇ ਦੇ ਹੋਰ ਮਰਦ ਮੈਂਬਰਾਂ ਦਾ ਜਾਗਰੂਕਤਾ ਸੈਸ਼ਨ ਕਰਵਾਏ ਗਏ।



# ਪਾੜ ਪੂਰ ਰਹੇ ਲੋਕਾਂ ਨੂੰ ਸ਼੍ਰੋਮਣੀ ਕਮੇਟੀ ਨੇ 10 ਹਜ਼ਾਰ ਲੀਟਰ ਡੀਜ਼ਲ ਹੋਰ ਦਿੱਤਾ

## * ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਖੁਦ ਪਹੁੰਚ ਕੇ ਕੀਤੀ ਹੌਸਲਾ ਅਫ਼ਜ਼ਾਈ

ਡੇਰਾ ਬਾਬਾ ਨਾਨਕ-(ਰਮੇਸ਼ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੜ੍ਹ ਮਾਰੇ ਇਲਾਕਿਆਂ ਵਿਚ ਲਗਾਤਾਰ ਸਰਗਰਮੀ ਨਾਲ ਸੇਵਾਵਾਂ ਲਈ ਕਾਰਜ਼ਸ਼ੀਲ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਡੇਰਾ ਬਾਬਾ ਨਾਨਕ ਵਿਖੇ ਧੁੱਸੀ ਟੁੱਟਣ ਨਾਲ ਪਏ ਪਾੜ ਨੂੰ ਪੂਰ ਰਹੇ ਲੋਕਾਂ ਨੂੰ ਮਿਲੇ ਅਤੇ ਮੰਗ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ 10 ਹਜ਼ਾਰ ਲੀਟਰ ਡੀਜ਼ਲ ਹੋਰ ਦੇਣ ਦਾ ਐਲਾਨ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ 5 ਹਜ਼ਾਰ ਲੀਟਰ ਡੀਜ਼ਲ ਸਹਿਯੋਗ ਲਈ ਦਿੱਤਾ ਗਿਆ ਸੀ।ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ ਜਿਸ ਕਰਕੇ ਲੋਕਾਂ ਨੂੰ ਸਰਕਾਰਾਂ ਵਾਲੇ ਕੰਮ ਵੀ ਖ਼ੁਦ ਕਰਨੇ ਪੈ ਰਹੇ ਹਨ।ਉਨ੍ਹਾਂ ਕਿਹਾ ਕਿ ਸਰਕਾਰਾਂ ਕੇਵਲ ਬਿਆਨਬਾਜ਼ੀ ਕਰ ਕੇ ਸਮਾਂ ਲੰਘਾ ਰਹੀਆਂ ਹਨ ਜਦਕਿ ਲੋਕ ਖੁਦ ਬੰਨ੍ਹ ਬੰਨ੍ਹਣ ਦਾ ਕਾਰਜ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲੇ ਦਿਨ ਤੋਂ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹਰ ਸੰਭਵ ਸਹਾਇਤਾ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਜਿਥੇ ਬੰਨ੍ਹਾਂ ਦੀ ਮਜ਼ਬੂਤੀ ਲਈ ਕੰਮ ਕਰ ਰਹੀਆਂ ਸੰਗਤਾਂ ਨੂੰ ਤੇਲ ਮੁਹੱਈਆ ਕਰਵਾਇਆ ਗਿਆ ਹੈ ਉਥੇ ਕਿਸਾਨਾਂ ਲਈ ਕਣਕ ਦੇ ਮਿਆਰੀ ਬੀਜ ਅਤੇ ਡੀਜ਼ਲ ਦਾ ਵੀ ਪ੍ਰਬੰਧ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਲੋੜਵੰਦਾਂ ਦੀ ਹਰ ਸੰਭਵ ਮਦਦ ਲਈ ਯਤਨਸ਼ੀਲ ਰਹੇਗੀ। ਇਸ ਮੌਕੇ ਸਾਬਕਾ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਮੈਂਬਰ ਬੀਬੀ ਜੋਗਿੰਦਰ ਕੌਰ, ਸਕੱਤਰ ਪ੍ਰਤਾਪ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਜਗਤਾਰ ਸਿੰਘ ਖੋਦੇਬੇਟ, ਸਤਨਾਮ ਸਿੰਘ ਗੋਸਲ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਰਜਿੰਦਰ ਸਿੰਘ ਬਾਜਵਾ, ਕੁਲਜੀਤ ਸਿੰਘ ਮਝੈਲ, ਸਿਮਰਜੀਤ ਸਿੰਘ ਬਾਜਵਾ, ਜਰਨੈਲ ਸਿੰਘ ਪੱਡਾ, ਸੁਲੱਖਣ ਸਿੰਘ ਧਾਰੋਵਾਲੀ, ਜਗਜੀਤ ਸਿੰਘ ਜੋਤੀ, ਸੁੱਚਾ ਸਿੰਘ ਮਾਨ, ਜੋਗਾ ਸਿੰਘ ਮਾਨ, ਸਵਰਨ ਸਿੰਘ, ਲਖਬੀਰ ਸਿੰਘ ਖੁੰਡਾ, ਕੁਲਬੀਰ ਸਿੰਘ ਰਿਆੜ, ਤੇਜਬੀਰ ਸਿੰਘ ਦਿਉਲ, ਕੁਲਦੀਪ ਸਿੰਘ ਰਿਆੜ, ਸੁਰਜੀਤ ਸਿੰਘ ਖਾਨੋਵਾਲ, ਸੁਖਵਿੰਦਰ ਸਿੰਘ ਕਲਾਨੌਰ, ਹਰਵੰਤ ਸਿੰਘ ਗੋਸਲ, ਹਰਪਾਲ ਸਿੰਘ ਕੋਟਲੀ, ਹਰਜਿੰਦਰ ਸਿੰਘ ਲਾਲੇਨੰਗਲ, ਦਿਲਬਾਗ ਸਿੰਘ ਰਾਏਚੱਕ, ਬਚਨ ਸਿੰਘ ਨਿੱਕੋ ਸਰਾਏ, ਸੰਦੀਪ ਸਿੰਘ ਢਿੱਲਵਾਂ, ਮਲਕੀਤ ਸਿੰਘ ਮਹਿਮੇਚੱਕ, ਸੁਖਰਾਜ ਸਿੰਘ ਤਲਵੰਡੀ ਰਾਮਾ, ਮਨਪ੍ਰੀਤ ਸਿੰਘ ਦਾਦੂਜੋਧ, ਗੁਰਪ੍ਰੀਤ ਸਿੰਘ ਧਰਮਕੋਟ, ਪ੍ਰਗਟ ਸਿੰਘ ਮੂਲੋਵਾਲੀ ਆਦਿ ਹਾਜ਼ਰ ਸਨ।



# ਫੋਰਟਿਸ ਐਸਕਾਰਟਸ ਨੇ ਗੁੰਝਲਦਾਰ ਪੈਨਕ੍ਰੀਆਟਿਕ ਰੋਗਾਂ ਦਾ ਸਫਲਤਾਪੂਰਵਕ ਇਲਾਜ ਕੀਤਾ

ਅੰਮ੍ਰਿਤਸਰ : ਫੋਰਟਿਸ ਐਸਕਾਰਟਸ ਹਸਪਤਾਲ, ਅੰਮ੍ਰਿਤਸਰ ਨੇ ਅਤਿ-ਆਧੁਨਿਕ ਐਂਡੋਸਕੋਪਿਕ ਅਲਟਰਾਸਾਊਂਡ (ਈਯੂਐਸ)-ਗਾਈਡਿਡ ਪ੍ਰੋਸੀਜ਼ਰ ਦੀ ਵਰਤੋਂ ਕਰਕੇ ਲਾਰਜ ਪੈਨਕ੍ਰੀਆਟਿਕ ਫਲੂਯਡ ਕਲੈਕਸ਼ਨ ਵਾਲੇ ਦੋ ਮਰੀਜ਼ਾਂ ਦਾ ਸਫਲਤਾਪੂਰਵਕ ਇਲਾਜ ਕੀਤਾ ਹੈ।ਡਾ. ਅਸੀਮ ਵਾਟਸ, ਕੰਸਲਟੇਂਟ-ਗੈਸਟ੍ਰੋਐਂਟਰੋਲੋਜੀ ਅਤੇ ਥੈਰੇਪਿਊਟਿਕ ਐਂਡੋਸਕੋਪੀ, ਫੋਰਟਿਸ ਐਸਕਾਰਟਸ ਹਸਪਤਾਲ, ਅੰਮ੍ਰਿਤਸਰ ਦੁਆਰਾ ਆਪਣੀ ਐਡਵਾਂਸਡ ਜੀਆਈ ਐਂਡੋਸਕੋਪੀ ਟੀਮ ਦੇ ਨਾਲ ਕੀਤੇ ਗਏ ਮਿਨੀਮਲੀ ਇਨਵੇਸਿਵ ਇਲਾਜ ਨੇ ਮਰੀਜ਼ਾਂ ਨੂੰ ਤੁਰੰਤ ਰਾਹਤ ਪ੍ਰਦਾਨ ਕੀਤੀ ਅਤੇ ਉਨ੍ਹਾਂ ਨੂੰ ਵੱਡੀਆਂ ਖੁੱਲ੍ਹੀਆਂ ਜਾਂ ਲੈਪਰੋਸਕੋਪਿਕ ਸਰਜਰੀਆਂ ਤੋਂ ਬਚਣ ਵਿੱਚ ਮਦਦ ਕੀਤੀ।ਦੋਵੇਂ ਮਰੀਜ਼ ਅੰਮ੍ਰਿਤਸਰ ਦਾ ਇੱਕ 45 ਸਾਲਾ ਆਦਮੀ ਅਤੇ ਜੰਮੂ ਦੀ ਇੱਕ 49 ਸਾਲਾ ਔਰਤ, ਨੇਕਰੋਟਾਈਜ਼ਿੰਗ ਪੈਨਕ੍ਰੀਆਟਾਇਟਸ ਦੀਆਂ ਗੰਭੀਰ ਪੇਚੀਦਗੀਆਂ ਨਾਲ ਜੂਝ ਰਹੇ ਸਨ।


**ਉੱਤਰ ਰੇਲਵੇ**

**ਨਿਵਿਦਾ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਇਲੈਕਟ੍ਰਿਕ ਲੋਕੋ ਸ਼ੇਡ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-06A ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 21.10.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।

ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾਂ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| | |
|---|---|
| ਟੈਂਡਰ ਸੰਖਿਆ | 2025-26-06A |
| ਕੰਮ ਦਾ ਵੇਰਵਾ | ਈਐਮਐਸ / ਐਲਡੀਐਚ ਦੇ ਤਿੰਨ ਪੜਾਅ ਇੰਜਣਾਂ ਵਿਚ ਸੀਸੀਬੀ ਬ੍ਰੇਕ ਪ੍ਰਣਾਲੀ ਦੀ ਵਿਆਪਕ ਮੁਰੰਮਤ/ਨਵੀਨੀਕਰਨ/ਓਵਰਹਾਲਿੰਗ/ ਆਈਓਐਚ ਸ਼ੇਡੂਲ। |
| ਅੰਦਾਜਨ ਲਾਗਤ (₹) | 5,04,37,590.08 / |
| ਟੈਂਡਰ ਦੀ ਕੀਮਤ (₹) | 0 |
| ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | 21 / 10 / 2025 15:00 ਵਜੇ ਤਕ |
| ਬਿਆਨਾ ਰਾਸ਼ੀ (₹) | 4,02,200 /– |
| ਕੰਮ ਦੀ ਅਵਧੀ | 24 ਮਹੀਨੇ |
| ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 21 / 10 / 2025 15:00 ਵਜੇ ਦੇ ਬਾਅਦ |
| ਵੈਬਸਾਈਟ | www.ireps.gov.in |

ਨੰ.230-Elect/TRS/LDH/WC/CCB/OT/2025/26-06A
ਤਾਰੀਕ : 26-09-2025 2989/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**Office of Competent Authority**
**(Jalandhar Goindwal Sahib LPG Pipeline Project, Jalandhar)**
**706-A, Surya Enclave, G.T Road, Jalandhar (Punjab) - 144009**

**Public Notice and Details of Gazette Notification**
**Reference: Ministry of Petroleum and Natural Gas**
**Notification dated 26th August, 2025**

S.O. 3916(E)— Whereas, by the notification of the Government of India in the Ministry of Petroleum and Natural Gas, published in the Extraordinary Gazette of India no. 3494, Part-II, section-3, sub-section (ii) dated 06th September, 2024 vide S.O. No. 3824(E) dated 06th September, 2024 issued under sub-section (1) of section 3 of the Petroleum and Minerals Pipelines (Acquisition of Right of User in Land) Act, 1962 (50 of 1962), (hereinafter referred to as the said Act), the Central Government declared its intention to acquire the right of user in the land specified in the Schedule appended to that notification for the Purpose of laying of Pipeline from Suchi Pind ( Jalandhar) to Chander Mahapurakh (Goindwal Sahib) under Jalandhar – Goindwal Sahib LPG Pipeline Project by Indian Oil Corporation Limited in Tehsil: Khadoor Sahib (Goindwal Sahib) of Tarn Taran District in State of Punjab for transportation of LPG.

And whereas copies of the said Gazette notification were made available to the public by 16.06.2025. And whereas, under sub-section (1) of section 6 of the said Act the Competent Authority has submitted report to the Central Government.

And whereas, the Central Government, after considering the said report and on being satisfied that the said land is required for laying the pipeline, has decided to acquire right of user therein.

Now, therefore, in exercise of the powers conferred by sub-section (1) of section 6 of the said Act, the Central Government hereby declares that the right of user in the land specified in the Schedule appended to this notification is hereby acquired for laying the pipeline.

And further, in exercise of the powers conferred by sub-section (4) of section 6 of the said Act, the Central Government hereby directs that the right of user in the said land for laying the pipeline shall, instead of vesting in the Central Government, vest on the date of publication of the declaration, in Indian Oil Corporation Limited, free from all encumbrances.

Indian Oil Corporation Limited shall be exclusively liable for any compensation in terms of Section 10 of the P&MP Act, 1962 and no suit, claim or legal proceeding would lie against the Central Government on any matter relating to the pipeline.

**Scan QR code for Published Gazette**

District: Tarn Taran
https://egazette.gov.in
Gazette No.: 3811
Publication Date:
26th August 2025

Competent Authority
Jalandhar Goindwal
Sahib LPG Pipeline
Project
Jalandhar



## ਕਲਾਸੀਫਾਈਡ ਇਸ਼ਤਿਹਾਰ

### ਆਮ ਸੂਚਨਾ

ਮੈਂ, ਦਵਿੰਦਰ ਕੁਮਾਰ ਸਭਰਵਾਲ ਪੁੱਤਰ ਬਿਹਾਰੀ ਲਾਲ ਵਾਸੀ ਮੁਹੱਲਾ ਕਸਬਾ, ਮਹਿਤਪੁਰ, ਤਹਿਸੀਲ ਨਕੋਦਰ (ਜਲੰਧਰ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਰੁਨ ਸਭਰਵਾਲ ਮੇਰੇ ਕਹਿਣੇ ਵਿੱਚ ਅਤੇ ਆਪਣੀ ਜ਼ਿੰਮੇਵਾਰੀ ਨਿਭਾ ਰਿਹਾ ਹੈ। ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। ਮਿਤੀ 27/07/2021, ਨੂੰ ਜੋ ਬੇਦਖਲੀ ਨੋਟਿਸ ਅਖਬਾਰ ਵਿੱਚ ਦਿੱਤਾ ਸੀ, ਉਹ ਨੋਟਿਸ ਮੈਂ ਵਾਪਸ ਲੈਂਦਾ ਹਾਂ। ਸੰਬੰਧਤ ਨੋਟ ਕਰਨ।

ਅਸੀਂ, ਅਸ਼ੋਕ ਕੁਮਾਰ ਅਤੇ ਤੀਰਥ ਰਾਮ ਪੁੱਤਰਾਨ ਲੇਟ ਸ੍ਰੀ ਰਾਮ ਕਿਸ਼ਨ ਵਾਸੀ ਪਿੰਡ ਤਾਜਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡੀ ਭੈਣ ਸੁਨੀਤਾ ਰਾਣੀ ਉਮਰ 33 ਸਾਲ, ਜੋ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਇਹ ਜੋ ਵੀ ਕਿਸੇ ਨਾਲ ਕੋਈ ਲੈਣ-ਦੇਣ ਕਰਦੀ ਹੈ ਜਾਂ ਚੰਗਾ-ਮਾੜਾ ਕਰਦੀ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗੀ। ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 30/1173 ਅਜੀਤ ਕੌਰ ਪੁੱਤਰੀ ਗੁਰਪਾਲ ਸਿੰਘ ਵਾਸੀ ਮਹਿਤਪੁਰ ਤੋਂ ਨਾਂਅ ਬਦਲੀ ਕਰਕੇ ਮਹਿੰਦਰ ਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਮਹਿਤਪੁਰ (ਜਲੰਧਰ) ਦੇ ਨਾਂਅ 'ਤੇ ਕਰਨਾ ਹੈ। ਕੋਈ ਵੀ ਇਤਰਾਜ਼ ਪੰਦਰਾਂ ਦਿਨਾਂ ਅੰਦਰ ਸਹਾਇਕ ਕਾਰਜਕਾਰੀ ਇੰਜੀਨੀਅਰ ਪਾਵਰਕਾਮ ਲਿਮਟਿਡ ਮਹਿਤਪੁਰ ਪਾਸ ਦਰਜ ਕਰਵਾ ਸਕਦਾ ਹੈ।

### ਬੇਦਖਲੀ ਨੋਟਿਸ

ਮੈਂ ਗਰੀਬ ਦਾਸ ਪੁੱਤਰ ਸਾਂਈ ਦਾਸ ਵਾਸੀ ਮੋਹਨ ਭੰਡਾਰੀ, ਤਹਿਸੀਲ ਅਜਨਾਲਾ ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਜਨੀ, ਜੋ ਸ਼ਾਦੀਸ਼ੁਦਾ ਹੈ। ਮੇਰੇ ਕਹਿਣੇ/ਸੁਨਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਉਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ।

ਮੈਂ ਕੁਲਦੀਪ ਸਿੰਘ ਗਿੱਲ ਪੁੱਤਰ ਪ੍ਰੀਤਮ ਸਿੰਘ ਗਿੱਲ ਵਾਸੀ ਪਿੰਡ ਭਿੱਟੇਵੱਡ, ਤਹਿਸੀਲ ਲੋਪੋਕੇ, ਜਿਲ੍ਹਾ ਅੰਮ੍ਰਿਤਸਰ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਮਨਦੀਪ ਸਿੰਘ ਗਿੱਲ ਅਤੇ ਉਸਦੀ ਪਤਨੀ ਕਵੀਜੋਤ ਕੌਰ ਜੋ ਕਿ ਮੇਰੇ ਕਹਿਣੇ, ਸੁਨਣੇ ਤੋਂ ਬਾਹਰ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਅਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ। ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ ਹੈ।

ਮੈਂ ਗਿਆਨ ਚੰਦ ਪੁੱਤਰ ਰਾਮ ਚੰਦ ਵਾਸੀ ਪਿੰਡ ਤੇ ਡਾਕਖਾਨਾ ਪਿੰਡ ਭਾਮ ਤਹਿਸੀਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾਂ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਸੁਰਿੰਦਰ ਸਿੰਘ ਅਤੇ ਉਸ ਦੀ ਪਤਨੀ ਰਾਜਵਿੰਦਰ ਕੌਰ ਸਮੇਤ ਪਰਿਵਾਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦੇ ਖੁਦ ਜੁੰਮੇਵਾਰ ਹੋਣਗੇ।

ਮੈਂ, ਮਨਜੀਤ ਕੌਰ ਪਤਨੀ ਲੇਟ ਨਿਰਮਲ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਪੁਰਾਣਾ ਸ਼ਾਲਾ, ਤਹਿਸੀਲ ਤੇ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਹਰਜੀਤ ਸਿੰਘ ਅਤੇ ਉਸ ਦੀ ਪਤਨੀ ਕੁਲਵਿੰਦਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਕੌਰ ਪਤਨੀ ਸਵ. ਬਲਦੇਵ ਸਿੰਘ ਵਾਸੀ ਵਾਰਡ ਨੰ. 2, ਅੰਮ੍ਰਿਤਸਰ ਰੋਡ, ਐੱਮ ਪੀ, ਬਸਤੀ ਲੰਡੇ ਕੇ, ਮੋਗਾ, ਜ਼ਿਲ੍ਹਾ ਮੋਗਾ ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਹਰਪ੍ਰੀਤ ਸਿੰਘ ਉਰਫ ਚਿੱਟਾ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਸ਼ੇਰ ਸਿੰਘ ਪੁੱਤਰ ਸਾਧਾ ਸਿੰਘ ਵਾਸੀ ਪਿੰਡ ਪੂਹਲਾ ਤਹਿ. ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰੇ ਸਵਰਗਵਾਸੀ ਲੜਕੇ ਰਵੇਲ ਸਿੰਘ ਦੀ ਪਤਨੀ ਸੀਤਾ ਅਤੇ ਉਸ ਦੇ ਪੁੱਤਰ ਸੰਨੀ ਤੇ ਜਸ਼ਨਪ੍ਰੀਤ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਨ੍ਹਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

### Change Of Name

I, Pooja Talwar W/O Ankur Kad R/O H.No.60,Lane No.10,Jujhar Singh Avenue, Gumtala, Distt. Amritsar,Punjab have changed my name from Pooja Talwar to Pooja Kad.Concerned note.

I, Kavita Sharma W/O Sushil Kumar R/O Village- Lakhan Kalan Tehsil - Kalanaur, District - Gurdaspur, Punjab, India. Have Changed My Name From Asha Devi To Kavita Sharma.

I Ashish S/o Ajib Ali , R/o Sidhpur, Distt. Kapurthala have changed my name from Ashish to Ashish Ashish (surname as Ashish). All concerned please note

I, Gurkiert Singh S/o Jaswant Singh R/o Vill Bhangwan PO Kotla Gujjran Distt Amritsar have declare that Gurkiert is my Given name and Singh is my Surname

I, Shipra Sharma D/o Harjinder Kumar Aggarji R/o H.No.51 Gali No.2 Shingar Avenue Chheharta Amritsar have changed my name to Shipra Bawa Aggarji

I, Jagjit Kaur W/o Sarbjit Singh R/o E 468 Ranjit Avenue Amritsar have changed my name to Jagjeet Kaur

I, Manjit Singh S/o Sawinder Singh R/o Village Chak Mishri Khan District Amritsar have changed my name from Manjit Singh to Manjeet Singh

I, Baby Lovejot Kaur D/o Pargat Singh R/o VPO Pandori Hassan District Tarn Taran have declare that Baby Lovejot Kaur to Labhjot Kaur

I, Amritpal Singh S/o Harpal Singh Sandhu R/o Village Burj Nathu Ke, Nathupur Toda, PO Sarhali, Tehsil Patti District Tarn Taran have changed my name from Amritpal Singh to Amritpal Singh Sandhu

I, Veena Manish Choudary and Veena W/o Manish Choudary R/o 685, Gali Lamba Wali, Guru Ka Mahal, Amritsar have declare that above both name's are mine one and same person

I, Rajiv Marwaha S/o Baldev Raj R/o Ward No.12, Dharampura P/o Qadian, Tehsil Batala, Gurdaspur have changed my name to Rajeev Marwaha

I, Sunny S/o Darshan Singh R/o Vill. Majhi Mian PO Jafarkot Tehsil Ajnala Amritsar have changed my name to Sunny Kaushal

I, Rajinder Kaur W/o Jaswinder Singh, R/o Village Sidhwan Dona, District Kapurthala, Punjab, India, declare that my husband (Jaswinder Singh) Holder of Indian Passport (No. E1514146). I want to change my name from HARJINDER KAUR to RAJINDER KAUR, on my husband passport records. All concerned noted.

I, Michael S/o Raju Masih R/o Village Kalian, PO. Govt. Poly Tech Batala, Tehsil Batala, District Gurdaspur, Punjab have changed my name from Michael to Michael Sabharwal.

I, Churanji Lal S/o Daulat Ram R/o Village Udesian, PO. Adampur, District Jalandhar, Punjab declare that I am known by two names Churanji Lal and Charanjit Lal. Both the names are of one and the same person. All concerned please note.


# ਜਲੰਧਰ ਫੇਰੀ ਦੌਰਾਨ 1007 ਦਫ਼ਤਰੀ ਕਰਮਚਾਰੀਆਂ ਵੱਲੋਂ ਮੁੱਖ ਮੰਤਰੀ ਨੂੰ ਮਿਲਣ ਦਾ ਯਤਨ



ਜਲੰਧਰ (ਰਾਜੇਸ਼ ਥਾਪਾ)- ਪੰਜਾਬ ਸਰਕਾਰ ਵੱਲੋਂ 1007 ਦਫ਼ਤਰੀ ਕਰਮਚਾਰੀਆਂ ਨੂੰ ਤਨਖਾਹਾਂ ਘਟਾਉਣ ਦੇ ਰੋਸ ਵਜੋਂ ਜਲੰਧਰ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਫੇਰੀ ਦੌਰਾਨ ਮਿਲਣ ਦਾ ਯਤਨ ਕੀਤਾ ਗਿਆ ਪਰ ਮੌਕੇ 'ਤੇ ਪ੍ਰਸ਼ਾਸਨ ਵੱਲੋਂ ਮੁੱਖ ਮੰਤਰੀ ਦੇ ਨਾਂ ਦਾ ਮੰਗ ਪੱਤਰ ਲਿਆ ਅਤੇ ਕਰਮਚਾਰੀਆਂ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਜਲਦ ਹੀ ਮੁਲਾਜ਼ਮਾਂ ਦੀ ਮੁੱਖ ਮੰਤਰੀ ਦਫ਼ਤਰ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਵਾਈ ਜਾਵੇਗੀ।ਪ੍ਰੈਸ ਬਿਆਨ ਜਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫ਼ਤਰੀ ਕਰਮਚਾਰੀ ਯੂਨੀਅਨ ਦੇ ਆਗੂ ਸ਼ੋਭਿਤ ਭਗਤ, ਗਗਨਦੀਪ ਸ਼ਰਮਾ ਨੇ ਕਿਹਾ ਕਿ ਸਰਕਾਰ ਨੇ ਰੈਗੂਲਰ ਕਰਨ ਦਾ ਫੈਸਲਾ ਤਾਂ ਲਿਆ ਹੈ ਪਰ 15-20 ਸਾਲਾਂ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਦੀਆਂ ਤਨਖਾਹਾਂ ਘਟਾਉਣਾ ਸਰਾਸਰ ਧੱਕਾ ਹੈ ਅਤੇ ਮੁਲਾਜ਼ਮ ਇਸ ਧੱਕੇ ਨੂੰ ਬਰਦਾਸ਼ਤ ਨਹੀ ਕਰਨਗੇ। ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਨੋਟੀਫਿਕੇਸ਼ਨ ਵਿਚ ਸੋਧ ਨਾ ਕੀਤੀ ਤਾਂ ਮੁਲਾਜ਼ਮ ਜਲਦ ਸੜਕਾਂ ਤੇ ਆ ਕੇ ਸਰਕਾਰ ਦਾ ਭੰਡੀ ਪ੍ਰਚਾਰ ਕਰਨ ਤੋਂ ਪਿੱਛੇ ਨਹੀਂ ਹਟਣਗੇ।


### ਜਨਮ ਦਿਨ ਮੁਬਾਰਕ



ਨਵਿਆ ਚੌਹਾਨ ਵਾਸੀ ਮਹਿਤਪੁਰ (ਜਲੰਧਰ)

### Change of Name

I, Preeti W/o Late Vijay Uppal R/o Ward No. 1, V.P.O. Miani, Distt. Hoshiarpur, Punjab, have changed my minor daughter's name from Vridhi to Vridhi Uppal.

I, Kuldeep Kaur W/o Satpal Singh R/o Village Bamma Distt Amritsar have changed my name from Kuldeep Kaur to Kuldip Kaur

### ਬੇਦਖਲੀ ਨੋਟਿਸ

ਅਸੀਂ, ਰਾਮ ਮੂਰਤੀ ਪੁੱਤਰ ਅਮਰਨਾਥ ਅਤੇ ਬਲਵਿੰਦਰ ਕੌਰ ਪਤਨੀ ਰਾਮ ਮੂਰਤੀ ਵਾਸੀਆਨ ਪਿੰਡ ਕਾਕੜ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਗੁਰਪ੍ਰੀਤ ਅਤੇ ਸਾਡੀ ਨੂੰਹ ਮਨਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਪਰਮਜੀਤ ਕੌਰ ਪਤਨੀ ਲੇਟ ਸ. ਅਰਜਨ ਸਿੰਘ ਫੌਜੀ ਵਾਸੀ ਪਿੰਡ ਕੋਠਲਾ ਹੇਰਾਂ, ਡਾਕਖਾਨਾ ਕੁਲਾਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਪੁੱਤਰੀ ਸੰਦੀਪ ਕੌਰ ਪਤਨੀ ਮਦਨ ਲਾਲ ਵਾਸੀ ਰਾਮਪੁਰਾ ਢਿੱਲੋਂ ਸਿਰਸਾ, ਹਰਿਆਣਾ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਸਰਵਨ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਮਕਾਨ ਨੰ: 20-ਏ, ਟੈਗੋਰ ਨਗਰ ਮਨਸੂਰਵਾਲ ਦੋਨਾਂ, ਕਪੂਰਥਲਾ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਮਨਪ੍ਰੀਤ ਸਿੰਘ ਵਾ ਉਸਦੀ ਪਤਨੀ ਸੰਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਨਿਊ ਡੈਮੋਕਰੇਸੀ ਵੱਲੋਂ ਸੋਨਮ ਵਾਂਗਚੁਕ ਨੂੰ ਗ੍ਰਿਫ਼ਤਾਰ ਕਰਨ ਦੀ ਨਿਖੇਧੀ

## * ਲੱਦਾਖ ਦੇ ਲੋਕਾਂ ਦੀਆਂ ਮੰਗਾਂ ਦਾ ਸਮਰਥਨ ਕਰਨ ਦਾ ਸੱਦਾ

ਮਹਿਤਪੁਰ (ਰਾਜਾ)- ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵਲੋਂ ਕਾਮਰੇਡ ਅਜਮੇਰ ਸਿੰਘ ਨੇ ਬਿਆਨ ਜਾਰੀ ਕਰਦਿਆਂ ਲੱਦਾਖੀ ਲੋਕਾਂ ਦੇ ਹੱਕਾਂ ਲਈ ਲੜ ਰਹੇ ਜਲਵਾਯੂ ਕਾਰਕਰਤਾ ਅਤੇ ਸੋਨਮ ਵਾਂਗਚੁਕ ਨੂੰ ਐਨ ਐਸ ਏ ਤਹਿਤ ਗ੍ਰਿਫ਼ਤਾਰ ਕਰਨ ਦੀ ਨਿਖੇਧੀ ਕਰਦਿਆਂ ਉਸ ਦੀ ਫੌਰੀ ਰਿਹਾਈ ਦੀ ਮੰਗ ਕਰਦਿਆਂ 24 ਸਤੰਬਰ ਨੂੰ ਲੱਦਾਖ ਵਿੱਚ ਨੌਜਵਾਨਾਂ ਦੇ ਪ੍ਰਦਰਸ਼ਨ ਉੱਤੇ ਗੋਲੀ ਚਲਾਉਣ ਦੀ ਪਾਰਟੀ ਸਖਤ ਨਿਖੇਧੀ ਕਰਦੀ ਹੈ।

ਸੂਬਾਈ ਆਗੂ ਕਾਮਰੇਡ ਅਜਮੇਰ ਸਿੰਘ ਜਾਰੀ ਬਿਆਨ ਰਾਹੀਂ ਕਿਹਾ ਕਿ ਪਾਰਟੀ ਅਮਨ-ਪਸੰਦ ਅਤੇ ਨਿਆਂ-ਪਸੰਦ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਇਸ ਜਬਰ ਦੀ ਨਿੰਦਾ ਕਰਨ ਅਤੇ ਲੱਦਾਖ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਦਾ ਸਮਰਥਨ ਕਰਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਦਾ ਇਹ ਪ੍ਰਦਰਸ਼ਨ ਲੱਦਾਖ ਵਿੱਚ ਲੰਬੇ ਸਮੇਂ ਤੋਂ ਚੱਲ ਰਹੇ ਅੰਦੋਲਨ ਦਾ ਹਿੱਸਾ ਸੀ, ਜਿਸ ਦੀਆਂ ਮੁੱਖ ਮੰਗਾਂ ਖੇਤਰ ਨੂੰ ਰਾਜ ਦਾ ਦਰਜਾ ਦੇਣਾ ਅਤੇ ਇਸ ਨੂੰ ਸੰਵਿਧਾਨ ਦੀ ਛੇਵੇਂ ਸ਼ਡਿਊਲ ਵਿੱਚ ਸ਼ਾਮਿਲ ਕਰਨਾ ਹਨ। ਪ੍ਰਸਿੱਧ ਕਾਰਕੁਨ ਸੋਨਮ ਵਾਂਗਚੁਕ ਅਤੇ ਹੋਰ 34 ਲੋਕ 10 ਸਤੰਬਰ ਤੋਂ ਅਨਿਸ਼ਚਿਤ ਭੁੱਖ ਹੜਤਾਲ 'ਤੇ ਬੈਠੇ ਸਨ। 23 ਸਤੰਬਰ ਨੂੰ ਦੋ ਬਜ਼ੁਰਗ ਹੜਤਾਲੀਆਂ ਦੀ ਹਾਲਤ ਵਿਗੜਨ ਕਾਰਨ ਉਹਨਾਂ ਨੂੰ ਹਸਪਤਾਲ 'ਚ ਦਾਖਲ ਕਰਨਾ ਪਿਆ। ਇਸ ਘਟਨਾ ਨਾਲ ਨੌਜਵਾਨਾਂ ਦਾ ਗੁੱਸਾ ਭੜਕਣਾ ਸੁਭਾਵਿਕ ਸੀ। ਉਨ੍ਹਾਂ ਕਿਹਾ ਕਿ ਦੇਸ਼ ਦੇ ਬਾਕੀ ਖੇਤਰਾਂ ਦੀ ਤਰ੍ਹਾਂ ਲੱਦਾਖ ਪ੍ਰਤੀ ਵੀ ਕੇਂਦਰ ਸਰਕਾਰ ਦਾ ਰਵੱਈਆ ਬੇਰੁਖ਼ੀ ਵਾਲਾ ਹੀ ਹੈ। ਉਸ ਨੇ ਗੱਲਬਾਤ ਲਈ ਮੀਟਿੰਗ ਬਹੁਤ ਦੇਰ ਬਾਅਦ 6 ਅਕਤੂਬਰ ਨੂੰ ਬੁਲਾਈ ਹੈ। ਉਨ੍ਹਾਂ ਕਿਹਾ ਕਿ 2019 ਵਿੱਚ ਜੰਮੂ-ਕਸ਼ਮੀਰ ਨੂੰ ਤੋੜਨ ਸਮੇਂ ਭਾਜਪਾ ਸਰਕਾਰ ਨੇ ਰਾਜ ਦਾ ਦਰਜਾ ਦੇਣ ਅਤੇ ਲੱਦਾਖ ਦੇ ਲੋਕਾਂ ਦੇ ਮੁੱਦੇ ਹੱਲ ਕਰਨ ਦਾ ਵਾਅਦਾ ਕੀਤਾ ਸੀ। ਪਰ ਦੋਵੇਂ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ। ਹੁਣ ਭਾਜਪਾ-ਆਰ.ਐਸ.ਐਸ. ਸਰਕਾਰ ਸੋਨਮ ਵਾਂਗਚੁਕ 'ਤੇ ਨੌਜਵਾਨਾਂ ਨੂੰ ਹਿੰਸਾ ਲਈ ਉਕਸਾਉਣ ਦਾ ਦੋਸ਼ ਮੜ੍ਹ ਰਹੀ ਹੈ, ਜਦ ਕਿ ਉਹਨਾਂ ਨੇ ਯੁਵਕਾਂ ਵਿੱਚ ਵਧ ਰਹੀ ਨਿਰਾਸ਼ਾ ਵੱਲ ਲਗਾਤਾਰ ਅਣਦੇਖੀ ਕੀਤੀ। ਸਰਕਾਰ ਹੁਣ ਵੀ ਲੱਦਾਖ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਵੱਲ ਧਿਆਨ ਦੇਣ ਤੋਂ ਇਨਕਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਭਾਜਪਾ ਦੀ ਹਿੰਦੂਤਵਾ, ਜੋ 'ਹਿੰਦੂ, ਹਿੰਦੀ, ਹਿੰਦੁਸਤਾਨ' ਦੀ ਧਾਰਨਾ 'ਤੇ ਆਧਾਰਤ ਹੈ, ਖੇਤਰੀ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਮੁੱਦਿਆਂ ਨੂੰ ਸਮਝਣ ਵਿੱਚ ਅਸਮਰਥ ਹੈ। ਉੱਤਰ-ਪੂਰਬ ਦਾ ਮਣੀਪੁਰ ਪਿਛਲੇ ਦੋ ਸਾਲਾਂ ਤੋਂ ਸੜ ਰਿਹਾ ਹੈ ਪਰ ਕੇਂਦਰ ਸਰਕਾਰ ਨੇ ਕੋਈ ਅਸਲ ਕਦਮ ਨਹੀਂ ਚੁੱਕਿਆ।ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਜਬਰ ਤੁਰੰਤ ਬੰਦ ਕਰਨ ਦੀ ਮੰਗ ਕਰਦੀ ਹੈ। ਲੱਦਾਖ ਨੂੰ ਛੇਵੇਂ ਸ਼ਡਿਊਲ ਵਿੱਚ ਸ਼ਾਮਿਲ ਕਰਨ ਅਤੇ ਇਸ ਨੂੰ ਰਾਜ ਦਾ ਦਰਜਾ ਦੇਣ ਦੀ ਮੰਗ ਕਰਦੀ ਹੈ ਅਤੇ ਪ੍ਰਦਰਸ਼ਨਕਾਰੀਆਂ ਖਿਲਾਫ ਪ੍ਰਚਾਰ ਬੰਦ ਕਰਕੇ ਤੁਰੰਤ ਉਨ੍ਹਾਂ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਸ਼ੁਰੂ ਕਰਨ ਦੀ ਮੰਗ ਕਰਦੀ ਹੈ।

# ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿਖੇ ਪੰਜਾਬੀ ਮਾਂ ਬੋਲੀ ਦਿਵਸ ਮਨਾਇਆ

ਝਬਾਲ (ਹਰਜਿੰਦਰ ਸਿੰਘ ਸੋਨੀ)-ਪੰਜਾਬੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਮੁਕਾਬਲਾ ਦਸਮੇਸ਼ ਪਰਿਵਾਰ ਇੰਟਰਨੈਸ਼ਨਲ ਸਕੂਲ ਐਮਾ ਕਲਾਂ ਵਿਖੇ ਕਰਵਾਇਆ ਗਿਆ।ਇਸ ਮੁਕਾਬਲੇ ਵਿੱਚ ਸਕੂਲ ਦੇ ਵੱਖ-ਵੱਖ ਵਿੰਗਾਂ ਦੇ ਬੱਚਿਆਂ ਨੇ ਭਾਗ ਲਿਆ।ਇਹ ਮੁਕਾਬਲਾ ਦੋ ਦਿਨ ਕਰਵਾਇਆ ਗਿਆ। ਪਹਿਲੇ ਦਿਨ ਜੂਨੀਅਰ ਵਿੰਗ ਤੇ ਪ੍ਰੀ-ਪ੍ਰਾਇਮਰੀ ਵਿੰਗ ਦੇ ਬੱਚਿਆਂ ਨੇ ਭਾਗ ਲਿਆ ਜਿਸ ਵਿੱਚ ਬੱਚਿਆਂ ਦੇ ਵਿਚਕਾਰ ਕਵਿਤਾਵਾਂ, ਭਾਸ਼ਣ, ਦੇਸੀ ਮਹੀਨਿਆਂ ਦੇ ਨਾਮ, ਪੈਂਤੀ ਅੱਖਰੀ ਮੁਕਾਬਲਾ ਹੋਇਆ।ਦੂਸਰੇ ਦਿਨ ਸੀਨੀਅਰ ਵਿੰਗ ਦੇ ਬੱਚਿਆਂ ਦੁਆਰਾ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਉਜਾਗਰ ਕੀਤਾ ਜਿਸ ਵਿੱਚ ਬੱਚਿਆਂ ਨੇ ਕਵੀਸ਼ਰੀ, ਨਿਬੰਧ, ਭਾਸ਼ਣ, ਕਵਿਤਾ ਨਾਟਕ, ਪੈਂਤੀ ਅੱਖਰੀ ਨਾਲ ਸਬੰਧਿਤ ਮੁਕਾਬਲੇ ਵਿੱਚ ਭਾਗ ਲੈ ਕੇ ਆਪਣੀ ਕਲਾਂ ਨੂੰ ਪ੍ਰਦਰਸ਼ਿਤ ਕੀਤਾ।ਇਸ ਮੁਕਾਬਲੇ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਦੀ ਸਕੂਲ ਦੇ ਮਾਣਯੋਗ ਚੇਅਰਮੈਨ ਜਸਵੰਤ ਸਿੰਘ ਨੇ ਹੌਸਲਾ ਅਫਜ਼ਾਈ ਕੀਤੀ ਤੇ ਵਿਦਿਆਰਥੀਆਂ ਆਪਣੀ ਮਾਤ-ਬੋਲੀ ਦੇ ਨਾਲ ਜੁੜਨ ਲਈ ਕਿਹਾ। ਗੁਰੂ ਅੰਗਦ ਦੇਵ ਜੀ ਨੇ ਆਪਣੀ ਅਮਰ ਬਾਣੀ ਦਾ ਖਜ਼ਾਨਾ ਵੀ ਪੰਜਾਬੀ ਗੁਰਮੁਖੀ ਲਿਪੀ ਵਿੱਚ ਲਿਖਿਆ ਤੇ ਗੁਰਮੁਖੀ ਲਿਪੀ ਨੂੰ ਪ੍ਰਚੱਲਿਤ ਕੀਤਾ।ਉਨ੍ਹਾਂ ਨੇ ਦੱਸਿਆ ਕਿ ਜਿਹੜੀਆਂ ਕੌਮਾਂ ਆਪਣੀ ਭਾਸ਼ਾ ਭੁੱਲ ਜਾਂਦੀਆਂ ਹਨ ਉਨ੍ਹਾਂ ਦੀ ਆਪਣੀ ਪਛਾਣ ਵੀ ਮਿਟ ਜਾਂਦੀ ਹੈ।ਪੰਜਾਬੀ ਭਾਸ਼ਾ ਸਾਡੀ ਸਾਂਝੀ ਧਰੋਹਰ ਹੈ ਅਤੇ ਨਵੀਂ ਪੀੜ੍ਹੀ ਨੂੰ ਇਸਨੂੰ ਸਿੱਖਣ ਅਤੇ ਬੋਲਣ ਲਈ ਪ੍ਰੇਰਿਤ ਕਰਨਾ ਸਮੇਂ ਦੀ ਲੋੜ ਹੈ। ਭਾਸ਼ਾ ਹਰ ਕੌਮ ਦੀ ਆਤਮਾ ਹੁੰਦੀ ਹੈ।ਭਾਵ ਸਾਨੂੰ ਹੋਰ ਭਾਸ਼ਾਵਾਂ ਵੀ ਸਿਖਣੀਆਂ ਚਾਹੀਦੀਆਂ ਹਨ ਪਰ ਪੰਜਾਬੀ ਭਾਸ਼ਾ ਰਾਹੀਂ ਅਸੀਂ ਆਪਣੇ ਪੁਰਖਿਆਂ ਨਾਲ ਜੁੜੇ ਰਹਿੰਦੇ ਹਾਂ।ਇਹ ਭਾਸ਼ਾ ਸਾਡੀ ਲੋਕ ਵਿਰਾਸਤ, ਲੋਕ ਗੀਤ, ਸੰਗੀਤ, ਕਵਿਤਾ ਤੇ ਸਾਹਿਤ ਨੂੰ ਸੰਭਾਲਦੀ ਹੈ।ਇਸ ਮੌਕੇ ਸਕੂਲ ਅਧਿਆਪਕਾਂ ਵਿਚ ਪੈਂਤੀ ਅੱਖਰੀ ਮੁਕਾਬਲਾ ਕਰਵਾਇਆ ਗਿਆ।ਸਕੂਲ ਡਾਇਰੈਕਟਰ ਰੁਪਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਮਾਤ ਬੋਲੀ ਸਾਡੀ ਮਿੱਟੀ ਤੇ ਸੱਭਿਆਚਾਰ ਨਾਲ ਜੋੜਦੀ ਹੈ।ਆਧੁਨਿਕਤਾ ਅਤੇ ਵਿਦੇਸ਼ੀ ਭਸ਼ਾਵਾਂ ਦੇ ਪ੍ਰਭਾਵ ਕਾਰਨ ਪੰਜਾਬੀ ਦੀ ਵਰਤੋਂ ਘਟਦੀ ਜਾਂਦੀ ਹੈ। ਲੋੜ ਹੈ ਘਰ, ਸਕੂਲ, ਸਮਾਜਕ ਪੱਧਰ 'ਤੇ ਪੰਜਾਬੀ ਦੇ ਪ੍ਰਚਾਰ ਲਈ ਯਤਨ ਕੀਤੇ ਜਾਣ।ਇਸ ਮੌਕੇ ਸਕੂਲ ਪ੍ਰਿੰ. ਚਰਨਜੀਤ ਕੌਰ, ਮੈਡਮ ਪ੍ਰਨੀਤ ਕੌਰ, ਨਵਦੀਪ ਕੌਰ, ਮੈਡਮ ਰੇਨੂ ਤੇ ਸਮੂਹ ਸਟਾਫ ਹਾਜ਼ਰ ਸੀ।



# ਹੜ੍ਹ ਪੀੜਤਾਂ ਦੀ ਨਿਸ਼ਕਾਮ ਸੇਵਾ ਕਰਨਾ ਹੀ ਮਨੁੱਖਤਾ ਦਾ ਅਸਲ ਧਰਮ : ਸੀਚੇਵਾਲ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਬਾਊਪੁਰ ਮੰਡ ਇਲਾਕੇ ਵਿੱਚ ਹੜ੍ਹ ਪੀੜਤ ਕਿਸਾਨਾਂ ਦੀਆਂ ਜ਼ਮੀਨਾਂ ਪੱਧਰੀਆਂ ਕਰਨ ਦੇ 7ਵੇਂ ਦਿਨ ਵੀ ਪੰਜਾਬ ਭਰ ਤੋਂ ਆਏ ਨੌਜਵਾਨਾਂ ਦੇ ਟ੍ਰੈਕਟਰ ਦੇਰ ਸ਼ਾਮ ਤੱਕ ਚੱਲਦੇ ਰਹੇ। ਪੀੜਤ ਕਿਸਾਨਾਂ ਦੀਆਂ ਜ਼ਮੀਨਾਂ ਪੱਧਰੀਆਂ ਕਰਨ ਦੇ ਚਣੌਤੀਆਂ ਭਰੇ ਕਾਰਜ ਦੀ ਅਗਵਾਈ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਕਰ ਰਹੇ ਹਨ। ਬਾਊਪੁਰ ਮੰਡ ਇਲਾਕੇ ਦੇ ਪਿੰਡ ਭੈਣੀ ਕਾਦਰ ਵਿੱਚ ਜਿੱਥੋਂ ਬੰਨ੍ਹ ਟੁੱਟਿਆ ਸੀ, ਸਭ ਤੋਂ ਪਹਿਲਾਂ ਉਸ ਬੰਨ੍ਹ ਦਾ ਕੰਮ ਮੁਕੰਮਲ ਕੀਤਾ ਗਿਆ ਅਤੇ ਅਗਲੇ ਦਿਨ ਕੁਲਵੰਤ ਸਿੰਘ ਤੇ ਉਸ ਦੇ ਤਿੰਨ ਭਰਾਵਾਂ ਦੀ ਜ਼ਮੀਨ ਵਿੱਚੋਂ ਰੇਤਾ ਅਤੇ ਗਾਰ ਕੱਢਣ ਦਾ ਕੰਮ ਸ਼ੁਰੂ ਕੀਤਾ ਗਿਆ। ਇਨ੍ਹਾਂ ਭਰਾਵਾਂ ਦੀ ਕਰੀਬ 20 ਏਕੜ ਤੋਂ ਵੱਧ ਜ਼ਮੀਨ ਹੈ।ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵੱਖ-ਵੱਖ ਜ਼ਿਲ੍ਹਿਆਂ ਤੋਂ ਟਰੈਕਟਰ ਲੈ ਕੇ ਆਏ ਨੌਜਵਾਨਾਂ ਨੂੰ ਮੁਖਾਤਿਬ ਹੁੰਦਿਆਂ ਕਿਹਾ ਕਿ ਉਹ ਹੜ੍ਹ ਪੀੜ੍ਹਤਾਂ ਦੇ ਨਾਂਅ ਤੱਕ ਨਹੀਂ ਜਾਣਦੇ ਪਰ ਉਨ੍ਹਾਂ ਦਾ ਦਰਦ ਮਹਿਸੂਸ ਕਰਕੇ ਹੀ ਉਹ ਆਪਣੇ ਘਰ ਬਾਰ ਛੱਡ ਕੇ ਇਨ੍ਹਾਂ ਕਿਸਾਨਾਂ ਦੀ ਮਦਦ ਵਾਸਤੇ ਆਏ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਪੀੜਤ ਕਿਸਾਨਾਂ ਦੀ ਨਿਸ਼ਕਾਮ ਸੇਵਾ ਕਰਨਾ ਹੀ ਮਨੁੱਖਤਾ ਦਾ ਅਸਲ ਧਰਮ ਹੈ, ਜਿਸ ਵਿੱਚ ਕੋਈ ਲੋਭ-ਲਾਲਚ ਨਹੀਂ ਹੁੰਦਾ ਤੇ ਨਾ ਹੀ ਸੇਵਾ ਦੇ ਬਦਲੇ ਕੋਈ ਸੌਦੇਬਾਜ਼ੀ ਹੁੰਦੀ ਹੈ।ਸੰਤ ਸੀਚੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਹੜ੍ਹਾਂ ਨਾਲ ਜੋ ਤਬਾਹੀ ਹੋਈ ਹੈ ਉਸ ਦੀ ਭਰਪਾਈ ਕਰਨੀ ਬਹੁਤ ਔਖੀ ਹੈ ਪਰ ਜੋ ਹਮਦਰਦੀ ਸੱਤ ਸਮੁੰਦਰੋ ਪਾਰ ਵਿਦੇਸ਼ਾਂ ਵਿੱਚ ਬੈਠੇ ਐਨ ਆਰ ਆਈਜ਼ ਨੇ ਦਿਖਾਈ ਹੈ, ਉਹ ਵੀ ਕਹਿਣ ਕਥਨ ਤੋਂ ਬਾਹਰ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਦਾ ਧੰਨਵਾਦ ਕਰਦਿਆ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਸੇਵਾ ਭਾਵਨਾ ਨੂੰ ਇੱਕ ਵਾਰ ਫਿਰ ਦੁਨੀਆ ਭਰ ਦੇ ਲੋਕਾਂ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਸੰਤ ਸੀਚੇਵਾਲ ਦੀ ਅਗਵਾਈ ਹੇਠ 21 ਸਤੰਬਰ ਤੋਂ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਪੱਧਰੀ ਕਰਨ ਦੀ ਆਰੰਭੀ ਕਾਰਸੇਵਾ ਵਿੱਚ ਹੁਣ ਤੱਕ ਪੰਜਾਬ ਸਮੇਤ ਰਾਜਸਥਾਨ, ਯੂਪੀ, ਹਰਿਆਣਾ ਦੇ ਨੌਜਵਾਨ ਡੀਜ਼ਲ, ਟਰੈਕਟਰ ਕਰਾਹੇ ਸਮੇਤ ਸੇਵਾ ਵਿੱਚ ਹਿੱਸਾ ਲੈਣ ਲਈ ਪਹੁੰਚ ਰਹੇ ਹਨ। ਹੁਣ ਤੱਕ 225 ਦੇ ਕਰੀਬ ਟਰੈਕਟਰ ਇਸ ਕਾਰਸੇਵਾ ਵਿੱਚ ਹਿੱਸਾ ਲੈ ਚੁੱਕੇ ਹਨ।



# ਪ੍ਰਭਜੀਤ ਪੰਮਾ ਸਪੇਅਰ ਪਾਰਟਸ ਨੂੰ ਸੈਂਕੜੇ ਨਮ ਅੱਖਾਂ ਨਾਲ ਅੰਤਮ ਵਿਦਾਇਗੀ

ਝਬਾਲ,(ਹਰਜਿੰਦਰ ਸਿੰਘ ਸੋਨੀ)-ਕੁਸ਼ਲ ਸਰਮਾ ਨੂੰ ਉਸ ਵੇਲੇ ਡੂੰਘਾ ਸਦਮਾ ਲੱਗਾ ਜਦ ਉਨ੍ਹਾਂ ਦੇ ਪਿਤਾ ਉੱਘੇ ਕਾਰੋਬਾਰੀ ਪ੍ਰਭਜੀਤ ਪੰਮਾ ਸਪੇਅਰ ਪਾਰਟਸ ਦਾ ਬੀਤੇ ਦਿਨ ਅਚਾਨਕ ਹਾਰਟ ਅਟੈਕ ਆ ਜਾਣ ਨਾਲ ਦੇਹਾਂਤ ਹੋ ਗਿਆ।ਅੰਤਿਮ ਸੰਸਕਾਰ ਮੌਕੇ ਸੈਂਕੜੇ ਨਮ ਅੱਖਾਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਇਗੀ ਦਿੱਤੀ ।ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਮੰਡੀ ਝਬਾਲ ਦੇ ਪ੍ਰਧਾਨ ਸ਼ਰਨਜੀਤ ਸਿੰਘ ਭੋਜੀਆਂ, ਚੇਅਰਮੈਨ ਰਮਨ ਕੁਮਾਰ, ਜ਼ਿਲਾ ਪ੍ਰੀਸ਼ਦ ਮੈਂਬਰ ਮੋਨੂੰ ਚੀਮਾ, ਸਰਪੰਚ ਕਵਿਤਾ ਸ਼ਰਮਾ, ਸਾਬਕਾ ਸਰਪੰਚ ਵਰਿੰਦਰਜੀਤ ਸਿੰਘ ਵਿੰਦੂ ਹੀਰਾਪੁਰ, ਇੰਸਪੈਕਟਰ ਮਨੋਜ ਕੁਮਾਰ, ਦਲਜੀਤ ਸਿੰਘ ਐਮਾਂ, ਇੰਸਪੈਕਟਰ ਦਿਲਬਾਗ ਸਿੰਘ, ਫੌਜੀ ਕਸ਼ਮੀਰ ਸਿੰਘ, ਜੋਤ ਬਘੇਲ ਸਿੰਘ ਵਾਲਾ, ਨਿੱਪੀ ਸੂਦ, ਪ੍ਰਧਾਨ ਅਸ਼ੋਕ ਕੁਮਾਰ, ਅਮਰਿੰਦਰ ਸਿੰਘ ਮਾਣਕ ਬੱਬੇ, ਡਾ. ਗੁਰਸੇਵਕ ਸਿੰਘ, ਮਨਜੀਤ ਸਿੰਘ ਸੋਢੀ, ਆੜ੍ਹਤੀ ਸੰਜੀਵ ਸੂਦ, ਆੜ੍ਹਤੀ ਹਰੀਸ਼ ਕੁਮਾਰ ਲਾਲੀ ਨੰਦਾ, ਡਾ. ਪੱਪੂ, ਲੱਖਪ੍ਰਕਾਸ਼, ਰਾਜੂ, ਰਾਜੂ ਢਿੱਲੋਂ, ਰਾਜੂ ਗਾਰਮੈਂਟਸ, ਰਾਜਾ, ਸਤਵੰਤ ਸਿੰਘ, ਛੱਜੂ, ਹਰਪ੍ਰੀਤ ਸਿੰਘ, ਹਰਦੀਪ ਸਿੰਘ ,ਹਰਜਿੰਦਰ ਸਿੰਘ, ਸੁਖਜਿੰਦਰ ਸਿੰਘ, ਮਨਜੀਤ ਸਿੰਘ ਭੋਜੀਆ, ਸਾਹਿਬ ਸਿੰਘ, ਬਲਦੇਵ ਸਿੰਘ, ਗੁਰਵਿੰਦਰ ਸਿੰਘ, ਸੋਨੂੰ ਸਿੰਘ, ਦਲਜੀਤ ਸਿੰਘ, ਬਿੱਟੂ ਕੇਬਲ ਵਾਲੇ, ਗਿਆਨੀ ਬਾਬਾ ਪੰਮਾ, ਹਰਜੀਤ ਸਿੰਘ, ਪੱਪੂ ਝਬਾਲ ਵੱਲੋਂ ਸਮੂਹ ਸ਼ਰਮਾ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਿਵਾਰ ਨੂੰ ਕਦੇ ਵੀ ਨਾ ਪੈਣ ਵਾਲਾ ਘਾਟਾ ਦੱਸਿਆ।



# ਪੱਕੇ ਕਰਨ ਦੇ ਨਾਂਅ 'ਤੇ 1007 ਦਫਤਰੀ ਮੁਲਾਜ਼ਮਾਂ ਦੀਆਂ ਤਨਖਾਹਾਂ 50,000 ਤੋਂ 19,000 ਕਰਨ ਦੀ ਤਿਆਰੀ

**ਜਲੰਧਰ (ਰਾਜੇਸ਼ ਥਾਪਾ)**- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਬੀਤੀ 8 ਸਤੰਬਰ ਨੂੰ ਹੋਈ ਕੈਬਿਨਟ ਮੀਟਿੰਗ ਦੌਰਾਨ 15-20 ਸਾਲਾਂ ਤੋਂ ਕੰਮ ਕਰ ਰਹੇ 1007 ਦਫਤਰੀ ਕਰਮਚਾਰੀਆਂ ਨੂੰ ਕੈਬਿਨਟ ਵੱਲੋਂ ਸਿੱਖਿਆ ਵਿਭਾਗ ਅਧੀਨ ਲੈ ਕੇ ਪੱਕਾ ਕਰਨ ਦਾ ਫੈਸਲਾ ਲਿਆ ਹੈ ਜਿਸ ਦੌਰਾਨ ਸਰਕਾਰ ਵੱਲੋਂ ਇੱਕ ਵੱਡਾ ਬਦਲਾਅ ਕਰਕੇ ਮੁਲਾਜ਼ਮਾਂ ਦੀ ਤਨਖਾਹ ਤੇ ਵੱਡੀ ਕਟੋਤੀ ਕਰਨ ਦੀ ਤਿਆਰੀ ਕਰ ਲਈ ਹੈ ਜਿਸ ਸਬੰਧੀ ਸਿੱਖਿਆ ਵਿਭਾਗ ਵੱਲੋਂ ਨੋਟੀਫਿਕੇਸ਼ਨ ਜ਼ਾਰੀ ਕਰ ਦਿੱਤਾ ਗਿਆ ਹੈ। ਜਾਰੀ ਨੋਟੀਫਿਕੇਸ਼ਨ ਅਨੁਸਾਰ ਇੱਕ ਤਾਂ ਮੁਲਾਜ਼ਮਾਂ ਦੀਆ ਮੌਜੂਦਾ ਪੋਸਟਾਂ ਜਿੰਨ੍ਹਾ ਤੇ ਕੰਮ ਕਰ ਰਹੇ ਹਨ ਉਨ੍ਹਾਂ ਨੂੰ ਖਤਮ ਕੀਤਾ ਜਾ ਰਿਹਾ ਹੈ ਅਤੇ ਦੂਜਾ ਮੁਲਾਜ਼ਮਾਂ ਦੀਆ ਤਨਖਾਹਾਂ ਤੇ ਵੱਡੀ ਕਟੋਤੀ ਕਰਦੇ ਹੋਏ 50000 ਤੋਂ 19000 ਤਨਖਾਹ ਕਰਨ ਦੀ ਤਿਆਰੀ ਕੀਤੀ ਗਈ ਹੈ ਜਿਸ ਕਰਕੇ ਸਮੂਹ ਮੁਲਾਜ਼ਮ ਵਰਗ ਵਿਚ ਰੋਸ ਹੈ।15-20 ਸਾਲ ਸਰਕਾਰ ਨੂੰ ਆਪਣੀਆ ਸੇਵਾਵਾਂ ਦੇਣ ਦੇ ਬਾਵਜੂਦ ਹੁਣ ਸਰਕਾਰ ਮੁਲਾਜ਼ਮਾਂ ਦੀਆ ਤਨਖਾਹਾਂ ਵਿਚ ਵੱਡੀ ਕਟੌਤੀ ਕਰ ਰਹੀ ਹੈ ਜਿਸ ਨਾਲ 1007 ਪਰਿਵਾਰਾਂ ਦੇ ਘਰ ਦੇ ਚੁਲ੍ਹੇ ਠੰਡੇ ਪੈ ਜਾਣਗੇ ਘਰ ਦਾ ਗੁਜ਼ਾਰਾ ਅਤੇ ਬੱਚਿਆ ਦੀ ਪੜ੍ਹਾਈ ਬਹੁਤ ਮੁਸ਼ਕਿਲ ਹੋ ਜਾਵੇਗੀ। ਪ੍ਰੈਸ ਬਿਆਨ ਜ਼ਾਰੀ ਕਰਦੇ ਹੋਏ ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਆਗੂ ਸ਼ੋਭਿਤ ਭਗਤ, ਗਗਨਦੀਪ ਸ਼ਰਮਾ, ਰਾਜਿੰਦਰ ਸੰਧਾ, ਕੁਲਦੀਪ ਸਿੰਘ ਨੇ ਕਿਹਾ ਕਿ ਦਫਤਰੀ ਮੁਲਾਜ਼ਮ ਅਧਿਆਪਕਾਂ ਦੀ ਤਰਜ਼ ਤੇ 01.04.2018 ਤੋਂ ਰੈਗੂਲਰ ਕਰਨ ਦੀ ਮੰਗ ਕਰ ਰਹੇ ਹਨ ਅਤੇ ਇਸ ਲਈ ਦਫਤਰੀ ਕਰਮਚਾਰੀਆ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਵੀ ਖੜਕਾਇਆ ਹੋਇਆ ਹੈ। ਆਗੂਆ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 16.12.2019 ਦੀ ਵਿੱਤ ਵਿਭਾਗ ਦੀ ਪ੍ਰਵਾਨਗੀ ਅਨੁਸਾਰ ਮੁਲਾਜ਼ਮਾਂ ਨੂੰ ਪੱਕਾ ਕਰਨ ਦਾ ਨੋਟੀਫਿਕੇਸ਼ਨ ਕੀਤਾ ਹੈ ਪਰ ਨੋਟੀਫਿਕੇਸ਼ਨ ਵਿਚ ਰੈਗੂਲਰ ਹੁਣ ਤੋਂ ਸੱਤਵੇਂ ਤਨਖਾਹ ਕਮਿਸ਼ਨ ਤੇ ਕਰਨ ਦੀ ਗੱਲ ਕਹੀ ਗਈ ਹੈ ਜਦਕਿ 1007 ਮੁਲਾਜ਼ਮ ਪਹਿਲਾ ਤੋਂ ਪੰਜਾਬ ਦੇ ਪੰਜਵੇ ਤਨਖਾਹ ਕਮਿਸ਼ਨ ਅਨੁਸਾਰ ਤਨਖਾਹ ਲੈ ਰਹੇ ਹਨ। ਆਗੂਆ ਨੇ ਕਿਹਾ ਕਿ ਮੁਲਾਜ਼ਮਾਂ ਨੂੰ 01.04.2018 ਤੋਂ ਰੈਗੂਲਰ ਕਰਨ ਤੇ ਸਰਕਾਰ ਤੇ ਕੋਈ ਵਿੱਤੀ ਬੋਝ ਨਹੀ ਪੈਣਾ ਹੈ ਕਿਉਕਿ ਮੁਲਾਜ਼ਮਾਂ ਦੀ ਤਨਖਾਹ ਭਾਰਤ ਸਰਕਾਰ ਤੋਂ ਪ੍ਰਾਪਤ ਹੋ ਰਹੀ ਹੈ ਜਦਕਿ ਸੱਤਵੇਂ ਤਨਖਾਹ ਸਕੇਲ ਤੇ ਰੈਗੂਲਰ ਕਰਨ ਨਾਲ ਸਰਕਾਰ ਨੂੰ ਲੱਗਭਗ 23 ਕਰੋੜ ਦੀ ਬੱਚਤ ਹੋਵੇਗੀ ਜਿਸ ਨਾਲ ਸਰਕਾਰ ਮੁਲਾਜ਼ਮਾਂ ਦੀ ਤਨਖਾਹ ਦੇ 23 ਕਰੋੜ ਕੱਟ ਕੇ ਖਜ਼ਾਨਾ ਭਰਨ ਦੀ ਤਿਆਰੀ ਕਰ ਰਹੀ ਹੈ। ਆਗੂਆ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਤੋਂ ਮੰਗ ਕਰਦੇ ਹਨ ਕਿ ਦਫਤਰੀ ਕਰਮਚਾਰੀਆ ਨੂੰ 01.04.2018 ਤੋਂ ਪੂਰੀਆ ਤਨਖਾਹਾਂ ਦੇ ਕੇ ਰੈਗੂਲਰ ਕੀਤਾ ਜਾਵੇ ਅਤੇ ਕੋਈ ਪ੍ਰੋਬੇਸ਼ਨ ਨਾ ਲਗਾਇਆ ਜਾਵੇ ਅਤੇ ਮਿਡ ਡੇ ਮੀਲ ਤਹਿਤ ਕੰਮ ਕਰ ਰਹੇ 120 ਕਰਮਚਾਰੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।






# ਪ੍ਰਵਾਸੀ ਮਜ਼ਦੂਰਾਂ ਖਿਲਾਫ ਭੜਕਾਊ ਪ੍ਰਚਾਰ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਜੰਗਲਾਤ ਮਜ਼ਦੂਰ ਯੂਨੀਅਨ ਵੱਲੋਂ ਰੇਂਜ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ ਤੇ ਪ੍ਰਵਾਸੀ ਮਜ਼ਦੂਰਾ ਖਿਲਾਫ ਭੜਕਾਊ ਪ੍ਰਚਾਰ ਤੋਂ ਲੋਕਾਂ ਨੂੰ ਸੁਚੇਤ ਰਹਿਣ ਦਾ ਸੱਦਾ ਦਿੱਤਾ। ਜੰਗਲਾਤ ਮਜ਼ਦੂਰ ਯੂਨੀਅਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਮਿਡਵਾਂ ਵਿਖੇ ਜ਼ਰੂਰੀ ਮੀਟਿੰਗ ਕਰਕੇ ਆਪਣੀਆਂ ਮੰਗਾਂ ਮਨਵਾਉਣ ਲਈ ਰੇਂਜ ਅਫਸਰ ਸ੍ਰੀ ਅਨੰਦਪੁਰ ਸਾਹਿਬ ਨੂੰ ਮੰਗ ਪੱਤਰ ਦਿੱਤਾ ਗਿਆ ਅਤੇ ਮੀਟਿੰਗ ਕਰਕੇ ਹੁਸ਼ਿਆਰਪੁਰ ਕਤਲ ਕਾਂਡ ਦੇ ਦੋਸ਼ੀ ਨੂੰ ਸਖਤ ਸਜ਼ਾ ਦਵਾਉਣ ਦੀ ਮੰਗ ਕਰਨ ਲਈ ਅਤੇ ਸਮੂਹ ਕਿਰਤੀ ਲੋਕਾਂ ਦੇ ਏਕੇ ਨੂੰ ਬੁਲੰਦ ਰੱਖਣ ਦੀ ਅਪੀਲ ਕੀਤੀ। ਵੱਖ ਵੱਖ ਆਗੂਆਂ ਵੱਲੋਂ ਵਿਚਾਰ ਪ੍ਰਗਟ ਕਰਦੇ ਹੋਏ ਹੁਸ਼ਿਆਰਪੁਰ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਵੱਲੋਂ ਇੱਕ ਬੱਚੇ ਨਾਲ ਕੀਤੀ ਦਰਿੰਦਗੀ ਪੂਰਣ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕਰਦਿਆਂ ਪੀੜਤ ਪਰਿਵਾਰ ਨਾਲ ਡੂੰਗੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ। ਸਮੁੱਚੇ ਪਰਵਾਸੀ ਮਜ਼ਦੂਰਾਂ ਖਿਲਾਫ ਕੁੱਝ ਲੋਕਾਂ ਵੱਲੋਂ ਚਲਾਈ ਜਾ ਰਹੀ ਭੜਕਾਊ ਤੇ ਨਫਰਤੀ ਮੁਹਿੰਮ ਤੋਂ ਬਚਣਾ ਅਤੇ ਇਸਨੂੰ ਧੜੱਲੇ ਨਾਲ ਰੱਦ ਕਰਨਾ ਚਾਹੀਦਾ ਹੈ।

## ਦਿਲ ਦੀਆਂ ਬਿਮਾਰੀਆਂ ਦਾ ਮੁਫਤ ਜਾਂਚ ਕੈਂਪ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਹਮੇਸ਼ਾ ਹੀ ਸਮਾਜ ਸੇਵਾ ਦੇ ਖੇਤਰ ਵਿਚ ਅੱਗੇ ਰਹਿੰਦਾ ਆ ਰਿਹਾ ਹੈ। ਕਲੱਬ ਵੱਲੋਂ ਵਰਲਡ ਹਾਰਟ ਡੇ ਦੇ ਮੌਕੇ ਕੈਪੀਟੋਲ ਹਸਪਤਾਲ, ਜਲੰਧਰ ਦੇ ਸਹਿਯੋਗ ਨਾਲ 28 ਸਤੰਬਰ (ਐਤਵਾਰ) ਨੂੰ ਇੱਕ ਵਿਸ਼ਾਲ ਮੁਫ਼ਤ ਦਿਲ ਦੀਆਂ ਬਿਮਾਰੀਆਂ ਦਾ ਜਾਂਚ ਕੈਂਪ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਕੈਂਪ ਅਗਰਵਾਲ ਭਵਨ, ਹਰਿਆਣਾ ਰੋਡ, ਹੁਸ਼ਿਆਰਪੁਰ 'ਚ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਲੱਗੇਗਾ। ਇਸ ਮੁਫ਼ਤ ਸੇਵਾ ਕੈਂਪ ਵਿੱਚ ਪ੍ਰਸਿੱਧ ਦਿਲ ਵਿਸ਼ੇਸ਼ਗਿਆਨ ਡਾ. ਸੀ.ਐਸ. ਪ੍ਰਥੀ ਅਤੇ ਡਾ. ਹਰਨੂਰ ਸਿੰਘ ਪ੍ਰਥੀ ਦੀ ਅਗਵਾਈ ਹੇਠ ਕੈਪੀਟੋਲ ਹਸਪਤਾਲ ਦੀ ਮਾਹਰ ਟੀਮ ਮਰੀਜ਼ਾਂ ਦੀ ਜਾਂਚ ਕਰੇਗੀ। ਕੈਂਪ ਵਿੱਚ ਈ.ਸੀ.ਜੀ., ਬਲੱਡ ਸ਼ੂਗਰ ਟੈਸਟ ਸਮੇਤ ਕਈ ਹੋਰ ਸਿਹਤ ਸਹੂਲਤਾਂ ਬਿਲਕੁਲ ਮੁਫ਼ਤ ਪ੍ਰਦਾਨ ਕੀਤੀਆਂ ਜਾਣਗੀਆਂ। ਮਰੀਜ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਆਪਣੀਆਂ ਪੁਰਾਣੀਆਂ ਰਿਪੋਰਟਾਂ ਨਾਲ ਲੈ ਕੇ ਆਉਣ। ਇਸ ਉਪਰਾਲੇ ਵਿਚ ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਦੇ ਪ੍ਰੈਜ਼ੀਡੈਂਟ ਰੋਟੇਰੀਅਨ ਅਵਤਾਰ ਸਿੰਘ, ਰੋਟੇਰੀਅਨ ਇੰਦਰਪਾਲ ਸਿੰਘ ਅਤੇ ਰੋਟੇਰੀਅਨ ਮਨੋਜ ਓਹਰੀ ਦਾ ਖ਼ਾਸ ਯੋਗਦਾਨ ਰਹੇਗਾ।




## ਸਾਵਧਾਨੀਆਂ ਵਰਤ ਕੇ ਡੇਂਗੂ ਤੋਂ ਬਚਣਾ ਸਾਡੇ ਆਪਣੇ ਹੱਥਾਂ 'ਚ : ਸਿਵਲ ਸਰਜਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ' ਤਹਿਤ ਸਿਹਤ ਬਲਾਕ ਮੁਜ਼ੱਫਰਪੁਰ ਅਧੀਨ ਪੈਂਦੇ ਪਿੰਡ ਹਿਆਲਾ ਵਿਖੇ ਇੱਕ ਡੇਂਗੂ ਪਾਜੇਟਿਵ ਮਰੀਜ਼ ਦੇ ਘਰ ਦਾ ਦੌਰਾ ਕਰਕੇ ਉੱਥੇ ਡੇਂਗੂ ਦੀ ਰੋਕਥਾਮ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਚੈਕਿੰਗ ਕੀਤੀ ਤਾਂ ਜੋ ਲੋਕਾਂ ਲਈ ਬਿਹਤਰ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ ਸਤਵਿੰਦਰਪਾਲ ਸਿੰਘ ਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ ਮੌਜੂਦ ਸਨ। ਇਸ ਮੌਕੇ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਨੇ ਸਿਹਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਡੇਂਗੂ ਦੀ ਰੋਕਥਾਮ ਲਈ ਡੇਂਗੂ ਸਰਵੇ ਤੇ ਜਾਗਰੂਕਤਾ ਗਤੀਵਿਧੀਆਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ ਦੀ ਰੋਕਥਾਮ ਲਈ ਪੂਰੇ ਜ਼ਿਲ੍ਹੇ ਵਿੱਚ ਡੇਂਗੂ ਮੱਛਰ ਦੀ ਬ੍ਰੀਡਿੰਗ ਰੋਕਣ ਲਈ ਘਰ-ਘਰ ਜਾ ਕੇ ਲਾਰਵਾ ਖ਼ਤਮ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਪੂਰੀ ਵਾਹ ਲਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੋੜੀਂਦੀਆਂ ਸਾਵਧਾਨੀਆਂ ਵਰਤ ਕੇ ਡੇਂਗੂ ਤੋਂ ਬਚਣਾ ਸਾਡੇ ਆਪਣੇ ਹੱਥਾਂ 'ਚ ਹੈ।



# ਸਿਹਤ ਵਿਭਾਗ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ : ਡਾ. ਹਰਪ੍ਰੀਤ ਸਿੰਘ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਾਣਯੋਗ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ ਨੇ ਸ਼ੁੱਕਰਵਾਰ ਨੂੰ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਵਿਖੇ ਆਮ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ ਨੇ ਜ਼ਿਲ੍ਹਾ ਹਸਪਤਾਲ, ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨਾਲ ਸਿਹਤ ਸਹੂਲਤਾਂ ਨੂੰ ਹੋਰ ਮਜ਼ਬੂਤ ਬਣਾਉਣ ਲਈ ਵਿਚਾਰ-ਵਟਾਂਦਰਾ ਕਰਦੇ ਹੋਏ ਜ਼ਰੂਰੀ ਸੁਝਾਅ ਸਾਂਝੇ ਕੀਤੇ ਤਾਂ ਜੋ ਕਿਸੇ ਵੀ ਮਰੀਜ਼ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਡਾ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਜ਼ਿਲ੍ਹੇ ਵਿੱਚ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਹਮੇਸ਼ਾ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਮਰੀਜ਼ਾਂ ਨੂੰ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# 'ਇੰਟਰ ਬੋਰਡ ਮਾਈਗ੍ਰੇਸ਼ਨ 28 ਨਵੰਬਰ ਤੱਕ ਕਰਵਾਈ ਜਾ ਸਕਦੀ'

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2025-26 ਲਈ ਅੱਠਵੀ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਦੂਜੇ ਰਾਜਾਂ/ਬੋਰਡਾਂ ਵਿੱਚ ਪੜ੍ਹਦੇ ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਜੇਕਰ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲਾਂ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਆਨ-ਲਾਈਨ ਇੰਟਰ ਬੋਰਡ ਮਾਈਗ੍ਰੇਸ਼ਨ ਦੀ ਵਿਧੀ ਰਾਹੀਂ ਨਿਰਧਾਰਿਤ ਸ਼ਡਿਊਲ ਅਨੁਸਾਰ ਦਾਖਲਾ ਲੈ ਕੇ ਆਨ-ਲਾਈਨ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇੰਟਰ ਬੋਰਡ ਮਾਈਗ੍ਰੇਸ਼ਨ ਦੀ ਵਿਧੀ ਰਾਹੀਂ ਮਿਤੀ 31 ਅਕਤੂਬਰ 2025 ਤੱਕ 3100/- ਰੁ: ਨਾਲ ਅਤੇ 01 ਨਵੰਬਰ 2025 ਤੋਂ 28 ਨਵੰਬਰ 2025 ਤੱਕ 5100/- ਰੁ: ਨਾਲ ਦਾਖਲਾ ਅਤੇ ਰਜਿਸਟ੍ਰੇਸ਼ਨ ਕਰਵਾਈ ਜਾ ਸਕਦੀ ਹੈ। ਉਕਤ ਦੇ ਮੱਦੇ ਨਜ਼ਰ ਸਕੂਲ ਮੁੱਖੀਆਂ ਨੂੰ ਅਗਾਓ ਤੌਰ ਤੇ ਸੂਚਿਤ ਕੀਤਾ ਜਾਂਦਾ ਹੈ ਕਿ ਇੰਟਰ ਬੋਰਡ ਮਾਈਗ੍ਰੇਸ਼ਨ ਲਈ ਜਾਰੀ ਸ਼ਡਿਊਲ ਅਨੁਸਾਰ ਨਿਰਧਾਰਿਤ ਅੰਤਿਮ ਮਿਤੀ 28 ਨਵੰਬਰ 2025 ਹੀ ਰਹੇਗੀ। ਇਸ ਲਈ ਇਹ ਕੰਮ ਜਾਰੀ ਸ਼ਡਿਊਲ ਅਨੁਸਾਰ ਨਿਰਧਾਰਿਤ ਅੰਤਿਮ ਮਿਤੀ ਤੱਕ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ ਕਿਉਂਕਿ ਆਨ-ਲਾਈਨ ਇੰਟਰ ਬੋਰਡ ਮਾਈਗ੍ਰੇਸ਼ਨ ਕਰਦੇ ਸਮੇਂ ਜੇਕਰ ਕਿਸੇ ਵਿਦਿਆਰਥੀ ਦੀ ਮਾਈਗ੍ਰੇਸ਼ਨ ਕਿਸੇ ਵੀ ਕਾਰਨ ਕਰਕੇ ਕਰਨ ਤੋਂ ਰਹਿ ਜਾਂਦੀ ਹੈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ/ਕਰਮਚਾਰੀ ਦੀ ਹੀ ਹੋਵੇਗੀ। ਇਸ ਸਬੰਧੀ ਸਬੰਧਤ ਅਮਲੇ ਨੂੰ ਵਿਸ਼ੇਸ਼ ਤੌਰ ਤੇ ਨੋਟ ਕਰਵਾਇਆ ਜਾਵੇ। ਇੰਟਰ ਬੋਰਡ ਮਾਈਗ੍ਰੇਸ਼ਨ ਕਰਨ ਲਈ ਹਦਾਇਤਾਂ/ਵਿਧੀ ਅਤੇ ਸ਼ਡਿਊਲ ਸਕੂਲਾਂ ਦੀ ਲਾਗਇੰਨ ਆਈ. ਡੀ. ਅਤੇ ਬੋਰਡ ਦੀ ਵੈਬ-ਸਾਈਟ ਤੇ ਵਿਸਥਾਰ ਪੂਰਵਕ ਜਾਣਕਾਰੀ ਸਹਿਤ ਉਪਲਬਧ ਹਨ। ਇਸ ਤੋਂ ਇਲਾਵਾ ਪੰਜਾਬ ਰਾਜ ਵਿੱਚ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਪੈਦਾ ਹੋਏ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਅਕਾਦਮਿਕ ਸਾਲ 2025-26 ਲਈ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਪਹਿਲਾਂ ਜਾਰੀ ਕੀਤੇ ਗਏ ਸ਼ਡਿਊਲ/ ਰਿਵਾਈਜ਼ਡ ਸ਼ਡਿਊਲ ਦੀ ਲਗਾਤਾਰਤਾ ਵਿੱਚ 30 ਸਤੰਬਰ 2025 ਤੱਕ ਵਾਧਾ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਉਕਤ ਸਬੰਧੀ ਦਫਤਰ ਵੱਲੋਂ ਕੋਈ ਵੀ ਪ੍ਰਤੀ-ਬੇਨਤੀ ਸਵੀਕਾਰ ਨਹੀਂ ਕੀਤੀ ਜਾਵੇਗੀ।

# ਡਾਇਰੈਕਟਰ ਤਕਨੀਕੀ ਸਿੱਖਿਆ ਵੱਲੋਂ ਮੇਹਰਚੰਦ ਪੋਲੀਟੈਕਟਿਕ ਦੀ ਸ਼ਲਾਘਾ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਤਕਨੀਕੀ ਸਿੱਖਿਆ ਵਿਭਾਗ ਦੇ ਡਾਇਰੈਕਟਰ ਮਨੀਸ਼ ਕੁਮਾਰ ਵੱਲੋਂ ਨੈਸ਼ਨਲ ਐਵਾਰਡ ਮਿਲਣ ਤੇ ਮੇਹਰਚੰਦ ਪੋਲੀਟੈਕਟਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਸਿੰਘ, ਉਹਨਾਂ ਦੇ ਸਟਾਫ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਗਈ। ਉਹਨਾਂ ਕਿਹਾ ਕਿ ਇਹ ਤਕਨੀਕੀ ਸਿੱਖਿਆ ਵਿਭਾਗ ਅਤੇ ਪੰਜਾਬ ਲਈ ਵੀ ਮਾਣ ਵਾਲੀ ਗੱਲ ਹੈ। ਉਹਨਾਂ ਨੇ ਪ੍ਰਿੰਸੀਪਲ ਡਾ. ਜਗਰੂਪ ਸਿੰਘ ਤੋਂ ਐਵਾਰਡ ਮਿਲਣ ਦੀ ਸਮੁੱਚੀ ਪ੍ਰਕਿਰਿਆ ਦੀ ਜਾਣਕਾਰੀ ਲਈ ਅਤੇ ਉਹਨਾਂ ਮਾਪਦੰਡਾਂ ਦੀ ਵੀ ਚਰਚਾ ਕੀਤੀ, ਜਿਹਨਾਂ ਨੂੰ ਕੇਂਦਰ ਬਿੰਦੂ ਮੰਨ ਕੇ ਨਿੱਟਰ ਵਲੋਂ ਇਸ ਵੱਕਾਰੀ ਐਵਾਰਡ ਲਈ ਕਿਸੇ ਬਹੁਤਕਨੀਕੀ ਕਾਲਜ ਦੀ ਚੋਣ ਕੀਤੀ ਜਾਂਦੀ ਹੈ। ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਕਾਲਜ ਨੂੰ ਪਹਿਲਾਂ ਵੀ ਪੰਜ ਵਾਰ ਉੱਤਰ ਭਾਰਤ ਦੇ ਸਰਵਉਤਮ ਕਾਲਜ ਵਲੋਂ ਨਿੱਟਰ ਚੋਣ ਕੀਤੀ ਸੀ ਤੇ ਇਸ ਵਾਰ ਨੈਸ਼ਨਲ ਐਵਾਰਡ ਪਹਿਲੀ ਵਾਰ ਮਿਲਿਆ ਹੈ ਤੇ ਇਸ ਲਈ ਦੋ ਪ੍ਰੋਗਰਾਮਾਂ ਵਿੱਚ ਐਨ.ਬੀ.ਏ ਐਕਰੀਡੀਟੇਸ਼ਨ ਦੀ ਮਾਨਤਾ ਮਿਲਣੀ ਵੀ ਇੱਕ ਬਹੁਤ ਵੱਡਾ ਕਾਰਨ ਮੰਨਿਆ ਹੈ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਬੇਨਤੀ 'ਤੇ ਡਾਇਰੈਕਟਰ ਨੇ ਯਕੀਨ ਦੁਆਇਆ ਕਿ ਉਹ ਜਲਦ ਹੀ ਮੇਹਰਚੰਦ ਪੋਲੀਟੈਕਟਿਕ ਦਾ ਦੌਰਾ ਕਰਨਗੇ। ਉਹਨਾਂ ਦੇ ਨਾਲ ਇਸ ਸੰਖੇਪ ਮੀਟਿੰਗ ਵਿੱਚ ਅਡੀਸ਼ਨਲ ਡਾਇਰੈਕਟਰ ਰਵਿੰਦਰ ਹੁੰਦਲ ਵੀ ਹਾਜ਼ਰ ਸਨ।



## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਕਪੂਰਥਲਾ (ਹਨੀ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 69 ਜ਼ੋਨ ਲੈਵਲ ਦੀਆਂ ਖੇਡਾਂ ਦਾ ਆਯੋਜਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੈੜਾ ਦੋਨਾ ਵਿਖੇ ਕੀਤਾ ਗਿਆ। ਜਿਸ ਵਿਚ ਭਾਗ ਲੈਂਦਿਆਂ ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਖਿਡਾਰੀਆਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤਾ।ਕੋਚ ਰੇਨੂੰ ਬਾਲਾ ਅਤੇ ਸਰਬਜੀਤ ਸਿੰਘ ਨੇ ਦੱਸਿਆ ਕਿ ਲੜਕੀਆਂ ਦੀ ਵਾਲੀਵਾਲ ਅੰਡਰ 17 ਅਤੇ ਅੰਡਰ 14 ਟੀਮ ਨੇ ਗੋਲਡ ਮੈਡਲ ਅਤੇ ਅੰਡਰ 19 ਟੀਮ ਨੇ ਸਿਲਵਰ ਮੈਡਲ ਹਾਸਲ ਕੀਤਾ। ਬਾਸਕਿਟਬਾਲ ਲੜਕੀਆਂ ਅੰਡਰ 19 ਟੀਮ ਨੇ ਗੋਲਡ ਅਤੇ ਅੰਡਰ 14 ਟੀਮ ਨੇ ਸਿਲਵਰ ਮੈਡਲ ਹਾਸਲ ਕੀਤਾ। ਖੋ ਖੋ ਲੜਕੀਆਂ ਅੰਡਰ 19 ਟੀਮ ਨੇ ਗੋਲਡ ਅਤੇ ਅੰਡਰ 14 ਟੀਮ ਨੇ ਬਰੋਂਜ ਮੈਡਲ ਹਾਸਲ ਕੀਤਾ। ਲੜਕਿਆਂ ਦੀ ਖੋ ਖੋ ਅੰਡਰ 17 ਟੀਮ ਨੇ ਗੋਲਡ ਅਤੇ ਅੰਡਰ 14 ਟੀਮ ਨੇ ਬਰੋਂਜ ਮੈਡਲ ਹੱਥ ਕੀਤਾ। ਲੜਕਿਆਂ ਦੀ ਵਾਲੀਬਾਲ ਅੰਡਰ 17 ਅਤੇ ਅੰਡਰ 14 ਟੀਮ ਨੇ ਗੋਲਡ ਮੈਡਲ ਹਾਸਲ ਕੀਤਾ। ਬੈਡਮਿੰਟਨ ਲੜਕੇ ਅੰਡਰ 17 ਟੀਮ ਨੇ ਗੋਲਡ ਅਤੇ ਅੰਡਰ 19 ਟੀਮ ਨੇ ਸਿਲਵਰ ਮੈਡਲ ਹਾਸਲ ਕੀਤਾ।ਬਾਸਕਿਟਬਾਲ ਲੜਕੇ ਅੰਡਰ 17 ਟੀਮ ਨੇ ਬਰੋਂਜ ਮੈਡਲ ਹਾਸਲ ਕੀਤਾ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਜੇਤੂ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ਼ ਮੈਂਬਰਾਂ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ।

# ਦੁਸਹਿਰੇ ਮੌਕੇ ਕਰਵਾਏ ਜਾਣ ਵਾਲੇ ਜੌਹਲ ਕਬੱਡੀ ਕੱਪ ਦਾ ਪੋਸਟਰ ਜਾਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਰਾਮਲੀਲ੍ਹਾ ਸਪੋਰਟਸ ਕਲੱਬ (ਰਜਿ.) ਜੌਹਲ ਵੱਲੋਂ ਦੁਸਹਿਰੇ ਦੇ ਪਾਵਨ ਤਿਉਹਾਰ 'ਤੇ 26ਵਾਂ ਕਬੱਡੀ ਕੱਪ 1 ਅਤੇ 2 ਅਕਤੂਬਰ ਨੂੰ ਦੁਸਹਿਰਾ ਗਰਾਊਂਡ ਪਿੰਡ ਜੌਹਲ ਵਿਖੇ ਕਰਵਾਇਆ ਜਾਵੇਗਾ। ਸਮੂਹ ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 2 ਦਿਨਾ ਕਬੱਡੀ ਕੱਪ ਦਾ ਪੋਸਟਰ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਨੇ ਕੀਤਾ। ਇਸ ਮੌਕੇ ਵਿਧਾਇਕ ਜਸਵੀਰ ਸਿੰਘ ਰਾਜਾ, ਸਰਪੰਚ ਅਤੇ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸਰਪੰਚ ਪਰਮਜੀਤ ਸਿੰਘ ਬਿੱਟੂ ਜੌਹਲ ਨੇ ਦੱਸਿਆ ਕਿ 1 ਅਕਤੂਬਰ ਨੂੰ ਟੂਰਨਾਮੈਂਟ ਦੀ ਆਰੰਭਤਾ ਹੋਵੇਗੀ। ਉਸ ਦਿਨ 72 ,50 ਕਿਲੋ ਭਾਰ ਵਰਗ ਅਤੇ ਰੱਸਾਕਸ਼ੀ ਦੇ ਮੁਕਾਬਲੇ ਕਰਵਾਏ ਜਾਣਗੇ। ਇਸ ਤੋਂ ਇਲਾਵਾ 2 ਅਕਤੂਬਰ ਨੂੰ ਓਪਨ ਕਲੱਬਾਂ ਦੇ ਫਾਈਨਲ ਮੁਕਾਬਲੇ ਕਰਵਾਏ ਜਾਣਗੇ ਜਿਸ ਦੌਰਾਨ ਜੇਤੂ ਰਹੀ ਟੀਮ ਨੂੰ ਪਹਿਲਾ ਇਨਾਮ 71 ਹਜ਼ਾਰ ਰੁਪਏ ਤੇ ਦੂਸਰੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 61 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਜਾਵੇਗੀ। ਸਰਪੰਚ ਪਰਮਜੀਤ ਬਿੱਟੂ ਜੌਹਲ ਨੇ ਦੱਸਿਆ ਕਿ ਟੂਰਨਾਮੈਂਟ ਦੌਰਾਨ ਬੈਸਟ ਜਾਫੀ ਅਤੇ ਰੇਡਰ ਨੂੰ ਐਲ.ਈ.ਡੀ ਦੇ ਕੇ ਸਨਮਾਨਤ ਕੀਤਾ ਜਾਵੇਗਾ ਤੇ ਟੂਰਨਾਮੈਂਟ ਦੀ ਸਮਾਪਤੀ 'ਤੇ ਜੇਤੂ ਟੀਮਾਂ ਨੂੰ ਇਨਾਮਾ ਦੀ ਵੰਡ ਹਲਕਾ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਵੱਲੋਂ ਕੀਤੀ ਜਾਵੇਗੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਪਿੰਡ ਜੌਹਲ ਵਿਖੇ 2 ਅਕਤੂਬਰ ਨੂੰ ਦੁਸਹਿਰਾ ਉਤਸਵ ਵੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਇਕਬਾਲ ਸਿੰਘ ਜੌਹਲ, ਲਵਪ੍ਰੀਤ ਸਿੰਘ, ਬਿੰਦਰ ਜੌਹਲ, ਪੰਡਿਤ ਜਗਦੀਪ ਕੁਮਾਰ, ਅਮਨਦੀਪ ਸ਼ਰਮਾ, ਪੰਡਿਤ ਯੋਗਰਾਜ ਦੂਬੇ, ਨਵੀਨ ਦੂਬੇ, ਚਰਨਜੀਤ ਸਿੰਘ, ਪੰਚ ਪਰਮਜੀਤ ਸਿੰਘ, ਪੰਚ ਸੁਰਜੀਤ ਸਿੰਘ, ਜੀਤ ਕੌਰ, ਹਰਚਰਨਜੀਤ ਸਿੰਘ, ਬਿੱਟੂ ਪੰਜਾਬ ਪੁਲਿਸ, ਓਂਕਾਰ ਸਿੰਘ, ਪੰਡਿਤ ਦਿਲਜੀਤ ਕੁਮਾਰ, ਦਵਿੰਦਰ ਕੁਮਾਰ, ਬਲਰਾਮ ਕੁਮਾਰ ਵੀ ਹਾਜ਼ਰ ਸਨ।




# ਸਬਜ਼ੀ ਵਿਕਰੇਤਾਵਾਂ ਨੂੰ ਕੰਡੇ-ਵੱਟੇ ਨਾਪ ਤੋਲ ਵਿਭਾਗ ਤੋਂ ਤਸਦੀਕ ਕਰਵਾਉਣ ਦੇ ਨਿਰਦੇਸ਼

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਚੇਅਰਮੈਨ ਗੋਬਿੰਦਰ ਮਿੱਤਲ ਨੇ ਇੱਥੇ ਦੱਸਿਆ ਕਿ ਮਾਰਕੀਟ ਕਮੇਟੀ ਮੋਹਾਲੀ ਵੱਲੋਂ ਚਲਾਈਆਂ ਜਾ ਰਹੀਆਂ ਮੰਡੀਆਂ ਦੀ ਚੈਕਿੰਗ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਕਈ ਸਬਜ਼ੀ ਵਿਕਰੇਤਾ ਆਪਣੇ ਕੰਡੇ-ਵੱਟੇ ਨਾਪ ਤੋਲ ਵਿਭਾਗ ਪਾਸੋਂ ਵੈਰੀਫਾਈ ਨਹੀਂ ਕਰਵਾ ਰਹੇ। ਇਸ ਸੰਬੰਧੀ ਖਪਤਕਾਰਾਂ ਵੱਲੋਂ ਵੀ ਘੱਟ ਤੋਲਣ ਅਤੇ ਗਲਤ ਕੰਡੇ-ਵੱਟੇ ਵਰਤਣ ਸਬੰਧੀ ਸ਼ਿਕਾਇਤਾਂ ਮਿਲ ਰਹੀਆਂ ਹਨ, ਜਿਸ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਉਨ੍ਹਾਂ ਆਪਣੀਆਂ ਮੰਡੀਆਂ ਸਮੂਹ ਸਬਜ਼ੀ ਵਿਕਰੇਤਾਵਾਂ ਅਤੇ ਮੰਡੀਆਂ ਦੇ ਪ੍ਰਚੂਨ ਸਬਜ਼ੀ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਹੈ ਕਿ 15 ਦਿਨਾਂ ਦੇ ਅੰਦਰ-ਅੰਦਰ ਆਪਣੇ ਵਰਤੇ ਜਾਣ ਵਾਲੇ ਕੰਡੇ-ਵੱਟੇ ਨਾਪ ਤੋਲ ਵਿਭਾਗ ਪਾਸੋਂ ਵੈਰੀਫਾਈ ਕਰਵਾਉਣ। ਉਨ੍ਹਾਂ। ਕਿਹਾ ਕਿ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਅਤੇ ਨਿਰਧਾਰਿਤ ਸਮੇਂ ਤੋਂ ਬਾਅਦ ਜੇ ਕਿਸੇ ਵਿਕਰੇਤਾ ਦੇ ਕੰਡੇ-ਵੱਟੇ ਪਾਸ ਨਾ ਹੋਣ ਦੀ ਸ਼ਿਕਾਇਤ ਮਿਲਦੀ ਹੈ ਜਾਂ ਚੈਕਿੰਗ ਦੌਰਾਨ ਅਜਿਹਾ ਕੇਸ ਪਾਇਆ ਜਾਂਦਾ ਹੈ ਤਾਂ 500 ਰੁਪਏ ਜੁਰਮਾਨਾ ਲਗਾਇਆ ਜਾਵੇਗਾ। ਵਾਰ-ਵਾਰ ਉਲੰਘਣਾ ਕਰਨ ਵਾਲਿਆਂ ਉੱਤੇ ਦੋ ਵਾਰੀ ਤੱਕ 500-500 (ਕੁੱਲ 1000) ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਤੋਂ ਬਾਅਦ ਵੀ ਉਲੰਘਣਾ ਕਰਨ ਤੇ ਉਸ ਵਿਕਰੇਤਾ ਨੂੰ ਮੰਡੀ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

# ਪਰਾਲੀ ਨੂੰ ਅੱਗ ਨਾ ਲਗਾਉਣ ਸੰਬੰਧੀ ਲਗਾਏ ਜਾ ਰਹੇ ਕਿਸਾਨ ਜਾਗਰੂਕਤਾ ਕੈਂਪ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਪਿੰਡ ਢੇਰ ਵਿਖੇ ਸੀ ਆਰ ਐਮ ਸਕੀਨ ਅਧੀਨ ਲਗਾਏ ਜਾਗਰੂਕਤਾਂ ਕੈਂਪ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਖੇਤਾਂ ਦਾ ਨੁਕਸਾਨ ਤੇ ਵਾਤਾਵਰਣ ਦੂਸ਼ਿਤ ਹੁੰਦਾ ਹੈ ਅਤੇ ਸੜਕਾਂ ਤੇ ਆਉਣ ਵਾਲੇ ਰਾਹਗੀਰਾਂ ਨੂੰ ਵੀ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਪਰਾਲੀ ਨੂੰ ਖੇਤਾਂ ਵਿੱਚ ਹੀ ਵਹਾਇਆ ਜਾਵੇ ਕਿਉਕਿ ਪਰਾਲੀ ਖੇਤਾਂ ਵਿੱਚ ਵਾਹੁਣ ਨਾਲ ਅਨੇਕਾਂ ਫਾਇਦੇ ਹਨ ਅਤੇ ਖੇਤਾਂ ਦੀ ਉਪਜ ਵੀ ਵੱਧਦੀ ਹੈ। ਉਨ੍ਹਾਂ ਦੱਸਿਆ ਕਿ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਵੱਲੋ ਪਿੰਡਾਂ ਦੀਆਂ ਪੰਚਾਇਤਾਂ ਰਾਹੀਂ ਲੋਕਾ ਨੂੰ ਜਾਗਰੂਕ ਕਰਨ ਦੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਸਮੇ ਦੇ ਹਾਣੀ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਦੁਸ਼ਪ੍ਰਭਾਵ ਬਾਰੇ ਜਾਗਰੂਕ ਕਰਕੇ ਉਨ੍ਹਾਂ ਨੂੰ ਹੋਰ ਕਿਸਾਨਾਂ ਲਈ ਰਾਹ ਦਸੇਰਾ ਬਣਾਇਆ ਜਾ ਰਿਹਾ ਹੈ। ਅਮਰਜੀਤ ਸਿੰਘ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪਿਛਲੇ ਸਾਲਾ ਦੌਰਾਨ ਪਰਾਲੀ ਨੂੰ ਅੱਗ ਲਗਾਉਣ ਵਾਲੇ ਸੰਭਾਵੀ ਪਿੰਡਾਂ ਵਿਚ ਵਿਸੇਸ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਬੇਲਰਾਂ ਪਾਸੋਂ ਗੱਠਾਂ ਵੀ ਤਿਆਰ ਕਰਾ ਸਕਦੇ ਹੋ।

## ਐੱਨ ਆਰ ਆਈ ਨੇ ਸਿਹਤ ਕੇਂਦਰ ਦੀ ਰਿਪੇਅਰ ਕਰਵਾਈ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਹਲਕੇ ਅਧੀਨ ਆਉਂਦੇ ਪਿੰਡ ਪਧਿਆਣਾਂ ਤੋਂ ਪਰਦੇਸ ਗਏ ਗੁਰਸ਼ਿੰਦਰ ਸਿੰਘ ਐੱਨ ਆਰ ਆਈ ਵਲੋਂ ਆਪਣੇ ਜੱਦੀ ਪਿੰਡ ਪਧਿਆਣਾਂ ਵਿਖੇ 'ਆਯੂਸ਼ਮਾਨ ਅਰੋਗਿਆ ਕੇਂਦਰ ਪਧਿਆਣਾ' (ਸਿਹਤ ਕੇਂਦਰ) ਦੀ ਸਾਰੀ ਵੈਲਡਿੰਗ ਨੂੰ ਪਿੰਡ ਦੀ ਪੰਚਾਇਤ ਦੀ ਦੇਖ ਰੇਖ ਹੇਠ ਰਿਪੇਅਰ ਕਰਵਾ ਕੇ ਰੰਗ ਕਰਵਾਇਆ ਗਿਆ। ਇਸ ਤੇ ਸਿਹਤ ਕੇਂਦਰ ਪਿੰਡ ਪਧਿਆਣਾਂ ਦੇ ਪੂਰੇ ਸਟਾਫ ਕਰਮਵੀਰ ਕੌਰ (ਸੀ ਐੱਚ ਓ), ਸੁਖਬੀਰ ਕੌਰ (ਏ ਐੱਨ ਐਮ), ਨੀਰਜ ਕੁਮਾਰ (ਐੱਮ ਪੀ ਐਚ ਡਬਲਿਊ) (ਮੇਲ), ਰਣਜੀਤ ਕੌਰ ਆਸ਼ਾ ਵਰਕਰ, ਅਤੇ ਪਿੰਡ ਦੇ ਪੰਚਾਇਤ ਮੈਂਬਰਾਂ ਸਰਪੰਚ ਬਲਜੀਤ ਸਿੰਘ, ਪੰਚ ਗੁਰਦੇਵ ਸਿੰਘ ਵੱਲੋਂ ਵੱਲੋਂ ਐੱਨ ਆਰ ਆਈ ਗੁਰਸ਼ਿੰਦਰ ਸਿੰਘ ਦੇ ਘਰ ਜਾ ਕੇ ਉਹਨਾਂ ਦਾ ਸਮੇਤ ਸਾਰੇ ਪਰਵਾਰ ਦਾ ਸਨਮਾਨ ਕਰਦੇ ਹੋਏ ਤਹਿ ਦਿਲੋਂ ਧੰਨਵਾਦ ਕੀਤਾ ਗਿਆ।



# ਦਫਤਰੀ ਮੁਲਾਜ਼ਮਾਂ ਦੀ ਤਨਖਾਹ 'ਚ ਕਟੌਤੀ 'ਤੇ ਰੋਸ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 8 ਸਤੰਬਰ ਨੂੰ ਹੋਈ ਕੈਬਿਨਟ ਮੀਟਿੰਗ ਵਿਚ ਲਿਆ ਫੈਸਲਾ ਦਫਤਰੀ ਕਰਮਚਾਰੀਆਂ ਵਿਚ ਭਾਰੀ ਰੋਸ ਦਾ ਕਾਰਨ ਬਣ ਗਿਆ ਹੈ। ਸਰਕਾਰ ਵੱਲੋਂ 15-20 ਸਾਲਾਂ ਤੋਂ ਕੰਮ ਕਰ ਰਹੇ 1007 ਦਫਤਰੀ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਅਧੀਨ ਰੈਗੂਲਰ ਕਰਨ ਦਾ ਐਲਾਨ ਕੀਤਾ ਗਿਆ, ਪਰ ਨਵੇਂ ਨੋਟੀਫਿਕੇਸ਼ਨ ਅਨੁਸਾਰ ਕਰਮਚਾਰੀਆਂ ਦੀਆਂ ਮੌਜੂਦਾ ਪੋਸਟਾਂ ਖਤਮ ਕਰਕੇ ਉਨ੍ਹਾਂ ਦੀ ਤਨਖਾਹਾਂ 50,000 ਤੋਂ ਘਟਾ ਕੇ 19,000 ਕਰਨ ਦੀ ਤਿਆਰੀ ਹੈ। ਇਸ ਨਾਲ 1007 ਪਰਿਵਾਰਾਂ ਦੇ ਗੁਜ਼ਾਰੇ ਤੇ ਬੱਚਿਆਂ ਦੀ ਪੜ੍ਹਾਈ 'ਤੇ ਗੰਭੀਰ ਸੰਕਟ ਖੜ੍ਹਾ ਹੋ ਗਿਆ ਹੈ। ਸਰਵ ਸਿੱਖਿਆ ਅਭਿਆਨ ਮਿਡ ਡੇ ਮੀਲ ਦਫਤਰੀ ਕਰਮਚਾਰੀ ਯੂਨੀਅਨ ਦੇ ਜਿਲ੍ਹਾ ਆਗੂ ਸੰਜੀਵ ਸ਼ਰਮਾ ਨੇ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਕਰਮਚਾਰੀ ਸਾਲ 2005 ਤੋਂ ਲਗਾਤਾਰ ਆਪਣੀਆਂ ਸੇਵਾਵਾਂ ਦੇ ਰਹੇ ਹਨ ਪਰ ਸਰਕਾਰਾਂ ਵੱਲੋਂ ਹਮੇਸ਼ਾਂ ਅਣਗੌਲਿਆ ਗਿਆ। ਕਰਮਚਾਰੀ ਮੰਗ ਕਰ ਰਹੇ ਹਨ ਕਿ ਉਹਨਾਂ ਨੂੰ ਅਧਿਆਪਕਾਂ ਦੀ ਤਰਜ਼ 'ਤੇ 01.04.2018 ਤੋਂ ਪੂਰੀ ਤਨਖਾਹਾਂ ਨਾਲ ਰੈਗੂਲਰ ਕੀਤਾ ਜਾਵੇ ਅਤੇ ਕੋਈ ਪ੍ਰੋਬੇਸ਼ਨ ਨਾ ਲਗਾਇਆ ਜਾਵੇ। ਯੂਨੀਅਨ ਪਹਿਲਾਂ ਹੀ ਹਾਈ ਕੋਰਟ ਦਾ ਦਰਵਾਜ਼ਾ ਖੜਕਾ ਚੁੱਕੀ ਹੈ। ਯੂਨੀਅਨ ਦੇ ਸਕੱਤਰੀ ਚੇਤਨ ਨੇ ਦੋਸ਼ ਲਾਇਆ ਕਿ 15-20 ਸਾਲ ਸੇਵਾ ਦੇਣ ਵਾਲੇ ਕਰਮਚਾਰੀਆਂ 'ਤੇ ਹੁਣ ਪ੍ਰੋਬੇਸ਼ਨ ਲਗਾਉਣਾ ਬੇਇਨਸਾਫੀ ਹੈ। ਆਗੂਆਂ ਨੇ ਮੁੱਖ ਮੰਤਰੀ ਭਗਵੰਤ ਮਾਨ, ਵਿੱਤ ਮੰਤਰੀ ਹਰਪਾਲ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਤੋਂ ਮੰਗ ਕੀਤੀ ਕਿ ਤੁਰੰਤ ਨੋਟੀਫਿਕੇਸ਼ਨ ਵਿਚ ਸੋਧ ਕਰਕੇ ਕਰਮਚਾਰੀਆਂ ਨੂੰ 01.04.2018 ਤੋਂ ਪੂਰੀ ਤਨਖਾਹਾਂ ਨਾਲ ਰੈਗੂਲਰ ਕੀਤਾ ਜਾਵੇ ਅਤੇ ਮਿਡ ਡੇ ਮੀਲ ਕਰਮਚਾਰੀਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।ਇਸ ਮੌਕੇ 'ਤੇ ਕੰਚਨ, ਨਿਰਮਲ, ਜਗਦੀਪ, ਵੰਦਨਾ, ਮਨਜੀਤ ਕੌਰ, ਸੁਖਦੀਪ ਕੌਰ, ਗੋਪਾਲ ਕ੍ਰਿਸ਼ਨ, ਤਮੰਨਾ, ਅਮਿਤ ਕੁਮਾਰ ਰਮਸਾ, ਰੀਨਾ, ਦਵਿੰਦਰ ਕੌਰ ਆਦਿ ਮੌਜੂਦ ਸਨ।

# ਭਲਕੇ ਕੱਢੀ ਜਾ ਰਹੀ ਸ਼ੋਭਾ ਯਾਤਰਾ ਦੀਆਂ ਤਿਆਰੀਆਂ ਮੁਕੰਮਲ : ਸ਼ੁਭਮ ਬਿੱਲਾ

**ਟਾਂਡਾ ਉੜਮੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਪ੍ਰਭੂ ਸ੍ਰੀ ਰਾਮ ਚੰਦਰ ਦੇ 14 ਸਾਲ ਬਨਵਾਸ ਉਪਰੰਤ ਅਯੋਧਿਆ ਵਾਪਸ ਆਉਣ ਦੇ ਸੰਬੰਧ ਵਿੱਚ ਦੁਸਹਿਰਾ ਕਮੇਟੀ ਟਾਂਡਾ ਵੱਲੋਂ 29 ਸਤੰਬਰ ਨੂੰ ਕੱਢੀ ਜਾ ਰਹੀ ਵਿਸ਼ਾਲ ਸ਼ੋਭਾ ਯਾਤਰਾ ਦੀਆਂ ਮੁਕੰਮਲ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਦੀਪਕ ਮਾਹਲਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਦੁਸਹਿਰਾ ਕਮੇਟੀ ਦੇ ਪ੍ਰਧਾਨ ਸ਼ੁਭਮ ਬਿੱਲਾ, ਪੰਡਿਤ ਮਿਥਲੇਸ਼ ਗਰਗ ਅਤੇ ਮਨੀ ਬੈਂਚਾਂ ਨੇ ਵਿਸ਼ੇਸ਼ ਤੌਰ ਤੇ ਆਪਣੀ ਹਾਜ਼ਰੀ ਲਗਵਾਈ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸ਼ੁਭਮ ਬਿੱਲਾ ਨੇ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਇਹ ਵਿਸ਼ਾਲ ਅਨੋਖੀ ਸ਼ਾਨਮੱਤੇ ਵਾਲੀ ਸ਼ੋਭਾ ਯਾਤਰਾ 29 ਸਤੰਬਰ ਨੂੰ ਮਹਾਦੇਵ ਮੰਦਰ ਤੋਂ ਕੱਢੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸ਼ੋਭਾ ਯਾਤਰਾ ਵਿੱਚ ਵੱਖ-ਵੱਖ ਸਰੂਪਾਂ ਨਾਲ ਸੁਸ਼ੋਭਿਤ ਰੱਥ, ਘੋੜੀਆਂ, ਜੀਪਾਂ, ਟੈਂਪੂਆਂ, ਟਰਾਲਿਆਂ ਵਿੱਚ ਸਵਾਰ ਪ੍ਰਭੂ ਸ੍ਰੀ ਰਾਮ-ਲਸ਼ਮਣ, ਮਾਤਾ ਸੀਤਾ, ਰਾਵਣ, ਸ਼ਿਵ ਸ਼ੰਕਰ ਭੋਲੇ ਨਾਥ ਤੋਂ ਇਲਾਵਾ ਹੋਰ ਕਈ ਪ੍ਰਕਾਰ ਦੀਆਂ ਝਾਕੀਆਂ ਇਸ ਸ਼ੋਭਾ ਯਾਤਰਾ ਦੀ ਸ਼ਾਨ ਵਿੱਚ ਵਾਧਾ ਕਰਨਗੀਆਂ। ਇਸ ਤੋਂ ਇਲਾਵਾ ਬਾਹਰੋਂ ਆਈਆਂ ਕਈ ਟੀਮਾਂ ਆਪਣੇ ਫਨਾਂ ਦਾ ਕਮਾਲ ਦਿਖਾਉਣਗੀਆਂ। ਉਨ੍ਹਾਂ ਕਿਹਾ ਕਿ ਇਹ ਅਨੋਖੀ ਸ਼ਾਨਮਤੇ ਵਾਲੀ ਸ਼ੋਭਾ ਯਾਤਰਾ ਮਹਾਦੇਵ ਮੰਦਰ ਤੋਂ ਚੱਲ ਕੇ ਸ਼ਿਮਲਾ ਪਹਾੜੀ, ਉੜਮੁੜ ਬਾਜ਼ਾਰ, ਲੱਖ ਦਾਤਾ ਚੌਂਕ, ਬਾਬਾ ਬੂਟਾ ਭਗਤ ਦੀ ਸਮਾਧ, ਥਾਣਾ ਚੌਂਕ, ਰੇਲਵੇ ਚੌਂਕ, ਬਸ ਅੱਡਾ ਅਤੇ ਹਸਪਤਾਲ ਚੌਂਕ ਤੋਂ ਹੁੰਦੀ ਹੋਈ ਮੁੜ ਵਾਪਸ ਮਹਾਦੇਵ ਮੰਦਰ ਪਹੁੰਚ ਕੇ ਸੰਪੰਨ ਹੋਵੇਗੀ। ਉਨ੍ਹਾਂ ਕਿਹਾ ਕਿ ਸ਼ਹਿਰ ਦੀਆਂ ਕਈ ਧਾਰਮਿਕ ਸੰਸਥਾਵਾਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਇਸ ਸ਼ੋਭਾ ਯਾਤਰਾ ਚ ਸ਼ਾਮਿਲ ਸ਼ਰਧਾਲੂਆਂ ਦੇ ਸਵਾਗਤ ਅਤੇ ਖਾਣ ਪੀਣ ਲਈ ਸ਼ਹਿਰ ਦੇ ਵੱਖ-ਵੱਖ ਰਸਤਿਆਂ ਵਿੱਚ ਚਾਹ-ਪਕੌੜੇ, ਫਲ-ਫਰੂਟ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੇ ਪਕਵਾਨਾਂ ਦਾ ਲੰਗਰ ਲਗਾਇਆ ਜਾ ਰਿਹਾ ਹੈ।ਪ੍ਰਧਾਨ ਸ਼ੁਭਮ ਬਿੱਲਾ ਨੇ ਕਿਹਾ ਕਿ ਇਸ ਸ਼ੋਭਾ ਯਾਤਰਾ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਤੇ ਸੁਦੇਸ਼ ਬੱਗਾ, ਸੁਨੀਲ ਸੈਣੀ, ਸੰਨੀ ਠੇਕੇਦਾਰ, ਬੰਟੀ, ਪ੍ਰਿੰਸ, ਵਿਜੇ ਮਾਹਲਾ, ਅਮਨ ਮਾਹਲਾ, ਰਾਜੂ, ਸੁਖਦੀਪ, ਮਨੀਸ਼, ਅਰਮਾਨ ਮਹਲਾ, ਰੂਪਕ, ਮਾਖੂ ਵਿਸ਼ਾਲ ਅਤੇ ਹੋਰ ਹਾਜ਼ਰ ਸਨ।



# ਚੇਅਰਮੈਨ ਡਾ. ਆਹਲੂਵਾਲੀਆ ਨੇ ਨਯਾਗਾਓਂ 'ਚ ਚੱਲ ਰਹੇ ਪ੍ਰੋਜੈਕਟਾਂ ਦਾ ਲਿਆ ਜਾਇਜ਼ਾ



**ਖਰੜ (ਹਰਨਾਮ ਸਿੰਘ ਡੱਲਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਵਿਧਾਨ ਸਭਾ ਹਲਕਾ ਖਰੜ ਦੇ ਨਯਾਗਾਓਂ ਵਿਖੇ ਬਣਾਏ ਜਾ ਰਹੇ 18.50 ਐਮ ਐਲ ਡੀ ਸਮਰੱਥਾ ਵਾਲੇ ਆਧੁਨਿਕ ਸੀਵਰੇਜ ਟਰੀਟਮੈਂਟ ਪਲਾਂਟ ਅਤੇ 4600 ਮੀਟਰ ਨਵੀਆਂ ਸੀਵਰੇਜ ਲਾਈਨਾਂ ਦੇ ਪ੍ਰੋਜੈਕਟ ਦਾ ਆਮ ਆਦਮੀ ਪਾਰਟੀ, ਪੰਜਾਬ ਦੇ ਜਨਰਲ ਸਕੱਤਰ ਅਤੇ ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਡਾ. ਐਸ.ਐਸ. ਆਹਲੂਵਾਲੀਆ ਨੇ ਬੋਰਡ ਦੇ ਅਧਿਕਾਰੀਆਂ ਚੀਫ਼ ਇੰਨ ਇੰਜੀਨੀਅਰ, ਐਕਸੀਅਨ, ਜੇਈ, ਐਸ ਡੀ ਓ ਅਤੇ ਹੋਰ ਅਧਿਕਾਰੀਆਂ ਨਾਲ ਜਾਇਜ਼ਾ ਲਿਆ।ਇਹ ਪ੍ਰੋਜੈਕਟ 35 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਸ ਪ੍ਰੋਜੈਕਟ ਦੇ ਪੂਰਾ ਹੋਣ ਨਾਲ ਨਯਾਗਾਓਂ ਅਤੇ ਇਸ ਦੇ ਨਾਲ ਲਗਦੇ ਪਿੰਡਾਂ ਨਾਡਾ, ਕਰੋਰਾਂ ਅਤੇ ਕਾਂਸਲ ਦੇ ਹਜ਼ਾਰਾਂ ਵਸਨੀਕਾਂ ਨੂੰ ਸਾਫ-ਸੁਥਰਾ ਵਾਤਾਵਰਣ, ਵਧੀਆ ਸਿਹਤ ਸਹੂਲਤਾਂ ਅਤੇ ਵਿਕਾਸ ਦੀ ਨਵੀਂ ਰਫ਼ਤਾਰ ਪ੍ਰਾਪਤ ਹੋਵੇਗੀ। ਡਾ. ਆਹਲੂਵਾਲੀਆ ਨੇ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਮਕਸਦ ਲੋਕਾਂ ਦੀਆਂ ਬੁਨਿਆਦੀ ਜ਼ਰੂਰਤਾਂ ਪੂਰੀਆਂ ਕਰਨੀਆਂ ਅਤੇ ਉਨ੍ਹਾਂ ਨੂੰ ਆਧੁਨਿਕ ਸੁਵਿਧਾਵਾਂ ਨਾਲ ਜੋੜਨਾ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਵੀ ਲੋਕਾਂ ਨੂੰ ਸਾਫ਼ ਪਾਣੀ, ਸੀਵਰੇਜ, ਸੜਕਾਂ ਅਤੇ ਹੋਰ ਸਹੂਲਤਾਂ ਦੀ ਲੋੜ ਹੈ, ਸਰਕਾਰ ਉਸ ਦੀ ਪੂਰਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ। ਆਹਲੂਵਾਲੀਆ ਨੇ ਇਹ ਵੀ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਖੇਤਰ ਦੇ ਲੋਕਾਂ ਲਈ ਹੋਰ ਪ੍ਰੋਜੈਕਟਾਂ ਦੀ ਯੋਜਨਾ ਵੀ ਤਿਆਰ ਕਰ ਰਹੀ ਹੈ, ਜਿਵੇਂ ਕਿ ਪੀਣ ਵਾਲੇ ਪਾਣੀ ਦੀਆਂ ਨਵੀਆਂ ਯੋਜਨਾਵਾਂ, ਸੜਕਾਂ ਦੇ ਸੁਧਾਰ ਅਤੇ ਸਿੱਖਿਆ-ਸਿਹਤ ਖੇਤਰ ਵਿੱਚ ਹੋਰ ਵਿਕਾਸ ਕੰਮ।ਇਸ ਮੌਕੇ ਇਲਾਕੇ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

# ਸਿਵਲ ਹਸਪਤਾਲ ਗੜ੍ਹਸ਼ੰਕਰ 'ਚ ਡਾਇਲਸੈਸ ਸਰਵਿਸ ਸ਼ੁਰੂ ਕਰਨ ਦੀ ਮੰਗ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਸਿਵਲ ਹਸਪਤਾਲ ਵਿੱਚ ਜਿੱਥੇ ਡਾਕਟਰੀ ਸਟਾਫ ਦੀ ਭਾਰੀ ਕਮੀ ਹੈ ਉਥੇ ਹੀ ਮੌਜੂਦਾ ਸਰਕਾਰ ਡਾਇਲਸੈਸ ਸਰਵਿਸ ਸ਼ੁਰੂ ਕਰਨ ਵਿੱਚ ਫੇਲ ਸਾਬਿਤ ਹੋ ਰਹੀ ਹੈ। ਇਲਾਕੇ ਦੇ ਲੋਕਾ ਦੀ ਪੁਰਜ਼ੋਰ ਮੰਗ ਤੇ ਸਿਵਲ ਹਸਪਤਾਲ ਗੜ੍ਹਸ਼ੰਕਰ ਲਈ ਕਾਂਗਰਸ ਸਰਕਾਰ ਸਮੇਂ ਡਾਇਲਸੈਸ ਮਸ਼ੀਨ ਲਗਾਈ ਗਈ ਸੀ ਪਰ ਮੌਜੂਦਾ ਸਰਕਾਰ ਦੇ ਸਾਢੇ ਤਿੰਨ ਸਾਲ ਤੋਂ ਵੀ ਵੱਧ ਦਾ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਡਾਇਲਸੈਸ ਮਸ਼ੀਨ ਦੀ ਸਹੂਲਤ ਨਹੀ ਸ਼ੁਰੂ ਹੋਈ ਜਿਸ ਕਾਰਨ ਡਾਇਲਸੈਸ ਮਰੀਜ ਕਾਫੀ ਨਿਰਾਸ਼ ਹਨ।ਪਰ ਇਲਾਕੇ ਦੇ ਲੋਕਾ ਨੇ ਅਨੇਕਾ ਵਾਰ ਸੂਬਾ ਸਰਕਾਰ ਤੋ ਮੰਗ ਕੀਤੀ ਕਿ ਸਿਵਲ ਹਸਪਤਾਲ ਗੜ੍ਹਸ਼ੰਕਰ 'ਚ ਬੰਦ ਪਈ ਡਾਇਲਸੈਸ ਮਸ਼ੀਨ ਨੂੰ ਚਾਲੂ ਕੀਤਾ ਜਾਵੇ। ਇਸ ਸਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਗੁਰਨੇਕ ਸਿੰਘ ਭੱਜਲ, ਸਮਾਜ ਸੇਵੀ ਧਰਮਜੀਤ ਸਿੰਘ ਰਾਜਾ, ਆਦਰਸ਼ ਸੋਸ਼ਲ ਵੈਲਫੇਅਰ ਸੋਸਾਇਟੀ ਤੋਂ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਇੱਥੇ ਲੱਗੀ ਡਾਇਲਸੈਸ ਮਸ਼ੀਨ ਨਾਲ ਹੁਣ ਤੱਕ ਇੱਕ ਵੀ ਡਾਇਲਸੈਸ ਨਹੀਂ ਕੀਤਾ ਗਿਆ। ਇਸ ਸਬੰਧੀ ਜਦੋ ਸਿਵਲ ਹਸਪਤਾਲ ਗੜ੍ਹਸ਼ੰਕਰ ਐੱਸ ਐੱਮ ਓ ਸਤੋਖ ਰਾਮ ਨਾਲ ਸੰਪਰਕ ਕਰ ਕੇ ਪੱਖ ਜਾਨਣਾ ਚਾਹਿਆ ਤਾਂ ਉਹਨਾਂ ਕਿਹਾ ਕਿ ਡਾਇਲਸੈਸ ਮਸ਼ੀਨ ਸਮੇਤ ਹੋਰ ਖਾਲੀ ਪੋਸਟਾਂ ਸਬੰਧੀ ਸਬੰਧਤ ਵਿਭਾਗ ਨੂੰ ਲਿਖਤੀ ਸੂਚਿਤ ਕਰ ਚੁੱਕੇ ਹਾਂ।



# ਬੀ ਐੱਡ ਅਧਿਆਪਕ ਫਰੰਟ ਵੱਲੋਂ 1 ਨੂੰ ਭੁੱਖ ਹੜਤਾਲ 'ਚ ਸ਼ਮੂਲੀਅਤ ਦਾ ਐਲਾਨ

**ਹੁਸ਼ਿਆਰਪੁਰ (ਓ ਪੀ ਰਾਣਾ)**- ਬੀ ਐੱਡ ਅਧਿਆਪਕ ਫਰੰਟ ਹੁਸ਼ਿਆਰਪੁਰ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਮਾਸਟਰ ਸੁਰਜੀਤ ਰਾਜਾ ਅਤੇ ਬਲਾਕ ਪ੍ਰਧਾਨ ਮਾਸਟਰ ਹਰਬਲਾਸ ਦੀ ਅਗਵਾਈ ਵਿੱਚ ਮਿੰਨੀ ਸੈਕਰਟਰੀਏਟ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਉਕਤ ਆਗੂਆਂ ਨੇ ਕਿਹਾ ਕਿ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਸੱਦੇ ਤੇ 1 ਅਕਤੂਬਰ ਨੂੰ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ ਤੇ ਜਿਲ੍ਹਾ ਹੈੱਡਕੁਆਰਟਰਾਂ ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਇੱਕ ਰੋਜ਼ਾ ਭੁੱਖ ਹੜਤਾਲ ਤੇ ਅਧਿਆਪਕ ਅਤੇ ਕਰਮਚਾਰੀ ਬੈਠਣਗੇ ਤੇ ਜੇਕਰ ਸਾਡੀ ਮੰਗ ਨੂੰ ਅਣਗੌਲਿਆ ਕੀਤਾ ਤਾਂ 25 ਨਵੰਬਰ ਨੂੰ ਕੀਤਾ ਜਾਵੇਗਾ ਦਿੱਲੀ ਕੂਚ।ਇਸ ਬਾਰੇ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਕਨਵੀਨਰ ਮਾਸਟਰ ਸੰਜੀਵ ਧੂਤ ਅਤੇ ਬੀ ਐੱਡ ਅਧਿਆਪਕ ਫਰੰਟ ਹੁਸ਼ਿਆਰਪੁਰ ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਸੁਰਜੀਤ ਰਾਜਾ ਬਲਾਕ ਪ੍ਰਧਾਨ ਮਾਸਟਰ ਹਰਬਲਾਸ ਅਤੇ ਮਾਸਟਰ ਰਵਿੰਦਰ ਰਵੀ ਨੇ ਦੱਸਿਆ ਕਿ ਚੌਥੀ ਦੀਵਾਲੀ ਵੀ ਪੈਨਸ਼ਨ ਵਿਹੂਣੇ ਹੀ ਮਨਾਉਣ ਨੂੰ ਮਜ਼ਬੂਰ ਹੋਣਗੇ ਉੱਥੇ ਦੂਜੇ ਪਾਸੇ ਕੇਂਦਰ ਦੀ ਮੋਦੀ ਸਰਕਾਰ ਕਰਮਚਾਰੀਆਂ ਤੇ ਯੂ ਪੀ ਐਸ ਥੋਪ ਕੇ ਉਨ੍ਹਾਂ ਦੀ ਜਮ੍ਹਾਂ ਪੂੰਜੀ ਹੀ ਪੈਨਸ਼ਨ ਦੇ ਰੂਪ ਵਿੱਚ ਪਰੋਸ ਕੇ ਕਾਰਪੋਰੇਟ ਦੀ ਸੇਵਾ ਕਰ ਰਹੀ ਹੈ। ਹੜਤਾਲ ਵਿੱਚ ਪੰਜਾਬ ਦੇ ਸਮੂਹ ਐਨ ਪੀ ਐਸ ਕਰਮਚਾਰੀ ਭਾਗ ਲੈਣਗੇ ਤੇ 25 ਨਵੰਬਰ ਨੂੰ ਮੁਲਾਜ਼ਮਾਂ ਵੱਲੋਂ ਦਿੱਲੀ ਕੂਚ ਕੀਤਾ ਜਾਵੇਗਾ।ਇਸ ਮੌਕੇ ਮਾਸਟਰ ਰਾਮਪਾਲ ਪਠਾਣੀਆ ਅਤੇ ਮਾਸਟਰ ਅੰਕੁਰ ਸ਼ਰਮਾ ਲੈਕਚਰਾਰ ਸੁਖਦੇਵ ਸਿੰਘ , ਮਾਸਟਰ ਤਰਸੇਮ ਸਿੰਘ , ਮਾਸਟਰ ਜੀਵਨ ਕੁਮਾਰ ਮਾਸਟਰ ਦੇਸਰਾਜ ਆਦਿ ਵੀ ਹਾਜ਼ਰ ਸਨ।



# ਭਗਵਾਨ ਵਾਲਮੀਕਿ ਦੇ ਪਾਵਨ ਸਤਿਸੰਗ ਸੰਬੰਧੀ ਭਾਵਾਧਸ ਦੀ ਮੀਟਿੰਗ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਤ ਭਾਰਤੀਆ ਵਾਲਮੀਕਿ ਧਰਮ ਸਮਾਜ (ਰਜਿ.) ਭਾਵਾਧਸ ਭਾਰਤ ਬਲਾਕ ਟਾਂਡਾ ਵੱਲੋਂ ਸ਼ਿਮਲਾ ਪਹਾੜੀ ਪਾਰਕ ਟਾਂਡਾ ਵਿਖੇ 28 ਸਤੰਬਰ ਨੂੰ ਕਰਵਾਏ ਜਾ ਰਹੇ ਪਾਵਨ ਸਤਿਸੰਗ ਨੂੰ ਮੁੱਖ ਰੱਖਦੇ ਹੋਏ ਭਾਵਾਧਸ ਦੇ ਸਮੂਹ ਅਹੁਦੇਦਾਰਾਂ ਤੇ ਸੇਵਾਦਾਰਾਂ ਦੀ ਇੱਕ ਵਿਸ਼ੇਸ਼ ਮੀਟਿੰਗ ਸੰਸਥਾ ਦੇ ਦਫਤਰ ਵਿਖੇ ਹੋਈ। ਮੀਟਿੰਗ ਉਪਰੰਤ ਸੰਸਥਾ ਦੇ ਸੂਬਾ ਪ੍ਰਧਾਨ ਸੇਠ ਰਾਮ ਸੇਠੀ ਦੀ ਅਗਵਾਈ ਵਿੱਚ ਹੋਈ ਇਸ ਮੀਟਿੰਗ ਦੌਰਾਨ ਸੰਸਥਾ ਦੇ ਸਮੂਹ ਮੈਂਬਰਾਂ ਨੇ ਭਾਗ ਲੈਂਦੇ ਹੋਏ ਕਰਵਾਏ ਜਾਣ ਵਾਲੇ ਪਾਵਨ ਸਤਸੰਗ ਸਬੰਧੀ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਪਾਵਨ ਸਤਿਸੰਗ ਸਮਾਗਮ ਦੀਆਂ ਤਿਆਰੀਆਂ ਸਬੰਧੀ ਸਮੀਖਿਆ ਕਰਨ ਉਪਰੰਤ ਸੂਬਾ ਪ੍ਰਧਾਨ ਸੇਠ ਰਾਮ ਸੇਠੀ ਤੋਂ ਇਲਾਵਾ ਥਾਣੇਦਾਰ ਤਾਰਾ ਸਿੰਘ, ਸਿਟੀ ਪ੍ਰਧਾਨ ਦੀਪਕ ਭੀਲ, ਨਿਰਮਲ ਮੂਨਕ, ਸਾਬਕਾ ਸਰਪੰਚ ਵਿਜੇ ਪਾਲ ਬੈਂਚਾਂ, ਪੰਚ ਕੀਮਤੀ ਲਾਲ ਐੱਮ.ਪੀ. ਹਰਸੀ ਪਿੰਡ, ਸਾਬਕਾ ਸਰਪੰਚ ਸੁਰਜੀਤ ਸਿੰਘ ਡੱਡੀਆਂ, ਹਰਮੇਸ਼ ਬੱਸੀ, ਬੋਬੀ ਬੁੱਢੀ ਪਿੰਡ, ਬਲਵੀਰ ਸਿੰਘ, ਸੁਰਜੀਤ ਸਿੰਘ ਨੇ ਦੱਸਿਆ ਕਿ ਸ਼ਹਿਰ ਤੇ ਇਲਾਕੇ ਦੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ ਦੇ ਸਹਿਯੋਗ ਨਾਲ 28 ਸਤੰਬਰ ਨੂੰ ਸਵੇਰੇ 11 ਵਜੇ ਤੋਂ ਲੈ ਕੇ 3 ਵਜੇ ਤੱਕ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਨੂੰ ਸਮਰਪਤ ਵਿਸ਼ਾਲ ਸਤਿਸੰਗ ਸਮਾਗਮ ਕਰਵਾਇਆ ਜਾਵੇਗਾ ਜਿਸ ਵਿੱਚ ਭਾਈ ਸਤਨਾਮ ਸਿੰਘ ਹੁਸੈਨਪੁਰ ਨਕੋਦਰ ਵਾਲਿਆਂ ਦਾ ਜਥਾ, ਚਮਚਿਆਂ ਵਾਲਿਆਂ ਦਾ ਪ੍ਰਸਿੱਧ ਜਥਾ ਭਗਵਾਨ ਵਾਲਮੀਕਿ ਜੀ ਦੀ ਮਹਿਮਾ ਦਾ ਗੁਣਗਾਨ ਕਰੇਗਾ। ਸੂਬਾ ਪ੍ਰਧਾਨ ਸੇਠ ਰਾਮ ਸੇਠੀ ਨੇ ਦੱਸਿਆ ਕਿ ਇਸ ਸਤਿਸੰਗ ਨੂੰ ਲੈ ਕੇ ਸੰਗਤਾਂ ਵਿਚ ਬਹੁਤ ਹੀ ਉਤਸ਼ਾਹ ਹੈ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸ਼ਹਿਰ ਦੀਆਂ ਸਮਾਜਸੇਵੀ ਧਾਰਮਿਕ ਸਮਾਜਸੇਵੀ ਅਤੇ ਰਾਜਨੀਤਕ ਸ਼ਖਸੀਅਤਾਂ ਵੀ ਪਹੁੰਚਣਗੀਆਂ। ਇਸ ਮੌਕੇ ਸੂਬਾ ਪ੍ਰਧਾਨ ਸੇਠ ਰਾਮ ਸੇਠੀ ਤੇ ਸੰਸਥਾ ਦੇ ਹੋਰਨਾਂ ਅਹੁਦੇਦਾਰਾਂ ਨੇ 28 ਸਤੰਬਰ ਨੂੰ ਭਗਵਾਨ ਵਾਲਮੀਕਿ ਜੀ ਨੂੰ ਸਮਰਪਿਤ ਕਰਵਾਏ ਜਾ ਰਹੇ ਪਾਵਨ ਸਤਸੰਗ ਦੇ ਸਬੰਧ ਅਤੇ 8 ਅਕਤੂਬਰ ਨੂੰ ਭਗਵਾਨ ਜੀ ਦੇ ਮਨਾਏ ਜਾ ਰਹੇ ਪ੍ਰਗਟ ਦਿਵਸ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਦੇ ਸਫਾਈ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਇਹਨਾਂ ਦਿਹਾੜਿਆਂ ਨੂੰ ਮੁੱਖ ਰੱਖਦੇ ਹੋਏ ਸ਼ਹਿਰ ਵਿੱਚ ਸਫਾਈ ਵਿਵਸਥਾ, ਖਾਸ ਕਰਕੇ ਸ਼ਿਮਲਾ ਪਹਾੜੀ ਪਾਰਕ ਦੇ ਸਾਹਮਣੇ ਜਿੱਥੇ ਕਿ ਪਾਵਨ ਸਤਸੰਗ ਸਮਾਗਮ ਕਰਵਾਇਆ ਜਾਣਾ ਹੈ ਉਸ ਜਗ੍ਹਾ 'ਤੇ ਸਫਾਈ ਕੀਤੀ ਜਾਵੇ।



# ਡਾ. ਬਲਬੀਰ ਸਿੰਘ ਨੇ ਆਪਣਾ ਘਰ ਆਮ ਆਦਮੀ ਕਲੀਨਿਕ ਲਈ ਦਿੱਤਾ

**ਸ਼ਹੀਦ ਭਗਤ ਸਿੰਘ ਨਗਰ (ਮਨੋਜ ਲਾਹੌਰੀ)**- ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਆਪਣੇ ਜੱਦੀ ਪਿੰਡ ਭੌਰਾ ਵਿਖੇ ਸਥਿਤ ਘਰ ਨੂੰ ਆਮ ਆਦਮੀ ਕਲੀਨਿਕ ਬਣਾਉਣ ਲਈ ਪੰਜਾਬ ਸਰਕਾਰ ਨੂੰ ਦਿੱਤਾ ਹੈ ਜਿਸ ਦੀ ਲਿਖਤੀ ਸਹਿਮਤੀ 'ਤੇ ਅੱਜ ਇੱਥੇ ਸਿਹਤ ਮੰਤਰੀ ਅਤੇ ਸੂਬੇ ਦੇ ਐਸ.ਐਮ.ਓ ਵਿਚਾਲੇ ਸਹੀ ਪਾਈ ਗਈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਆਪਣਾ ਘਰ ਮੁਫ਼ਤ ਪੰਜਾਬ ਸਰਕਾਰ ਨੂੰ ਦਿੱਤਾ ਹੈ ਤਾਂ ਜੋ ਇੱਥੇ ਜਲਦ ਹੀ ਆਮ ਆਦਮੀ ਕਲੀਨਿਕ ਸਥਾਪਤ ਹੋਣ ਨਾਲ ਲਾਗਲੇ ਕਈ ਪਿੰਡਾਂ ਦੇ ਵਸਨੀਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕ ਵਿਖੇ ਮਾਹਿਰ ਡਾਕਟਰਾਂ ਅਤੇ ਸਟਾਫ ਦੀ ਤਾਇਨਾਤੀ ਨਾਲ ਮੁਫ਼ਤ ਦਵਾਈਆਂ ਦੀ ਵਿਵਸਥਾ ਤੋਂ ਇਲਾਵਾ ਲੋਕਾਂ ਦੇ ਰੂਟੀਨ ਦੇ ਮੈਡੀਕਲ ਟੈਸਟ ਲਈ ਵੀ ਸੈਂਪਲ ਲਏ ਜਾਣਗੇ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ 881 ਆਮ ਆਦਮੀ ਕਲੀਨਿਕ ਕਾਰਜਸ਼ੀਲ ਹਨ ਜਿੱਥੇ ਹੁਣ ਤੱਕ ਓ.ਪੀ.ਡੀ. ਦੀ ਗਿਣਤੀ 4.04 ਕਰੋੜ ਹੈ। ਉਨ੍ਹਾਂ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਵਿਖੇ 19 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ ਜਲਦ ਹੀ ਪਿੰਡ ਭੌਰਾ ਅਤੇ ਨਵਾਂਸ਼ਹਿਰ ਸਬ ਡਵੀਜ਼ਨ ਦੇ ਸ਼ਹਿਰ ਖੇਤਰ 'ਚ 3 ਹੋਰ ਕਲੀਨਿਕ ਖੋਲ੍ਹਣ ਨਾਲ ਇਹ ਗਿਣਤੀ 23 ਹੋ ਜਾਵੇਗੀ।ਪੰਜਾਬ ਵਿੱਚ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਸੇਵਾਵਾਂ ਬਾਰੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਇਨ੍ਹਾਂ ਖੇਤਰਾਂ ਵਿੱਚ ਲੋਕਾਂ ਨੂੰ ਲੋੜੀਂਦੀਆਂ ਸੇਵਾਵਾਂ ਮੁਹੱਈਆ ਕਰਵਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਬੁਰੀ ਤਰ੍ਹਾਂ ਲਪੇਟ 'ਚ ਆਏ 2303 ਪਿੰਡਾਂ ਵਿੱਚ ਸਿਹਤ ਵਿਭਾਗ ਦੀਆਂ ਟੀਮਾਂ ਵਿਸ਼ੇਸ਼ ਤੌਰ 'ਤੇ ਜਾ ਕੇ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਨਾਲ-ਨਾਲ ਪਾਣੀ ਨਾਲ ਫੈਲਣ ਵਾਲੀਆਂ ਬਿਮਾਰੀਆਂ ਆਦਿ ਦੀ ਰੋਕਥਾਮ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ 11103 ਆਸ਼ਾ ਵਰਕਰਾਂ ਵੱਲੋਂ ਡੋਰ ਟੂ ਡੋਰ ਸਰਵੇ ਕਰਕੇ ਪਿੰਡਾਂ ਵਿੱਚ ਮੌਜੂਦਾ ਸਥਿਤੀ ਬਾਰੇ ਵਿਭਾਗ ਨੂੰ ਜਾਣਕਾਰੀ ਦੇਣ ਦੇ ਨਾਲ-ਨਾਲ ਸਿਹਤ ਕਿੱਟਾਂ ਦੀ ਵੀ ਵੰਡ ਕੀਤੀ ਜਾ ਰਹੀ ਹੈ। ਇਸ ਸਮੇਂ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਵਾਇਸ ਚੇਅਰਮੈਨ ਲਲਿਤ ਮੋਹਨ ਪਾਠਕ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ.ਡੀ.ਐਮ. ਅਨਮਜੋਤ ਕੌਰ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਐਸ. ਐਮ.ਓ. ਡਾ. ਚਰਨਜੀਤ ਕੁਮਾਰ, ਐਸ.ਐਮ.ਓ. ਡਾ. ਸਤਵਿੰਦਰ ਪਾਲ, ਤਹਿਸੀਲਦਾਰ ਮਨਿੰਦਰ ਸਿੰਘ ਆਦਿ ਮੌਜੂਦ ਸਨ।



# ਐਤਵਾਰ ਨੂੰ 10 ਤੋਂ ਦੁਪਹਿਰ 3 ਵਜੇ ਤੱਕ ਖੁੱਲ੍ਹੇ ਰਹਿਣਗੇ ਪ੍ਰਾਪਰਟੀ ਟੈਕਸ ਕਾਊਂਟਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕਮਿਸ਼ਨਰ, ਨਗਰ ਨਿਗਮ ਜਿਓਤੀ ਬਾਲਾ ਮੱਟੂ ਨੇ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਪੰਜਾਬ ਵੱਲੋਂ ਮੌਜੂਦਾ ਸਾਲ ਦਾ ਪ੍ਰਾਪਰਟੀ ਟੈਕਸ ਜਮ੍ਹਾ ਕਰਵਾਉਣ 'ਤੇ 10 ਫੀਸਦੀ ਛੋਟ ਦਿੱਤੀ ਜਾ ਰਹੀ ਹੈ, ਜਿਸ ਦੀ ਆਖਰੀ ਮਿਤੀ 30 ਸਤੰਬਰ ਤੱਕ ਹੈ, ਜਿਸ ਸਬੰਧੀ ਨਗਰ ਨਿਗਮ ਵੱਲੋਂ ਦਫ਼ਤਰੀ ਕੰਮਕਾਜ ਵਾਲੇ ਦਿਨਾਂ ਵਿਚ ਪ੍ਰਾਪਰਟੀ ਟੈਕਸ ਕਾਊਂਟਰ ਸਵੇਰੇ 9 ਵਜੇ ਤੋਂ 11 ਵਜੇ ਤੱਕ ਅਤੇ ਸ਼ਾਮ 3 ਵਜੇ ਤੋਂ 5 ਵਜੇ ਤੱਕ ਖੁੱਲ੍ਹੇ ਰਹਿਣਗੇ ਅਤੇ 28 ਸਤੰਬਰ ਦਿਨ ਐਤਵਾਰ ਨੂੰ ਪਬਲਿਕ ਸਹੂਲਤ ਨੂੰ ਮੁੱਖ ਰੱਖਦੇ ਹੋਏ ਕਾਊਂਟਰ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਖੁੱਲ੍ਹੇ ਰਹਿਣਗੇ। ਇਸ ਲਈ ਮੌਜੂਦਾ ਸਾਲ ਦੇ ਪ੍ਰਾਪਰਟੀ ਟੈਕਸ ਵਿੱਚ 10 ਫੀਸਦੀ ਛੋਟ ਲੈਣ ਲਈ ਸ਼ਹਿਰ ਵਾਸੀ ਆਪਣੇ ਘਰਾਂ, ਦੁਕਾਨਾਂ ਅਤੇ ਉਦਯੋਗਿਕ ਅਦਾਰਿਆਂ ਦਾ ਬਣਦਾ ਪ੍ਰਾਪਰਟੀ ਟੈਕਸ ਮਿਤੀ 30 ਸਤੰਬਰ ਤੱਕ ਜਮ੍ਹਾ ਕਰਵਾਉਣਾ ਯਕੀਨੀ ਬਣਾਉਣ।

# ਸ਼੍ਰੋਮਣੀ ਅਕਾਲੀ ਦਲ ਦੀ ਮੀਟਿੰਗ, ਜ਼ਿਲ੍ਹਾ ਕਪੂਰਥਲਾ ਤੇ ਫਗਵਾੜਾ (ਸ਼ਹਿਰੀ) ਦੇ ਅਹੁਦੇਦਾਰਾਂ ਦਾ ਐਲਾਨ



**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਹਲਕਾ ਫਗਵਾੜਾ ਸ਼ਹਿਰੀ ਦੇ ਮਿਹਨਤੀ ਅਤੇ ਪਾਰਟੀ ਪ੍ਰਤੀ ਵਿਸ਼ਵਾਸਪਾਤਰ ਤੇ ਵਫਾਦਾਰ ਵਰਕਰਾਂ ਨੂੰ ਜ਼ਿਲ੍ਹਾ ਕਪੂਰਥਲਾ ਅਤੇ ਫਗਵਾੜਾ ਸ਼ਹਿਰੀ ਸਰਕਲ ਵਿੱਚ ਬਣਦਾ ਮਾਣ ਸਤਿਕਾਰ ਦੇਣ ਅਤੇ ਨਵੀਆਂ ਨਿਯੁਕਤੀਆਂ ਕਰਨ ਲਈ ਇਕ ਮੀਟਿੰਗ ਅਕਾਲੀ ਗੁਰਦੁਆਰਾ ਸਾਹਿਬ ਸ਼ੂਗਰ ਮਿੱਲ ਰੋਡ ਫਗਵਾੜਾ ਵਿਖੇ ਹੋਈ। ਸ੍ਰੋ.ਅ.ਦ. ਦੇ ਹਲਕਾ ਫਗਵਾੜਾ (ਸ਼ਹਿਰੀ) ਇੰਚਾਰਜ ਸ. ਰਣਜੀਤ ਸਿੰਘ ਖੁਰਾਣਾ ਦੀ ਅਗਵਾਈ ਹੇਠ ਆਯੋਜਿਤ ਇਸ ਮੀਟਿੰਗ ਜ਼ਿਲਾ ਪ੍ਰਧਾਨ ਕਪੂਰਥਲਾ (ਸ਼ਹਿਰੀ) ਸ. ਜਰਨੈਲ ਸਿੰਘ ਵਾਹਦ ਅਤੇ ਦਿਹਾਤੀ ਹਲਕਾ ਫਗਵਾੜਾ ਦੇ ਇੰਚਾਰਜ ਸ. ਰਜਿੰਦਰ ਸਿੰਘ ਚੰਦੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸ. ਭਗਤ ਸਿੰਘ ਭੁੰਗਰਨੀ ਨੂੰ ਜਿਲਾ ਕਪੂਰਥਲਾ ਦੇ ਸਰਪ੍ਰਸਤ, ਸ. ਗੁਰਮੀਤ ਸਿੰਘ ਰਾਵਲਪਿੰਡੀ ਨੂੰ ਸਲਾਹਕਾਰ, ਸ. ਸੁਖਵਿੰਦਰ ਸਿੰਘ ਕੰਬੋਜ ਨੂੰ ਚੇਅਰਮੈਨ ਤਾਲਮੇਲ ਕਮੇਟੀ, ਜਦਕਿ ਸ. ਬਹਾਦਰ ਸਿੰਘ ਸੰਗਤਪੁਰ, ਸ. ਗੁਰਵੀਰ ਸਿੰਘ ਵਾਲੀਆਂ, ਸ. ਮੋਹਨ ਸਿੰਘ ਗਾਂਧੀ, ਸ. ਰਣਜੀਤ ਸਿੰਘ ਸੰਧਲ ਅਤੇ ਸ. ਸਿੰਗਾਰਾ ਸਿੰਘ ਵਡੈਰਸ ਕਾਲੋਨੀ ਨੂੰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਸ. ਜਸਵਿੰਦਰ ਸਿੰਘ ਬਸਰਾ, ਸ. ਗਿਆਨ ਸਿੰਘ ਚਾਨਾ, ਸ. ਕੁਲਦੀਪ ਸਿੰਘ ਬਸਰਾ, ਸ. ਸੁਰਿੰਦਰ ਸਿੰਘ ਪਾਹਵਾ, ਸ. ਗੁਰਬਖਸ਼ ਸਿੰਘ ਪਨੇਸਰ ਨੂੰ ਜ਼ਿਲਾ ਮੀਤ ਪ੍ਰਧਾਨ, ਸ. ਸ਼ਿਵਰ ਸਿੰਘ ਭਿੰਡਰ ਨੂੰ ਜ਼ਿਲਾ ਜਨਰਲ ਸਕੱਤਰ, ਅਤੇ ਸ. ਗੁਰਜੀਤ ਸਿੰਘ ਵਿਰਦੀ, ਸ. ਬਲਜਿੰਦਰ ਸਿੰਘ ਖੇਲਾ, ਸ. ਨਰਿੰਦਰ ਸਿੰਘ ਗੋਲਡੀ, ਸ. ਹਰਦੀਪ ਸਿੰਘ ਬੰਸੀ, ਸ. ਜਸਵੀਰ ਸਿੰਘ ਟਿੱਬੀ, ਸ. ਸੁਖਬੀਰ ਸਿੰਘ , ਸ. ਸੁਖਦੇਵ ਸਿੰਘ ਸੰਧੂ ਨੂੰ ਜਿਲਾ ਸਕੱਤਰ ਦੇ ਅਹੁਦੇ ਨਾਲ ਨਵਾਜਿਆ ਗਿਆ। ਇਸ ਤੋਂ ਇਲਾਵਾ ਸ. ਜਸਵਿੰਦਰ ਸਿੰਘ ਭਗਤਪੁਰਾ ਨੂੰ ਪ੍ਰੈਸ ਸਕੱਤਰ ਫਗਵਾੜਾ ਨਿਯੁਕਤ ਕੀਤਾ ਗਿਆ। ਫਗਵਾੜਾ ਜ਼ੋਨ 1 ਅਰਬਨ ਸਟੇਟ ਤੋਂ ਸ. ਹਰਵਿੰਦਰ ਸਿੰਘ ਲਵਲੀ ਵਾਲੀਆਂ ਨੂੰ ਪ੍ਰਧਾਨ ਅਤੇ ਸ. ਗੁਰਪ੍ਰੀਤ ਸਿੰਘ ਗੋਪੀ ਨੂੰ ਜਨਰਲ ਸਕੱਤਰ, ਜ਼ੋਨ 2 ਸੁਖਚੈਨ ਨਗਰ ਤੋਂ ਸ. ਕੁਲਵਿੰਦਰ ਸਿੰਘ ਕਿੰਗ ਨੂੰ ਪ੍ਰਧਾਨ ਅਤੇ ਸ. ਨਿਰਮਲ ਸਿੰਘ ਨੂੰ ਜਨਰਲ ਸਕੱਤਰ, ਜ਼ੋਨ 3 ਗੁਰੂ ਹਰਗੋਬਿੰਦ ਨਗਰ ਤੋਂ ਸ. ਹਰਜੋਤ ਸਿੰਘ ਪਾਹਵਾ ਨੂੰ ਪ੍ਰਧਾਨ ਅਤੇ ਸ. ਗੁਰਮੁਖ ਸਿੰਘ ਅਰੋੜਾ ਨੂੰ ਜਨਰਲ ਸਕੱਤਰ, ਜ਼ੋਨ 4 ਸਤਨਾਮਪੁਰਾ ਤੋਂ ਸ. ਸਰਬਜੀਤ ਸਿੰਘ ਮੱਕੜ ਨੂੰ ਪ੍ਰਧਾਨ ਅਤੇ ਸ. ਦਵਿੰਦਰ ਸਿੰਘ ਨੂੰ ਜਨਰਲ ਸਕੱਤਰ ਐਲਾਨਿਆ ਗਿਆ। ਸਮੂਹ ਨਵ ਨਿਯੁਕਤ ਅਹੁਦੇਦਾਰਾਂ ਨੇ ਕੌਮੀ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਜ਼ਿਲ੍ਹਾ ਪ੍ਰਧਾਨ ਸ. ਜਰਨੈਲ ਸਿੰਘ ਵਾਹਦ ਅਤੇ ਹਲਕਾ ਇੰਚਾਰਜ ਸ. ਰਣਜੀਤ ਸਿੰਘ ਖੁਰਾਣਾ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਮਜਬੂਤੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

# ਕਿਸਾਨ ਵਿੰਗ ਦੀ ਮੀਟਿੰਗ, ਕਿਸਾਨਾਂ ਦੇ ਹੱਕਾਂ ਲਈ ਮਜ਼ਬੂਤ ਆਵਾਜ਼ ਬਣਨ ਦਾ ਸੰਕਲਪ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ ਮੁੱਖ ਦਫ਼ਤਰ ਡੇਰਾਬੱਸੀ ਵਿਖੇ ਕਿਸਾਨ ਵਿੰਗ ਦੀ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਸ ਮੌਕੇ ਮਾਲਵਾ ਈਸਟ ਦੇ ਪ੍ਰਧਾਨ ਗੁਰਸੇਵਕ ਸਿੰਘ, ਜ਼ਿਲ੍ਹਾ ਪ੍ਰਧਾਨ ਮੋਹਾਲੀ ਜਸਵੀਰ ਸਿੰਘ ਅਤੇ ਹਲਕਾ ਕੋਆਰਡੀਨੇਟਰ ਡੇਰਾਬੱਸੀ ਜਸਵਿੰਦਰ ਸਿੰਘ ਨੇ ਆਪਣੇ ਡੇਰਾਬੱਸੀ ਹਲਕੇ ਦੇ ਬਲਾਕ ਕੋਆਰਡੀਨੇਟਰਾਂ ਨਾਲ ਮਿਲ ਕੇ ਖੇਤੀਬਾੜੀ ਅਤੇ ਕਿਸਾਨਾਂ ਦੇ ਹਿੱਤਾਂ ਨਾਲ ਜੁੜੇ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।ਮੀਟਿੰਗ ਦੌਰਾਨ ਬਲਾਕ ਕੋਆਰਡੀਨੇਟਰਾਂ ਨੂੰ ਪ੍ਰੇਰਿਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੂੰ ਅਗਲੇ ਪੱਧਰ ਤੱਕ ਲੈ ਜਾਣ ਲਈ ਸੰਗਠਨ ਦੀ ਮਜ਼ਬੂਤੀ ਸਭ ਤੋਂ ਪਹਿਲੀ ਲੋੜ ਹੈ। ਕਿਸਾਨ ਵਿੰਗ ਦੇ ਜ਼ਿੰਮੇਵਾਰਾਂ ਨੇ ਜ਼ੋਰ ਦਿੱਤਾ ਕਿ ਕਿਸਾਨਾਂ ਦੇ ਹੱਕਾਂ ਦੀ ਰੱਖਿਆ ਲਈ ਹਰ ਪੱਧਰ 'ਤੇ ਮਜ਼ਬੂਤ ਆਵਾਜ਼ ਉਠਾਈ ਜਾਵੇਗੀ।ਇਸ ਮੌਕੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਗੁਰਸੇਵਕ ਸਿੰਘ, ਜਸਵੀਰ ਸਿੰਘ ਅਤੇ ਜਸਵਿੰਦਰ ਸਿੰਘ ਦੀ ਲੀਡਰਸ਼ਿਪ ਦੀ ਪ੍ਰਸ਼ੰਸਾ ਕੀਤੀ। ਰੰਧਾਵਾ ਨੇ ਦੱਸਿਆ ਕਿ ਕਿਸਾਨ ਵਿੰਗ ਡੇਅਰੀ ਕਿਸਾਨਾਂ, ਮਜ਼ਦੂਰਾਂ ਅਤੇ ਸਹਾਇਕ ਧੰਦਿਆਂ ਨਾਲ ਜੁੜੇ ਪਰਵਾਰਾਂ ਦੀਆਂ ਆਵਾਜ਼ਾਂ ਨੂੰ ਉੱਪਰ ਲਿਜਾਣ ਲਈ ਹਮੇਸ਼ਾ ਅੱਗੇ ਰਹੇਗਾ। ਨੌਜਵਾਨਾਂ ਨੂੰ ਖੇਤੀ ਅਤੇ ਸੰਗਠਨ ਨਾਲ ਜੋੜਨ ਰਾਹੀਂ ਖੇਤੀਬਾੜੀ ਨੂੰ ਨਵੀਂ ਦਿਸ਼ਾ ਅਤੇ ਰੂਪ ਦੇਣ ਲਈ ਲਗਾਤਾਰ ਯਤਨ ਕੀਤੇ ਜਾਣਗੇ।ਮੀਟਿੰਗ ਵਿੱਚ ਸਾਰੇ ਕੋਆਰਡੀਨੇਟਰਾਂ ਨੇ ਇਕਸੁਰ ਹੋ ਕੇ ਯਕੀਨ ਦਿਵਾਇਆ ਕਿ ਉਹ ਕਿਸਾਨ ਵਿੰਗ ਦੀਆਂ ਨੀਤੀਆਂ ਨੂੰ ਜਨ-ਜਨ ਤੱਕ ਪਹੁੰਚਾਉਣ ਅਤੇ ਕਿਸਾਨ ਭਰਾਵਾਂ ਦੀਆਂ ਆਵਾਜ਼ਾਂ ਨੂੰ ਉਭਾਰਨ ਲਈ ਪੂਰੇ ਜਜ਼ਬੇ ਨਾਲ ਕੰਮ ਕਰਨਗੇ। ਇਸ ਮੌਕੇ ਹਲਕਾ ਸੰਗਠਨ ਇੰਚਾਰਜ ਕਰਮਜੀਤ ਚੌਹਾਨ, ਬਲਾਕ ਪ੍ਰਧਾਨ ਦਵਿੰਦਰ ਸੈਣੀ, ਸੋਨੂ ਖਾਨ ਵੀ ਮੌਜੂਦ ਰਹੇ।



# ਕੁੱਲੀ ਬਾਬਾ ਖੁਸ਼ਦਿਲ 'ਚ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਦਰੀਆ ਵਿਖੇ ਧੰਨ ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਗੁਰੂ ਜੀ ਦੇ ਪਿਆਰੇ ਗੁਰਸਿੱਖ ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਪੁਰਬ ਨੂੰ ਸਮਰਪਤ 52ਵਾਂ ਸਾਲਾਨਾ ਖੁਸ਼ਦਿਲ ਕੀਰਤਨ ਦਰਬਾਰ ਅਤੇ 29ਵੀਂ ਸਾਲਾਨਾ ਬਰਸੀ ਪਿੰਡ ਦਰੀਆ ਹੁਸ਼ਿਆਰਪੁਰ ਵਿਖੇ ਆਰੰਭਤਾ ਹੋ ਚੁੱਕੀ ਹੈ।ਜਿਸ ਵਿਚ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਭਾਈ ਮਲਕੀਤ ਸਿੰਘ ਖਾਨਪੁਰ ਥਿਆੜੇ ਵਾਲਿਆਂ ਦੇ ਜਥੇ ਨੇ ਅਤੇ ਭਾਈ ਹਰਭਜਨ ਸਿੰਘ ਸੋਤਲਾ ਵਾਲਿਆਂ ਦੇ ਕੀਰਤਨੀ ਜਥੇ ਨੇ ਹਾਜ਼ਰੀ ਭਰ ਕੇ ਕੀਤੀ। ਸੰਤ ਬਾਬਾ ਮੱਖਣ ਸਿੰਘ ਦੀ ਰਹਿਨੁਮਾਈ ਹੇਠ ਹੋ ਰਹੇ ਇਸ ਸਮਾਗਮ ਵਿਚ ਉਨ੍ਹਾਂ ਨੇ ਦੱਸਿਆ ਕਿ ਅੱਜ ਤੋਂ ਰਾਤਰੀ ਦੇ ਦੀਵਾਨਾਂ ਦੀ ਆਰੰਭਤਾ ਹੋ ਗਈ ਹੈ। ਜਿਸ ਦੌਰਾਨ ਸੰਤ ਸੁਲੱਖਣ ਸਿੰਘ ਜੀ ਤਸਕਾਲੀ ਰੋਜ਼ਾਨਾ ਰਾਤ 8 ਤੋਂ 9 ਵਜੇ ਤੱਕ ਕਥਾ ਕਰਦੇ ਹਨ ।ਅਗਲੇ ਦਿਨਾਂ ਵਿੱਚ 28 ਸਤੰਬਰ ਸ੍ਰੀਮਾਨ ਸੰਤ ਸੁਖਰਾਜ ਸਿੰਘ ਪ੍ਰੀਤਮਪੁਰ ਵਾਲੇ, 29 ਸਤੰਬਰ ਸ੍ਰੀਮਾਨ ਸੰਤ ਗੁਰਸਾਹਿਬ ਸਿੰਘ ਜਫਰਵਾਲ ਵਾਲੇ, ਢਾਡੀ ਭਾਈ ਦਾਤਾਰ ਸਿੰਘ ਕੰਧਾਲਾ ਜੱਟਾਂ ਵਾਲੇ, ਲੜੀਵਾਰ ਦਿਨਾਂ ਵਿਚ ਰਾਤਰੀ ਦੇ ਦੀਵਾਨਾਂ ਵਿਚ ਹਾਜ਼ਰੀ ਭਰਨਗੇ । ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਲੜੀਵਾਰ ਪਾਠਾਂ ਦੇ ਭੋਗ ਤੋਂ ਉਪਰੰਤ 1 ਅਕਤੂਬਰ ਨੂੰ ਨਗਰ ਕੀਰਤਨ ਸਜਾਏ ਜਾਣਗੇ ਜੋ ਪਿੰਡ ਦਰੀਆ ਤੋਂ ਅਰੰਭ ਹੋ ਕੇ ਪਿੰਡ ਕੰਧਾਲਾ ਜੱਟਾਂ, ਬਾਬਕ ਘੋੜੇਵਾਹਾ, ਪਰਿਕਰਮਾ ਕਰਦੇ ਹੋਏ ਪਿੰਡ ਦਰੀਆ ਪਹੁੰਚ ਕੇ ਸਮਾਪਤੀ ਹੋਵੇਗੀ। 2 ਅਕਤੂਬਰ ਨੂੰ ਮਹਾਨ ਕੀਰਤਨ ਦਰਬਾਰ ਵੀ ਕਰਵਾਇਆ ਜਾਵੇਗਾ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਵੀਸ਼ਰ ਅਤੇ ਢਾਡੀ ਜਥੇ ਹਾਜ਼ਰੀ ਭਰਨਗੇ ।



# ਕੈਂਸਰ ਤੋਂ ਪੀੜਤ ਬੱਚੇ ਦੇ ਇਲਾਜ ਲਈ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿੱਤੀ ਸਹਾਇਤਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਟਾਂਡਾ ਦੀ ਟੀਮ ਵੱਲੋਂ ਪਿੰਡ ਖੁਣਖੁਣ ਕਲਾ ਨਾਲ ਸੰਬੰਧਿਤ ਕੈਂਸਰ ਤੋਂ ਪੀੜਿਤ ਇੱਕ ਬੱਚੇ ਦੇ ਇਲਾਜ ਵਾਸਤੇ ਵਿੱਤੀ ਸਹਾਇਤਾ ਭੇਟ ਕੀਤੀ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਦੀ ਅਗਵਾਈ ਹੇਠ ਪੀੜਿਤ ਬੱਚੇ ਦੇ ਪਿਤਾ ਰਾਮ ਲਾਲ ਜੀ ਨੂੰ 21 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਜਿਲਾ ਪ੍ਰਧਾਨ ਲੱਖੀ ਗਿਲਜੀਆਂ ਵੱਲੋਂ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ, ਨੰਬਰਦਾਰ ਨਿਰਮਲ ਸਿੰਘ ਲੱਕੀ, ਸਮਾਜ ਸੇਵੀ ਅਸ਼ੋਕ ਸੈਣੀ, ਐੱਸ ਸੀ ਵਿੰਗ ਦੇ ਸਰਕਲ ਪ੍ਰਧਾਨ ਅਮਰਜੀਤ ਕਲਸੀਆ, ਡਾ.ਸਤਪਾਲ ਸਿੰਘ ਲੋਧੀ ਚੱਕ ਪ੍ਰਧਾਨ ਨੰਬਰਦਾਰ ਯੂਨੀਅਨ ਟਾਂਡਾ, ਯੂਥ ਆਗੂ ਨਿਰਵੈਰ ਸਿੰਘ ਖੁੱਡਾ, ਪ੍ਰੋਪਰਟੀ ਡੀਲਰ ਐਸੋਸੀਏਸ਼ਨ ਟਾਂਡਾ ਦੇ ਪ੍ਰਧਾਨ ਪ੍ਰੇਮ ਸਿੰਘ ਟਾਂਡਾ , ਬਲਾਕ ਸੰਮਤੀ ਮੈਂਬਰ ਰਤਨ ਸਿੰਘ ਖੁਡਾ ਦੀ ਹਾਜ਼ਰੀ ਵਿੱਚ ਬੱਚੇ ਦੇ ਪਿਤਾ ਨੂੰ ਭੇਂਟ ਕਰਦੇ, ਹੋਏ ਪੀੜਿਤ ਬੱਚੇ ਦੀ ਤੰਦਰੁਸਤੀ ਵਾਸਤੇ ਕਾਮਨਾ ਕੀਤੀ। ਇਸ ਮੌਕੇ ਨੰਬਰਦਾਰ ਨਿਰਮਲ ਸਿੰਘ ਲੱਕੀ ਨੇ ਦੱਸਿਆ ਕਿ ਉਕਤ ਬੱਚਾ 11 ਸਾਲਾਂ ਦਾ ਅਤੇ ਆਰਥਿਕ ਪੱਖ ਤੋਂ ਤੰਗ ਹੋਣ ਕਾਰਨ ਆਪਣਾ ਇਲਾਜ ਕਰਾਉਣ ਵਿੱਚ ਅਸਮਰੱਥ ਹੈ ਜਿਸ ਤੇ ਦਾਨੀ ਸੱਜਣਾਂ ਵੱਲੋਂ ਬੱਚੇ ਦੇ ਇਲਾਜ ਲਈ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਇਸ ਸਮੇਂ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਲੱਖੀ ਨੇ ਕਿਹਾ ਕਿ ਸਾਨੂੰ ਲੋੜਵੰਦਾਂ ਦੀ ਸਹਾਇਤਾ ਲਈ ਹਮੇਸ਼ਾ ਹੀ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਸਮੇਂ ਸਿਰ ਕੀਤੀ ਗਈ ਸਹਾਇਤਾ ਲੋੜਵੰਦ ਦੀ ਜਾਨ ਬਚਾਉਣ ਵਿੱਚ ਵੀ ਸਹਾਈ ਹੋ ਸਕਦੀ ਹੈ।ਇਸ ਮੌਕੇ ਅਕਾਲੀ ਆਗੂ ਸਰਬਜੀਤ ਸਿੰਘ ਮੋਮੀ ਨੇ ਦੱਸਿਆ ਕਿ 21 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਵਿੱਚ ਸਮਾਜ ਸੇਵਕ ਅਤੇ ਅਕਾਲੀ ਆਗੂ ਸਤਪਾਲ ਮੁਲਤਾਨੀ ,ਗਿਆਨੀ ਅਮਰਜੀਤ ਸਿੰਘ ਮੋਮੀ ਮੂਨਕਾਂ ( ਕਨੇਡਾ ) , ਪ੍ਰੇਮ ਸਿੰਘ ਟਾਂਡਾ ਪ੍ਰਧਾਨ, ਨੇ ਯੋਗਦਾਨ ਪਾਇਆ ਹੈ। ਪੀੜਿਤ ਬੱਚੇ ਦੇ ਪਰਵਾਰਕ ਮੈਂਬਰਾਂ ਨੇ ਅਕਾਲੀ ਦਲ ਦੀ ਟੀਮ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ ਇੱਕ ਹਸਪਤਾਲ ਵਿੱਚ ਬੱਚੇ ਦਾ ਇਲਾਜ ਚੱਲ ਰਿਹਾ ਹੈ।



# ਦਵਿੰਦਰ ਸੈਣੀ ਲੈਂਡ ਮਾਰਗੇਜ ਬੈਂਕ ਦੇ ਚੇਅਰਮੈਨ ਚੁਣੇ ਗਏ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਡੇਰਾਬੱਸੀ ਵਿੱਚ ਪ੍ਰਾਇਮਰੀ ਖੇਤੀਬਾੜੀ ਵਿਕਾਸ ਬੈਂਕ (ਲੈਂਡ ਮੌਰਗੇਜ ਬੈਂਕ) ਦੇ ਇਤਿਹਾਸ ਵਿੱਚ ਪਹਿਲੀ ਵਾਰ, ਆਮ ਆਦਮੀ ਪਾਰਟੀ ਦੇ ਇੱਕ ਮੈਂਬਰ ਨੇ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਹੈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਅਗਵਾਈ ਹੇਠ, ਡੇਰਾਬੱਸੀ ਦੇ ਦਵਿੰਦਰ ਸਿੰਘ ਸੈਣੀ ਨੂੰ ਸਰਬਸੰਮਤੀ ਨਾਲ ਚੇਅਰਮੈਨ ਚੁਣਿਆ ਗਿਆ। ਰੰਧਾਵਾ ਨੇ ਉਦਘਾਟਨ ਸਮਾਰੋਹ ਵਿੱਚ ਹਿੱਸਾ ਲਿਆ ਅਤੇ ਉਨ੍ਹਾਂ ਨੂੰ ਕੁਰਸੀ 'ਤੇ ਬਿਠਾਇਆ। ਚੇਅਰਮੈਨ ਸਮੇਤ ਸਾਰੇ ਨੌਂ ਡਾਇਰੈਕਟਰ ਮੌਜੂਦ ਸਨ। ਕੁਲਜੀਤ ਰੰਧਾਵਾ ਨੇ ਦੱਸਿਆ ਕਿ ਹਲਕੇ ਦੇ ਪਿੰਡਾਂ ਦੇ ਵਿਕਾਸ ਲਈ ਮੁੱਖ ਮੰਤਰੀ ਫੰਡ ਵਿੱਚੋਂ ਰਿਕਾਰਡ ਰਕਮ ਮਨਜ਼ੂਰ ਕੀਤੀ ਗਈ ਹੈ। ਇਹ ਪੈਸਾ 31 ਮਾਰਚ ਤੋਂ ਪਹਿਲਾਂ ਪਹਿਲ ਦੇ ਆਧਾਰ 'ਤੇ ਪਿੰਡਾਂ ਵਿੱਚ ਵੰਡਿਆ ਜਾਵੇਗਾ ਜਿਸ ਲਈ ਸੂਚੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਬੈਂਕ ਦੇ ਅਹੁਦਿਆਂ 'ਤੇ ਪੜ੍ਹੇ-ਲਿਖੇ ਅਤੇ ਊਰਜਾਵਾਨ ਨੌਜਵਾਨਾਂ ਨੂੰ ਨਿਯੁਕਤ ਕਰਕੇ, ਆਮ ਆਦਮੀ ਪਾਰਟੀ ਨੇ ਨੌਜਵਾਨਾਂ ਨੂੰ ਅੱਗੇ ਲਿਆਉਣ ਦੀ ਆਪਣੀ ਨੀਤੀ ਨੂੰ ਅੱਗੇ ਵਧਾਇਆ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਕਰਜ਼ੇ ਦਿੰਦੇ ਸਮੇਂ ਪੂਰੀ ਪਾਰਦਰਸ਼ਤਾ ਬਣਾਈ ਰੱਖੀ ਜਾਵੇ ਅਤੇ ਲੋੜਵੰਦ ਕਿਸਾਨਾਂ ਨੂੰ ਉਨ੍ਹਾਂ ਦੀ ਅਦਾਇਗੀ ਸਮਰੱਥਾ ਅਨੁਸਾਰ ਫਾਈਲ ਚਾਰਜ ਅਤੇ ਏਜੰਟ ਸੇਵਾਵਾਂ ਤੋਂ ਬਿਨਾਂ ਕਰਜ਼ੇ ਤੁਰੰਤ ਜਾਰੀ ਕੀਤੇ ਜਾਣ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਡੇਰਾਬੱਸੀ ਪ੍ਰਾਇਮਰੀ ਕੋਆਪਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਲਿਮਟਿਡ ਦੇ ਸਾਰੇ ਨੌਂ ਡਾਇਰੈਕਟਰਾਂ ਦੀ ਚੋਣ ਵੀ 4 ਸਤੰਬਰ ਨੂੰ ਸਰਬਸੰਮਤੀ ਨਾਲ ਪੂਰੀ ਹੋਈ ਸੀ। ਇਨ੍ਹਾਂ ਵਿੱਚੋਂ ਦਵਿੰਦਰ ਸਿੰਘ ਪੁੱਤਰ ਪਵਨ ਕੁਮਾਰ ਨੂੰ ਜ਼ੋਨ ਨੰਬਰ ਇੱਕ ਤੋਂ ਡਾਇਰੈਕਟਰ, ਜਸਵਿੰਦਰ ਸਿੰਘ ਪੁੱਤਰ ਜਗਦੀਪ ਸਿੰਘ ਜ਼ੋਨ ਦੋ ਤੋਂ, ਭਾਨੂ ਪ੍ਰਤਾਪ ਸਿੰਘ ਪੁੱਤਰ ਯਸ਼ਪਾਲ ਸਿੰਘ ਜ਼ੋਨ ਤਿੰਨ ਤੋਂ, ਜ਼ੋਰਾਵਰ ਸਿੰਘ ਪੁੱਤਰ ਜਰਨੈਲ ਸਿੰਘ ਜ਼ੋਨ ਚਾਰ ਤੋਂ, ਕੇਸਰ ਸਿੰਘ ਪੁੱਤਰ ਜਗੀਰ ਸਿੰਘ ਜ਼ੋਨ ਪੰਜ ਤੋਂ, ਗੁਰਦਿੱਤ ਸਿੰਘ ਪੁੱਤਰ ਨਿਰਮੈਲ ਸਿੰਘ ਜ਼ੋਨ 6 ਤੋਂ, ਸੁਰੇਸ਼ ਕੁਮਾਰ ਪੁੱਤਰ ਹਰਬੰਸ ਸਿੰਘ ਪੁੱਤਰ ਐਸਸੀ ਰਿਜ਼ਰਵ ਜ਼ੋਨ ਸੱਤ ਤੋਂ ਅਤੇ ਮਾਨਸੀ ਪਵਾਰ ਪਤਨੀ ਸੋਹਨਲਾਲ ਦੋਵਾਂ ਮਹਿਲਾ ਰਿਜ਼ਰਵ ਜ਼ੋਨਾਂ ਤੋਂ, ਰੁਪਿੰਦਰ ਕੌਰ ਪਤਨੀ ਬਲਬੀਰ ਸਿੰਘ ਨੂੰ ਜ਼ੋਨ 9 ਤੋਂ ਡਾਇਰੈਕਟਰ ਚੁਣਿਆ ਗਿਆ ਹੈ।



# ਪ੍ਰਭੂ ਸ੍ਰੀ ਰਾਮ ਦੇ ਆਦਰਸ਼ਾਂ 'ਤੇ ਚਲਦੇ ਹੋਏ ਮਾਤਾ-ਪਿਤਾ ਦੀ ਪਦਵੀ ਸਭ ਤੋਂ ਉੱਪਰ ਰੱਖਣੀ ਚਾਹੀਦੀ : ਦੀਪਕ ਬਹਿਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਵੀਰ ਕ੍ਰਿਸ਼ਨਾ ਕਲੱਬ ਅਹਿਆਪੁਰ ਦੇ ਪ੍ਰਧਾਨ ਰਾਜ ਅਹਿਆਪੁਰੀ, ਸੰਨੀ ਕਲਸੀ, ਗੁਰਮੁਖ ਸਿੰਘ, ਮੰਨਾ ਮਹਿਰਾ, ਅਰੁਣ ਪੁਰੀ, ਕਰਨ ਅਰੋੜਾ, ਨੀਰਜ ਵਰਮਾ, ਪਰਮਜੀਤ ਬਾਬੂ, ਸੁਦਰਸ਼ਨ ਪਲਟਾ, ਸੰਨੀ ਮਹਿਰਾ ਦੇ ਉਦਮਾਂ ਸਦਕਾ ਸ਼ੁਰੂ ਕੀਤੀ ਗਈ ਰਾਮ ਲੀਲਾ ਮੰਚਨ ਦੌਰਾਨ ਪ੍ਰਭੂ ਸ਼੍ਰੀ ਰਾਮ ਵਿਵਾਹ ਨਾਈਟ ਦਾ ਉਦਘਾਟਨ ਮੁੱਖ ਮਹਿਮਾਨ ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ ਅਤੇ ਡੀ.ਐਸ.ਪੀ ਟਾਂਡਾ ਦਵਿੰਦਰ ਸਿੰਘ ਬਾਜਵਾ ਨੇ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਦੁਸਹਿਰਾ ਕਮੇਟੀ ਪ੍ਰਧਾਨ ਸ਼ੁਭਮ ਬਿੱਲਾ, ਕੌਂਸਲਰ ਆਸ਼ੂ ਵੈਦ, ਰਵੀ ਲਖਨਪਾਲ, ਦੀਪਕ ਮਾਹੌਲਾ ਪਹੁੰਚੇ। ਪੰਡਾਲ 'ਚ ਬੈਠੇ ਸ਼ਰਧਾਲੂਆਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਦੀਪਕ ਬਹਿਲ ਨੇ ਕਿਹਾ ਕਿ ਧਾਰਮਿਕ ਰਾਮ ਲੀਲਾਵਾਂ ਰਾਹੀਂ ਭਗਵਾਨ ਸ਼੍ਰੀ ਰਾਮ ਚੰਦਰ ਜੀ ਦੀ ਜੀਵਨੀ ਦਰਸ਼ਾਉਣ ਦਾ ਅਸਲ ਮਕਸਦ ਆਪਣੇ ਸਹੀ ਮਾਰਗ ਤੋਂ ਭਟਕੇ ਨੌਜਵਾਨਾਂ ਨੂੰ ਸਹੀ ਰਸਤਾ ਦਰਸਾਉਣਾ ਹੈ। ਉਨ੍ਹਾਂ ਕਿਹਾ ਕਿ ਮਰਿਆਦਾ ਪ੍ਰਸ਼ੋਤਮ ਭਗਵਾਨ ਸ੍ਰੀ ਰਾਮ ਜੀ ਦੇ ਜੀਵਨ ਦੀਆਂ ਘਟਨਾਵਾਂ ਤੇ ਆਧਾਰਿਤ ਰਾਮਲੀਲਾ ਤਿਓਹਾਰ 11ਵੀਂ ਸਦੀ ਤੋਂ ਵੀ ਪਹਿਲਾਂ ਮਨਾਈ ਜਾਣ ਵਾਲੀ ਮਹਾਂਰਿਸ਼ੀ ਭਗਵਾਨ ਸ੍ਰੀ ਵਾਲਮੀਕਿ ਜੀ ਮਹਾਰਾਜ ਵੱਲੋਂ ਰਚਿਤ ਰਾਮਾਇਣ ਸਭ ਤੋਂ ਪੁਰਾਣੇ ਹਿੰਦੂ ਗ੍ਰੰਥਾਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਰਾਮ ਚੰਦਰ ਜੀ ਨੇ ਆਪਣਾ ਸਾਰਾ ਜੀਵਨ ਮਾਤਾ-ਪਿਤਾ ਦੀ ਸੇਵਾ ਤੇ ਵਚਨ ਪੂਰੇ ਕਰਨ ਪ੍ਰਤੀ ਆਪਣਾ ਫ਼ਰਜ਼ ਨਿਭਾਉਂਦੇ ਹੋਏ ਸਾਨੂੰ ਸਾਰਿਆਂ ਨੂੰ ਇਹ ਹੀ ਸਿੱਖਿਆ ਦਿੱਤੀ ਸੀ ਕਿ ਆਪਣੇ ਜੀਵਨ ਵਿੱਚ ਮਾਤਾ ਪਿਤਾ ਦੀ ਪਦਵੀ ਸਭ ਤੋਂ ਉੱਪਰ ਰੱਖੋ ਅਤੇ ਹਮੇਸ਼ਾ ਸੱਚਾਈ ਦੇ ਰਸਤੇ ਤੇ ਚੱਲਣ ਦੇ ਹਰ ਸੰਭਵ ਯਤਨ ਕਰੋ। ਮੁੱਖ ਮਹਿਮਾਨਾਂ ਨੇ ਪ੍ਰਭੂ ਸ਼੍ਰੀ ਰਾਮ, ਲਕਸ਼ਮਣ, ਮਾਤਾ ਸੀਤਾ ਅਤੇ ਹੋਰ ਕਲਾਕਾਰਾਂ ਨੂੰ ਉਨ੍ਹਾਂ ਦਾ ਵਧੀਆ ਪ੍ਰਦਰਸ਼ਨ ਕਰਨ ਤੇ ਸਮੂਹ ਕਲੱਬ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਤੇ ਵੀਰ ਕ੍ਰਿਸ਼ਨਾ ਕਲੱਬ ਅਹਿਆਪੁਰ ਦੇ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਦੀਪਕ ਬਹਿਲ ਅਤੇ ਦਵਿੰਦਰ ਸਿੰਘ ਬਾਜਵਾ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦਾ ਸੰਚਾਲਨ ਨਾਮਧਾਰੀ ਗੁਰਮੁਖ ਸਿੰਘ ਨੇ ਬਾਖ਼ੂਬੀ ਨਿਭਾਇਆ।



## ਦੀ ਸ਼ਾਹਪੁਰ ਕੋ-ਆਪ ਐਗਰੀਕਲਚਰਲ ਮਲਟੀਪਰਪਜ਼ ਸੁਸਾਇਟੀ ਵਿਖੇ ਅਹੁਦਿਆਂ ਦੀ ਵੰਡ



**ਮਹਿਤਪੁਰ (ਰਾਜਾ)** ਦੀ ਸ਼ਾਹਪੁਰ ਕੋ-ਆਪ ਐਗਰੀਕਲਚਰਲ ਮਲਟੀਪਰਪਜ਼ ਸੋਸਾਇਟੀ ਵਿੱਚ ਸਭਾ ਦੀ ਪ੍ਰਬੰਧਕ ਕਮੇਟੀ ਦੇ ਅਹੁਦਿਆਂ ਦੀ ਵੰਡ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤੀ ਗਈ ਜਿਸ ਵਿੱਚ ਦਵਿੰਦਰ ਸਿੰਘ ਧੰਜੂ ਪ੍ਰਧਾਨ, ਜਸਵਿੰਦਰ ਸਿੰਘ ਔਲਖ ਕਮੇਟੀ ਮੈਂਬਰ ਨੂੰ ਪ੍ਰਧਾਨ ਦੇ ਨਾਲ ਚੈੱਕ ਦਸਤ ਕਰਨ ਦਾ ਅਧਿਕਾਰ ਹੋਵੇਗਾ, ਜਗਤਾਰ ਸਿੰਘ ਉਪ ਪ੍ਰਧਾਨ, ਬਹਾਦਰ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਦੀਪ ਸਿੰਘ ਸਮਰਾ ਪ੍ਰਧਾਨ ਜੂਨੀਅਰ ਮੀਤ ਪ੍ਰਧਾਨ, ਬਿਕਰਮਜੀਤ ਸਿੰਘ ਸਹਾਇਕ ਕੈਸ਼ੀਅਰ, ਦਲਜਿੰਦਰ ਸਿੰਘ ਕਮੇਟੀ ਮੈਂਬਰ, ਸਲਵਿੰਦਰ ਕੌਰ ਕਮੇਟੀ ਮੈਂਬਰ, ਮਨਦੀਪ ਕੌਰ ਮਰੋਕ ਕਮੇਟੀ ਮੈਂਬਰ, ਅਜੇ ਕੁਮਾਰ ਕਮੇਟੀ ਮੈਂਬਰ, ਅਜੈ ਕੁਮਾਰ ਕਮੇਟੀ ਮੈਂਬਰ, ਰਸ਼ਪਾਲ ਸਿੰਘ ਧੰਜੂ ਕਮੇਟੀ ਮੈਂਬਰ, ਰਣਜੀਤ ਸਿੰਘ ਸਕੱਤਰ ਸ਼ਾਹਪੁਰ ਸੋਸਾਇਟੀ, ਮਹਿੰਦਰਪਾਲ ਸਿੰਘ ਟੁਰਨਾ ਐਮਸੀ, ਹਰਪ੍ਰੀਤ ਸਿੰਘ ਐਮ ਸੀ, ਪਰਮਿੰਦਰ ਸਿੰਘ ਸਾਬਕਾ ਐਮਸੀ, ਦਲਵੀਰ ਸਿੰਘ ਮਾਲੋਵਾਲ, ਸੁਖਵਿੰਦਰ ਸਿੰਘ ਬਾੜਾ ਸਲਾਮ, ਦਲਜੀਤ ਸਿੰਘ ਸਾਬਕਾ ਪ੍ਰਧਾਨ, ਸਾਹਪੁਰ ਸੋਸਾਇਟੀ, ਤੇਜਪਾਲ ਸਿੰਘ ਗਿੱਲ, ਜੋਰਾਵਰ ਸਿੰਘ ਰੰਧਾਵਾ, ਮਹਿੰਦਰ ਸਿੰਘ ਸਾਬਕਾ ਸਕੱਤਰ ਸ਼ਾਹਪੁਰ ਸੋਸਾਇਟੀ, ਕਮਲਜੀਤ ਕੌਰ ਮਾਲੋਵਾਲ, ਲਾਡੀ ਮਰੋਕ, ਮਤਾਬ ਸਿੰਘ, ਕਸ਼ਮੀਰ ਸਿੰਘ ਪਟਵਾਰੀ, ਰਣਜੀਤ ਸਿੰਘ ਮਾਲੋਵਾਲ, ਮੱਖਣ ਸਿੰਘ, ਸਤਵੰਤ ਸਿੰਘ ਡੀਪੂ ਹੋਲਡਰ, ਗੁਰਪ੍ਰਤਾਪ ਸਿੰਘ ਕਾਹਲੋਂ, ਗੁਰਤੇਜ ਸਿੰਘ ਕਾਹਲੋਂ ਆਦਿ ਹਾਜ਼ਰ ਸਨ।

## ਗਲੋਬਲ ਵਿਜ਼ਡਮ ਸਕੂਲ 'ਚ ਬਾਲ ਮਨੋਵਿਗਿਆਨ 'ਤੇ ਵਿਸ਼ੇਸ਼ ਸੈਸ਼ਨ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਗਲੋਬਲ ਵਿਜ਼ਡਮ ਸਕੂਲ ਨੇ ਅਧਿਆਪਕਾਂ ਲਈ ਵਿਸ਼ੇਸ਼ ਤੌਰ 'ਤੇ ਬਾਲ ਮਨੋਵਿਗਿਆਨ 'ਤੇ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ। ਇਸ ਸੈਸ਼ਨ ਦਾ ਸੰਚਾਲਨ ਡਾ. ਸੋਨੀਆ ਸ਼ਰਮਾ ਦੁਆਰਾ ਕੀਤਾ ਗਿਆ, ਜੋ ਕਿ ਇੱਕ ਪ੍ਰਸਿੱਧ ਖੋਜਕਰਤਾ ਅਤੇ ਪ੍ਰਸ਼ਾਸਕ ਹਨ ।ਡਾ. ਸ਼ਰਮਾ ਦਾ ਭਾਸ਼ਣ ਬੱਚਿਆਂ ਦੇ ਮਨਾਂ ਦੀ ਦੁਨੀਆ ਵਿੱਚ ਇੱਕ ਪ੍ਰੇਰਨਾਦਾਇਕ ਯਾਤਰਾ ਸੀ। ਉਨ੍ਹਾ ਅਧਿਆਪਕਾਂ ਨੂੰ ਬੱਚਿਆਂ ਦੇ ਦ੍ਰਿਸ਼ਟੀਕੋਣ ਤੋਂ ਸਥਿਤੀਆਂ ਨੂੰ ਵੇਖਣ, ਉਨ੍ਹਾਂ ਦੀਆਂ ਖਾਸ ਜ਼ਰੂਰਤਾਂ ਨੂੰ ਸਮਝਣ ਅਤੇ ਇੱਕ ਸਕਾਰਾਤਮਕ ਸਿੱਖਣ ਦਾ ਮਾਹੌਲ ਬਣਾਉਣ ਦੀ ਅਪੀਲ ਕੀਤੀ।ਸੈਸ਼ਨ ਸਕੂਲ ਦੇ ਪ੍ਰਿੰਸੀਪਲ, ਡਾ. ਬਸੁੰਧਰਾ ਦੁਆਰਾ ਡਾ. ਸ਼ਰਮਾ ਦੇ ਯਤਨਾਂ ਦੀ ਸ਼ਲਾਘਾ ਕਰਨ ਅਤੇ ਅਧਿਆਪਕਾਂ ਵਿੱਚ ਨਿਰੰਤਰ ਸਿੱਖਣ ਦੀ ਜ਼ਰੂਰਤ 'ਤੇ ਜ਼ੋਰ ਦੇਣ ਨਾਲ ਸਮਾਪਤ ਹੋਇਆ।



# ਐੱਨ ਪੀ ਐੱਸ ਕਰਮਚਾਰੀ ਕਰਨਗੇ 1 ਨੂੰ ਭੁੱਖ ਹੜਤਾਲ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ ਦੇ ਸੱਦੇ ਤੇ 1 ਅਕਤੂਬਰ ਨੂੰ ਪੁਰਾਣੀ ਪੈਨਸ਼ਨ ਬਹਾਲ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ ਤੇ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਇੱਕ ਰੋਜ਼ਾ ਭੁੱਖ ਹੜਤਾਲ ਤੇ ਅਧਿਆਪਕ ਅਤੇ ਕਰਮਚਾਰੀ ਬੈਠਨਗੇ ਤੇ ਜੇਕਰ ਸਾਡੀ ਮੰਗ ਨੂੰ ਅਣਗੋਲਿਆ ਤਾਂ 25 ਨਵੰਬਰ ਨੂੰ ਦਿੱਲੀ ਕੂਚ ਕੀਤਾ ਜਾਵੇਗਾ ।ਇਸ ਬਾਰੇ ਜਾਣਕਾਰੀ ਦਿੰਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ ਅਤੇ ਜ਼ਿਲ੍ਹਾ ਕਨਵੀਨਰ ਸੰਜੀਵ ਧੂਤ ਨੇ ਦੱਸਿਆ ਕਿ ਸਰਕਾਰਾਂ ਅਧਿਆਪਕ ਦਿਵਸ ਤੇ ਅਧਿਆਪਕਾਂ ਦੇ ਮਾਨ ਸਨਮਾਨ ਦੇ ਫੋਕੇ ਦਾਅਵੇ ਕਰਦੇ ਹਨ ਪਰ ਅਧਿਆਪਕਾਂ ਦਾ ਮਾਨ ਸਨਮਾਨ ਸਮਾਜਿਕ ਸੁਰੱਖਿਆ ਵਿੱਚ ਹੈ ਜੋਂ ਕਿ ਰਾਜ ਅਤੇ ਕੇਂਦਰ ਸਰਕਾਰ ਦੋਵੇਂ ਦੇਣ ਤੋਂ ਮੁਨਕਰ ਹਨ। ਚੌਥੀ ਦੀਵਾਲੀ ਵੀ ਪੈਨਸ਼ਨ ਵਿਹੂਣੇ ਹੀ ਮਨਾਉਣ ਨੂੰ ਮਜਬੂਰ ਹੋਣਗੇ। ਜ਼ਿਲ੍ਹਾ ਆਗੂ ਤਿਲਕ ਰਾਜ, ਪ੍ਰਿਤਪਾਲ ਸਿੰਘ ਚੌਟਾਲਾ, ਵਿਕਾਸ ਸ਼ਰਮਾ ਨਸਰਾਲਾ, ਪਰਮਜੀਤ ਕਾਤਿਬ ਮਾਹਿਲਪੁਰ, ਨਰਿੰਦਰ ਅਜਨੋਹਾ, ਸੱਤਪਾਲ ਗੜ੍ਹਸ਼ੰਕਰ, ਦਵਿੰਦਰ ਹੁਸ਼ਿਆਰਪੁਰ, ਪ੍ਰਿੰਸ ਪਲਿਆਲ, ਸੁਰਜੀਤ ਰਾਜਾ,ਅਸ਼ੋਕ ਕੁਮਾਰ, ਰਜਤ ਮਹਾਜਨ, ਸੁਭਾਸ਼ ਹਾਜੀਪੁਰ ਨੇ ਕਿਹਾ ਕਿ ਪਹਿਲਾਂ ਇਹ ਹੜਤਾਲ ਪੰਜ ਸਤੰਬਰ ਨੂੰ ਹੋਣੀ ਸੀ ਪਰ ਹੜ੍ਹਾਂ ਕਾਰਨ ਹੋਏ ਜਾਨੀ ਮਾਲੀ ਨੁਕਸਾਨ ਕਾਰਨ ਇਹ ਮੁਲਤਵੀ ਕਰ 1 ਅਕਤੂਬਰ ਨੂੰ ਹੁਣ ਤੈਅ ਕੀਤੀ ਗਈ ਹੈ।

# ਸਮਾਜ ਸੇਵੀ ਰਮਨਾ ਦਾ ਭਾਰਤ ਪਹੁੰਚਣ 'ਤੇ ਲਾਇਨਜ਼ ਕਲੱਬਾਂ ਵੱਲੋਂ ਨਿੱਘਾ ਸਵਾਗਤ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਲਾਇਨਜ਼ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ ਦੇ ਪ੍ਰਧਾਨ ਲਾਇਨ ਡਾ. ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾ. ਤੇਜਬੀਰ ਸਿੰਘ ਧਾਲੀਵਾਲ , ਲਾਇਨਜ਼ ਕਲੱਬ ਹੁਸ਼ਿਆਰਪੁਰ ਸਮਰਪਣ ਐਕਟਿਵ ਦੇ ਸਰਪ੍ਰਸਤ ਲਾਇਨ ਐਕਸੀਅਨ ਐੱਸ ਪੀ ਜੱਖੂ, ਜ਼ੋਨ ਚੇਅਰਮੈਨ ਲਾਇਨ ਐਮ ਪੀ ਸਿੱਧੂ, ਪ੍ਰਧਾਨ ਲਾਇਨ ਜਤਿੰਦਰਪਾਲ ਐਮ ਜੇ ਐਫ, ਖਜ਼ਾਨਚੀ ਲਾਇਨ ਮੋਹਨ ਲਾਲ, ਪੀ ਆਰ ਓ ਲਾਇਨ ਸੂਰਜ ਕਾਂਤ ਐਮ ਜੇ ਐਫ ਵੱਲੋਂ ਸਮਾਜ ਸੇਵਕ ਕੁਲਵਿੰਦਰ ਸਿੰਘ ਰਮਨ ਖਨੌੜਾ ਦਾ ਨਿਊਜ਼ੀਲੈਂਡ ਤੋਂ ਭਾਰਤ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ।ਅਸ਼ੋਕ ਕੁਮਾਰ ਜੁਨੇਜਾ ਪ੍ਰਾਪਰਟੀ ਲਿੰਕਰਜ ਦੇ ਦਫਤਰ ਵਿੱਚ ਸ਼ਾਨਦਾਰ ਡਿਨਰ ਪਾਰਟੀ ਆਯੋਜਿਤ ਕੀਤੀ ।ਰਮਨਾ ਜਦੋਂ ਵੀ ਦੇਸ਼ ਪਰਤਦੇ ਹਨ, ਲਾਇਨ ਡਾ. ਮੁਖਤਿਆਰ ਸਿੰਘ ਧਾਲੀਵਾਲ ਦੀ ਸਰਪ੍ਰਸਤੀ ਹੇਠ ਲੋੜਵੰਦ ਲੜਕੀਆਂ ਲਈ ਸਵੈਰੁਜ਼ਗਾਰ ਵਾਸਤੇ ਸਿਲਾਈ ਮਸ਼ੀਨਾਂ ਵੰਡਦੇ ਹਨ, ਮੁਫ਼ਤ ਮੈਡੀਕਲ ਕੈਂਪ ਆਯੋਜਿਤ ਕਰਕੇ ਮੁਫ਼ਤ ਦਵਾਈਆਂ ਵੰਡਣ ਦੇ ਕਾਰਜ ਕਰਦੇ ਹਨ, ਧਾਰਮਿਕ ਖੇਤਰ ਵਿੱਚ ਵੀ ਵਡਮੁੱਲਾ ਯੋਗਦਾਨ ਪਾਉਂਦੇ ਹਨ ।




# ਲੋਕ ਮੰਗਾਂ ਦੀ ਪ੍ਰਾਪਤੀ ਲਈ ਲੱਗੇਗਾ ਪੱਕਾ ਮੋਰਚਾ : ਕਰਨ ਸਿੰਘ ਰਾਣਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਿਤ ਭਾਈ ਲਾਲੋ ਲੋਕ ਮੰਚ ਪੰਜਾਬ ਦੇ ਹਲਕੇ ਦੇ ਆਗੂਆਂ ਦੀ ਮੀਟਿੰਗ ਸਰਦਾਰ ਚੰਨਣ ਸਿੰਘ ਮੜਿਆਣੀ ਦੀ ਅਗਵਾਈ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦੇ ਹੋਏ ਸਾਥੀਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਨੇ ਦੱਸਿਆ ਕਿ ਮੀਟਿੰਗ ਨੇ ਹੜ ਮਾਰੇ ਲੋਕਾਂ ਨੂੰ ਰਾਹਤ ਅਤੇ ਮੁੜ ਵਸੇਬੇ ਲਈ ਸਰਕਾਰੀ ਮਦਦ ਦੁਆਣ ਲਈ, ਰਾਸ਼ਨ ਕਾਰਡ ਅਤੇ ਮਨਰੇਗਾ ਕੰਮ ਵਿੱਚ ਕਟੌਤੀ ਵਿਰੁੱਧ, ਧੌਲ ਕੋ ਅਪਰੇਟਿਵ ਸੋਸਾਇਟੀ ਵਿੱਚ 80 ਲੱਖ ਰੁਪਏ ਦੀ ਠੱਗੀ ਦੇ ਪੀੜਤ ਕਿਸਾਨਾਂ ਮਜ਼ਦੂਰਾਂ ਲਈ ਇਨਸਾਫ ਅਤੇ ਮਾਰੂ ਨਸ਼ਿਆਂ ਦੇ ਕਹਿਰ ਨੂੰ ਰੋਕਣ ਲਈ ਮੀਟਿੰਗ ਵਿੱਚ ਵਿਚਾਰ ਚਰਚਾ ਹੋਈ ਉਨਾਂ ਦੱਸਿਆ ਕਿ ਮੀਟਿੰਗ ਨੇ ਮੰਗ ਕੀਤੀ ਹੈ ਕਿ ਉਪਰੋਕਤ ਲੋਕ ਮੰਗਾਂ ਦਾ ਸਰਕਾਰ ਤੁਰੰਤ ਲੋਕ ਹਿਤ ਵਿਚ ਹੱਲ ਕਰੇ ਅਤੇ ਲੋਕਾਂ ਨੂੰ ਰਾਹਤ ਦੇਵੇ। ਮੀਟਿੰਗ ਨੇ ਫੈਸਲਾ ਕੀਤਾ ਕਿ ਜੇ ਉਪਰੋਕਤ ਲੋਕ ਮੰਗਾਂ ਦਾ ਨਿਪਟਾਰਾ ਸਰਕਾਰ ਨੇ ਲੋਕਾਂ ਦੇ ਹਿੱਤ ਵਿੱਚ ਨਾ ਕੀਤਾ ਤਾਂ 27 ਅਕਤੂਬਰ ਤੋਂ ਜਿਲੇ ਅੰਦਰ ਪੱਕਾ ਮੋਰਚਾ ਸ਼ੁਰੂ ਕੀਤਾ ਜਾਵੇ ਗਾ। ਪੱਕੇ ਮੋਰਚੇ ਲਈ ਲੋਕ ਲਾਮਬੰਦੀ ਦਾ ਕੰਮ 28 ਸਤੰਬਰ ਤੋਂ ਜਨ ਸੰਪਰਕ ਮੁਹਿੰਮ ਸ਼ੁਰੂ ਕਰਕੇ ਕੀਤਾ ਜਾਵੇ। ਉਹਨਾਂ ਇਹ ਵੀ ਦੱਸਿਆ ਕਿ ਲੋਕ ਮੰਗਾਂ ਦਾ ਚਾਰਟਰ ਦਾ ਮੰਗ ਪੱਤਰ ਪੰਜਾਬ ਸਰਕਾਰ ਨੂੰ ਅਗਲੇ ਹਫਤੇ ਦਿੱਤਾ ਜਾਵੇਗਾ। ਇਸ ਮੌਕੇ ਮਨੋਹਰ ਲਾਲ ਟੌਂਸਾ, ਪਰਮਜੀਤ ਸਿੰਘ, ਪ੍ਰਤਾਪ ਸਿੰਘ ਰਾਣਾ, ਵਿਨੋਦ ਕੁਮਾਰ ਹਰਦੇਵ ਸਿੰਘ ਰਾਣਾ, ਕਰਨੈਲ ਸਿੰਘ ਭੱਲਾ, ਸਤਪਾਲ ਸਾਰੋਵਾਲ ਆਦਿ ਆਗੂਆਂ ਨੇ ਵੀ ਵਿਚਾਰ ਪੇਸ਼ ਕੀਤੇ।

## ਵਿਧਾਇਕ ਨੇ 101 ਫੁੱਟ ਉੱਚੀ ਤੀਸਰੀ ਹਾਈ ਮਾਸਟ ਲਾਈਟ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਹੁਸ਼ਿਆਰਪੁਰ ਦੀ ਇਤਿਹਾਸਕ ਦੁਸਹਿਰਾ ਗਰਾਊਂਡ ਨੂੰ ਹੋਰ ਆਕਰਸ਼ਕ ਅਤੇ ਆਧੁਨਿਕ ਦਿੱਖ ਦੇਣ ਵੱਲ ਇਕ ਹੋਰ ਕਦਮ ਵਧਾਉਂਦੇ ਹੋਏ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਇਥੇ 101 ਫੁੱਟ ਉੱਚੀ ਹਾਈ ਮਾਸਟ ਲਾਈਟ ਦਾ ਉਦਘਾਟਨ ਕੀਤਾ। ਇਸ ਨਾਲ ਗਰਾਊਂਡ ਵਿਚ ਹਾਈ ਮਾਸਟ ਲਾਈਟਾਂ ਦੀ ਗਿਣਤੀ ਵੱਧ ਕੇ ਤਿੰਨ ਹੋ ਗਈ ਹੈ। ਇਸ ਮੌਕੇ ਵਿਧਾਇਕ ਜਿੰਪਾ ਨੇ ਕਿਹਾ ਕਿ ਪਹਿਲਾਂ ਚੋਅ ਦੇ ਇਸ ਇਲਾਕੇ ਵਿਚ ਘੁੱਪ ਹਨੇਰਾ ਰਹਿੰਦਾ ਸੀ। ਪ੍ਰੰਤੂ ਹੁਣ ਹਾਈ ਮਸਟ ਲਾਈਟਾਂ ਲੱਗਣ ਕਾਰਨ ਦੁਸਹਿਰਾ ਗਰਾਊਂਡ ਅਤੇ ਆਸਪਾਸ ਦਾ ਕਰੀਬ ਇਕ ਕਿਲੋਮੀਟਰ ਦਾ ਇਲਾਕਾ ਰਾਤ ਨੂੰ ਦਿਨ ਦਾ ਭੁਲੇਖਾ ਪਾਉਂਦਾ ਹੈ। ਇਸ ਮੌਕੇ ਸਥਾਨਕ ਨਾਗਰਿਕਾਂ ਨੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਦੁਸਹਿਰਾ ਗਰਾਊਂਡ ਦੀ ਬਦਲੀ ਨੁਹਾਰ ਸ਼ਹਿਰ ਵਾਸੀਆਂ ਲਈ ਮਾਣ ਵਾਲੀ ਗੱਲ ਹੈ।ਪਹਿਲਾਂ ਇਥੇ ਹਨੇਰਾ ਅਤੇ ਹੋਰ ਰੁਕਾਵਟਾਂ ਸਮਾਗਮਾਂ ਦੇ ਆਯੋਜਨ ਵਿਚ ਵਿਘਨ ਪਾਉਂਦੀਆਂ ਸਨ, ਪਰੰਤੂ ਹੁਣ ਬਿਹਤਰ ਰੋਸ਼ਨੀ ਅਤੇ ਹੋਰ ਸਹੂਲਤਾਂ ਨੇ ਮਾਹੌਲ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ।



# ਚੰਦਰ ਸ਼ੇਖਰ ਤਲਵਾੜ ਨੇ ਰਾਮਲੀਲ੍ਹਾ ਨਾਈਟ ਦਾ ਕੀਤਾ ਉਦਘਾਟਨ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਅਰਜਨ ਕਲੱਬ ਟਾਂਡਾ ਦੇ ਸਮੂਹ ਮੈਂਬਰਾਂ ਵੱਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਰਾਮ ਲੀਲਾ ਮੰਚਨ ਦੌਰਾਨ ਪ੍ਰਭੂ ਸ਼੍ਰੀ ਰਾਮ ਅਤੇ ਭਰਤ ਮਿਲਾਪ ਨਾਈਟ 'ਚ ਅਲੱਗ-ਅਲੱਗ ਸਰੂਪ ਧਾਰਨ ਕੀਤੇ ਕਲਾਕਾਰਾਂ ਨੇ ਆਪਣੇ ਹੁਨਰ ਦੀਆਂ ਝਲਕੀਆਂ ਪੇਸ਼ ਕੀਤੀਆਂ ਜਿਸ ਦਾ ਉਦਘਾਟਨ ਰਿਟਾਇਰਡ ਆਈ ਏ ਐੱਸ ਅਫਸਰ ਚੰਦਰ ਸ਼ੇਖਰ ਤਲਵਾੜ ਨੇ ਕਰਦੇ ਹੋਏ ਜੋਤਿ ਪ੍ਰਚੰਡ ਕੀਤੀ।ਇਸ ਮੌਕੇ ਤੇ ਉਨ੍ਹਾਂ ਨਾਲ ਭਰਤ ਤਲਵਾੜ, ਅਨੁਪਮ ਤਲਵਾੜ, ਅਤੁਲ ਤਲਵਾੜ, ਆਸ਼ਾ ਤਲਵਾੜ, ਕਲੱਬ ਪ੍ਰਧਾਨ ਰਣਜੀਤ ਸਿੰਘ ਸਿੱਧੂ, ਵਿਨੋਦ ਕੁਮਾਰ, ਗਿੰਨੀ ਅਰੋੜਾ, ਅਭਿਮਨਿਊ ਤਲਵਾੜ, ਅਸ਼ੋਕ ਵਰਮਾ, ਪਰਵੀਨ ਕਪੂਰ, ਅਨੁਰਾਗ ਸ਼ਰਮਾ, ਹੈਪੀ, ਰਿੰਕੂ ਸ਼ਰਮਾ, ਚਰਨਪ੍ਰੀਤ, ਹਿਮਾਂਸ਼ੂ, ਰਜਿੰਦਰ ਰਾਣਾ, ਗੌਰਵ, ਕ੍ਰਿਸ਼ਨ ਲਾਲ, ਰਿਸ਼ਵ ਅਤੇ ਅਰੁਣ ਤੋਂ ਇਲਾਵਾ ਹੋਰ ਕਲੱਬ ਮੈਂਬਰ ਹਾਜ਼ਰ ਸਨ। ਪੰਡਾਲ 'ਚ ਬੈਠੇ ਸ਼ਰਧਾਲੂਆਂ ਨੂੰ ਸੰਬੋਧਨ ਕਰਦੇ ਹੋਏ ਚੰਦਰਸ਼ੇਖਰ ਤਲਵਾੜ ਨੇ ਕਿਹਾ ਕਿ ਪ੍ਰਭੂ ਸ਼੍ਰੀ ਰਾਮ ਨੇ ਸਾਰੀ ਜ਼ਿੰਦਗੀ ਜਿਹੜੇ ਆਦਰਸ਼ਾਂ ਦੀ ਪਾਲਨਾ ਕਰਦੇ ਹੋਏ ਗੁਜ਼ਾਰੀ ਸੀ ਸਾਨੂੰ ਸਾਰਿਆਂ ਨੂੰ ਵੀ ਉਨ੍ਹਾਂ ਦੇ ਆਦਰਸ਼ਾਂ ਤੇ ਚਲਦੇ ਹੋਏ ਪ੍ਰਭੂ ਸ਼੍ਰੀ ਰਾਮ ਜੀ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਤਾਂ ਜੋ ਇਸ ਮਨੁੱਖੀ ਜੀਵਨ ਦੇ ਅਸਲ ਮਕਸਦ ਨੂੰ ਹਾਸਲ ਕੀਤਾ ਜਾ ਸਕੇ। ਉਨ੍ਹਾਂ ਅਰਜਨ ਕਲੱਬ ਟਾਂਡਾ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਬੀਤੇ 74 ਸਾਲ ਤੋਂ ਜਿਸ ਤਰ੍ਹਾਂ ਇਹ ਕਲੱਬ ਪ੍ਰਭੂ ਸ਼੍ਰੀ ਰਾਮ ਜੀ ਦੀ ਜੀਵਨੀ ਦੀ ਰਾਮ ਲੀਲਾਵਾਂ ਰਾਹੀਂ ਮੰਚਨ ਕਰ ਰਹੇ ਹਨ ਉਹ ਸ਼ਲਾਘਾ ਯੋਗ ਕਾਰਜ ਹੈ। ਇਸ ਮੌਕੇ ਤੇ ਉਨ੍ਹਾਂ ਨੇ ਸਵ: ਸ਼ਰਵ ਕ੍ਰਿਸ਼ਨ ਤਲਵਾੜ, ਸ਼੍ਰੀਮਤੀ ਅੰਜਨਾ ਤਲਵਾੜ ਅਤੇ ਡਾਕਟਰ ਮਦਨ ਮੋਹਨ ਤਲਵਾੜ ਦੀ ਯਾਦ ਨੂੰ ਸਮਰਪਿਤ ਕਲੱਬ ਨੂੰ ਨਵਾਂ ਸਾਊਂਡ ਸਿਸਟਮ ਅਤੇ ਨਗਦ ਰਾਸ਼ੀ ਸਹਾਇਤਾ ਵਜੋਂ ਭੇਂਟ ਕੀਤੀ। ਕਲੱਬ ਮੈਂਬਰਾਂ ਵੱਲੋਂ ਚੰਦਰਸ਼ੇਖਰ ਤਲਵਾੜ ਅਤੇ ਆਏ ਹੋਏ ਮਹਿਮਾਨਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ।



# ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੇ ਯਾਤਰਾਵਾਂ 'ਤੇ ਸੈਮੀਨਾਰ

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਰਕਾਰੀ ਕਾਲਜ ਮਹੈਣ ਸ੍ਰੀ ਅਨੰਦਪੁਰ ਸਾਹਿਬ ਵਿਖੇ ਪ੍ਰਿੰਸੀਪਲ ਵਿਨੀਤਾ ਅਨੰਦ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਯਾਤਰਾਵਾਂ ਉਤੇ ਸੈਮੀਨਾਰ ਕਰਵਾਇਆ ਗਿਆ । ਪ੍ਰੋ: ਵਿਪਨ ਕੁਮਾਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਸੈਮੀਨਾਰ ਵਿਚ ਪਹਿਲੇ ਸਥਾਨ ਤੇ ਆਉਣ ਵਾਲੇ ਬੀ ਏ ਭਾਗ ਤੀਜਾ ਦੇ ਅਮਨਦੀਪ ਸਿੰਘ ਅਤੇ ਬੀ .ਏ ਭਾਗ ਦੂਜਾ ਦੇ ਜਸਕਰਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਜਨਮ ਸ੍ਰੀ ਹਰਗੋਬਿੰਦ ਜੀ ਦੇ ਘਰ ਵਿੱਚ ਮਾਤਾ ਨਾਨਕੀ ਜੀ ਦੀ ਕੁੱਖ ਤੋਂ 1 ਅਪ੍ਰੈਲ 1621 ਈਸਵੀ ਨੂੰ ਅੰਮ੍ਰਿਤਸਰ ਵਿਖੇ ਹੋਇਆ । ਗੁਰੂ ਜੀ ਬਚਪਨ ਤੋਂ ਹੀ ਸੰਤ ਸਰੂਪ, ਅਡੋਲ ਚਿੱਤ, ਗੰਭੀਰ ਤੇ ਨਿਰਭੈ ਸੁਭਾਅ ਦੇ ਮਾਲਕ ਸਨ। ਦੂਜੇ ਸਥਾਨ ਤੇ ਆਉਣ ਵਾਲੀ ਬੀ.ਏ ਭਾਗ ਤੀਜਾ ਦੀ ਨਾਜੀਆ ਅਤੇ ਬੀ.ਏ ਭਾਗ ਦੂਜਾ ਦੀ ਸੀਖਾ ਰਾਨੀ ਨੇ ਕਿਹਾ ਕਿ ਗੁਰੂ ਜੀ ਨੇ ਪੰਜਾਬ ਦੇ ਮਾਝਾ, ਮਾਲਵੇ , ਬੰਗੜ ਜਿਲੇ ਗੁਰਦਾਸਪੁਰ ਅਤੇ ਬਟਾਲੇ ਦੀ ਯਾਤਰਾ ਤੇ ਗਏ। ਬਿਆਸ ਅਤੇ ਸਤਲੁਜ ਦਰਿਆ ਪਾਰ ਕਰਦਿਆਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਮਾਲਵੇ ਦੇ ਖੇਤਰ ਜੀਰਾ, ਮੋਗਾ ਅਤੇ ਦਰੌਲੀ ਵਿਖੇ ਗਏ। ਗੁਰੂ ਜੀ ਬਠਿੰਡੇ ਅਤੇ ਫਰੀਦਕੋਟ ਦੇ ਜਿਲਿਆਂ ਵਿੱਚ ਪੈਂਦੇ ਲੱਖੀ ਜੰਗਲ ਵਿੱਚ ਵੀ ਰਹੇ। ਗੁਰੂ ਜੀ ਨੇ 13 ਅਪ੍ਰੈਲ 1665 ਦੀ ਵਿਸ਼ਾਖੀ ਤਲਵੰਡੀ ਸਾਬੋ ਵਿਖੇ ਮਨਾਈ ਜਿੱਥੇ ਅੱਜ ਤਖਤ ਸ਼੍ਰੀ ਦਮਦਮਾ ਸਾਹਿਬ ਗੁਰਦੁਆਰਾ ਸਥਿਤ ਹੈ। ਤੀਜੇ ਸਥਾਨ ਤੇ ਆਉਣ ਵਾਲੀ ਬੀ.ਕਾਮ ਭਾਗ ਤੀਜਾ ਦੀ ਜਸਨਦੀਪ ਕੌਰ ਅਤੇ ਬੀ.ਏ ਭਾਗ ਪਹਿਲਾ ਦੀ ਜ਼ਸਨਪ੍ਰੀਤ ਕੌਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀਆਂ ਰਚਨਾਵਾਂ ਵਿੱਚ 116 ਸ਼ਬਦ, 15 ਰਾਗ ਸ਼ਾਮਿਲ ਹਨ ਅਤੇ ਉਹਨਾਂ ਦੀਆਂ ਲਿਖਤਾਂ ਨੂੰ 782 ਰਚਨਾਵਾਂ ਦਾ ਸਿਹਰਾ ਦਿੱਤਾ ਗਿਆ ਹੈ। ਸੈਮੀਨਾਰ ਨੂੰ ਸਫਲ ਬਣਾਉਣ 'ਚ ਡਾ: ਦਿਲਰਾਜ ਕੌਰ, ਪ੍ਰੋ : ਬੌਬੀ , ਪ੍ਰੋ : ਅਮਿਤ ਕੁਮਾਰ ਯਾਦਵ ਅਤੇ ਪ੍ਰੋ : ਸਰਨਦੀਪ ਦਾ ਯੋਗਦਾਨ ਸਲਾਘਾਯੋਗ ਸੀ ।



# ਪੰਜਾਬ ਹਾਕੀ ਲੀਗ 2025 : ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਤੇ ਸਾਈ ਸੋਨੀਪਤ ਫਾਇਨਲ 'ਚ

**ਜਲੰਧਰ (ਸ਼ੈਲੀ ਐਲਬਰਟ)**- ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੇ ਰਾਊਂਡ ਗਲਾਸ ਹਾਕੀ ਅਕੈਡਮੀ ਨੂੰ ਸਖਤ ਮੁਕਾਬਲੇ ਮਗਰੋਂ 1-0 ਨਾਲ ਹਰਾ ਕੇ ਅਤੇ ਸਾਈ ਸੋਨੀਪਤ ਨੇ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੂੰ ਸਖਤ ਮੁਕਾਬਲੇ ਮਗਰੋਂ 1-0 ਨਾਲ ਹਰਾ ਕੇ ਪੰਜਾਬ ਹਾਕੀ ਲੀਗ 2025 ਦੇ ਫਾਇਨਲ ਵਿੱਚ ਪ੍ਰਵੇਸ਼ ਕਰ ਲਿਆ। ਸਥਾਨਕ ਉਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਵਿੱਚ ਦੋਵੇਂ ਸੈਮੀਫਾਇਨਲ ਖੇਡੇ ਗਏ। 27 ਸਤੰਬਰ ਨੂੰ ਬਾਅਦ ਦੁਪਹਿਰ 3 ਵਜੇ ਫਾਇਨਲ ਮੁਕਾਬਲਾ ਖੇਡਿਆ ਜਾਵੇਗਾ। ਇਸ ਫਾਇਨਲ ਮੈਚ ਤੋਂ ਬਾਅਦ ਜੇਤੂ ਟੀਮਾਂ ਨੂੰ 30 ਲੱਖ ਰੁਪਏ ਦੀ ਇਨਾਮੀ ਰਾਸ਼ੀ ਅਤੇ ਜੇਤੂ ਟਰਾਫੀਆਂ ਨਾਲ ਸਨਮਾਨਿਤ ਕੀਤਾ ਜਾਵੇਗਾ।ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਦੇ ਮੁੱਖ ਮੰਤਰੀ ਭਗਵੰਤ ਮਾਨ ਕਰਨਗੇ। ਫਾਇਨਲ ਮੁਕਾਬਲੇ ਤੋਂ ਪਹਿਲਾਂ ਭਾਰਤ ਦੇ ਮੌਜੂਦਾ ਉਲੰਪੀਅਨ ਖਿਡਾਰੀਆਂ ਅਤੇ ਸਾਬਕਾ ਉਲੰਪੀਅਨਾਂ ਦਰਮਿਆਨ ਨੁਮਾਇਸ਼ੀ ਮੈਚ ਵੀ ਖੇਡਿਆ ਜਾਵੇਗਾ। ਪਹਿਲੇ ਸੈਮੀਫੋਇਨਲ ਵਿੱਚ ਸਾਈ ਸੋਨੀਪਤ ਨੇ ਸੁਰਜੀਤ ਹਾਕੀ ਅਕੈਡਮੀ ਜਲੰਧਰ ਨੂੰ 1-0 ਨਾਲ ਹਰਾਇਆ। ਜੇਤੂ ਟੀਮ ਵਲੋਂ ਇਕ ਗੋਲ ਅੰਕੁਰ ਰੇਰ ਨੇ ਖੇਡ ਦੇ 29ਵੇਂ ਮਿੰਟ ਵਿੱਚ ਕੀਤਾ। ਸੋਨੀਪਤ ਦੇ ਮਨਜੀਤ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।ਦੂਜੇ ਸੈਮੀਫਾਇਨਲ ਵਿੱਚ ਨੇਵਲ ਟਾਟਾ ਹਾਕੀ ਅਕੈਡਮੀ ਜਮਸ਼ੇਦਪੁਰ ਨੇ ਰਾਊਂਡ ਗਲਾਸ ਹਾਕੀ ਅਕੈਡਮੀ ਜਮਸ਼ੇਦਪੁਰ ਨੂੰ 1-0 ਨਾਲ ਹਰਾਇਆ। ਜੇਤੂ ਟੀਮ ਵਲੋਂ ਇਕ ਗੋਲ ਅਸੀਸ਼ ਤਨੀ ਪੂਰਤੀ ਨੇ ਖੇਡ ਦੇ 52ਵੇਂ ਮਿੰਟ ਵਿੱਚ ਕੀਤਾ। ਜਮਸ਼ੇਦਪੁਰ ਦੇ ਗੰਗਾ ਟੋਪਨੋ ਨੂੰ ਮੈਚ ਦਾ ਬੇਹਤਰੀਨ ਖਿਡਾਰੀ ਐਲਾਨਿਆ ਗਿਆ।



28-SEP-PAGE-1.qxd 9/27/2025 9:11 PM Page 2



# ਬੀ ਕੇ ਯੂ ਏਕਤਾ ਆਜ਼ਾਦ ਵੱਲੋਂ ਐੱਸ ਡੀ ਐੱਮ ਦਫਤਰ ਅੱਗੇ ਰੋਸ ਮੁਜ਼ਾਹਰਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** ਕੇਂਦਰ ਸਰਕਾਰ ਵੱਲੋਂ ਭਾਰਤ ਮਾਲਾ ਯੋਜਨਾ ਤਹਿਤ ਬਣਾਏ ਗਏ ਦਿੱਲੀ-ਜੰਮੂ-ਕੱਟੜਾ ਐਕਸਪ੍ਰੈੱਸ ਵੇਅ ਲਈ ਐਕਵਾਇਰ ਕੀਤੀ ਗਈ ਜ਼ਮੀਨ ਨੂੰ ਲੈ ਕੇ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸੰਬੰਧੀ ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਅਗਵਾਈ ਵਿੱਚ ਕਿਸਾਨਾਂ ਵੱਲੋਂ ਐੱਸਡੀਐੱਮ ਪਾਤੜਾਂ ਦੇ ਦਫਤਰ ਅੱਗੇ ਰੋਸ ਮੁਜ਼ਾਹਰਾ ਕਰਕੇ ਐਕਸਪ੍ਰੈੱਸ ਵੇਅ ਦੇ ਅਧਿਕਾਰੀਆਂ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਗਈ।

ਰੋਸ ਮੁਜ਼ਾਹਰੇ ਦੌਰਾਨ ਜਥੇਬੰਦੀ ਦੇ ਸੂਬਾ ਆਗੂ ਮਨਜੀਤ ਸਿੰਘ ਨਿਆਲ ਨੇ ਦੱਸਿਆ ਕਿ ਪਾਤੜਾਂ ਤਹਿਸੀਲ ਦੇ ਗਿਆਰਾਂ ਪਿੰਡ ਬਰਸ, ਘੱਗਾ, ਅਤਾਲਾਂ, ਤੰਬੂਵਾਲਾ, ਬਣਵਾਲਾ, ਸ਼ੁਤਰਾਣਾ, ਦੁਤਾਲ, ਤੇਈਪੁਰ, ਠਰੂਆ ਤੇ ਗਲੋਲੀ ਦੀ ਲਗਭਗ 700 ਏਕੜ ਜ਼ਮੀਨ ਐਕੁਆਇਰ ਕੀਤੀ ਗਈ, ਜਿਸ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਦੁਫਾੜ ਹੋ ਗਈਆਂ ਅਤੇ ਕਿਸਾਨਾਂ ਦੇ ਖੇਤਾਂ ਨੂੰ ਜਾਂਦੇ ਰਸਤੇ ਖਤਮ ਹੋ ਗਏ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੰਗਾਂ ਵਿੱਚ ਰਸਤੇ, ਪਾਣੀ ਲਈ ਧਰਤੀ ਹੇਠ ਦੱਬੀਆਂ ਪਾਈਪ ਲਾਈਨਾਂ ਦਾ ਅਵਾਰਡ, ਕਮਿਸ਼ਨਰ ਸਾਹਿਬ ਦੇ ਚੱਲ ਰਹੇ ਕੇਸਾਂ ਦਾ ਮੁਆਵਜ਼ਾ, ਸੁੱਚਾ ਸਿੰਘ ਪੁੱਤਰ ਤਾਰਾ ਸਿੰਘ ਪਿੰਡ ਅਤਾਲਾ ਦੀ ਜ਼ਿਲ੍ਹਾ ਅਦਾਲਤ ਵਿੱਚ ਜਮ੍ਹਾਂ ਹੋਈ ਪੇਮੈਂਟ ਦਾ ਮਸਲਾ, ਫਲਦਾਰ ਪੌਦਿਆਂ ਦਾ ਅਵਾਰਡ, ਕਿਸਾਨਾਂ ਦੀਆਂ ਰਹਿ ਗਈਆਂ ਪਾਈਪ ਲਾਈਨਾਂ ਦੀ ਅਸੈਸਮੈਂਟ ਆਦਿ ਮੰਗਾਂ ਨੂੰ ਲੈ ਕੇ ਅਗਸਤ 2023 ਵਿੱਚ 14 ਦਿਨ ਰੋਡ ਦਾ ਸਾਰਾ ਕੰਮ ਬੰਦ ਕਰਵਾ ਕੇ ਧਰਨਾ ਦਿੱਤਾ ਗਿਆ ਸੀ।ਇਸ ਦੌਰਾਨ ਪੀ ਡੀ ਭਵਾਨੀ ਤੇ ਐੱਸ ਡੀ ਐੱਮ ਸਾਹਿਬ ਪਾਤੜਾਂ ਨੇ ਧਰਨੇ ਵਿੱਚ ਪਹੁੰਚ ਕੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਜਲਦ ਹੀ ਇਹ ਸਾਰੀਆਂ ਜਾਇਜ਼ ਮੰਗਾਂ ਪੂਰੀਆਂ ਕੀਤੀਆਂ ਜਾਣਗੀਆਂ।ਅਧਿਕਾਰੀਆਂ 'ਤੇ ਵਿਸ਼ਵਾਸ ਕਰਕੇ ਕਿਸਾਨਾਂ ਨੇ ਧਰਨਾ ਵਾਪਸ ਲਿਆ ਸੀ, ਪਰ ਦੋ ਸਾਲ ਬੀਤਣ ਦੇ ਬਾਅਦ ਵੀ ਕਿਸਾਨਾਂ ਦੇ ਹੱਕਾਂ ਨੂੰ ਦਬਾ ਕੇ ਰੱਖਿਆ ਜਾ ਰਿਹਾ ਹੈ ਅਤੇ ਵਾਰ ਵਰ ਵਾਅਦੇ ਕਰਕੇ ਉਨ੍ਹਾਂ ਨੂੰ ਪੂਰਾ ਨਾ ਕੀਤੇ ਜਾਣ 'ਤੇ ਕਿਸਾਨਾਂ ਦਾ ਵੱਡਾ ਨੁਕਸਾਨ ਹੋ ਰਿਹਾ ਹੈ, ਜਿਸ ਕਰਕੇ ਕਿਸਾਨਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਸੂਬੇ ਵਿੱਚ ਆਏ ਹੜ੍ਹਾਂ ਦੇ ਨਾਲ ਨਾਲ ਕਿਸਾਨਾਂ ਨੂੰ ਝੋਨੇ ਦੀ ਫ਼ਸਲ ਵਿੱਚ ਚਾਇਨਾ ਵਾਇਰਸ ਬੌਣੇ ਬੂਟੇ ਕਾਰਨ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਨ ਤੇ ਨਾਲ ਖੇਤੀਬਾੜੀ ਮਾਹਰਾਂ ਨੂੰ ਬੁਲਾ ਕੇ ਇਸ ਦੀ ਜਾਂਚ ਕੀਤੇ ਜਾਣ ਦੀ ਮੰਗ ਵੀ ਕਿਸਾਨਾਂ ਵੱਲੋਂ ਇਸ ਧਰਨੇ ਦੌਰਾਨ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾਵੇਗਾ। ਇਸ ਰੋਸ ਮੁਜ਼ਾਹਰੇ ਦੌਰਾਨ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਤੇ ਐਕਸਪ੍ਰੈੱਸ ਵੇਅ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਦੀਆਂ ਮੰਗਾਂ ਨੂੰ ਛੇਤੀ ਹੀ ਹੱਲ ਕਰ ਦਿੱਤਾ ਜਾਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਗੂ ਯਾਦਵਿੰਦਰ ਸਿੰਘ ਬੁਰੜ, ਬਲਾਕ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ, ਪ੍ਰੈੱਸ ਸਕੱਤਰ ਗੁਰਜਿੰਦਰ ਸਿੰਘ, ਖਜ਼ਾਨਚੀ ਗੁਰਜੰਟ ਸਿੰਘ ਸਧਾਰਨਪੁਰ, ਜਨਰਲ ਸਕੱਤਰ ਅਮਰਿੰਦਰ ਸਿੰਘ ਘੱਗਾ, ਸੁਖਵਿੰਦਰ ਸਿੰਘ ਦਫਤਰੀ ਵਾਲਾ, ਸੰਗਠਨ ਸਕੱਤਰ ਅਮਰੀਕ ਸਿੰਘ ਕਲਵਾਣੂੰ, ਬੂਟਾ ਸਿੰਘ, ਪ੍ਰਿਤਪਾਲ ਸਿੰਘ ਤੰਬੂਵਾਲਾ ਇਕਾਈਆਂ ਦੇ ਪ੍ਰਧਾਨ ਤੇ ਹੋਰ ਅਹੁਦੇਦਾਰ ਮੌਜੂਦ ਸਨ।

## ਮਾਊਂਟ ਲਿਟਰਾ ਦੀ ਰੁਪਿੰਦਰ ਨੇ ਜੈਵਲਿਨ 'ਚ ਚਾਂਦੀ ਤਮਗਾ ਜਿੱਤਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਦੀ ਹੋਣਹਾਰ ਵਿਦਿਆਰਥਣ ਰੁਪਿੰਦਰ ਕੌਰ ਨੇ ਜ਼ਿਲ੍ਹਾ ਪੱਧਰੀ ਐਥਲੈਟਿਕਸ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਜੈਵਲਿਨ ਥ੍ਰੋਅ ਵਿੱਚ ਚਾਂਦੀ ਦਾ ਤਮਗਾ ਜਿੱਤਿਆ।ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਗੀਤਾ ਪਿੱਲੇ ਨੇ ਮਾਣ ਪ੍ਰਗਟ ਕਰਦਿਆਂ ਵਿਦਿਆਰਥਣ ਰੁਪਿੰਦਰ ਕੌਰ ਨੂੰ ਉਸ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਉਚਾਈਆਂ ਪ੍ਰਾਪਤ ਕਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਕੂਲ ਮੈਨੇਜਮੈਂਟ ਦਾ ਕਹਿਣਾ ਹੈ ਕਿ ਉਹ ਹਮੇਸ਼ਾ ਵਿਦਿਆਰਥੀਆਂ ਨੂੰ ਖੇਡਾਂ ਤੇ ਅਕਾਦਮਿਕ ਦੋਵਾਂ ਖੇਤਰਾਂ ਵਿੱਚ ਅੱਗੇ ਵਧਾਉਣ ਲਈ ਵਚਨਬੱਧ ਹੈ।

## ਹੋਲੀ ਹਾਰਟ ਸਕੂਲ 'ਚ ਵਿਸ਼ਵ ਪੰਜਾਬੀ ਦਿਵਸ ਮਨਾਇਆ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬਾਬਾ ਫਰੀਦ ਜੀ ਦੇ ਆਗਮਨ ਦਿਵਸ ਤੇ ਵਿਸ਼ਵ ਪੰਜਾਬੀ ਦਿਵਸ ਸਮਾਰੋਹ ਮਨਾਇਆ ਗਿਆ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ, ਅਧਿਆਪਕਾਂ ਤੇ ਵਿਦਿਆਰਥੀਆਂ ਵੱਲੋਂ ਖਾਸ ਪ੍ਰੋਗਰਾਮ ਕੀਤੇ ਗਏ।ਸਮਾਗਮ ਦੀ ਸ਼ੁਰੂਆਤ ਬਾਬਾ ਫਰੀਦ ਜੀ ਦੇ ਜੀਵਨ ਤੇ ਉਪਦੇਸ਼ਾਂ ਨੂੰ ਯਾਦ ਕਰਦੇ ਹੋਏ ਕੀਤੀ ਗਈ।ਵਿਦਿਆਰਥੀਆਂ ਨੇ ਬਾਬਾ ਫਰੀਦ ਜੀ ਦੀਆਂ ਬਾਣੀਆਂ ਦਾ ਪਾਠ ਕਰਕੇ ਸਭ ਨੂੰ ਰੂਹਾਨੀਅਤ ਨਾਲ ਜੋੜਿਆ ਤੇ ਉਨ੍ਹਾਂ ਦੇ ਸਾਦਗੀ, ਪ੍ਰੇਮ, ਭਾਈਚਾਰੇ ਤੇ ਸਚਾਈ ਦੇ ਸੰਦੇਸ਼ਾਂ ਨੂੰ ਜੀਵੰਤ ਕੀਤਾ।ਇਸ ਤੋਂ ਬਾਅਦ ਵਿਸ਼ਵ ਪੰਜਾਬੀ ਦਿਵਸ ਦੇ ਸੰਦਰਭ ਵਿੱਚ ਵਿਦਿਆਰਥੀਆਂ ਵੱਲੋਂ ਪੰਜਾਬੀ ਭਾਸ਼ਾ ਬਾਰੇ ਭਾਸ਼ਣ, ਕਵਿਤਾ ਪਾਠ ਤੇ ਗੀਤ ਪੇਸ਼ ਕੀਤੇ ਗਏ।ਅਧਿਆਪਕਾਂ ਨੇ ਵੀ ਵਿਦਿਆਰਥੀਆਂ ਨੂੰ ਆਪਣੀ ਮਾਤ੍ਰਭਾਸ਼ਾ ਨਾਲ ਜੋੜੇ ਰੱਖਣ ਤੇ ਇਸ ਦੀ ਪ੍ਰਚਾਰ ਪ੍ਰਸਾਰ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਬਾਬਾ ਫਰੀਦ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ।ਪੰਜਾਬੀ ਭਾਸ਼ਾ ਸਾਡੀ ਧਰੋਹਰ ਹੈ ਤੇ ਸਾਨੂੰ ਇਸ ਦਾ ਮਾਣ ਰੱਖਣਾ ਚਾਹੀਦਾ ਹੈ।

## ਵਿਧਾਇਕ ਹਰਮੀਤ ਪਠਾਣਮਾਜਰਾ ਦੀ ਵੀਡੀਓ ਵਾਇਰਲ





**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਵੱਲੋਂ ਸਨੌਰ ਹਲਕੇ ਲਈ ਨਵੇਂ ਇੰਚਾਰਜ ਦੀ ਨਿਯੁਕਤੀ ਕੀਤੇ ਜਾਣ ਤੋਂ ਲਗਪਗ 10 ਦਿਨ ਬਾਅਦ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਇੱਕ ਵੀਡੀਓ ਜਾਰੀ ਕਰਕੇ ਸੰਕਟ ਦੀ ਇਸ ਘੜੀ ਵਿੱਚ ਸਾਥੀ ਵਿਧਾਇਕਾਂ ਤੇ ਕਿਸਾਨ ਯੂਨੀਅਨਾਂ ਵੱਲੋਂ ਉਨ੍ਹਾਂ ਦਾ ਸਾਥ ਨਾ ਦੇਣ ਦਾ ਦੋਸ਼ ਲਾਇਆ ਹੈ।ਜਬਰ ਜ਼ਨਾਹ ਮਾਮਲੇ ਵਿੱਚ ਨਾਮਜ਼ਦ ਹੋਣ ਤੋਂ ਬਾਅਦ ਫਰਾਰ ਚੱਲ ਰਹੇ ਪਠਾਣਮਾਜਰਾ ਨੇ ਇੱਕ ਛੇ ਮਿੰਟ ਦਾ ਵੀਡੀਓ ਜਾਰੀ ਕਰਕੇ ਦੋਸ਼ ਲਾਇਆ ਕਿ ਸਮਾਜ ਸੇਵੀਆਂ, ਸਾਥੀ ਵਿਧਾਇਕਾਂ ਤੇ ਕਿਸਾਨ ਯੂਨੀਅਨਾਂ ਨੇ ਉਨ੍ਹਾਂ ਦਾ ਸਮਰਥਨ ਨਹੀਂ ਕੀਤਾ।ਉਨ੍ਹਾਂ ਖੁਲਾਸਾ ਕੀਤਾ ਕਿ ਉਨ੍ਹਾਂ ਦੀ ਪਤਨੀ ਦੀ ਸਿਹਤ ਖਰਾਬ ਹੈ ਤੇ ਉਹ ਇਲਾਜ ਕਰਵਾ ਰਹੇ ਹਨ, ਜਦੋਂ ਕਿ ਉਨ੍ਹਾਂ ਦੀ ਧੀ ਤੇ ਪੁੱਤਰ ਪੁਲਸ ਕਾਰਵਾਈ ਦੇ ਡਰੋਂ ਲੁਕੇ ਹੋਏ ਹਨ।ਪਠਾਣਮਾਜਰਾ ਨੇ ਵੀਡੀਓ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਦੀ ਪਤਨੀ (ਜਿਨ੍ਹਾਂ ਦੀਆਂ ਪੰਜ ਸਰਜਰੀਆਂ ਹੋ ਚੁੱਕੀਆਂ ਹਨ ਅਤੇ ਉਹ ਇੱਕ ਬੀਮਾਰੀ ਤੋਂ ਪੀੜਤ ਹਨ) ਨੂੰ ਕੁਝ ਹੁੰਦਾ ਹੈ ਤਾਂ ਪੰਜਾਬ ਸਰਕਾਰ ਜ਼ਿੰਮੇਵਾਰ ਹੋਵੇਗੀ।ਵੀਡੀਓ ਵਿੱਚ ਉਨ੍ਹਾਂ ਦਾ ਦਾਅਵਾ ਹੈ ਕਿ ਉਹ ਪੰਜਾਬ ਦੇ ਮਾਮਲਿਆਂ ਵਿੱਚ ਦਿੱਲੀ ਦੇ ਆਗੂਆਂ ਦੇ ਦਖ਼ਲ ਦੇ ਵਿਰੁੱਧ ਆਵਾਜ਼ ਉਠਾਉਣ ਤੇ ਪੰਜਾਬ ਵਿੱਚ ਹੜ੍ਹਾਂ ਲਈ ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੂੰ ਜ਼ਿੰਮੇਵਾਰ ਠਹਿਰਾਉਣ ਦੀ ਕੀਮਤ ਚੁਕਾ ਰਹੇ ਹਨ।

## ਗੁਰੂ ਨਾਨਕ ਨੈਸ਼ਨਲ ਕਾਲਜ ਦੇ ਐੱਨ ਐੱਸ ਐੱਸ ਵਲੰਟੀਅਰ ਸਰਵੋਤਮ ਪ੍ਰਦਰਸ਼ਨ ਲਈ ਸਨਮਾਨਤ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਰਾਸ਼ਟਰੀ ਸੇਵਾ ਯੋਜਨਾ (ਐੱਨ ਐੱਸ ਐੱਸ) ਯੂਨਿਟ ਨੇ ਕਮਿਊਨਿਟੀ ਸੇਵਾ ਤੇ ਸਮਾਜਿਕ ਜਾਗਰੂਕਤਾ ਮੁਹਿੰਮਾਂ ਵਿੱਚ ਵਡਮੁੱਲਾ ਯੋਗਦਾਨ ਪਾਉਂਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ।ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਡਾ. ਲਵਲੀਨ ਬੈਂਸ, ਪ੍ਰੋ. ਅਮਨਦੀਪ ਚੀਮਾ ਤੇ ਡਾ. ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਐੱਨ ਐੱਸ ਐੱਸ ਯੂਨਿਟਾਂ ਵੱਲੋਂ ਭਾਰਤ ਸਰਕਾਰ ਤੇ ਪੰਜਾਬ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਕਮਿਊਨਿਟੀ ਸੇਵਾ ਅਤੇ ਸਮਾਜਿਕ ਤੇ ਵਾਤਾਵਰਨ ਜਾਗਰੂਤਾ ਲਈ ਗਤੀਵਿਧੀਆਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਇਨ੍ਹਾਂ ਗਤੀਵਿਧੀਆਂ ਤਹਿਤ ਕਾਲਜ ਦੇ ਐੱਨ ਐੱਸ ਐੱਸ ਵਾਲੰਟੀਅਰਾਂ ਨੇ ਦੋਰਾਹਾ ਇਲਾਕੇ ਵਿੱਚ ਸਫ਼ਾਈ ਮੁਹਿੰਮ ਚਲਾ ਕੇ, ਪੌਦੇ ਲਗਾ ਕੇ, ਰੈਲੀਆਂ ਕੱਢ ਕੇ ਤੇ ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ।ਕਾਲਜ ਦੇ ਇਸ ਯੋਗਦਾਨ ਨੂੰ ਦੇਖਦਿਆਂ ਪੰਜਾਬ ਯੂਨੀਵਰਸਿਟੀ ਦੇ ਰਾਸ਼ਟਰੀ ਸੇਵਾ ਯੋਜਨਾ ਵਿਭਾਗ ਵੱਲੋਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ ਐੱਸ ਐੱਸ ਯੂਨਿਟ ਨੂੰ ਸਰਵੋਤਮ ਪ੍ਰਦਰਸ਼ਨ ਕਰਨ ਵਾਲੇ ਯੂਨਿਟ ਤੇ ਕਾਲਜ ਦੀ ਵਾਲੰਟੀਅਰ ਨਵਨੀਤ ਕੌਰ ਨੂੰ ਬੈਸਟ ਵਲੰਟੀਅਰ ਵਜੋਂ ਚੁਣਿਆ ਗਿਆ ਅਤੇ ਯੂਨੀਵਰਸਿਟੀ ਵੱਲੋਂ ਮਾਣਯੋਗ ਉੱਪ-ਕੁਲਪਤੀ ਪ੍ਰੋਫ਼ੈਸਰ ਰੇਨੂ ਵਿੱਜ, ਡੀਨ ਕਾਲਜ ਡਿਵੈਲਪਮੈਂਟ ਕਾਉਂਸਲ ਡਾ. ਰਵੀ ਇੰਦਰ ਸਿੰਘ ਤੇ ਐੱਨ ਐੱਸ ਐੱਸ ਕੋ-ਆਰਡੀਨੇਟਰ ਡਾ. ਪਰਵੀਨ ਗੋਇਲ ਦੁਆਰਾ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਤੇ ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਡਾ. ਲਵਲੀਨ ਬੈਂਸ ਨੂੰ ਸਰਵੋਤਮਤਾ ਦੇ ਪ੍ਰਮਾਣ-ਪੱਤਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਸ਼ਾਨਦਾਰ ਪ੍ਰਾਪਤੀ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰ. ਹਰਪ੍ਰਤਾਪ ਸਿੰਘ ਬਰਾੜ, ਐਗਜ਼ੀਕਿਊਟਿਵ ਮੈਂਬਰ ਸ੍ਰੀਮਤੀ ਰੁਪਿੰਦਰ ਕੌਰ ਬਰਾੜ, ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਐੱਨ ਐੱਸ ਐੱਸ ਦੀ ਸਮੁੱਚੀ ਟੀਮ ਤੇ ਐੱਨ ਐੱਸ ਐੱਸ ਵਲੰਟੀਅਰਾਂ ਨੂੰ ਮੁਬਾਰਕਬਾਦ ਦਿੱਤੀ।

## ਦੇਸ਼ ਭਗਤ ਯੂਨੀਵਰਸਿਟੀ ਵੱਲੋਂ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਭਾਰਤੀ ਰਾਸ਼ਟਰਵਾਦ' 'ਤੇ ਯਾਦਗਾਰੀ ਸਮਾਗਮ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਦੀ ਫੈਕਲਟੀ ਤੇ ਦੱਖਣੀ ਏਸ਼ੀਆਈ ਅਧਿਐਨ ਕੇਂਦਰ ਵੱਲੋਂ ਮਹਾਨ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਦੇ 118ਵੇਂ ਜਨਮ ਦਿਵਸ ਨੂੰ ਸਮਰਪਤ 'ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਭਾਰਤੀ ਰਾਸ਼ਟਰਵਾਦ' ਵਿਸ਼ੇ 'ਤੇ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ।ਇਸ ਪ੍ਰੋਗਰਾਮ ਵਿੱਚ ਉੱਚ ਸਿੱਖਿਆ ਪ੍ਰੀਸ਼ਦ ਹਰਿਆਣਾ ਰਾਜ ਦੇ ਵਾਈਸ ਚੇਅਰਪਰਸਨ ਪ੍ਰੋਫ਼ੈਸਰ ਐੱਸ. ਕੇ. ਗੱਖੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਮੌਕੇ ਉਨ੍ਹਾਂ ਦਾ ਰਸਮੀ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਮਾਣਯੋਗ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਪ੍ਰੋ-ਵਾਈਸ ਚਾਂਸਲਰ ਪ੍ਰੋ. ਅਮਰਜੀਤ ਸਿੰਘ ਨੇ ਸ਼ਹੀਦ ਭਗਤ ਸਿੰਘ ਤੇ ਚਾਂਸਲਰ ਦੇ ਪਿਤਾ ਸਤਿਕਾਰਯੋਗ ਸ੍ਰ. ਲਾਲ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਸਮਾਗਮ ਦੀ ਸ਼ੁਰੂਆਤ ਸ਼ਮ੍ਹਾਂ ਰੋਸ਼ਨ ਦੀ ਰਸਮ ਨਾਲ ਹੋਈ ਅਤੇ ਡਾ. ਰਾਮ ਸਿੰਘ ਗੁਰਨਾ, ਪ੍ਰੋਫੈਸਰ, ਫੈਕਲਟੀ ਆਫ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਨੇ ਸਵਾਗਤੀ ਭਾਸ਼ਣ ਦਿੱਤਾ।ਆਪਣੇ ਸੰਬੋਧਨ ਵਿੱਚ ਪ੍ਰੋ. ਅਮਰਜੀਤ ਸਿੰਘ ਨੇ ਭਗਤ ਸਿੰਘ ਦੀ ਬੌਧਿਕ ਡੂੰਘਾਈ ਅਤੇ ਜਾਤ, ਵਰਗ ਤੇ ਰੰਗ ਤੋਂ ਪਰੇ ਮਨੁੱਖਤਾ ਪ੍ਰਤੀ ਵਚਨਬੱਧਤਾ 'ਤੇ ਵਿਸਥਾਰ ਨਾਲ ਚਾਨਣਾ ਪਾਇਆ।ਇਸ ਦੌਰਾਨ ਮੁੱਖ ਭਾਸ਼ਣ ਦਿੰਦੇ ਹੋਏ ਪ੍ਰੋ. ਐੱਸ. ਕੇ. ਗੱਖੜ ਨੇ ਨੌਜਵਾਨਾਂ ਨੂੰ ਆਧੁਨਿਕ ਸੰਦਰਭ ਵਿੱਚ ਦੇਸ਼ ਭਗਤੀ ਦੀ ਮੁੜ ਵਿਆਖਿਆ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਅੱਜ ਦੇਸ਼ ਭਗਤੀ ਦਾ ਅਰਥ ਹੈ ਸਾਡੇ ਦੇਸ਼ ਨੂੰ ਸਵੈ-ਨਿਰਭਰ, ਤਕਨਾਲੋਜੀ-ਮੁਖੀ ਤੇ ਪ੍ਰਗਤੀਸ਼ੀਲ ਬਣਾਉਣਾ।ਨੌਜਵਾਨ ਪੀੜ੍ਹੀ ਨੂੰ ਭਾਰਤ ਨੂੰ ਇੱਕ ਵਿਕਸਿਤ ਰਾਸ਼ਟਰ ਵਿੱਚ ਬਦਲਣ 'ਚ ਯੋਗਦਾਨ ਪਾ ਕੇ ਭਗਤ ਸਿੰਘ ਦੇ ਆਦਰਸ਼ਾਂ ਨੂੰ ਅੱਗੇ ਵਧਾਉਣਾ ਚਾਹੀਦਾ ਹੈ।ਇਸ ਸਮਾਰੋਹ ਦੇ ਸਮਾਪਨ ਮੌਕੇ ਡਾ. ਧਰਮਿੰਦਰ ਸਿੰਘ ਵੱਲੋਂ ਮੁੱਖ ਮਹਿਮਾਨ ਤੇ ਹੋਰ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ।

## ਸੀਵਰਮੈਨ ਤੇ ਸਫ਼ਾਈ ਸੇਵਕਾਂ ਦੀ ਨਵੀਂ ਭਰਤੀ ਰੈਗੂਲਰ ਆਧਾਰ 'ਤੇ ਹੋਵੇਗੀ : ਚੀਮਾ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ, ਜੋ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਮੁੱਦਿਆਂ ਨੂੰ ਹੱਲ ਕਰਨ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਸਥਾਨਕ ਸਰਕਾਰਾਂ ਵਿਭਾਗ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸੀਵਰਮੈਨ ਅਤੇ ਸਫਾਈ ਸੇਵਕਾਂ ਦੀ ਨਵੀਂ ਕੀਤੀ ਜਾਣ ਵਾਲੀ ਕੋਈ ਵੀ ਭਰਤੀ ਰੈਗੂਲਰ ਆਧਾਰ 'ਤੇ ਕੀਤੀ ਜਾਵੇ।

ਉਨ੍ਹਾ ਕਿਹਾ ਕਿ ਇਨ੍ਹਾਂ ਕਰਮਚਾਰੀਆਂ ਨੂੰ ਕਈ ਗੰਭੀਰ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ ਅਤੇ ਇਨ੍ਹਾਂ ਵਿੱਚੋਂ ਜ਼ਿਆਦਾਤਰ ਕੋਲ ਰੁਜ਼ਗਾਰ ਦੇ ਹੋਰ ਬਦਲ ਵੀ ਬਹੁਤ ਘੱਟ ਹੁੰਦੇ ਹਨ।ਸਥਾਨਕ ਸਰਕਾਰਾਂ ਵਿਭਾਗ ਦੀਆਂ ਮੁਲਾਜ਼ਮ ਜਥੇਬੰਦੀਆਂ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਅਤੇ ਪੰਜਾਬ ਨਗਰ ਪਾਲਿਕਾ ਕਰਮਚਾਰੀ ਸੰਗਠਨ ਨਾਲ ਮੀਟਿੰਗਾਂ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਹ ਨਿਰਦੇਸ਼ ਦਿੱਤੇ। ਇਨ੍ਹਾਂ ਉੱਚ ਪੱਧਰੀ ਮੀਟਿੰਗਾਂ, ਜਿਸ ਵਿੱਚ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਡਾ. ਰਵਜੋਤ, ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇਜਵੀਰ ਸਿੰਘ, ਡਾਇਰੈਕਟਰ ਕੁਲਵੰਤ ਸਿੰਘ, ਪੀ ਐੱਮ ਆਈ ਡੀ ਸੀ ਦੇ ਸੀ ਈ ਓ ਦੀਪਤੀ ਉੱਪਲ, ਵਿਸ਼ੇਸ਼ ਸਕੱਤਰ ਵਿੱਤ ਅਜੇ ਅਰੋੜਾ ਅਤੇ ਵਧੀਕ ਸਕੱਤਰ ਪ੍ਰਸੋਨਲ ਗੌਤਮ ਜੈਨ ਮੌਜੂਦ ਸਨ। ਵਿੱਤ ਮੰਤਰੀ ਨੇ ਦੋਵਾਂ ਜਥੇਬੰਦੀਆਂ ਨਾਲ ਉਨ੍ਹਾਂ ਦੀਆਂ ਮੰਗਾਂ ਅਤੇ ਮੁੱਦਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਇਨ੍ਹਾਂ ਮੁਲਾਜ਼ਮ ਜਥੇਬੰਦੀਆਂ ਨਾਲ ਚਰਚਾ ਦੇ ਆਧਾਰ 'ਤੇ ਚੀਮਾ ਨੇ ਸਥਾਨਕ ਸਰਕਾਰਾਂ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਵਿਭਾਗ ਇਨ੍ਹਾਂ ਮੁਲਾਜ਼ਮਾਂ ਦੀਆਂ ਮੰਗਾਂ ਅਤੇ ਪ੍ਰੇਸ਼ਾਨੀਆਂ ਨੂੰ ਹੱਲ ਕਰਨ ਲਈ ਰਿਪੋਰਟ ਬਣਾ ਕੇ ਕੈਬਨਿਟ ਸਬ-ਕਮੇਟੀ ਅੱਗੇ ਪੇਸ਼ ਕਰੇ, ਤਾਂ ਜੋ ਇਨ੍ਹਾਂ ਨੂੰ ਜਲਦੀ ਤੋਂ ਜਲਦੀ ਹੱਲ ਕੀਤਾ ਜਾ ਸਕੇ।

ਇਸ ਰਿਪੋਰਟ ਵਿੱਚ ਉਨ੍ਹਾਂ ਬਿਮਾਰੀਆਂ ਅਤੇ ਸਿਹਤ ਸੰਬੰਧੀ ਚੁਣੌਤੀਆਂ ਦਾ ਖਾਸ ਤੌਰ 'ਤੇ ਜਿਕਰ ਕੀਤਾ ਜਾਵੇ, ਜਿੰਨਾ ਦਾ ਸੀਵਰਮੈਨ ਨੂੰ ਸਾਹਮਣਾ ਕਰਨਾ ਪੈਂਦਾ ਹੈ। ਮੀਟਿੰਗਾਂ ਵਿੱਚ ਪੰਜਾਬ ਸਫਾਈ ਮਜ਼ਦੂਰ ਫੈਡਰੇਸ਼ਨ ਦੇ ਸੂਬਾ ਚੇਅਰਮੈਨ ਚੰਦਨ ਗਰੇਵਾਲ, ਪ੍ਰਧਾਨ ਵਿਨੋਦ ਕੁਮਾਰ ਬਿੱਟਾ, ਵਾਈਸ ਚੇਅਰਮੈਨ ਸੁਰਿੰਦਰ ਟੋਨਾ, ਸੂਬਾ ਜਨਰਲ ਸਕੱਤਰ ਪਵਲ ਗੋਡਿਆਲ ਅਤੇ ਸਕੱਤਰ ਸੰਨੀ ਸਹੋਤਾ ਅਤੇ ਪੰਜਾਬ ਨਗਰ ਪਾਲਿਕਾ ਕਰਮਚਾਰੀ ਸੰਗਠਨ ਤੋਂ ਜਨਰਲ ਸਕੱਤਰ ਕੁਲਵੰਤ ਸਿੰਘ ਸੈਣੀ, ਸੀਨੀਅਰ ਮੀਤ ਪ੍ਰਧਾਨ ਗੋਪਾਲ ਥਾਪਰ, ਸੋਮਨਾਥ ਆਦਿਆ, ਲਲਿਤ ਕੁਮਾਰ, ਸਰਵਣ ਸਿੰਘ, ਕੌਸ਼ਲ ਕੁਮਾਰ ਅਤੇ ਬੂਟਾ ਰਾਮ ਨੇ ਆਪਣਾ ਪੱਖ ਪੇਸ਼ ਕੀਤਾ।

## ਸੜਕ ਹਾਦਸੇ 'ਚ ਜ਼ਖਮੀ ਨੌਜਵਾਨ ਨੇ ਇਲਾਜ ਦੌਰਾਨ ਦਮ ਤੋੜਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬੀਤੇ ਦਿਨ ਪਿੰਡ ਸਹੌਰ-ਹਮੀਦੀ ਲਿੰਕ ਸੜਕ 'ਤੇ ਵਾਪਰੇ ਹਾਦਸੇ 'ਚ ਗੰਭੀਰ ਰੂਪ 'ਚ ਜ਼ਖ਼ਮੀ ਹੋਇਆ ਨੌਜਵਾਨ ਇਲਾਜ ਅਧੀਨ ਦਮ ਤੋੜ ਗਿਆ। ਪੁਲਸ ਥਾਣਾ ਠੁੱਲੀਵਾਲ ਦੇ ਸਹਾਇਕ ਥਾਣੇਦਾਰ ਮਨਜਿੰਦਰ ਸਿੰਘ ਨੇ ਦੱਸਿਆ ਕਿ ਕਰਮਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਹਮੀਦੀ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਕਿਸੇ ਕੰਮ ਮਹਿਲ ਕਲਾਂ ਵੱਲ ਜਾ ਰਿਹਾ ਸੀ।ਜਦੋਂ ਉਹ ਰਸਤੇ 'ਚ ਪਿੰਡ ਸਹੌਰ ਨੇੜੇ ਪਹੁੰਚਿਆ ਤਾਂ ਅੱਗਿਓਂ ਆ ਰਹੀ ਬਲੈਰੋ ਕਾਰ ਨਾਲ ਜ਼ਬਰਦਸਤ ਸਿੱਧੀ ਟੱਕਰ ਹੋ ਜਾਣ ਕਰਕੇ ਮੋਟਰਸਾਈਕਲ ਚਾਲਕ ਨੌਜਵਾਨ ਕਰਮਜੀਤ ਸਿੰਘ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ, ਜਿਸ ਨੂੰ ਪਰਿਵਾਰਕ ਮੈਂਬਰਾਂ ਨੇ ਤੁਰੰਤ ਸੀ ਐੱਚ ਸੀ ਮਹਿਲ ਕਲਾਂ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਦੇ ਸਿਰ ਤੇ ਮੂੰਹ 'ਤੇ ਜ਼ਿਆਦਾ ਸੱਟ ਹੋਣ ਕਰਕੇ ਗੰਭੀਰ ਹਾਲਤ ਨੂੰ ਵੇਖਦਿਆਂ ਲਧਿਆਨਾ ਦੇ ਇੱਕ ਨਿੱਜੀ ਹਸਪਤਾਲ ਲਈ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।ਮ੍ਰਿਤਕ ਨੌਜਵਾਨ ਦੇ ਪਿਤਾ ਸੁਰਜੀਤ ਸਿੰਘ ਹਮੀਦੀ ਦੇ ਬਿਆਨਾਂ ਦੇ ਅਧਾਰ 'ਤੇ ਥਾਣਾ ਠੁੱਲੀਵਾਲ ਪੁਲਸ ਨੇ ਬਲੈਰੋ ਕਾਰ ਡਰਾਈਵਰ ਯਸ਼ਵੀਰ ਸਿੰਘ ਗਾਗੇਵਾਲ ਖ਼ਿਲਾਫ਼ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਅਰੰਭ ਦਿੱਤੀ ਹੈ।

# ਕਿਸਾਨ ਪਰਾਲੀ ਨੂੰ ਸਾੜਨ ਤੋਂ ਗੁਰੇਜ਼ ਕਰਨ : ਏ ਡੀ ਸੀ

### ਕੁਲਾਰ 'ਚ ਲਾਇਆ ਕਿਸਾਨ ਜਾਗਰੂਕਤਾ ਕੈਂਪ



**ਜਗਰਾਉਂ (ਨਛੱਤਰ ਸੰਧੂ)**-ਜ਼ਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਪਿੰਡ ਕੁਲਾਰ (ਜਗਰਾਉਂ) ਵਿਖੇ ਪਰਾਲੀ ਪ੍ਰਬੰਧਨ ਤੇ ਹਾੜ੍ਹੀ ਦੀਆਂ ਫ਼ਸਲਾਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਬਲਾਕ ਪੱਧਰੀ ਕਿਸਾਨ ਸਿਖਲਾਈ ਕੈਂਪ ਲਾਇਆ ਗਿਆ।ਇਸ ਕੈਂਪ ਦੀ ਪ੍ਰਧਾਨਗੀ ਵਧੀਕ ਡਿਪਟੀ ਕਮਿਸ਼ਨਰ (ਜ) ਲੁਧਿਆਣਾ ਰਾਕੇਸ਼ ਕੁਮਾਰ ਨੇ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੀਪ ਸਿੰਘ, ਐੱਸ. ਪੀ. ਹੈੱਡਕੁਆਰਟਰ ਜਗਰਾਉਂ ਸ੍ਰੀ ਆਰ. ਐੱਸ. ਦਿਓਲ ਵੀ ਮੌਜੂਦ ਸਨ।ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨ ਭਰਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣਾ ਕੁਦਰਤ ਨਾਲ ਖਿਲਵਾੜ ਕਰਨਾ ਹੈ ਤੇ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਸਾਨੂੰ ਸਰਿਆਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ।ਰਾਕੇਸ਼ ਕੁਮਾਰ ਨੇ ਕਿਹਾ ਕਿ ਪਿਛਲੇ ਸਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਬੇਸ਼ੱਕ ਭਾਰੀ ਗਿਰਾਵਟ ਆਈ ਹੈ, ਪਰ ਹਾਲੇ ਇਸ ਵਿੱਚ ਹੋਰ ਸੁਧਾਰ ਲਿਆਉਣਾ ਸਮੇਂ ਦੀ ਮੁੱਖ ਲੋੜ ਹੈ।ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਤ ਕਰਨ ਦੇ ਮਾਮਲੇ ਵਿੱਚ ਕਾਨੂੰਨ ਬੇਹੱਦ ਸਖ਼ਤ ਹੈ, ਸਾਨੂੰ ਇਸ ਦਾ ਬਦਲ ਲੱਭਣਾ ਲਾਜ਼ਮੀ ਹੈ।ਉਨ੍ਹਾਂ ਸਪੱਸ਼ਟ ਕੀਤਾ ਕਿ ਪ੍ਰਸ਼ਾਸਨ ਕਿਸਾਨਾਂ ਦੀ ਹਰ ਸੰਭਵ ਸਹਾਇਤਾ ਲਈ ਤੱਤਪਰ ਹੈ ਤੇ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਬਿਨਾਂ ਸਾੜੇ ਖੇਤ ਵਿੱਚ ਮਿਲਾ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਉਣਾ ਚਾਹੀਦਾ ਹੈ।ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਅੱਗ ਬਿਲਕੁਲ ਨਾ ਲਗਾਉਣ, ਕਿਉਂਕਿ ਅਜਿਹਾ ਕਰਨ ਨਾਲ ਜਿੱਥੇ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ, ਓਥੇ ਇਸ ਨਾਲ ਵਾਤਾਵਰਨ ਵੀ ਪ੍ਰਦੂਸ਼ਤ ਹੁੰਦਾ ਹੈ।

ਉਨ੍ਹਾ ਕਿਹਾ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਰਹਿੰਦ-ਖੂੰਹਦ ਨੂੰ ਖੇਤਾਂ ਵਿੱਚ ਪ੍ਰਬੰਧਨ ਕਰਨ ਲਈ ਕਿਸਾਨਾਂ ਨੂੰ ਨਵੀਨਤਮ ਖੇਤੀ ਮਸ਼ੀਨਰੀ ਸਬਸਿਡੀ 'ਤੇ ਮੁਹੱਈਆ ਕਰਵਾਈ ਜਾ ਚੁੱਕੀ ਹੈ।ਉਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਰਹਿੰਦ-ਖੂੰਹਦ ਨੂੰ ਬਿਨਾਂ ਅੱਗ ਲਗਾਏ ਅਗਲੀਆਂ ਫਸਲਾਂ ਦੀ ਬਿਜਾਈ ਕਰਨ।ਵਧੀਕ ਡਿਪਟੀ ਕਮਿਸ਼ਨਰ ਵੱਲੋਂ ਪਿਛਲੇ 3-4 ਸਾਲਾਂ ਤੋਂ ਜਿਹੜੇ ਕਿਸਾਨ ਪਰਾਲੀ ਬਿਨਾਂ ਸਾੜੇ ਸੰਭਾਲਣ ਵਿੱਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਨੂੰ ਇਸ ਮੌਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੀਪ ਸਿੰਘ ਅਤੇ ਐੱਸ.ਪੀ. ਹੈੱਡਕੁਆਰਟਰ ਜਗਰਾਉਂ ਸ੍ਰੀ ਆਰ.ਐੱਸ.ਦਿਓਲ ਵੱਲੋਂ ਵੀ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਸਬੰਧੀ ਜਾਗਰੂਕ ਕੀਤਾ ਗਿਆ।

## ...ਸਫ਼ਾ 3 ਦੇ ਬਾਕੀ

### ਕਾਂਗਰਸੀ ਆਗੂ ਭਾਜਪਾ...

ਕਾਂਗਰਸ ਹੈ, ਜਿਸ ਨੇ ਦਹਾਕਿਆਂ ਤੋਂ ਪੰਜਾਬ ਦੀ ਆਰਥਿਕਤਾ ਨੂੰ ਬਰਬਾਦ ਕੀਤਾ, ਹੁਣ ਇਸ ਨੂੰ ਮੁੜ ਨਿਰਮਾਣ ਦੇ ਹਰ ਯਤਨ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਉਨ੍ਹਾਂ ਦੀ ਅਸਲ ਮਾਨਸਿਕਤਾ ਨੂੰ ਦਰਸਾਉਂਦਾ ਹੈ।ਉਹਨਾ ਭਾਜਪਾ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਲੋਕਾਂ ਨੂੰ ਯਾਦ ਦਿਵਾਇਆ ਕਿ ਭਗਵਾ ਪਾਰਟੀ ਨੇ ਹਮੇਸ਼ਾ ਪੰਜਾਬ ਨਾਲ ਵਿਤਕਰਾ ਕੀਤਾ ਹੈ। ਪਹਿਲਾਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਰ ਨਾਲ ਆਏ, ਫੇਰ 1600 ਕਰੋੜ ਰੁਪਏ ਦੇ ਪੈਕੇਜ ਦਾ 'ਜੁਮਲਾ' ਐਲਾਨ ਕੀਤਾ, ਪਰ ਇਸ ਦਾ ਇੱਕ ਵੀ ਰੁਪਿਆ ਪੰਜਾਬ ਤੱਕ ਨਹੀਂ ਪਹੁੰਚਿਆ, ਸਿਰਫ਼ 240 ਕਰੋੜ ਰੁਪਏ, ਉਹ ਵੀ ਪਹਿਲਾਂ ਹੀ ਬਜਟ ਵਿੱਚ ਰੱਖੇ ਗਏ ਪ੍ਰਬੰਧ ਵਿੱਚੋਂ, ਜਾਰੀ ਕੀਤੇ ਗਏ ਹਨ। ਭਾਜਪਾ ਦੀ ਪੰਜਾਬ ਪ੍ਰਤੀ ਨਫ਼ਰਤ ਸਪੱਸ਼ਟ ਹੈ ਅਤੇ ਹੁਣ ਕਾਂਗਰਸ ਪਾਰਟੀ ਇਸ ਵਿਸ਼ਵਾਸਘਾਤ ਵਿੱਚ ਉਨ੍ਹਾਂ ਨਾਲ ਹੱਥ ਮਿਲਾ ਚੁੱਕੀ ਹੈ। ਪੰਜਾਬ ਲਈ ਇਨਸਾਫ਼ ਦੀ ਮੰਗ ਕਰਦੇ ਹੋਏ ਵਿੱਤ ਮੰਤਰੀ ਨੇ ਕੇਂਦਰ ਤੋਂ 20,000 ਕਰੋੜ ਰੁਪਏ ਦੀ ਰਾਹਤ ਦੀ 'ਆਪ' ਦੀ ਮੰਗ ਨੂੰ ਦੁਹਰਾਇਆ ਅਤੇ ਸਵਾਲ ਕੀਤਾ ਕਿ ਜਦੋਂ ਵੀ ਪੰਜਾਬ ਆਪਣੇ ਹੱਕਾਂ ਦੀ ਮੰਗ ਕਰਦਾ ਹੈ ਤਾਂ ਕਾਂਗਰਸੀ ਆਗੂ ਵਾਰ-ਵਾਰ ਭਾਜਪਾ ਦਾ ਸਾਥ ਕਿਉਂ ਦਿੰਦੇ ਹਨ। ਉਨ੍ਹਾ ਕਿਹਾ ਕਿ ਜਦੋਂ ਵੀ ਅਸੀਂ ਮੋਦੀ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਵਿਰੋਧ ਕਰਦੇ ਹਾਂ, ਕਾਂਗਰਸ ਅਚਾਨਕ ਭਾਜਪਾ ਦੀ ਭਾਸ਼ਾ ਬੋਲਣ ਲੱਗ ਪੈਂਦੀ ਹੈ। ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਕਾਂਗਰਸ ਅਤੇ ਭਾਜਪਾ ਅਕਾਲੀਆਂ ਦੇ ਨਾਲ ਇੱਕੋ ਜਿਹੀ ਪੰਜਾਬ ਵਿਰੋਧੀ ਮਾਨਸਿਕਤਾ ਰੱਖਦੇ ਹਨ।

### ਅਰਸ਼ੀ ਦੇ ਕੇਂਦਰੀ ਕੰਟਰੋਲ...

ਐੱਸ ਐੱਸ ਦੇਸ਼ ਦੇ ਜਮਹੂਰੀ ਢਾਂਚੇ ਨੂੰ ਤਹਿਸ-ਨਹਿਸ਼ ਕਰਕੇ ਫਾਸ਼ੀਵਾਦ ਵੱਲ ਵਧ ਰਹੇ ਹਨ।ਭਾਰਤੀ ਸੰਵਿਧਾਨ, ਲੋਕਤੰਤਰ ਤੇ ਸੰਵਿਧਾਨਕ ਸੰਸਥਾਵਾਂ ਅਤੇ ਧਰਮਨਿਰਪੱਖਤਾ ਨੂੰ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ, ਜਿਸ ਦੀ ਰਾਖੀ ਲਈ ਖੱਬੀ ਏਕਤਾ ਦਾ ਸੱਦਾ ਦਿੱਤਾ ਗਿਆ ਹੈ। ਕਾਂਗਰਸ ਦੌਰਾਨ ਸਿੱਖ ਧਰਮ ਦੇ ਨੌਵੇਂ ਗੁਰੂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਵੇਂ ਸਾਲ ਮੌਕੇ ਯਾਦ ਕਰਦਿਆਂ ਉਹਨਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਦੀ ਰਾਖੀ, ਬੇਇਨਸਾਫ਼ੀ ਤੇ ਜ਼ੁਲਮ ਖਿਲਾਫ ਲੜਾਈ ਦਾ ਸੰਦੇਸ਼ ਲੋਕਾਂ ਤੱਕ ਪਹੁੰਚਾਉਣ ਤੇ ਉਹਨਾ ਦੇ ਦੱਸੇ ਮਾਰਗ 'ਤੇ ਚੱਲਣ, ਸਜ਼ਾਵਾਂ ਪੂਰੀਆਂ ਕਰ ਚੁੱਕੇ ਸਮੁੱਚੇ ਲੋਕਾਂ ਨੂੰ ਰਿਹਾਅ ਕਰਨ, ਚੰਡੀਗੜ੍ਹ ਪੰਜਾਬ ਨੂੰ ਦੇਣ ਆਦਿ ਅਨੇਕਾਂ ਮਤੇ ਪਾਸ ਕੀਤੇ ਗਏ।ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਨੇ ਮੁਹਾਲੀ ਰੈਲੀ ਦੀ ਰਿਕਾਰਡ ਤੋੜ ਸਫਲਤਾ ਲਈ ਮਾਨਸਾ ਜ਼ਿਲ੍ਹੇ ਦੀ ਸਮੁੱਚੀ ਲੀਡਰਸ਼ਿਪ, ਵਰਕਰਾਂ ਤੇ ਹਮਦਰਦਾਂ ਦਾ ਧੰਨਵਾਦ ਕੀਤਾ, ਕਿਉਂਕਿ ਉਹਨਾਂ ਦੀ ਮਿਹਨਤ ਸਦਕਾ ਜ਼ਿਲ੍ਹੇ ਵਿੱਚੋਂ ਇੱਕ ਹਜ਼ਾਰ ਤੋਂ ਜ਼ਿਆਦਾ ਸਾਥੀਆਂ ਨੇ ਰੈਲੀ ਵਿੱਚ ਸ਼ਮੂਲੀਅਤ ਕੀਤੀ। ਉਹਨਾ ਖੁਸ਼ੀ ਜ਼ਾਹਰ ਕਰਦਿਆਂ ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ ਦੇ ਕੇਂਦਰੀ ਕੰਟਰੋਲ ਕਮਿਸ਼ਨ ਦੇ ਮੈਂਬਰ ਵਜੋਂ ਸਰਬਸੰਮਤੀ ਨਾਲ ਚੁਣੇ ਜਾਣ ਲਈ ਉਹਨਾ ਨੂੰ ਵਧਾਈ ਵੀ ਦਿੱਤੀ। ਜ਼ਿਕਰਯੋਗ ਹੈ ਕਿ ਪੰਜਾਬ ਇਕਾਈ ਦੀ ਕਾਂਗਰਸ ਨਾ ਹੋਣ ਕਾਰਨ ਸੀਟਾਂ ਰਾਖਵੀਆਂ ਰੱਖੀਆਂ ਗਈਆਂ ਹਨ।ਅੰਤ ਵਿੱਚ ਕਮਿਊਨਿਸਟ ਆਗੂਆਂ ਨੇ ਡੀ. ਰਾਜਾ ਨੂੰ ਮੁੜ ਕੌਮੀ ਜਨਰਲ ਸਕੱਤਰ ਤੇ ਹਰਦੇਵ ਸਿੰਘ ਅਰਸ਼ੀ ਨੂੰ ਮੈਂਬਰ ਕੰਟਰੋਲ ਕਮਿਸ਼ਨ ਚੁਣਨ 'ਤੇ ਇਨਕਲਾਬੀ ਸ਼ੁਭਕਾਮਨਾਵਾਂ ਭੇਟ ਕੀਤੀਆਂ ਗਈਆਂ।ਇਸ ਮੌਕੇ ਐਡਵੋਕੇਟ ਕੁਲਵਿੰਦਰ ਉੱਡਤ, ਸੀਤਾਰਾਮ ਗੋਬਿੰਦਪੁਰਾ, ਰੂਪ ਸਿੰਘ ਢਿੱਲੋਂ, ਵੇਦ ਪ੍ਰਕਾਸ਼ ਬੁਢਲਾਡਾ, ਜਗਸੀਰ ਸਿੰਘ ਰਾਏਕੇ, ਜਗਤਾਰ ਕਾਲਾ, ਰਤਨ ਭੋਲਾ, ਕਰਨੈਲ ਭੀਖੀ ਆਦਿ ਆਗੂ ਮੌਜੂਦ ਸਨ।

### ਜਲੰਧਰ ਤੇ ਅੰਮ੍ਰਿਤਸਰ 'ਚ ...

ਹੋਇਆ। ਉਨ੍ਹਾ ਕਿਹਾ ਕਿ ਲੈਜੈਂਡ ਇਲੈਵਨ ਦੀ ਅਗਵਾਈ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਉਲੰਪੀਅਨ ਗਗਨ ਅਜੀਤ ਸਿੰਘ ਕਰ ਰਹੇ ਸਨ, ਜੋ ਇਸ ਸਮੇਂ ਮਾਲੇਰਕੋਟਲਾ ਦੇ ਐੱਸ ਐੱਸ ਪੀ ਹਨ, ਜਦੋਂ ਕਿ ਸਟਾਰ ਇਲੈਵਨ ਦੀ ਅਗਵਾਈ ਮੌਜੂਦਾ ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਕਰ ਰਹੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਖੇਡਾਂ ਨੂੰ ਹੁਲਾਰਾ ਦੇਣ ਲਈ ਸੂਬੇ ਦੇ ਪਿੰਡਾਂ ਵਿੱਚ 3000 ਤੋਂ ਵੱਧ ਖੇਡ ਸਟੇਡੀਅਮ ਬਣਾਏ ਜਾਣਗੇ। ਉਨ੍ਹਾ ਕਿਹਾ ਕਿ ਖੇਡਾਂ ਵਤਨ ਪੰਜਾਬ ਦੀਆਂ ਪਹਿਲਾਂ ਹੀ ਇਸ ਦਿਸ਼ਾ ਵਿੱਚ ਅਹਿਮ ਭੂਮਿਕਾ ਨਿਭਾ ਚੁੱਕੀਆਂ ਹਨ, ਜਿਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਦੇ ਕੋਹੜ ਤੋਂ ਦੂਰ ਕਰਨ ਲਈ ਵੱਡਾ ਯੋਗਦਾਨ ਪਾਇਆ ਹੈ। ਮਾਨ ਨੇ ਕਿਹਾ ਕਿ ਜਲੰਧਰ ਦੇ ਬਰਲਟਨ ਪਾਰਕ ਨੂੰ ਪਹਿਲਾਂ ਹੀ ਇੱਕ ਖੇਡ ਧੁਰੇ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ ਅਤੇ ਹੁਣ ਅੰਮ੍ਰਿਤਸਰ ਵਿਖੇ ਵੀ ਵਿਸ਼ਵ ਪੱਧਰੀ ਖੇਡ ਕੇਂਦਰ ਵਿਕਸਤ ਕੀਤਾ ਜਾਵੇਗਾ।ਇਸ ਦੌਰਾਨ ਕੈਬਨਿਟ ਮੰਤਰੀ ਮੋਹਿੰਦਰ ਭਗਤ, ਹਾਕੀ ਪੰਜਾਬ ਦੇ ਪ੍ਰਧਾਨ ਅਤੇ ਹਾਕੀ ਇੰਡੀਆ ਦੇ ਉਪ ਪ੍ਰਧਾਨ ਨਿਤਿਨ ਕੋਹਲੀ, ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਅਤੇ ਹੋਰਨਾਂ ਨੇ ਚੜ੍ਹਦੀ ਕਲਾ ਮਿਸ਼ਨ ਵਿੱਚ ਯੋਗਦਾਨ ਵਜੋਂ ਮੁੱਖ ਮੰਤਰੀ ਨੂੰ 50 ਲੱਖ ਰੁਪਏ ਦਾ ਚੈੱਕ ਸੌਂਪਿਆ।ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਵੱਖ-ਵੱਖ ਅੰਤਰਰਾਸ਼ਟਰੀ ਹਾਕੀ ਮੁਕਾਬਲਿਆਂ ਦੌਰਾਨ ਦੇਸ਼ ਦੀ ਨੁਮਾਇੰਦਗੀ ਕਰਨ ਵਾਲੇ ਉੱਘੇ ਉਲੰਪੀਅਨਾਂ ਦਾ ਸਨਮਾਨ ਵੀ ਕੀਤਾ।

### ਅਧਿਕਾਰੀਆਂ ਨੂੰ ਧਮਕਾ...

ਗਲਤੀ ਕਿਵੇਂ ਕਰ ਸਕਦੇ ਹਨ। ਤੁਹਾਡੇ ਪਿਤਾ ਜੀ ਜਾਣਦੇ ਸਨ ਕਿ ਤੁਸੀਂ ਇਸ ਦੇ ਯੋਗ ਨਹੀਂ।

ਧਾਲੀਵਾਲ ਨੇ ਸੁਖਬੀਰ ਬਾਦਲ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੀਆਂ ਧਮਕੀਆਂ ਨਾਲ ਅਧਿਕਾਰੀਆਂ ਨੂੰ ਡਰਾਉਣ ਦੀ ਕੋਸ਼ਿਸ਼ ਨਾ ਕਰਨ ਅਤੇ ਲੋਕਤੰਤਰੀ ਫਤਵੇ ਦਾ ਸਤਿਕਾਰ ਕਰਨ। ਪੰਜਾਬ ਦੇ ਲੋਕਾਂ ਨੇ ਇੱਕ ਇਮਾਨਦਾਰ ਸਰਕਾਰ ਚੁਣੀ ਹੈ ਅਤੇ ਹੁਣ ਇਥੇ ਗੁੰਡਾਗਰਦੀ ਅਤੇ ਮਾਫੀਆ ਰਾਜ ਲਈ ਕੋਈ ਥਾਂ ਨਹੀਂ।

## ਅਰਿਹੱਤ ਕਾਲਜ ਦਾ ਬੀ. ਐੱਡ ਸਮੈਸਟਰ ਪਹਿਲੇ ਦਾ ਨਤੀਜਾ ਸ਼ਾਨਦਾਰ



**ਬਰੇਟਾ (ਗੀਤਵਾਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ. ਐੱਡ ਸਮੈਸਟਰ ਪਹਿਲੇ ਦੇ ਨਤੀਜਿਆਂ ਵਿੱਚ ਅਰਿਹੱਤ ਕਾਲਜ ਆਫ ਐਜੂਕੇਸ਼ਨ ਬਰੇਟਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂ ਰੌਸ਼ਨ ਕੀਤਾ ਹੈ।ਸੰਸਥਾ ਦੇ ਪ੍ਰਿੰਸੀਪਲ ਡਾ. ਰਘੂਵੀਰ ਸਿੰਘ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪਹਿਲੀ ਪੁਜ਼ੀਸ਼ਨ 79.8 ਪ੍ਰਤੀਸ਼ਤ ਅੰਕਾਂ ਨਾਲ ਦਿਵਿਆ ਪੁੱਤਰੀ ਸੁੰਦਰ ਲਾਲ, ਦੂਸਰੀ ਪੁਜੀਸ਼ਨ 79.2 ਪ੍ਰਤੀਸ਼ਤ ਅੰਕਾਂ ਨਾਲ ਨੇਹਾ ਰਾਣੀ ਪੁੱਤਰੀ ਨਿਰਮਲ ਸਿੰਘ ਤੇ ਤੀਸਰੀ ਪੁਜ਼ੀਸ਼ਨ 78.6 ਪ੍ਰਤੀਸ਼ਤ ਅੰਕਾਂ ਨਾਲ ਗਗਨਪ੍ਰੀਤ ਕੌਰ ਪੁੱਤਰੀ ਕੁਲਵਿੰਦਰ ਸਿੰਘ ਨੇ ਹਾਸਲ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ।ਕਾਲਜ ਦੇ ਚੇਅਰਪਰਸਨ ਡਾ. ਮਨੋਜ ਬਾਲਾ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ।ਇਸ ਮੌਕੇ ਕਾਲਜ ਸਟਾਫ ਵਿੱਚ ਅਸਿਸਟੈਂਟ ਪ੍ਰੋਫੈਸਰ ਰਿੰਪੀ, ਅਸਿਸਟੈਂਟ ਪ੍ਰੋਫੈਸਰ ਕੁਲਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ ਅੰਮ੍ਰਿਤਪਾਲ ਸਿੰਘ ਤੇ ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਸਿੰਘ ਮੌਜੂਦ ਸਨ।

## ਮੁੱਖ ਮੰਤਰੀ ਯੋਜਨਾ ਸੂਬੇ ਦੇ ਸਿਹਤ ਖੇਤਰ 'ਚ ਇਤਿਹਾਸਕ ਕਦਮ ਸਾਬਿਤ ਹੋਵੇਗੀ : ਕੱਕੜ, ਮਨਚੰਦਾ

### ਵਿਧਾਇਕ ਸੁਖਾਨੰਦ ਨੂੰ ਹਲਕੇ ਦੇ ਲੋਕਾਂ ਦੀ ਦੱਸਿਆ ਪਹਿਲੀ ਪਸੰਦ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਨਗਰ ਕੌਂਸਲ ਬਾਘਾ ਪੁਰਾਣਾ ਦੇ ਕੌਂਸਲਰ ਮਨਦੀਪ ਕੱਕੜ ਤੇ ਗੁਰਪ੍ਰੀਤ ਮਨਚੰਦਾ ਨੇ ਪ੍ਰੈੱਸ ਮਿਲਣੀ ਦੌਰਾਨ ਗੱਲਬਾਤ ਕਰਦਿਆਂ ਆਖਿਆ ਕਿ ਸਿਹਤ ਮਨੁੱਖੀ ਜੀਵਨ ਦੀ ਸਭ ਤੋਂ ਪਹਿਲੀ ਲੋੜ ਹੈ।ਪੰਜਾਬ ਸਰਕਾਰ ਵੱਲੋਂ ਆਮ ਨਾਗਰਿਕਾ ਦੀ ਭਲਾਈ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਯੋਜਨਾ ਨਾ ਸਿਰਫ ਮਦਦਗਾਰ ਸਕੀਮ ਹੈ, ਸਗੋਂ ਇਹ ਯੋਜਨਾ ਪੰਜਾਬ ਦੇ ਲੱਖਾਂ ਪਰਿਵਾਰਾਂ ਲਈ ਉਮੀਦ ਦੀ ਰੋਸ਼ਨੀ ਬਣ ਕੇ ਸਾਹਮਣੇ ਆਈ ਹੈ।ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਹਰ ਪਰਿਵਾਰ ਦਾ ਸਾਲਾਨਾ 10 ਲੱਖ ਰੁਪਏ ਦਾ ਮੁਫਤ ਇਲਾਜ ਕਰਵਾਇਆ ਜਾਵੇਗਾ।ਇਸ ਸਕੀਮ ਦੀ ਸ਼ੁਰੂਆਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਇਹ ਯੋਜਨਾ ਜਿਵੇਂ ਹੀ ਘੋਸ਼ਿਤ ਹੋਈ ਹੈ, ਉਸੇ ਤਰੀਕੇ ਨਾਲ ਲਾਗੂ ਰਹੀ ਤਾਂ ਇਹ ਸੂਬੇ ਦੇ ਸਿਹਤ ਖੇਤਰ ਵਿੱਚ ਇੱਕ ਇਤਿਹਾਸਕ ਕਦਮ ਸਾਬਿਤ ਹੋਵੇਗੀ।ਇਸ ਤੋਂ ਪਹਿਲਾਂ ਆਯੂਸਮਾਨ ਭਾਰਤ ਯੋਜਨਾ ਹੇਠ ਪੰਜ ਲੱਖ ਦੀ ਸਹੂਲਤ ਸੀ, ਪਰ ਪੰਜਾਬ ਸਰਕਾਰ ਵੱਲੋਂ ਇਸ ਰਕਮ ਨੂੰ ਦੁੱਗਣਾ ਕਰ ਕੇ 10 ਲੱਖ ਕੀਤਾ ਗਿਆ ਹੈ। ਪੰਜਾਬ ਸਰਕਾਰ ਦਾ ਇਹ ਫੈਸਲਾ ਦਰਸਾਉਂਦਾ ਹੈ ਕਿ ਆਪ ਸਰਕਾਰ ਹਮੇਸ਼ਾ ਲੋਕਾਂ ਦੇ ਦੁੱਖ ਦਰਦ ਨਾਲ ਸਾਂਝ ਪਾਉਣ ਵਿਚ ਅੱਗੇ ਰਹੀ ਹੈ।ਕੌਂਸਲਰ ਮਨਦੀਪ ਕੱਕੜ ਤੇ ਗੁਰਪ੍ਰੀਤ ਮਨਚੰਦਾ ਦੱਸਿਆ ਕਿ ਪੰਜਾਬ ਸਰਕਾਰ ਨੇ ਹਮੇਸ਼ਾ ਹੀ ਸੂਬੇ ਦੇ ਲੋਕਾਂ ਸਿਹਤ ਸੁਵਿਧਾਵਾਂ ਨੂੰ ਮੁੱਖ ਰੱਖਦਿਆਂ ਪਹਿਲ ਦੇ ਅਧਾਰ 'ਤੇ ਸੂਬੇ ਅੰਦਰ ਵੱਡੀ ਗਿਣਤੀ ਵਿਚ ਪਹਿਲਾਂ ਮੁਹੱਲਾ ਕਲੀਨਿਕ ਖੋਲ੍ਹੇ ਤੇ ਹੁਣ ਸੂਬੇ ਅੰਦਰ ਉਕਤ ਯੋਜਨਾ ਦੇ ਚੱਲਣ ਨਾਲ ਪੰਜਾਬ ਵਾਸੀ ਆਪਣਾ ਇਲਾਜ ਸੌਖਾਲੇ ਤਰੀਕੇ ਨਾਲ ਕਰਵਾ ਸਕਣਗੇ।ਇਸ ਮੌਕੇ ਉਨ੍ਹਾਂ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਵੱਲੋਂ ਹਲਕੇ ਅੰਦਰ ਕੀਤੇ ਜਾ ਰਹੇ ਵਿਕਾਸ ਕਾਰਜਾਂ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਜੋ ਵਾਅਦੇ ਕਰ ਕੇ ਹਲਕੇ ਦੇ ਵਿਧਾਇਕ ਬਣੇ ਸਨ, ਉਨ੍ਹਾਂ ਨੂੰ ਇੱਕ ਇੱਕ ਕਰ ਕੇ ਪੂਰਾ ਕਰ ਰਹੇ ਹਨ ਤੇ ਵਿਧਾਇਕ ਸੁਖਾਨੰਦ ਹਲਕੇ ਦੇ ਲੋਕਾਂ ਦੀ ਪਹਿਲੀ ਪਸੰਦ ਬਣੇ ਹੋਏ ਹਨ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਐੱਸ ਡੀ ਐੱਮ ਨੂੰ ਮੰਗ ਪੱਤਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬਲਾਕ ਪਾਤੜਾਂ ਵੱਲੋਂ ਮੰਗ ਪੱਤਰ ਬਲਾਕ ਪ੍ਰਧਾਨ ਸੁਖਦੇਵ ਸਿੰਘ ਹਰਿਆਊ ਦੀ ਅਗਵਾਈ ਵਿੱਚ ਐੱਸਡੀਐੱਮ ਪਾਤੜਾਂ ਨੂੰ ਦਿੱਤਾ ਗਿਆ, ਜਿਸ ਵਿੱਚ ਬੋਣਾ ਵਾਇਰਸ ਨਾਲ ਤੇ ਹਲਦੀ ਰੋਗ ਨਾਲ ਕਿਸਾਨਾਂ ਦੀ ਬਰਬਾਦ ਹੋਈ ਫ਼ਸਲ ਦੀ ਤੁਰੰਤ ਗਿਰਦਵਾਰੀ ਕਰਵਾਉਣ, ਪਰਾਲੀ ਦੀ ਸਾਂਭ ਸੰਭਾਲ ਲਈ ਗੰਢਾਂ ਬੰਨ੍ਹਣ ਵਾਲੇ ਬੇਲਰ, ਦੋ ਸੌ ਪ੍ਰਤੀ ਕੁਇੰਟਲ ਬੋਨਸ, ਡੀਏਪੀ ਖਾਦ ਦੀ ਕਾਲਾ ਬਾਜ਼ਾਰੀ ਰੋਕਣ, ਆਲੂ ਤੇ ਮਟਰ ਦੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਸਹੀ ਰੇਟ 'ਤੇ ਖਾਦ ਮੁੱਹਈਆ ਕਰ ਵਾਈ ਜਾਵੇ।ਇਸ ਮੌਕੇ ਹੋਰਨਾਂ ਇਲਾਵਾ ਹਰਭਜਨ ਸਿੰਘ ਧੂਹੜ, ਸੂਬੇਦਾਰ ਨਰਾਤਾ ਸਿੰਘ, ਸਲਵਿੰਦਰ ਸਿੰਘ ਸ਼ੁਤਰਾਣਾ, ਪਾਲਾ ਸਿੰਘ ਦਤਾਲ, ਕਿਸ਼ਨ ਸਿੰਘ ਲਾਭ ਸਿੰਘ ਦੁੱਗਲ, ਸ਼ਬੇਗ ਸਿੰਘ ਸ਼ੁਤਰਾਣਾ, ਜਰਨੈਲ ਸਿੰਘ ਦੁੱਗਲ, ਸਾਹਿਬ ਸਿੰਘ ਦੁਤਾਲ ਹਾਜ਼ਰ ਸਨ।

## ਫ਼ਿਰੋਜ਼ਪੁਰ ਰੇਲਵੇ ਡਵੀਜ਼ਨ ਵੱਲੋਂ ਸਾਰੇ ਟੀਟੀਈ ਲਾਬੀਆਂ 'ਚ ਬਾਇਓਮੈਟ੍ਰਿਕ ਪ੍ਰਣਾਲੀ ਲਾਗੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤੀ ਰੇਲਵੇ ਦੇ ਆਧੁਨਿਕੀਕਰਨ ਅਤੇ ਕਾਰਜਕੁਸ਼ਲਤਾ ਨੂੰ ਵਧਾਉਣ ਦੇ ਯਤਨਾਂ ਦੇ ਤਹਿਤ ਫ਼ਿਰੋਜ਼ਪੁਰ ਰੇਲਵੇ ਡਵੀਜ਼ਨ ਨੇ ਇੱਕ ਮਹੱਤਵਪੂਰਨ ਪ੍ਰਾਪਤੀ ਹਾਸਲ ਕੀਤੀ ਹੈ। ਹੁਣ ਡਵੀਜ਼ਨ ਦੇ ਸਾਰੇ ਟਿਕਟ ਚੈਕਿੰਗ ਸਟਾਫ (ਟੀਟੀਈ) ਲਈ ਇਕ ਨਵੀਂ ਤੇ ਅਤਿ-ਆਧੁਨਿਕ ਬਾਇਓਮੈਟ੍ਰਿਕ ਸਾਈਨ-ਆਨ ਅਤੇ ਸਾਈਨ-ਆਫ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਹੈ। ਇਸ ਨਾਲ ਫਿਰੋਜ਼ਪੁਰ ਡਵੀਜ਼ਨ ਉੱਤਰ ਰੇਲਵੇ ਦਾ ਪਹਿਲਾ ਅਜਿਹਾ ਡਵੀਜ਼ਨ ਬਣ ਗਿਆ ਹੈ, ਜਿੱਥੇ ਇਹ ਪ੍ਰਣਾਲੀ ਸਾਰੀਆਂ ਟੀਟੀਈ ਲਾਬੀਆਂ ਵਿੱਚ ਸਫਲਤਾਪੂਰਵਕ ਸ਼ੁਰੂ ਕੀਤੀ ਗਈ ਹੈ। ਫ਼ਿਰੋਜ਼ਪੁਰ, ਅੰਮ੍ਰਿਤਸਰ, ਲੁਧਿਆਣਾ, ਜਲੰਧਰ ਸਿਟੀ, ਜਲੰਧਰ ਕੈਂਟ, ਹੁਸ਼ਿਆਰਪੁਰ, ਮੋਗਾ ਤੇ ਫਾਜ਼ਿਲਕਾ ਰੇਲਵੇ ਸਟੇਸ਼ਨਾਂ ਸਮੇਤ, ਡਵੀਜ਼ਨ ਦੇ ਸਾਰੇ ਮੁੱਖ ਸਟੇਸ਼ਨਾਂ ਦੀਆਂ ਟੀਟੀਈ ਲਾਬੀਆਂ ਵਿੱਚ ਇਹ ਪ੍ਰਣਾਲੀ ਲਾਗੂ ਹੋ ਚੁੱਕੀ ਹੈ। ਇਸ ਨਾਲ ਹੁਣ ਕਰਮਚਾਰੀਆਂ ਦੀ ਹਾਜ਼ਰੀ ਬਹੁਤ ਹੀ ਸਹੀ ਤੇ ਪ੍ਰਮਾਣਿਕ ਤਰੀਕੇ ਨਾਲ ਦਰਜ ਕੀਤੀ ਜਾਵੇਗੀ, ਜਿਸ ਨਾਲ ਹਾਜ਼ਰੀ ਰਿਕਾਰਡ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਦੀ ਸੰਭਾਵਨਾ ਖਤਮ ਹੋ ਜਾਵੇਗੀ। ਬਾਇਓਮੈਟ੍ਰਿਕ ਪ੍ਰਣਾਲੀ ਦੇ ਲਾਗੂ ਹੋਣ ਨਾਲ ਕਈ ਫਾਇਦੇ ਹੋਣਗੇ। ਇਸ ਨਾਲ ਕਰਮਚਾਰੀਆਂ ਦੀ ਉਪਲਬੱਧਤਾ ਤੇ ਡਿਊਟੀ ਦੀ ਸਥਿਤੀ ਬਾਰੇ ਤੁਰੰਤ ਜਾਣਕਾਰੀ ਮਿਲੇਗੀ, ਜਿਸ ਨਾਲ ਮੈਨੇਜਮੈਂਟ ਲਈ ਕਾਰਜ ਵੰਡ ਨੂੰ ਹੋਰ ਕੁਸ਼ਲ ਬਣਾਉਣਾ ਸੰਭਵ ਹੋਵੇਗਾ। ਇਸ ਪ੍ਰਣਾਲੀ ਨਾਲ ਕਰਮਚਾਰੀਆਂ ਦੇ ਕੰਮ ਦੇ ਘੰਟਿਆਂ ਤੇ ਲਾਬੀ ਸੰਚਾਲਨ ਦੀ ਪ੍ਰਭਾਵਸ਼ਾਲੀ ਨਿਗਰਾਨੀ ਵੀ ਕੀਤੀ ਜਾ ਸਕੇਗੀ।

## ਨੌਜਵਾਨਾਂ 'ਚ ਵਧ ਰਹੀਆਂ ਦਿਲ ਦੀਆਂ ਬਿਮਾਰੀਆਂ : ਡਾ. ਬੇਦੀ




**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਨੌਜਵਾਨ ਭਾਰਤੀਆਂ ਵਿੱਚ ਦਿਲ ਦੀ ਬਿਮਾਰੀ ਦੇ ਵਧ ਰਹੇ ਰੁਝਾਨ 'ਤੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਕ ਹਸਪਤਾਲ ਵਿੱਚ ਚੇਅਰਮੈਨ ਕਾਰਡੀਓ ਥੋਰੇਸਿਕ ਤੇ ਵੈਸਕੁਲਰ ਸਰਜਰੀ ਡਾ. ਐੱਚ. ਐੱਸ. ਬੇਦੀ ਨੇ ਦੱਸਿਆ ਕਿ ਭਾਰਤ ਵਿੱਚ ਲਗਭਗ 30 ਮਿਲੀਅਨ ਲੋਕ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 27% ਮੌਤਾਂ ਦਿਲ ਦੀਆਂ ਬਿਮਾਰੀਆਂ ਕਾਰਨ ਹੁੰਦੀਆਂ ਹਨ।ਭਾਰਤ ਜਲਦੀ ਹੀ ਦੁਨੀਆ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਸਭ ਤੋਂ ਵੱਧ ਮਾਮਲੇ ਵਾਲਾ ਦੇਸ਼ ਬਣਨ ਜਾ ਰਿਹਾ ਹੈ।ਨੌਜਵਾਨ ਆਪਣੀ ਗੈਰ-ਸਿਹਤਮੰਦ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹੋ ਰਹੇ ਹਨ।10 ਸਾਲ ਪਹਿਲਾਂ, ਅਸੀਂ ਦਿਲ ਦੀਆਂ ਸਮੱਸਿਆਵਾਂ ਤੋਂ ਪੀੜਤ ਨੌਜਵਾਨ ਮਰੀਜ਼ਾਂ ਨੂੰ ਮੁਸ਼ਕਲ ਨਾਲ ਦੇਖਿਆ ਸੀ, ਪਰ ਹੁਣ ਸਾਡੇ ਕੋਲ ਬਹੁਤ ਸਾਰੇ ਕੇਸ 25-35 ਉਮਰ ਵਰਗ ਦੇ ਹਨ। ਸਲਾਹਕਾਰ ਕਾਰਡੀਓਲੋਜਿਸਟ ਡਾ. ਸਚਿਨ ਬਾਂਸਲ ਨੇ ਦੱਸਿਆ ਕਿ ਇਸ ਸਾਲ ਦਾ ਵਿਸ਼ਵ ਦਿਲ ਦਿਵਸ ਥੀਮ 'ਡੋਂਟ ਮਿਸ ਏ ਬੀਟ' ਲੋਕਾਂ ਨੂੰ ਚੇਤਾਵਨੀ ਸੰਕੇਤਾਂ ਨੂੰ ਨਜ਼ਰਅੰਦਾਜ਼ ਨਾ ਕਰਕੇ, ਨਿਯਮਤ ਜਾਂਚ ਕਰਵਾ ਕੇ ਤੇ ਦਿਲ-ਸਿਹਤਮੰਦ ਜੀਵਨ ਸ਼ੈਲੀ ਅਪਣਾ ਕੇ ਆਪਣੇ ਦਿਲ ਦੀ ਸਿਹਤ ਪ੍ਰਤੀ ਸਰਗਰਮ ਤੇ ਚੌਕਸ ਰਹਿਣ ਲਈ ਉਤਸ਼ਾਹਤ ਕਰਦਾ ਹੈ।ਇਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਦਿਲ ਦੀ ਸਿਹਤ ਪ੍ਰਤੀ ਨਿਰੰਤਰ ਦੇਖਭਾਲ ਤੇ ਧਿਆਨ ਸਮੇਂ ਤੋਂ ਪਹਿਲਾਂ ਮੌਤ ਨੂੰ ਰੋਕ ਸਕਦਾ ਹੈ ਅਤੇ ਸਮੁੱਚੀ ਸਿਹਤ ਵਿੱਚ ਸੁਧਾਰ ਕਰ ਸਕਦਾ ਹੈ।ਦੁਨੀਆ ਦੀ ਕੁੱਲ ਦਿਲ ਦੀਆਂ ਬਿਮਾਰੀਆਂ ਦੇ ਬੋਝ ਦਾ 60% ਭਾਰਤ ਵਿੱਚ ਹੈ, ਭਾਵੇਂ ਕਿ ਇੱਥੇ ਵਿਸ਼ਵ ਦੀ ਆਬਾਦੀ ਦਾ 20 ਪ੍ਰਤੀਸ਼ਤ ਤੋਂ ਘੱਟ ਹਿੱਸਾ ਹੈ।ਡਾ. ਪ੍ਰਿਯੰਕਾ ਗੋਇਲ ਨੇ ਕਿਹਾ ਕਿ ਹੁਣ ਵੱਡੀ ਗਿਣਤੀ ਵਿੱਚ ਨੌਜਵਾਨ ਭਾਰਤੀ ਆਪਣੀ ਮਾੜੀ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਜੇਕਰ ਇਹ ਜਾਰੀ ਰਿਹਾ ਤਾਂ ਭਵਿੱਖ ਹੋਰ ਵੀ ਖ਼ਤਰਨਾਕ ਹੋਵੇਗਾ।

## ਪਰਾਲੀ ਸਾੜਨ ਤੋਂ ਰੋਕਣ ਲਈ ਅਧਿਆਪਕਾਂ ਦੀਆਂ ਲਾਈਆਂ ਡਿਊਟੀਆਂ ਗੈਰ-ਵਾਜਿਬ : ਡੀ ਟੀ ਐੱਫ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪਾਤੜਾਂ ਵੱਲੋਂ ਐੱਸ.ਡੀ.ਐੱਮ. ਦਫਤਰ ਪਾਤੜਾਂ ਵੱਲੋਂ ਜਾਰੀ ਪੱਤਰ ਦਾ ਵਿਰੋਧ ਕੀਤਾ ਗਿਆ, ਜਿਸ ਵਿੱਚ ਐੱਸ.ਡੀ.ਐੱਮ. ਦਫਤਰ ਪਾਤੜਾਂ ਵੱਲੋਂ ਕਿਸਾਨਾਂ ਦੁਆਰਾ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ 8 ਅਧਿਆਪਕਾਂ ਦੀ ਡਿਊਟੀ ਬਤੌਰ ਨੌਡਲ ਅਫ਼ਸਰ ਲਗਾਈ ਗਈ ਹੈ।ਡੈਮੋਕ੍ਰੇਟਿਕ ਟੀਚਰਜ਼ ਫਰੰਟ ਪਟਿਆਲਾ ਦੇ ਜ਼ਿਲ੍ਹਾ ਸਕੱਤਰ ਜਸਪਾਲ ਖਾਂਗ ਤੇ ਬਲਾਕ ਪ੍ਰਧਾਨ ਪਾਤੜਾਂ ਰਾਜੀਵ ਕੁਮਾਰ ਨੇ ਇਸ ਪੱਤਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਗੈਰ-ਵਿੱਦਿਅਕ ਡਿਊਟੀਆਂ ਨਾਲ਼ ਜਿੱਥੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੁੰਦਾ ਹੈ, ਉਥੇ ਕਿਸਾਨਾਂ ਤੇ ਮੁਲਾਜ਼ਮਾਂ ਵਿੱਚ ਆਪਸੀ ਟਕਰਾਅ ਕਰਵਾਉਣ ਲਈ ਸਰਕਾਰ ਦੀ ਇਹ ਕੋਝੀ ਚਾਲ ਵੀ ਹੈ।ਅਜਿਹੇ ਵਿੱਚ ਅਧਿਆਪਕਾਂ ਦੀ ਡਿਊਟੀ ਲਗਾਉਣਾ ਕਿਸੇ ਵੀ ਤਰ੍ਹਾਂ ਸਹੀ ਨਹੀਂ ਹੈ।ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਰਕਾਰ 'ਸਿੱਖਿਆ ਕ੍ਰਾਂਤੀ' ਦੇ ਦਾਅਵੇ ਕਰਦੀ ਨਹੀਂ ਥਕਦੀ ਤੇ ਦੂਜੇ ਪਾਸੇ ਸਿੱਖਿਆ ਦਾ ਮੁੱਖ ਧੁਰਾ ਸਮਝੇ ਜਾਂਦੇ ਅਧਿਆਪਕਾਂ ਨੂੰ ਗੈਰ-ਵਿੱਦਿਅਕ ਕੰਮਾਂ ਵਿੱਚ ਉਲਝਾ ਕੇ ਵਿਦਿਆਰਥੀਆਂ ਨੂੰ ਸਿੱਖਿਆ ਤੋਂ ਵਿਰਵੇ ਕੀਤਾ ਜਾ ਰਿਹਾ ਹੈ।ਜ਼ਿਕਰਯੋਗ ਹੈ ਕਿ ਇਨ੍ਹਾਂ ਨਵੀਆਂ ਗੈਰ-ਵਿੱਦਿਅਕ ਡਿਊਟੀਆਂ ਤੋਂ ਇਲਾਵਾ ਵੱਡੀ ਗਿਣਤੀ ਅਧਿਆਪਕਾਂ ਦੀਆਂ ਵੋਟਰ ਸੂਚੀਆਂ ਦੀ ਸਪੈਸ਼ਲ ਸੁਧਾਈ ਦੇ ਨਾਂ 'ਤੇ ਬੀਐੱਲਓ ਡਿਊਟੀਆਂ ਲਗਾਈਆਂ ਗਈਆਂ ਹਨ।ਇਸ ਮੌਕੇ ਹਾਜ਼ਰ ਬਲਾਕ ਸਕੱਤਰ ਬਲਜਿੰਦਰ ਘੱਗਾ ਨੇ ਕਿਹਾ ਕਿ ਅਧਿਆਪਕਾਂ ਦਾ ਕੰਮ ਬੱਚਿਆਂ ਨੂੰ ਪੜ੍ਹਾਉਣਾ ਹੈ ਨਾ ਕਿ ਖੇਤਾਂ ਵਿੱਚ ਜਾ ਕੇ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣਾ।ਉਨ੍ਹਾ ਕਿਹਾ ਕਿ ਇਸ ਤਰ੍ਹਾਂ ਦੇ ਫ਼ੁਰਮਾਨ ਬਰਦਾਸ਼ਤ ਨਹੀਂ ਕੀਤੇ ਜਾਣਗੇ ਤੇ ਇਸ ਦਾ ਡੱਟਵਾਂ ਵਿਰੋਧ ਕੀਤਾ ਜਾਵੇਗਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਡੀ ਟੀ ਐੱਫ ਦੇ ਸੂਬਾਈ ਆਗੂ ਅਤਿੰਦਰਪਾਲ ਘੱਗਾ, ਜਗਤਾਰ ਰਾਮ, ਯਾਦਵਿੰਦਰ ਨਿਹਾਲਗੜ੍ਹ, ਬਖਸੀਸ਼ ਸਿੰਘ, ਸਤੀਸ਼ ਕੁਮਾਰ, ਹਰਬੰਸ ਲਾਲ ਤੇ ਰੁਲਦਾ ਰਾਮ ਆਦਿ ਮੌਜੂਦ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਭੱਗੂਪੁਰ 'ਚ ਜ਼ਿਲ੍ਹਾ ਪ੍ਰਸ਼ਾਸਨ ਨੇ ਨਸ਼ਾ ਤਸਕਰ ਮਲੂਕ ਸਿੰਘ ਦਾ ਘਰ ਢਾਹਿਆ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਵੱਡੀ ਕਾਰਵਾਈ



ਕਰਦਿਆਂ ਹਲਕਾ ਰਾਜਾ ਸਾਂਸੀ ਦੇ ਪਿੰਡ ਭੱਗੂਪੁਰ ਵਿਖੇ ਨਸ਼ਾ ਤਸਕਰ ਮਲੂਕ ਸਿੰਘ ਪੁੱਤਰ ਜੋਗਿੰਦਰ ਸਿੰਘ ਦਾ ਘਰ ਢਾਹ ਦਿੱਤਾ ਗਿਆ।ਜ਼ਿਲ੍ਹਾ ਪੁਲਸ ਮੁਖੀ ਮਨਿੰਦਰ ਸਿੰਘ ਵੱਲੋਂ ਪੁਲਸ ਟੀਮ ਦੀ ਅਗਵਾਈ ਐੱਸਪੀ ਅਦਿੱਤਿਆ ਨੇ ਕੀਤੀ।ਉਨ੍ਹਾਂ ਦੱਸਿਆ ਕਿ ਮਲੂਕ ਸਿੰਘ ਅਤੇ ਉਸਦੇ ਪੁੱਤਰ ਸਤਬੀਰ ਸਿੰਘ ਉਰਫ਼ ਸੋਨੂ ਤੇ ਰਣਜੀਤ ਸਿੰਘ ਪਿਛਲੇ ਲੰਮੇ ਸਮੇਂ ਤੋਂ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਹਨ। ਇਨ੍ਹਾਂ ਖ਼ਿਲਾਫ਼ ਹੁਣ ਤੱਕ 24 ਕੇਸ ਐੱਨਡੀਪੀਐੱਸ ਐਕਟ ਤਹਿਤ ਦਰਜ ਹਨ।ਇਹ ਪਰਿਵਾਰ ਪਿੰਡ ਦੀ ਛੱਪੜ ਦੀ ਜ਼ਮੀਨ 'ਤੇ ਗੈਰ-ਕਾਨੂੰਨੀ ਤੌਰ 'ਤੇ ਮਕਾਨ ਬਣਾ ਕੇ ਰਹਿ ਰਿਹਾ ਸੀ।ਪਿੰਡ ਵਾਸੀਆਂ ਨੇ ਬੀਡੀਪੀਓ ਦਫ਼ਤਰ ਨੂੰ ਲਿਖਤੀ ਸ਼ਿਕਾਇਤ ਕੀਤੀ, ਜਿਸ ਉਪਰੰਤ ਬੀਡੀਪੀਓ ਨੇ ਰਿਪੋਰਟ ਤਿਆਰ ਕਰਕੇ ਪੁਲਸ ਪ੍ਰਸ਼ਾਸਨ ਨੂੰ ਭੇਜੀ ਅਤੇ ਇਹ ਉਸਾਰੀ ਢਾਹੁਣ ਦੀ ਮੰਗ ਕੀਤੀ।ਬੀਡੀਪੀਓ ਦਫ਼ਤਰ ਨੇ ਪੁਲਸ ਟੀਮ ਨਾਲ ਉਸਾਰੀ ਨੂੰ ਢਾਹ ਕੇ ਜ਼ਮੀਨ ਦਾ ਕਬਜ਼ਾ ਪੰਚਾਇਤ ਦੇ ਹਵਾਲੇ ਕਰ ਦਿੱਤਾ।ਐਸਪੀ ਨੇ ਦੱਸਿਆ ਕਿ ਮਲੂਕ ਸਿੰਘ ਅਤੇ ਉਸਦੇ ਪੁੱਤਰ ਇਸ ਸਮੇਂ ਫਰਾਰ ਹਨ, ਪਰ ਉਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੂੰ ਚਾਹੀਦਾ ਹੈ ਕਿ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਸ ਨੂੰ ਦੇਣ।


## ਨਸ਼ਿਆਂ ਦੀ ਨਾਮੁਰਾਦ ਬਿਮਾਰੀ 'ਤੇ ਫਤਿਹ ਲੋਕਾਂ ਦੇ ਸਹਿਯੋਗ ਨਾਲ ਹੀ ਸੰਭਵ : ਸ਼ੈਰੀ ਕਲਸੀ

**ਬਟਾਲਾ (ਡਾ. ਮਲਵਿੰਦਰ ਸਿੰਘ)**- ਬਟਾਲਾ ਹਲਕੇ ਦੇ ਪਿੰਡ ਛੁੱਡੀਪੁਰ ਬਲਾਕ ਧਾਰੀਵਾਲ ਵਿਖੇ 'ਨਸ਼ਾ ਮੁਕਤੀ ਯਾਤਰਾ' ਤਹਿਤ ਜਨਸਭਾ ਵਿੱਚ ਵਿਧਾਇਕ ਸ਼ੈਰੀ ਕਲਸੀ ਵੱਲੋਂ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਉਨ੍ਹਾਂ ਪਿੰਡ ਵਾਸੀਆਂ ਨੂੰ ਨਸ਼ਿਆਂ ਖ਼ਿਲਾਫ਼ ਇੱਕਜੁਟ ਹੋ ਕੇ ਲੜਨ ਦੀ ਸਹੁੰ ਵੀ ਚੁਕਾਈ ਗਈ।ਵਿਧਾਇਕ ਸ਼ੈਰੀ ਕਲਸੀ ਨੇ ਪਿੰਡ




ਵਾਸੀਆਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਅਤੇ ਇਸ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪਿੰਡਾਂ ਜਾਂ ਆਲੇ-ਦੁਆਲੇ ਨਸ਼ੇ ਵੇਚਣ ਵਾਲਿਆਂ ਦੀ ਇਤਲਾਹ ਪੁਲਸ ਨੂੰ ਜਾਂ ਵਟਸਐਪ ਨੰਬਰ 97791-00200 ਉਪਰ ਦੇਣ।ਜਾਣਕਾਰੀ ਦੇਣ ਵਾਲੇ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਾ ਪੀੜਤਾਂ ਨੂੰ ਮੁੜ ਨਵਾਂ ਜੀਵਨ ਦੇਣ ਦੇ ਮੰਤਵ ਨਾਲ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫ਼ਤ ਇਲਾਜ ਕਰਵਾਇਆ ਜਾ ਰਿਹਾ ਹੈ।ਇਸ ਲਈ ਸਾਰੇ ਲੋਕ ਇਸ ਨਾਮੁਰਾਦ ਬਿਮਾਰੀ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ।ਉਨ੍ਹਾਂ ਕਿਹਾ ਕਿ ਇਹ ਮਿਸ਼ਨ ਸਿਰਫ ਸਰਕਾਰ ਅਤੇ ਪੁਲਸ ਵਿਭਾਗ ਵੱਲੋਂ ਸਫ਼ਲ ਨਹੀਂ ਬਣਾਇਆ ਜਾ ਸਕਦਾ, ਇਸ ਵਿੱਚ ਹਰ ਨਾਗਰਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਸ ਮੌਕੇ ਐੱਸਐੱਚਓ ਰਜਵੰਤ ਕੌਰ, ਕੇਵਲ ਸਿੰਘ ਲਾਡੀ, ਪਰਮਜੀਤ ਸਿੰਘ, ਮਨਿੰਦਰ ਕੌਰ, ਦਲਬੀਰ ਸਿੰਘ, ਹਰਪਾਲ ਸਿੰਘ, ਪਰਮਜੀਤ ਕੌਰ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਪ੍ਰਧਾਨ ਵੀਨੂੰ ਕਾਹਲੋਂ, ਅਮਰੀਕ ਸਿੰਘ ਲੰਬੜਦਾਰ, ਗਗਨ ਬਟਾਲਾ, ਕੁਲਦੀਪ ਸਿੰਘ, ਮੁਨੀਸ਼ ਕਾਕਾ ਅਤੇ ਪਿੰਡ ਵਾਸੀ ਹਾਜ਼ਰ ਸਨ।

## ਹਰਚੋਵਾਲ ਚੌਂਕੀ ਨੇੜੇ ਦਿਨ-ਦਿਹਾੜੇ ਮੋਟਰਸਾਈਕਲ ਚੋਰੀ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਥਾਣਾ ਸ੍ਰੀ ਹਰਗੋਬਿੰਦਪੁਰ ਦੇ ਅਧੀਨ ਆਉਂਦੀ ਚੌਂਕੀ ਹਰਚੋਵਾਲ ਦੇ ਨਜ਼ਦੀਕ ਹਸਪਤਾਲ ਤੋਂ ਦਿਨ ਦਿਹਾੜੇ ਮੋਟਰਸਾਈਕਲ ਚੋਰੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨਰਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਧੰਦੋਈ ਨੇ ਦੱਸਿਆ ਕਿ ਉਹ ਸਰਕਾਰੀ ਹਸਪਤਾਲ ਹਰਚੋਵਾਲ ਚ ਨੌਕਰੀ ਕਰਦਾ ਹੈ ਅਤੇ ਰੋਜ਼ਾਨਾ ਦੀ ਤਰ੍ਹਾਂ ਉਸ ਨੇ ਹਸਪਤਾਲ ਵਿਚ ਆਪਣਾ ਮੋਟਰਸਾਈਕਲ ਪੈਸ਼ਨਪਰੋ ਨੰਬਰ ਪੀ ਬੀ 06 ਏ ਜੇ 2768 ਖੜ੍ਹਾ ਕੀਤਾ ਸੀ ਅਤੇ ਜਦ ਉਸ ਨੇ ਕਰੀਬ ਡੇਢ ਵਜੇ ਆਪਣਾ ਮੋਟਰਸਾਈਕਲ ਚੈੱਕ ਕਰਨ ਲਈ ਆਇਆ ਤਾਂ ਮੋਟਰਸਾਈਕਲ ਉਥੇ ਨਹੀਂ ਸੀ ਜਿਸ ਤੋਂ ਬਾਅਦ ਹਸਪਤਾਲ 'ਚ ਲੱਗੇ ਸੀਸੀਟੀਵੀ ਕੈਮਰੇ ਚੈੱਕ ਕੀਤਾ ਤਾਂ ਕੋਈ ਅਣਪਛਾਤਾ ਵਿਅਕਤੀ ਮੋਟਰਸਾਈਕਲ ਚੋਰੀ ਕਰਕੇ ਕੇ ਭੱਜ ਗਿਆ ਸੀ ਜਿਸ ਤੋਂ ਬਾਅਦ ਪੁਲਸ ਚੌਂਕੀ ਹਰਚੋਵਾਲ ਨੂੰ ਦਰਖ਼ਾਸਤ ਦੇ ਦਿੱਤੀ ਹੈ।

## ਮਾਸਟਰ ਕੇਡਰ ਜਥੇਬੰਦੀ ਵੱਲੋਂ ਪੁਰਾਣੀ ਪੈਨਸ਼ਨ ਬਹਾਲੀ ਲਈ ਭੁੱਖ ਹੜਤਾਲ 'ਚ ਸ਼ਾਮਲ ਹੋਣ ਦਾ ਐਲਾਨ



**ਫਤਿਹਗੜ੍ਹ ਚੂੜੀਆਂ (ਜਸਦੇਵ ਮਾਨ)**- ਮਾਸਟਰ ਕੇਡਰ ਯੂਨੀਅਨ ਪੰਜਾਬ ਦੀ ਜ਼ਿਲ੍ਹਾ ਗੁਰਦਾਸਪੁਰ ਇਕਾਈ ਦੇ ਪ੍ਰਧਾਨ ਇੰਦਰਪਾਲ ਸਿੰਘ ਘਈ ਅਤੇ ਜਨਰਲ ਸਕੱਤਰ ਅਮਰਬੀਰ ਸਿੰਘ ਰੰਧਾਵਾ ਮਰੀਦਕੇ ਦੀ ਅਗਵਾਈ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ। ਇਸ ਵਿੱਚ ਸੀਨੀਅਰ ਮੀਤ ਪ੍ਰਧਾਨ ਕਰਮਜੀਤ ਵਾਸਦੇਵ, ਮੀਤ ਪ੍ਰਧਾਨ ਕਰਮਜੀਤ ਸਿੰਘ, ਮੀਤ ਪ੍ਰਧਾਨ ਅਰਵਿੰਦਰ ਕੌਰ ਅਤੇ ਹੋਰ ਸਾਥੀਆਂ ਨੇ ਹਿੱਸਾ ਲਿਆ।ਮੀਟਿੰਗ ਵਿੱਚ ਵਿਚਾਰ ਕਰਨ ਤੋਂ ਬਾਅਦ ਸਾਂਝੇ ਰੂਪ ਵਿੱਚ ਬਿਆਨ ਜਾਰੀ ਕੀਤਾ ਗਿਆ ਕਿ ਸਮੂਹ ਮਾਸਟਰ ਕੇਡਰ ਜਥੇਬੰਦੀ ਪੁਰਾਣੀ ਪੈਨਸ਼ਨ ਬਹਾਲੀ ਜਥੇਬੰਦੀ ਦੇ ਸੱਦੇ ਤੇ ਇੱਕ ਅਕਤੂਬਰ ਨੂੰ ਪੁਰਾਣੀ ਪੈਨਸ਼ਨ ਬਹਾਲੀ ਲਈ ਜ਼ਿਲ੍ਹਾ ਪੱਧਰੀ ਭੁੱਖ ਹੜਤਾਲ ਵਿੱਚ ਹਿੱਸਾ ਲਵੇਗੀ ਅਤੇ ਆਪਣੇ ਸਾਥੀਆਂ ਸਮੇਤ ਉਹਨਾਂ ਨੂੰ ਪੂਰਨ ਸਹਿਯੋਗ ਦੇਵੇਗੀ।ਇਸ ਮੌਕੇ ਗੱਲਬਾਤ ਕਰਦਿਆ ਯੂਨੀਅਨ ਆਗੂਆਂ ਦੱਸਿਆ ਕਿ ਪੁਰਾਣੀ ਪੈਨਸ਼ਨ ਸੰਬੰਧੀ ਜੋ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ ਉਸ ਨੂੰ ਲਾਗੂ ਕਰਵਾਉਣ ਲਈ ਜਥੇਬੰਦੀ ਪੂਰੀ ਤਨਦੇਹੀ ਨਾਲ ਆਪਣਾ ਫਰਜ਼ ਨਿਭਾਵੇਗੀ ।ਪੁਰਾਣੀ ਪੈਨਸ਼ਨ ਬਹਾਲੀ ਤੋਂ ਇਲਾਵਾ ਏਸੀਪੀ, ਭੱਤੇ ਲਾਗੂ ਕਰਨਾ, ਡੀ. ਏ. ਦੀਆਂ ਕਿਸ਼ਤਾਂ ਦਾ ਬਕਾਇਆ, ਨਵੇਂ ਭਰਤੀ ਮੁਲਾਜ਼ਮਾਂ ਨੂੰ ਪੁਰਾਣੇ ਮੁਲਾਜ਼ਮਾਂ ਦੇ ਬਰਾਬਰ ਤਨਖਾਹ ਦੇਣ ਦੀ ਮੰਗ ਵੀ ਸਰਕਾਰ ਕੋਲੋਂ ਕੀਤੀ ਗਈ।ਇਸ ਮੌਕੇ ਬਲਾਕ ਪ੍ਰਧਾਨ ਨਵਜੋਤ ਸਿੰਘ ,ਬਲਾਕ ਪ੍ਰਧਾਨ ਪਰਵਿੰਦਰ ਸਿੰਘ, ਜੋਗਿੰਦਰ ਪਾਲ, ਰਮਨ ਮਹਾਜਨ ਮੀਤ ਪ੍ਰਧਾਨ, ਉਮੇਸ਼ ਮੀਤ ਪ੍ਰਧਾਨ, ਦਵਿੰਦਰ ਸਿੰਘ ਮੀਤ ਪ੍ਰਧਾਨ, ਭੁਪਿੰਦਰ ਸਿੰਘ ਮੀਤ ਪ੍ਰਧਾਨ ਅਤੇ ਹੋਰ ਬਹੁਤ ਸਾਰੇ ਸਾਥੀ ਹਾਜ਼ਰ ਸਨ।

## ਲਾਰਡਜ਼ ਮਾਰਕ ਇੰਡਸਟ੍ਰੀਜ਼ ਹਾਊਸ ਆਫ਼ ਲਾਰਡਜ਼ 'ਚ ਸਨਮਾਨਿਤ

**ਚੰਡੀਗੜ੍ਹ** : ਲਾਰਡਜ਼ ਮਾਰਕ ਇੰਡਸਟ੍ਰੀਜ਼ ਲਿਮਿਟੇਡ ਨੂੰ ਲੰਡਨ ਦੇ ਇਤਿਹਾਸਕ ਹਾਊਸ ਆਫ਼ ਲਾਰਡਜ਼ ਵਿੱਚ ਆਯੋਜਿਤ ਇੰਡੋ-ਯੂਰੋਪੀਅਨ ਬਿਜ਼ਨਸ ਫੋਰਮ ਦੇ ਵਿਕਸਤ ਭਾਰਤ ਨਿਵੇਸ਼ ਸੰਮੇਲਨ 2025 ਸਮਾਰੋਹ ਵਿੱਚ ਡਾਇਗਨੌਸਟਿਕ ਡਿਵਾਈਸਾਂ ਵਿੱਚ ਨਵੀਨਤਾ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਲਾਰਡਜ਼ ਮਾਰਕ ਇੰਡਸਟ੍ਰੀਜ਼ ਲਿਮਿਟਡ ਭਾਰਤ ਵਿੱਚ ਪਹਿਲੀ ਮੈਡੀਕਲ ਡਾਇਗਨੋਸਟਿਕ ਕੰਪਨੀ ਬਣੀ ਹੈ।ਇਹ ਐਵਾਰਡ ਲਾਰਡਜ਼ ਮਾਰਕ ਮਾਈਕ੍ਰੋਬਾਇਓਟੈਕ ਦੇ ਸੀਈਓ ਸੁਬੋਧ ਗੁਪਤਾ ਨੇ ਪ੍ਰਾਪਤ ਕੀਤਾ।ਸਨਮਾਨ ਪ੍ਰਾਪਤ ਕਰਨ 'ਤੇ ਲਾਰਡਜ਼ ਮਾਰਕ ਮਾਈਕ੍ਰੋਬਾਇਓਟੈਕ ਦੇ ਸੀਈਓ ਸੁਬੋਧ ਗੁਪਤਾ ਨੇ ਕਿਹਾ ਕਿ ਇਹ ਸਨਮਾਨ ਕੇਵਲ ਇੱਕ ਮੀਲ ਦਾ ਪੱਥਰ ਨਹੀਂ, ਸਗੋਂ ਸਾਡੇ ਉਦੇਸ਼ ਦੀ ਪੁਸ਼ਟੀ ਵੀ ਹੈ।ਸਾਡਾ ਮਕਸਦ ਭਾਰਤ ਨੂੰ ਮਾਣ ਮਹਿਸੂਸ ਕਰਵਾਉਣਾ ਅਤੇ ਪ੍ਰਧਾਨ ਮੰਤਰੀ ਦੇ ਮੇਕ ਇਨ ਇੰਡੀਆ ਅਤੇ ਆਤਮਨਿਰਭਰ ਭਾਰਤ ਵਿਜ਼ਨ ਨੂੰ ਸਾਕਾਰ ਕਰਨਾ ਹੈ-ਭਾਰਤੀ ਨਵੇਂ ਯੋਗਦਾਨ ਨੂੰ ਵਿਸ਼ਵ ਪੱਧਰ 'ਤੇ ਲੈ ਜਾਣਾ ਹੈ।

## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਨੇ ਜ਼ੋਨਲ ਕਲਾ ਉਤਸਵ ਮੁਕਾਬਲੇ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ




**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਬੀਤੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨਲ ਪੱਧਰੀ ਕਲਾ ਉਤਸਵ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਈ ਵੰਨਗੀਆਂ ਦੇ ਮੁਕਾਬਲੇ ਸਨ। ਇਹ ਮੁਕਾਬਲੇ ਵਿਦਿਆਰਥੀਆਂ ਦੀ ਸੂਹਜ ਕਲਾ ਨੂੰ ਨਿਖਾਰਨ ਲਈ ਸੰਗੀਤ ਦੇ ਗਾਇਨ ਵਾਧਨ ਅਤੇ ਨਾਚ ਆਦਿਕ ਕਲਾਵਾਂ ਦੀ ਪੇਸ਼ਕਾਰੀ ਅਤੇ ਰੰਗ ਮੰਚ ਦੀ ਨਾਟਕ ਵਿਧਾ ਨਾਲ ਵੀ ਸੰਬੰਧਿਤ ਸਨ।ਜ਼ਿਲਾ-ਪੱਧਰੀ ਮੁਕਾਬਲਿਆਂ ਵਿੱਚ ਵੋਕਲ ਮਿਊਜ਼ਿਕ ਗਰੁੱਪ ਦੀ ਭਗਤੀ ਸੰਗੀਤ ਸ਼੍ਰੇਣੀ ਵਿੱਚ ਪਹਿਲੇ ਦਰਜੇ 'ਤੇ ਆਉਣ ਤੋਂ ਬਾਅਦ ਹੁਣ ਜ਼ੋਨਲ ਪੱਧਰੀ ਮੁਕਾਬਲੇ ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ, ਸ੍ਰੀ ਅੰਮ੍ਰਿਤਸਰ ਵਿਖੇ ਕਰਵਾਏ ਗਏ, ਜਿਸ ਵਿੱਚ ਬਹੁਤ ਹੀ ਸਖ਼ਤ ਮੁਕਾਬਲੇ ਦੇ ਬਾਵਜੂਦ ਤਰਨ ਤਾਰਨ ਜ਼ਿਲ੍ਹੇ ਦੀ ਅਗਵਾਈ ਕਰਦਿਆਂ ਗੁਰੂ ਅਮਰਦਾਸ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੇ ਹੋਣਹਾਰ ਵਿਦਿਆਰਥੀਆਂ ਨੇ ਆਪਣੇ ਸੰਗੀਤ ਅਧਿਆਪਕ ਸਰਦਾਰ ਹਰਜੀਤ ਸਿੰਘ ਜੀ ਦੁਆਰਾ ਤਿਆਰ ਕਰਵਾਈ ਭਗਤੀ ਸੰਗੀਤ ਦੀ ਪੇਸ਼ਕਾਰੀ ਬਹੁਤ ਹੀ ਬਾਕਮਾਲ ਢੰਗ ਨਾਲ ਪੇਸ਼ ਕਰਕੇ ਇਸ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਉੱਤਮ ਦਰਜੇ ਦੀ ਪ੍ਰਾਪਤੀ ਨਾਲ ਵਿਦਿਆਰਥੀਆਂ ਨੇ ਆਪਣੇ ਮਾਪਿਆਂ, ਅਧਿਆਪਕਾਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸ਼ਾਨਦਾਰ ਪ੍ਰਾਪਤੀ ਤੋਂ ਖੁਸ਼ ਹੁੰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰ. ਮਨੀਸ਼ਾ ਸੂਦ ਨੇ ਭਗਤੀ ਸੰਗੀਤ ਦੀ ਤਿਆਰੀ ਕਰਵਾਉਣ ਵਾਲੇ ਅਧਿਆਪਕ ਅਤੇ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਅਗਾਂਹ ਆਉਣ ਵਾਲੇ ਮੁਕਾਬਲਿਆਂ ਵਿੱਚ ਹੋਰ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਭਾਜਪਾ ਆਗੂ ਅੰਕੁਸ਼ ਸ਼ਰਮਾ ਵੱਲੋਂ ਰਾਮ ਲੀਲਾ ਦੀ ਚੌਥੀ ਨਾਈਟ ਦਾ ਉਦਘਾਟਨ ਕੀਤਾ

**ਅਜਨਾਲਾ (ਸਖਤਿੰਦਰ ਸਿੰਘ ਰਾਜੂ)**- ਪ੍ਰਾਚੀਨ ਸ਼ਿਵ ਮੰਦਰ ਦੀ ਗਰਾਊਂਡ ਵਿੱਚ ਹਰ ਸਾਲ ਦੀ ਖੇਡੀ ਜਾਂਦੀ ਨਿਊ ਸ਼ਿਵ ਡਰਾਮਾਟਿਕ ਕਲੱਬ ਵੱਲੋਂ ਰਾਮ ਲੀਲਾ ਦੀ



ਚੌਥੀ ਨਾਈਟ ਦਾ ਉਦਘਾਟਨ ਭਾਜਪਾ ਆਗੂ ਤੇ ਵਾਰਡ ਨੰਬਰ 7 ਨਵੀਂ ਆਬਾਦੀ ਦੇ ਇੰਚਾਰਜ ਅੰਕੁਸ਼ ਸ਼ਰਮਾ ਨੇ ਕਰਵਾਇਆ। ਉਨ੍ਹਾਂ ਨਿਊ ਸ਼ਿਵ ਡਰਾਮਾਟਿਕ ਕਲੱਬ ਨੂੰ ਸਹਿਯੋਗ ਵੀ ਦਿੱਤਾ।ਇਸ ਮੌਕੇ ਉਨ੍ਹਾਂ ਦੇ ਨਾਲ ਸਮਾਜ ਸੇਵੀ ਸ਼ਾਮ ਸੁੰਦਰ ਦੀਵਾਨਾ, ਜਸਪਾਲ ਮਹਿਤਾ, ਨਿਆਮਤ ਮਸੀਹ, ਕੌਂਸਲਰ ਵਿਕਰਮ ਬੇਦੀ, ਦੀਪੂ ਅਰੋੜਾ, ਡਾ. ਸੰਦੀਪ ਕੁਮਾਰ ਉਪਲ, ਹੈਪੀ ਸ਼ਰਮਾ, ਬੱਬੀ ਸ਼ਾਹ, ਡਾ. ਦੀਪਕ ਕੁਮਾਰ, ਬੱਬਰ ਸਿੰਘ, ਵਿਪਨ ਖੱਤਰੀ, ਸੌਰਵ ਸਰੀਨ, ਲਾਡੀ ਅਜਨਾਲਾ, ਅੰਮ੍ਰਿਤ ਰੰਧਾਵਾ, ਸੁਮੀਤ ਕਟਾਰੀਆ, ਰਾਹੁਲ ਅਰੋੜਾ, ਹੀਰਾ ਸ਼ਾਹ, ਹਰਿੰਦਰ ਸਿੰਘ ਹਨੀ, ਮੋਹਿਤ ਸ਼ਰਮਾ, ਰਾਕੇਸ਼ ਕੁਮਾਰ ਸ਼ਰਮਾ, ਹਨੀ ਫਰੂਟ ਵਾਲੇ, ਰਾਕੇਸ਼ ਮਹਾਜਨ, ਹਰਸ਼ ਕੁਮਾਰ ਅਰੋੜਾ, ਦਕਸ਼ ਕੁਮਾਰ, ਕਰਨਬੀਰ ਕੁਮਾਰ, ਬਲਵਿੰਦਰ ਕੁਮਾਰ, ਕੁਲਦੀਪ ਕੁਮਾਰ ਰਾਜੂ, ਅਜੈ ਕੁਮਾਰ ਮਹਿਤਾ, ਵਿਨੋਦ ਕੁਮਾਰ ਜੇਈ, ਪ੍ਰਧਾਨ ਕਿਸ਼ੋਰੀ ਲਾਲ ਸ਼ਰਮਾ, ਪਨੀਤ ਕੁਮਾਰ ਭਾਰਤ, ਹੀਰਾ ਲਾਲ ਅਤੇ ਐਡਵੋਕੇਟ ਸੰਦੀਪ ਕੌਸ਼ਲ ਆਦਿ ਹਾਜ਼ਰ ਸਨ।

## ਜੀਐੱਸਟੀ 'ਚ ਕਟੌਤੀ ਕਰਕੇ ਮੋਦੀ ਸਰਕਾਰ ਨੇ ਦਿਵਾਲੀ 'ਤੇ ਤੋਹਫਾ ਦਿੱਤਾ : ਸੰਜੇ ਕਪੂਰ

**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**- ਕੇਂਦਰ ਦੀ ਸਰਕਾਰ ਵੱਲੋਂ ਹਿੰਦੁਸਤਾਨ ਵਾਸੀਆਂ ਨੂੰ ਦਿਵਾਲੀ ਦੇ ਮੌਕੇ ਬਹੁਤ ਵੱਡਾ ਤੋਹਫਾ ਜੀਐੱਸਟੀ ਘੱਟ ਕਰਕੇ ਦਿੱਤਾ ਗਿਆ। ਉਕਤ ਵਿਚਾਰਾਂ ਦਾ ਪ੍ਰਗਟਾਵਾ ਅਜਨਾਲਾ ਭਾਰਤੀ ਜਨਤਾ ਪਾਰਟੀ ਦੇ ਦਫਤਰ ਵਿੱਚ ਇੱਕ ਪ੍ਰੈੱਸ ਕਾਨਫਰੰਸ ਕਰਦਿਆਂ ਜੀਐੱਸਟੀ ਅਭਿਆਨ ਦੇ ਇੰਚਾਰਜ ਸੰਜੇ ਕਪੂਰ ਅਤੇ ਅਜਨਾਲਾ ਦੇ ਸਾਬਕਾ ਵਿਧਾਇਕ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਦਿਹਾਤੀ ਪ੍ਰਧਾਨ ਬੋਨੀ ਅਮਰਪਾਲ



ਸਿੰਘ ਨੇ ਕੀਤਾ। ਉਨ੍ਹਾਂ ਨੇ ਕਿਹਾ ਕਿ ਜੀਐੱਟੀ ਘਟਣ ਨਾਲ ਖਾਣ ਪੀਣ ਵਾਲੀਆਂ ਚੀਜ਼ਾਂ, ਇਲੈਕਟਰੋਨਿਕ ਸਾਮਾਨ, ਮਸ਼ੀਨਰੀ ਆਦਿ ਬਹੁਤ ਸਸਤੀ ਹੋ ਗਈ ਜਿਸ ਨਾਲ ਮਹਿੰਗਾਈ ਉਤੇ ਬਹੁਤ ਵੱਡਾ ਅਸਰ ਪਿਆ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਵੀ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਨਾਲ ਖੜ੍ਹੀ ਰਹੀ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਅਹੁਦੇਦਾਰ ਇੰਚਾਰਜ ਮੁਖਵਿੰਦਰ ਸਿੰਘ, ਸੁਸ਼ੀਲ ਦੇਵਗਨ ਹਲਕਾ ਇੰਚਾਰਜ ਅਟਾਰੀ, ਉੱਘੇ ਟਰਾਂਸਪੋਰਟਰ ਬਾਊ ਅਸ਼ੋਕ ਕੁਮਾਰ ਮੰਨਣ, ਪ੍ਰਦੀਪ ਕੁਮਾਰ ਬੰਟਾ, ਵਿਸ਼ਾਲ ਗਾਂਧੀ, ਵਿਕਰਮ ਅਰੋੜਾ, ਵਤਨ ਅਰੋੜਾ, ਲਵਲੀ ਅਜਨਾਲਾ, ਸਤੀਸ਼ ਕੁਮਾਰ ਗਾਂਧੀ, ਲੱਕੀ ਬੇਦੀ, ਰਾਕੇਸ਼ ਕੁਮਾਰ ਜਿਊਲਰ, ਬੱਬਰ ਸਿੰਘ ਅਜਨਾਲਾ, ਪ੍ਰਿੰਸ ਜਿਊਲਰ, ਧਰਮਿੰਦਰ ਸਿੰਘ, ਦੀਪੂ ਅਰੋੜਾ, ਸੌਰਵ ਸਰੀਨ, ਅਰੁਣ ਸਰੀਨ, ਕਸ਼ਮੀਰ ਸਿੰਘ ਕਾਕੂ ਆਦਿ ਹਾਜ਼ਰ ਸਨ।

## ਹੜ੍ਹ ਪੀੜਤਾਂ ਲਈ ਮੁੰਬਈ ਤੋਂ ਇੱਕ ਕਰੋੜ ਰੁਪਏ ਦੀ ਰਾਹਤ ਸਮੱਗਰੀ ਰਵਾਨਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਵਾਹਿਗੁਰੂ ਦੀ ਕਿਰਪਾ ਅਤੇ ਸੰਗਤ ਦੇ ਉਤਸ਼ਾਹਪੂਰਣ ਸਹਿਯੋਗ ਨਾਲ ਟੀਮ ਰਿਲੀਫ ਪੰਜਾਬ ਫਲੱਡਜ਼ ਵੱਲੋਂ ਗੁਰਦੁਆਰਾ ਖਾਰਘਰ, ਨਵੀਂ ਮੁੰਬਈ ਤੋਂ ਰਾਹਤ ਸਮੱਗਰੀ ਰਵਾਨਾ ਕੀਤੀ ਗਈ।ਸਮਾਰੋਹ ਦੀ ਸ਼ੁਰੂਆਤ ਅਰਦਾਸ ਨਾਲ ਹੋਈ, ਜਿਸ ਵਿੱਚ ਇਸ ਮਨੁੱਖਤਾ ਦੀ ਸੇਵਾ ਦੇ ਮਿਸ਼ਨ ਦੀ ਕਾਮਯਾਬੀ ਲਈ ਅਸੀਸਾਂ ਲਈਆਂ ਗਈਆਂ। ਇਸ ਮੌਕੇ ਜਾਣਕਾਰੀ ਦਿੰਦਿਆਂ ਬੱਲ ਮਲਕੀਤ ਸਿੰਘ ਚੇਅਰਮੈਨ ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕਾਦਮੀ ਨੇ ਦੱਸਿਆ ਕਿ ਟੀਮ 1 ਅਤੇ 2 ਅਕਤੂਬਰ ਨੂੰ ਪੰਜਾਬ ਦੇ ਡੇਰਾ ਬਾਬਾ ਨਾਨਕ ਖੇਤਰ ਵਿੱਚ ਮੌਜੂਦ ਰਹੇਗੀ, ਜੋ ਹੜ੍ਹ ਨਾਲ ਸਭ ਤੋਂ ਵੱਧ ਪ੍ਰਭਾਵਿਤ ਇਲਾਕਿਆਂ ਵਿੱਚੋਂ ਇੱਕ ਹੈ।ਪਹਿਲੇ ਪੜਾਅ ਵਿੱਚ 500 ਪ੍ਰਭਾਵਿਤ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਤਿਆਰ ਕੀਤੇ ਘਰੇਲੂ ਰਾਹਤ ਕਿੱਟ ਦਿੱਤੇ ਜਾਣਗੇ, ਜਿਸ ਵਿੱਚ ਗੱਦਾ ਕਵਰ ਸਮੇਤ ਊਨੀ ਚਾਦਰ ਅਤੇ 2 ਤਕੀਏ (ਕਵਰ ਸਮੇਤ), ਕੰਬਲ, ਜੈਂਟਸ ਲਈ ਲੋਈ, ਲੇਡੀਜ਼ ਲਈ ਸ਼ਾਲ, ਬਰਤਨ ਆਦਿ ਸ਼ਾਮਿਲ ਹਨ ਅਤੇ 2 ਅਕਤੂਬਰ ਦੁਸਹਿਰੇ ਵਾਲੇ ਦਿਨ ਪ੍ਰਭਾਵਿਤ ਪਰਿਵਾਰਾਂ ਨਾਲ ਬਿਤਾ ਕੇ ਉਨ੍ਹਾਂ ਨਾਲ ਏਕਤਾ, ਪਿਆਰ ਅਤੇ ਸਹਿਯੋਗ ਸਾਂਝਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਾਨੂੰ ਇਹ ਐਲਾਨ ਕਰਕੇ ਮਾਣ ਹੈ ਕਿ ਇਸ ਪੁੰਨ ਦੇ ਕਾਰਜ ਲਈ 1 ਕਰੋੜ ਦਾ ਯੋਗਦਾਨ ਇਕੱਠਾ ਕੀਤਾ ਗਿਆ ਹੈ।

## ਓਪੋ ਵੱਲੋਂ ਭਾਰਤ 'ਚ ਰੇਨੋ14 5ਜੀ ਦੀਵਾਲੀ ਐਡੀਸ਼ਨ ਲਾਂਚ

**ਲੁਧਿਆਣਾ** : ਰੇਨੋ14 ਸੀਰੀਜ਼ ਦੀ ਸ਼ਾਨਦਾਰ ਸਫਲਤਾ ਤੋਂ ਬਾਅਦ ਓਪੋ ਨੇ ਭਾਰਤੀ ਤਿਉਹਾਰਾਂ ਦੇ ਉਤਸ਼ਾਹ ਨੂੰ ਵਧਾਉਣ ਲਈ ਵਿਸ਼ੇਸ਼ ਤੌਰ 'ਤੇ ਭਾਰਤ ਲਈ ਡਿਜ਼ਾਈਨ ਕੀਤਾ ਗਿਆ ਰੇਨੋ14 5ਜੀ ਦੀਵਾਲੀ ਐਡੀਸ਼ਨ ਪੇਸ਼ ਕੀਤਾ ਹੈ।ਇਸ ਵਿੱਚ ਦੋ ਵਿਸ਼ੇਸ਼ਤਾਵਾਂ ਹਨ, ਜੋ ਸਮਾਰਟਫੋਨ ਵਿੱਚ ਪਹਿਲੀ ਵਾਰ ਮਿਲ ਰਹੀਆਂ ਹਨ।ਪਹਿਲੀ ਵਿਸ਼ੇਸ਼ਤਾ ਇੱਕ ਅਨੋਖਾ ਕਲਚਰਲ ਡਿਜ਼ਾਈਨ ਜਿਸ ਵਿੱਚ ਮਾਂਡਲਾ, ਮੋਰ ਅਤੇ ਤਿਉਹਾਰਾਂ ਦੇ ਮੋਟਿਫ ਖੂਬਸੂਰਤੀ ਨਾਲ ਜੁੜੇ ਹਨ ਅਤੇ ਦੂਜੀ ਵਿਸ਼ੇਸ਼ਤਾ ਭਾਰਤ ਲਈ ਉਦਯੋਗ ਦੀ ਪਹਿਲੀ ਹੀਟ-ਸੈਂਸਿਟਿਵ ਕਲਰ-ਚੇਂਜਿੰਗ ਟੈਕਨਾਲੋਜੀ। ਇਹ ਇਨੋਵੇਸ਼ਨ ਇੱਕ ਅਜਿਹਾ ਅਨੁਭਵ ਪ੍ਰਦਾਨ ਕਰਦਾ ਹੈ ਜੋ ਜਾਦੂਈ ਹੋਣ ਦੇ ਨਾਲ-ਨਾਲ ਸਾਰਥਕ ਵੀ ਹੈ, ਜੋ ਦੀਵਾਲੀ ਦੀ ਭਾਵਨਾ ਦੇ ਅਨੁਰੂਪ ਹਨੇਰੇ 'ਤੇ ਪ੍ਰਕਾਸ਼ ਦੀ ਜਿੱਤ ਦਾ ਪ੍ਰਤੀਕ ਹੈ।ਰੇਨੋ14 5ਜੀ ਦੀਵਾਲੀ ਐਡੀਸ਼ਨ 872+25672 ਵੇਰੀਐਂਟ ਵਿੱਚ 39,999 ਰੁਪਏ ਵਿੱਚ ਉਪਲਬਧ ਹੈ।ਹਾਲਾਂਕਿ ਵਿਸ਼ੇਸ਼ ਫੈਸਟੀਵਲ ਆਫਰ ਦੇ ਤਹਿਤ ਇਸਨੂੰ 36,999 ਰੁਪਏ ਦੀ ਰਿਆਇਤੀ ਕੀਮਤ 'ਤੇ ਖਰੀਦਿਆ ਜਾ ਸਕਦਾ ਹੈ।

## ਡੀਸੀ ਦਲਵਿੰਦਰਜੀਤ ਸਿੰਘ ਨੇ ਸ਼ਿਵ ਪਰਿਵਾਰ ਸੇਵਾ ਕਮੇਟੀ ਦੇ ਕੰਮਾਂ ਨੂੰ ਸਲਾਹਿਆ

**ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਸ਼ਿਵ ਪਰਿਵਾਰ ਸੇਵਾ ਕਮੇਟੀ ਦੇ ਪ੍ਰਧਾਨ ਵਿਕਾਸ ਮਹਿੰਦਰੂ ਅਤੇ ਅਹੁਦੇਦਾਰ ਅਮਰਿੰਦਰ ਪਰਮਾਰ ਆਸ਼ੂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਲਵਿੰਦਰਜੀਤ ਸਿੰਘ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਜਿੱਥੇ ਡਿਪਟੀ ਕਮਿਸ਼ਨਰ ਨੇ ਕਮੇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ, ਉਥੇ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਪੂਰਾ ਸਹਿਯੋਗ ਦੇਣ ਦੀ ਗੱਲ ਵੀ ਆਖੀ।ਜ਼ਿਕਰਯੋਗ ਹੈ ਕਿ ਸ਼ਿਵ ਪਰਿਵਾਰ ਸੇਵਾ ਕਮੇਟੀ ਵੱਲੋਂ ਬੀਤੇ ਦਿਨੀ ਹੜ੍ਹਾਂ ਦੌਰਾਨ ਐੱਨਡੀਆਰਐੱਫ ਟੀਮਾਂ ਦੇ ਲੱਗਭਗ 200 ਜਵਾਨਾਂ ਦੇ ਰਹਿਣ ਅਤੇ ਖਾਣ ਪੀਣ ਦਾ ਲਗਾਤਾਰ 14 ਦਿਨ ਲਈ ਪ੍ਰਬੰਧ ਕੀਤਾ ਸੀ।ਇਸ ਤੋਂ ਇਲਾਵਾ ਕਮੇਟੀ ਵੱਲੋਂ ਬਰਸਾਤਾਂ ਮਗਰੋਂ ਹੜ੍ਹ ਪ੍ਰਭਾਵਿਤ ਖੇਤਰਾਂ ਅਤੇ ਫ਼ਤਿਹਗੜ੍ਹ ਚੂੜੀਆਂ ਸ਼ਹਿਰ ਅੰਦਰ ਡੇਂਗੂ ਮੱਛਰ ਤੋਂ



ਬਚਾਅ ਲਈ ਆਪਣੀ ਫੋਗਿੰਗ ਮਸ਼ੀਨ ਰਾਹੀਂ ਫੌਗਿੰਗ ਕਰਵਾਈ ਜਾ ਰਹੀ ਹੈ।ਇਨ੍ਹਾਂ ਸਾਰੇ ਕੰਮਾਂ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਪ੍ਰਧਾਨ ਵਿਕਾਸ ਮਹਿੰਦਰੂ ਅਤੇ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਹ ਅਜਿਹੀਆਂ ਸਮਾਜ ਭਲਾਈ ਸੰਸਥਾਵਾਂ ਦੇ ਹਮੇਸ਼ਾਂ ਰਿਣੀ ਰਹਿਣਗੇ, ਜੋ ਪ੍ਰਸ਼ਾਸਨ ਨੂੰ ਸਮੇਂ-ਸਮੇਂ ਆਪਣਾ ਸਹਿਯੋਗ ਦਿੰਦੀਆਂ ਰਹਿੰਦੀਆਂ ਹਨ।ਉਨ੍ਹਾਂ ਕਿਹਾ ਕਿ ਉਹ ਸ਼ਿਵ ਪਰਿਵਾਰ ਸੇਵਾ ਕਮੇਟੀ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਕਾਰਜਾਂ ਦੀ ਪ੍ਰਸੰਸਾ ਕਰਦੇ ਹਨ ਅਤੇ ਆਸ ਕਰਦੇ ਹਨ ਕਿ ਕਮੇਟੀ ਇਸੇ ਤਰ੍ਹਾਂ ਆਪਣੀਆਂ ਵੱਡੀ ਪੱਧਰ 'ਤੇ ਗਤੀਵਿਧੀਆਂ ਚਲਾਉਂਦੀ ਰਹੇਗੀ।ਇਸ ਮੌਕੇ ਪ੍ਰਧਾਨ ਵਿਕਾਸ ਮਹਿੰਦਰੂ ਨੇ ਵੀ ਡਿਪਟੀ ਕਮਿਸ਼ਨਰ ਸਮੇਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ ਫ਼ਤਿਹਗੜ੍ਹ ਚੂੜੀਆਂ ਗੁਰਮੰਦਰ ਸਿੰਘ ਅਤੇ ਐੱਸ.ਡੀ.ਐੱਮ ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਦਾ ਧੰਨਵਾਦ ਕੀਤਾ ਅਤੇ ਪ੍ਰਸ਼ਾਸਨ ਦਾ ਹਰ ਪੱਖੋਂ ਸਹਿਯੋਗ ਦੇਣ ਲਈ ਕਿਹਾ। ਮਹਿੰਦਰੂ ਨੇ ਕਿਹਾ ਕਿ ਕਮੇਟੀ ਭਵਿੱਖ ਵਿੱਚ ਵੀ ਆਪਣੀਆਂ ਨਿਰੰਤਰ ਸਮਾਜਿਕ ਗਤੀਵਿਧੀਆਂ ਜਾਰੀ ਰੱਖੇਗੀ।

## ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਵਿਸ਼ਵ ਵਾਤਾਵਰਣ ਸਿਹਤ ਦਿਵਸ ਮਨਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਖੇ ਈਕੋ ਕਲੱਬ ਵੱਲੋਂ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਵਿਸ਼ਵ ਵਾਤਾਵਰਣ ਸਿਹਤ ਦਿਵਸ ਮਨਾਇਆ ਗਿਆ।ਇਸ ਮੌਕੇ ਈਕੋ ਕਲੱਬ ਦੇ ਇੰਚਾਰਜ ਪ੍ਰੋਫ਼ੈਸਰ ਰਾਕੇਸ਼ ਕੁਮਾਰ, ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋਫ਼ੈਸਰ ਕੁਲਵਿੰਦਰ ਸਿੰਘ ਨਾਲ ਵੱਖ ਵੱਖ ਵਿਭਾਗਾਂ ਦੇ ਅਧਿਆਪਕ ਸ਼ਾਮਿਲ ਹੋਏ। ਈਕੋ ਕਲੱਬ ਦੇ ਇੰਚਾਰਜ ਪ੍ਰੋਫ਼ੈਸਰ ਰਾਕੇਸ਼ ਕੁਮਾਰ ਵੱਲੋਂ ਵਿਸ਼ਵ ਵਾਤਾਵਰਣ ਸਿਹਤ ਦਿਵਸ ਤੇ ਪਿਛੋਕੜ ਅਤੇ ਇਸ ਨੂੰ ਮਨਾਉਣ ਦੇ ਮੰਤਵ ਬਾਰੇ ਵਿਦਿਆਰਥੀਆਂ ਨਾਲ ਚਰਚਾ ਕੀਤੀ। ਭੌਤਿਕ ਵਿਗਿਆਨ ਵਿਭਾਗ ਦੇ ਪ੍ਰੋਫ਼ੈਸਰ ਕੁਲਵਿੰਦਰ ਸਿੰਘ ਵੱਲੋਂ ਮੌਜੂਦਾ ਸਮੇਂ ਵਿੱਚ ਗੰਧਲੇ ਹੋ ਰਹੇ ਵਾਤਾਵਰਣ ਦੀ ਸਾਂਭ ਸੰਭਾਲ ਕਰਨ ਅਤੇ ਇਸ ਨਾਲ ਪੈਦਾ ਹੋ ਰਹੀਆਂ ਸਮੱਸਿਆਵਾਂ ਬਾਰੇ ਵਿਦਿਆਰਥੀ ਵਰਗ ਨਾਲ ਵਿਚਾਰ ਸਾਂਝੇ ਕੀਤੇ।ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਸਿੰਘ ਹੁੰਦਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ



ਵਾਤਾਵਰਣ ਵਿੱਚ ਲਗਾਤਾਰ ਆ ਰਹੇ ਵਿਗਾੜ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ ਵਾਤਾਵਰਣ ਦਾ ਸੰਤੁਲਨ ਲਗਾਤਾਰ ਵਿਗੜ ਰਿਹਾ ਹੈ।ਵਿਦਿਆਰਥੀ ਵਰਗ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਵਾਸਤੇ ਵੱਧ ਤੋਂ ਵੱਧ ਉਪਰਾਲੇ ਕਰਨੇ ਚਾਹੀਦੇ ਹਨ ਅਤੇ ਪੜ੍ਹਾਈ ਦੇ ਨਾਲ ਨਾਲ ਇਸ ਵਿਸ਼ੇ ਨਾਲ ਜੁੜ ਕੇ ਉਸਾਰੂ ਯੋਗਦਾਨ ਪਾਉਣਾ ਚਾਹੀਦਾ ਹੈ।

## ਖਾਲਸਾ ਕਾਲਜ ਗੁਰਦਾਸਨੰਗਲ ਵਿਖੇ ਦੋ ਰੋਜ਼ਾ ਵਰਕਸ਼ਾਪ ਲਗਾਈ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਤੇ ਵਿਦਿਆ ਸਕੱਤਰ ਇੰਜੀਨੀਅਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਕਮਰਸ ਵਿਭਾਗ ਦੇ ਵਿਸ਼ੇਸ਼ ਸਹਿਯੋਗ ਨਾਲ ਦੀ ਸੰਸਥਾ ਐੱਨ ਆਈ ਐੱਸ ਐੱਮ (ਨੈਸ਼ਨਲ ਇੰਸਟੀਟਿਊਟ ਆਫ਼ ਸਕਿਓਰਿਟੀਜ਼ ਮਾਰਕੀਟਸ) ਵੱਲੋਂ



ਦੋ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਕਾਨਫਰੰਸ ਲਈ ਡਾ. ਜਸਵਿੰਦਰ ਕੌਰ, ਹੈੱਡ, ਪੋਸਟ ਗ੍ਰੈਜੂਏਟ ਕਮਰਸ ਵਿਭਾਗ, ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਉਚੇਚੇ ਤੌਰ ਤੇ ਪਹੁੰਚੇ। ਉਨ੍ਹਾਂ ਨੇ ਦੋ ਦਿਨਾ ਕਾਨਫਰੰਸ ਦੇ ਅੱਠ ਸੈਸ਼ਨਾਂ ਦੌਰਾਨ ਕਾਲਜ ਵਿਦਿਆਰਥੀਆਂ ਨੂੰ ਨਿਵੇਸ਼ ਦੀ ਮਹੱਤਤਾ, ਵਿੱਤੀ ਨਿਵੇਸ਼ ਦੇ ਮੌਕੇ ਅਤੇ ਸਕਿਉਰਿਟੀ ਮਾਰਕੀਟ ਵਿੱਚ ਰੁਜ਼ਗਾਰ ਦੇ ਮੌਕੇ ਆਦਿ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਸਾਰਥੀ ਐਪ ਰਾਹੀਂ ਨਿੱਜੀ ਵਿੱਤੀ ਯੋਜਨਾ ਬਾਰੇ ਵੀ ਜਾਣਕਾਰੀ ਦਿੱਤੀ। ਕਮਰਸ ਵਿਭਾਗ ਦੇ ਪ੍ਰੋ. ਸ਼ਿਵਿਆ ਵਿੱਜ, ਪ੍ਰੋ. ਰੇਖਾ ਰਾਣੀ ਅਤੇ ਨਵਨੀਤ ਕੌਰ ਦੇ ਵਿਸ਼ੇਸ਼ ਸਹਿਯੋਗ ਨਾਲ ਇਹ ਵਰਕਸ਼ਾਪ ਸਫਲਤਾਪੂਰਵਕ ਸੰਪੰਨ ਹੋਈ। ਪ੍ਰਿੰ. ਡਾ. ਗੁਰਜੀਤ ਸਿੰਘ ਨੇ ਵਿਭਾਗ ਦੇ ਅਧਿਆਪਕ ਸਾਹਿਬਾਨ ਰਾਹੀਂ ਡਾ. ਜਸਵਿੰਦਰ ਕੌਰ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ।

## ਸਰਕਾਰੀਆ ਦੀ ਤਰਨਤਾਰਨ ਜ਼ਿਮਨੀ ਚੋਣ ਲਈ ਇੰਚਾਰਜ ਵਜੋਂ ਨਿਯੁਕਤੀ 'ਤੇ ਕਾਂਗਰਸੀਆਂ 'ਚ ਖੁਸ਼ੀ ਦੀ ਲਹਿਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਤਰਨਤਾਰਨ ਦੀ ਜ਼ਿਮਨੀ ਚੋਣ ਲਈ ਪੰਜਾਬ ਕਾਂਗਰਸ ਕਮੇਟੀ ਦੇ ਇੰਚਾਰਜ ਭੁਪੇਸ਼ ਬਘੇਲ ਵੱਲੋਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ



ਵੜਿੰਗ ਦੀ ਸਹਿਮਤੀ ਨਾਲ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਨੂੰ ਇੰਚਾਰਜ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਕਾਂਗਰਸ ਪਾਰਟੀ ਦੇ ਆਗੂਆਂ, ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ ਅਤੇ ਉਹ ਬੜੀ ਬੇਸਬਰੀ ਨਾਲ ਇਸ ਜ਼ਿਮਨੀ ਚੋਣ ਦਾ ਇੰਤਜ਼ਾਰ ਕਰ ਰਹੇ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁੱਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਨਾਲ ਜਸਪਾਲ ਸਿੰਘ ਭੱਟੀ ਪ੍ਰਧਾਨ ਰਾਜਾਸਾਂਸੀ, ਜਸਕਰਨ ਸਿੰਘ ਕੋਹਰੀ, ਗੁਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾਛੀਨਾ, ਅਮਰਜੀਤ ਸਿੰਘ ਨੇਪਾਲ, ਅਜੈਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ, ਸਰਪੰਚ ਸੋਨਾ ਸਿੱਧੂ ਬਲੱਗਣ, ਗੁਰਮੇਜ ਸਿੰਘ ਬਬਲਾ ਕੋਟਲਾ, ਹਰਜੀਤ ਸਿੰਘ ਕੋਟਲਾ, ਲਖਬੀਰ ਸਿੰਘ ਕੋਹਾਲੀ, ਰਿੰਕੂ ਕੋਹਾਲੀ, ਹਰਕੰਵਲਜੀਤ ਸਿੰਘ ਹੈਪੀ ਅਦਲੀਵਾਲ, ਬਬਲੂ ਰਾਜਾਸਾਂਸੀ, ਰਿੰਕੂ ਚੋਗਾਵਾਂ, ਸਰਪੰਚ ਦਲਜੀਤ ਸਿੰਘ ਜੋਹਾ ਠੱਠਾ, ਗਿੰਦਰ ਸਿੰਘ ਲੋਪੋਕੇ, ਸੁਖਦੇਵ ਸਿੰਘ ਨੱਥੂਪੁਰ, ਨਰਿੰਦਰ ਸਿੰਘ ਹੇਤਮਪੁਰਾ, ਸੂਬਾ ਸਿੰਘ ਪੰਜੂਰਾਏ, ਸ਼ਮਸ਼ੇਰ ਸਿੰਘ ਸਾਰੰਗੜਾ , ਨਿਸ਼ਾਨ ਸਿੰਘ ਲੋਧੀਗੁੱਜਰ ਤੋਂ ਇਲਾਵਾ ਹੋਰ ਵੀ ਕਈ ਕਾਂਗਰਸੀ ਵਰਕਰ ਹਾਜ਼ਰ ਸਨ।



## ਕਿਸਾਨ ਜਥੇਬੰਦੀ ਵੱਲੋਂ ਡੀਐੱਸਪੀ ਦਫ਼ਤਰ ਅੱਗੇ ਪਹਿਲੀ ਅਕਤੂਬਰ ਨੂੰ ਧਰਨੇ ਦਾ ਐਲਾਨ

**ਪੱਟੀ (ਬਲਦੇਵ ਸਿੰਘ ਸੰਧੂ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪੱਟੀ ਜ਼ੋਨ ਦੀ ਮੀਟਿੰਗ ਪਿੰਡ ਭੱਗੂਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਪੱਟੀ ਜ਼ੋਨ ਪ੍ਰਧਾਨ ਗੁਰਭੇਜ ਸਿੰਘ ਧਾਰੀਵਾਲ, ਗੁਰਜੰਟ ਸਿੰਘ ਭੱਗੂਪੁਰ, ਰੂਪ ਸਿੰਘ ਸੈਦੋ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਪੱਟੀ ਜ਼ੋਨ ਦੇ ਪ੍ਰਧਾਨ ਅਤੇ ਸਕੱਤਰਾਂ ਨੇ ਸ਼ਮੂਲੀਅਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਜ਼ੋਨ ਇੰਚਾਰਜ ਤਰਸੇਮ ਸਿੰਘ ਧਾਰੀਵਾਲ, ਸਤਨਾਮ ਸਿੰਘ ਹਰੀਕੇ, ਨਿਸ਼ਾਨ ਸਿੰਘ ਪੱਟੀ, ਜਰਨੈਲ ਸਿੰਘ ਠੱਕਰਪੁਰਾ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਨਾਲ ਸਬੰਧਤ ਮਸਲੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਹਨ। ਡੀਐੱਸਪੀ ਪੱਟੀ ਨੂੰ ਵਾਰ ਵਾਰ ਮਿਲਣ 'ਤੇ ਵੀ ਕਿਸੇ ਮਸਲੇ ਦਾ ਹੱਲ ਨਹੀਂ ਕੱਢਿਆ ਗਿਆ। ਵੱਖ-ਵੱਖ ਮਸਲਿਆਂ ਨੂੰ ਲੈ 1 ਅਕਤੂਬਰ ਨੂੰ ਡੀਐੱਸਪੀ ਪੱਟੀ ਦਫ਼ਤਰ ਅੱਗੇ ਧਰਨਾ ਲਗਾਇਆ ਜਾਵੇਗਾ ਤਾਂ ਕਿ ਲੋਕਾਂ ਨੂੰ ਹੋਰ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਏ। ਇਸ ਮੌਕੇ ਖਜ਼ਾਨ ਸਿੰਘ ਕਿਰਤੋਵਾਲ, ਬਲਵਿੰਦਰ ਸਿੰਘ ਹਰੀਕੇ, ਕਿਰਪਾਲ ਸਿੰਘ ਬੁਰਜ ਪੂਹਲਾ, ਧਰਮ ਸਿੰਘ ਜੋਣੇਕੇ, ਸ਼ਿੰਦਾ ਸਿੰਘ ਬੂਹ, ਬੱਬਣ ਸਿੰਘ ਬੂਹ ਹਵੇਲੀਆਂ, ਸੋਨੂੰ ਚੂਸਲੇਵੜ, ਜਰਨੈਲ ਸਿੰਘ ਧਾਰੀਵਾਲ, ਸੁਬੇਗ ਸਿੰਘ ਪੱਟੀ, ਸਾਬ ਸਿੰਘ ਠੱਕਰਪੁਰਾ, ਸਕੱਤਰ ਸਿੰਘ ਕੰਡਿਆਲਾ, ਕੁਲਵਿੰਦਰ ਸਿੰਘ ਭੱਗੂਪੁਰ, ਬਲਕਾਰ ਸਿੰਘ ਸਭਰਾ, ਅਮਰਜੀਤ ਸਿੰਘ, ਮੁਖਤਿਆਰ ਸਿੰਘ, ਬਲਜਿੰਦਰ ਸਿੰਘ, ਆਤਮਾ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਗੁਰਸੇਵਕ ਸਿੰਘ ਹਰੀਕੇ ਆਦਿ ਆਗੂ ਹਾਜ਼ਰ ਸਨ।

## ਲੇਹ ਲੱਦਾਖ 'ਚ ਵਾਪਰੇ ਸਮੁੱਚੇ ਘਟਨਾਕ੍ਰਮ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ: ਲਿਬਰੇਸ਼ਨ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸੀਪੀਆਈ ਐੱਮ ਐੱਲ ਲਿਬਰੇਸ਼ਨ ਨੇ ਲੇਹ ਲਦਾਖ ਦੀ ਪੁਲਸ ਵੱਲੋਂ ਲੱਦਾਖੀ ਮੁਜ਼ਾਹਰਾਕਾਰੀ ਲੋਕਾਂ 'ਤੇ ਚਲਾਈ ਗਈ ਗੋਲੀ ਦੌਰਾਨ ਮਾਰੇ ਗਏ ਚਾਰ ਵਿਅਕਤੀਆਂ ਅਤੇ ਕਰੀਬ ਪੰਜ ਦਰਜਨ ਹੋਰਨਾਂ ਨੂੰ ਜ਼ਖ਼ਮੀ ਕਰਨ ਦੀ ਸਖਤ ਨਿੰਦਾ ਕਰਦਿਆਂ ਇਸ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ ।ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਕਿਹਾ ਕਿ ਇਸ ਸਮੁਚੇ ਘਟਨਾਕ੍ਰਮ ਪਿੱਛੇ ਭਾਰਤ ਦੇ ਗ੍ਰਹਿ ਵਿਭਾਗ ਦੀ ਗਹਿਰੀ



ਸਾਜਿਸ਼ ਹੋਣ ਦਾ ਖਦਸ਼ਾ ਹੈ ਕਿਉਂਕਿ ਲੱਦਾਖੀ ਜਨਤਾ ਦੇ ਪਾਪੂਲਰ ਆਗੂ ਸੋਨਮ ਵਾਂਗ ਚੁੱਕ ਨੂੰ ਭੜਕੀ ਹਿੰਸਾ ਤੋਂ ਬਾਅਦ ਜਿਸ ਤਰ੍ਹਾਂ ਇਕਦਮ ਨਜ਼ਰਬੰਦੀ ਕਾਨੂੰਨ ਐੱਨਐੱਸਏ ਤਹਿਤ ਗ੍ਰਿਫ਼ਤਾਰ ਕਰਕੇ ਜੋਧਪੁਰ ਦੀ ਜੇਲ ਵਿੱਚ ਬੰਦ ਕਰ ਦਿੱਤਾ ਹੈ,ਇਹ ਸਾਰੀ ਕਾਰਵਾਈ ਲੱਦਾਖੀ ਜਨਤਾ ਨੂੰ ਆਗੂ ਹੀਣ, ਲੱਦਾਖੀ ਜਨਤਾ ਅੰਦਰ ਦਹਿਸ਼ਤ ਪੈਦਾ ਕਰਨ ਅਤੇ ਸੋਨਮ ਦੇ ਸਿਆਸੀ ਅਕਸ ਨੂੰ ਖਰਾਬ ਕਰਨ ਦੀ ਤਹਿਸ਼ੁਦਾ ਨੀਤੀ ਦਾ ਹਿੱਸਾ ਲੱਗਦਾ ਹੈ।

## ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਠੱਠਾ ਝਬਾਲ ਨੇ ਅਥਲੈਟਿਕ 'ਚ ਮਾਰੀਆਂ ਮੱਲਾਂ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਹਾਵਰਡ ਲੇਨ ਸੀਨੀਅਰ ਸੈਕੰਡਰੀ ਸਕੂਲ ਠੱਠਾ ਝਬਾਲ ਦੇ ਵਿਦਿਆਰਥੀਆਂ ਵੱਲੋਂ ਜ਼ੋਨਲ ਐਥਲੈਟਿਕ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਗਿਆ।ਮਹਿਰੀਨ ਕੌਰ ਨੇ 200 ਮੀਟਰ ਦੌੜ ਵਿੱਚ ਸੋਨੇ ਦਾ ਮੈਡਲ ਜਿੱਤਿਆ।ਕਿਰਨਦੀਪ ਕੌਰ ਨੇ 100 ਮੀਟਰ ਦੌੜ ਵਿੱਚ ਸੋਨ ਮੈਡਲ ਹਾਸਲ ਕੀਤਾ।ਅਗਮਵੀਰ ਕੌਰ ਨੇ 600 ਮੀਟਰ ਦੌੜ ਵਿੱਚ ਚਾਂਦੀ ਦਾ ਮੈਡਲ ਜਿੱਤਿਆ।ਰਿਲੇਅ 400 ਮੀਟਰ ਮੁਕਾਬਲੇ ਵਿੱਚ ਪ੍ਰਭਜੋਤ ਕੌਰ, ਜਸਮੀਤ ਕੌਰ, ਪਾਹੁਲਪ੍ਰੀਤ ਕੌਰ, ਜਪਲੀਨ ਕੌਰ ਅਤੇ ਦੀ ਟੀਮ ਨੇ ਕਾਂਸੀ ਦਾ ਮੈਡਲ



ਹਾਸਲ ਕੀਤਾ। ਅੰਡਰ 17: ਕੁੜੀਆਂ ਦੇ ਮੁਕਾਬਲਿਆਂ ਵਿੱਚ ਮਨਬੀਰ ਕੌਰ ਨੇ 100 ਮੀਟਰ ਦੌੜ ਵਿੱਚ ਕਾਂਸੀ ਦਾ ਮੈਡਲ ਜਿੱਤਿਆ।ਮਨਸੀਰਤ ਕੌਰ ਨੇ 400 ਮੀਟਰ ਦੌੜ ਵਿੱਚ ਚਾਂਦੀ ਦਾ ਮੈਡਲ ਹਾਸਲ ਕੀਤਾ।ਨਵਰੋਜ ਕੌਰ ਨੇ 800 ਮੀਟਰ ਦੌੜ ਵਿੱਚ ਕਾਂਸੀ ਦਾ ਮੈਡਲ ਜਿੱਤਿਆ।ਗੁਰਲੀਨ ਕੌਰ ਨੇ ਲੌਂਗ ਜੰਪ ਵਿੱਚ ਕਾਂਸੀ ਦਾ ਮੈਡਲ ਹਾਸਲ ਕੀਤਾ।ਰਿਲੇਅ 400 ਮੀਟਰ ਮੁਕਾਬਲੇ ਵਿੱਚ ਕਿਰਨਜੋਤ ਕੌਰ, ਸੀਰਤ ਕੌਰ, ਨਵਰੋਜ ਕੌਰ ਅਤੇ ਮਨਬੀਰ ਕੌਰ ਦੀ ਟੀਮ ਨੇ ਚਾਂਦੀ ਦਾ ਮੈਡਲ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਪ੍ਰਿੰ. ਬਲਰਾਜ ਸਿੰਘ ਬਾਠ ਤੇ ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ ।

## ਧੀਰ, ਹਰਦੋਝੰਡੇ, ਢਡਿਆਲਾ ਨੱਤ ਤੇ ਸ਼ਹਾਬਪੁਰ ਪਿੰਡਾਂ 'ਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਕੀਤਾ ਪ੍ਰੇਰਿਤ

**ਬਟਾਲਾ (ਡਾ. ਮਲਵਿੰਦਰ ਸਿੰਘ)**- ਇਸ ਵਾਰ ਝੋਨੇ ਦੀ ਕਟਾਈ ਦੇ ਸੀਜ਼ਨ ਦੌਰਾਨ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹੇ ਦੇ ਵੱਖ-



ਵੱਖ ਪਿੰਡਾਂ ਵਿੱਚ ਰੋਜ਼ਾਨਾ ਕਿਸਾਨ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।ਇਸ ਲੜੀ ਤਹਿਤ ਤਹਿਸੀਲਦਾਰ ਬਟਾਲਾ ਅਰਜਨ ਸਿੰਘ ਗਰੇਵਾਲ ਵਲੋਂ ਪਿੰਡ ਧੀਰ, ਹਰਦੋਝੰਡੇ, ਢਡਿਆਲਾ ਨੱਤ ਤੇ ਸ਼ਹਾਬਪੁਰ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਕਿਸਾਨਾਂ ਨੂੰ ਸੰਬੋਧਨ ਹੁੰਦੇ ਹੋਏ ਤਹਿਸੀਲਦਾਰ ਗਰੇਵਾਲ ਨੇ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣਾ ਕਿਸੇ ਵੀ ਪੱਖ ਤੋਂ ਸਹੀ ਤੇ ਲਾਭਕਾਰੀ ਨਹੀਂ ਹੈ।ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਜ਼ਹਿਰੀਲੀਆਂ ਗੈਸਾਂ ਨਾਲ ਸਾਡਾ ਵਾਤਾਵਰਨ ਪਲੀਤ ਹੁੰਦਾ ਹੈ ਓਥੇ ਜ਼ਮੀਨ ਦੇ ਉਪਜਾਊ ਤੱਤ ਵੀ ਸੜ ਕੇ ਨਸ਼ਟ ਹੋ ਜਾਂਦੇ ਹਨ।ਉਨ੍ਹਾਂ ਕਿਹਾ ਕਿ ਪਰਾਲੀ ਦਾ ਜ਼ਹਿਰੀਲਾ ਧੂੰਆਂ ਅੱਗ ਲਗਾਉਣ ਵਾਲੇ ਕਿਸਾਨਾਂ ਅਤੇ ਉਸ ਪਿੰਡ ਨੂੰ ਵੀ ਆਪਣਾ ਮਾਰੂ ਅਸਰ ਕਰਦਾ ਹੈ।ਇਸ ਲਈ ਸਾਨੂੰ ਵਡੇਰੇ ਮਾਨਵੀ ਅਤੇ ਵਾਤਾਵਰਨ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਪਰਾਲੀ ਨੂੰ ਅੱਗ ਬਿਲਕੁਲ ਨਹੀਂ ਲਗਾਉਣੀ ਚਾਹੀਦੀ।ਉਨ੍ਹਾਂ ਕਿਹਾ ਕਿ ਪਰਾਲੀ ਦੀ ਸੰਭਾਲ ਖੇਤੀ ਮਸ਼ੀਨਰੀ ਰਾਹੀਂ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਦੁਆਰਾ ਕਿਸਾਨਾਂ ਨੂੰ ਸਬਸਿਡੀ 'ਤੇ ਖੇਤੀ ਮਸ਼ੀਨਰੀ ਮੁਹੱਈਆ ਕਰਵਾਈ ਗਈ ਹੈ ਅਤੇ ਜ਼ਿਲ੍ਹੇ ਵਿੱਚ ਲੋੜ ਅਨੁਸਾਰ ਖੇਤੀ ਸੰਦ ਉਪਲਬਧ ਹਨ।ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਪਰਾਲੀ ਪ੍ਰਬੰਧਨ ਕਰਨ ਵਾਲੇ ਖੇਤੀ ਸੰਦਾਂ ਦੀ ਮੈਪਿੰਗ ਕੀਤੀ ਗਈ ਹੈ।ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਨੁਕਸਾਨ ਅਤੇ ਇਨ ਸੀਟੂ ਅਤੇ ਐਕਸ ਸੀਟੂ ਤਕਨੀਕ ਨਾਲ ਪਰਾਲੀ ਪ੍ਰਬੰਧਨ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਸਹਾਇਤਾ ਲਈ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾ ਸਕਦਾ ਹੈ।ਇਸ ਮੌਕੇ ਹਾਜ਼ਰ ਕਿਸਾਨਾਂ ਨੇ ਭਰੋਸਾ ਦਿਵਾਇਆ ਕਿ ਉਹ ਇਸ ਵਾਰ ਝੋਨੇ ਦੀ ਪਰਾਲੀ ਨੂੰ ਅੱਗ ਬਿਲਕੁਲ ਨਹੀਂ ਲਗਾਉਣਗੇ।

## ਸਰਕਾਰੀ ਕਾਲਜ ਗੁਰਦਾਸਪੁਰ 'ਚ ਅੰਤਰਰਾਸ਼ਟਰੀ ਟੂਰਿਜ਼ਮ ਡੇ ਮਨਾਇਆ

**ਗੁਰਦਾਸਪੁਰ (ਜਨਕ ਮਹਾਜਨ)**- ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਜ਼ਿਲ੍ਹਾ ਹੈਰੀਟੇਜ ਸੋਸਾਇਟੀ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਟੂਰਿਜ਼ਮ ਡੇ ਮਨਾਇਆ ਗਿਆ।ਇਹ ਸਮਾਗਮ ਮਾਨਯੋਗ ਡਿਪਟੀ ਕਮਿਸ਼ਨਰ




ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੇ ਆਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਗਿਆ।ਮੁੱਖ ਮਹਿਮਾਨ ਵਜੋਂ ਮਨਜੀਤ ਸਿੰਘ ਰਾਜਲਾ, ਐੱਸ.ਡੀ.ਐੱਮ. ਗੁਰਦਾਸਪੁਰ ਨੇ ਸ਼ਿਰਕਤ ਕੀਤੀ।ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਟੂਰਿਜ਼ਮ ਸਿਰਫ਼ ਆਰਥਿਕਤਾ ਹੀ ਨਹੀਂ ਸਗੋਂ ਨੌਜਵਾਨ ਪੀੜ੍ਹੀ ਲਈ ਪ੍ਰੇਰਨਾਦਾਇਕ ਮਾਰਗ ਹੈ।ਡਾ. ਰਿਸ਼ੀ ਰਾਜ ਸ਼ਰਮਾ, ਡੀਨ ਰੀਜਨਲ ਕੈਂਪਸ, ਜੀਐਨਡੀਯੂ. ਗੁਰਦਾਸਪੁਰ ਨੇ ਕੁੰਜੀਵਤ ਭਾਸ਼ਣ ਦਿੰਦੇ ਹੋਏ ਕਿਹਾ ਕਿ ਵਰਲਡ ਟੂਰਿਜ਼ਮ ਡੇ (27 ਸਤੰਬਰ) ਦੁਨੀਆ ਨੂੰ ਏਕਤਾ ਦੇ ਧਾਗੇ ਵਿੱਚ ਪਰੋਣ ਦਾ ਮੌਕਾ ਦਿੰਦਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ, ਸ਼ਹਿਰਾਂ ਅਤੇ ਖੇਤਰਾਂ ਨੂੰ ਟੂਰਿਜ਼ਮ ਡੈਸਟੀਨੇਸ਼ਨ ਵਜੋਂ ਉਭਾਰਨ।ਕਾਲਜ ਦੇ ਪ੍ਰਿੰ. ਡਾ. ਅਸ਼ਵਨੀ ਕੁਮਾਰ ਭੱਲਾ ਨੇ ਕਿਹਾ ਕਿ ਟੂਰਿਜ਼ਮ ਕਨੈਕਟ, ਰੀਕਨੈਕਟ ਅਤੇ ਇਨੋਵੇਟ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਧਾਰਮਿਕ, ਮੈਡੀਕਲ ਅਤੇ ਸੱਭਿਆਚਾਰਕ ਟੂਰਿਜ਼ਮ ਦੇ ਵਾਧੇ ਲਈ ਅੱਗੇ ਆਉਣ ਤਾਂ ਜੋ ਗੁਰਦਾਸਪੁਰ ਦਾ ਸਰਬਪੱਖੀ ਵਿਕਾਸ ਹੋ ਸਕੇ।ਸਮਾਗਮ ਵਿੱਚ ਕਨਵਰਜੀਤ ਸਿੰਘ ਰਤੜਾ, ਪਰਮਿੰਦਰ ਸਿੰਘ, ਦਮਨਜੀਤ ਸਿੰਘ (ਪ੍ਰੋਗਰਾਮ ਅਫਸਰ), ਵਾਈਸ ਪ੍ਰਿੰ. ਡਾ. ਕਰਨਜੀਤ ਸ਼ਰਮਾ, ਪ੍ਰੋ. ਸਰਬਜੀਤ ਸਿੰਘ, ਸੀਮਾ ਮਹਾਜਨ ਸਮੇਤ ਕਾਲਜ ਦੇ ਸਾਰੇ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।



ਸਬ-ਤਹਿਸੀਲ ਝਬਾਲ ਦੇ ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ ਨੂੰ ਬਾਬਾ ਦੀਪ ਸਿੰਘ ਦੀ ਫੋਟੋ ਅਤੇ ਸਿਰੋਪਾਉ ਦੇ ਕੇ ਸਨਮਾਨਿਤ ਕਰਦੇ ਹੋਏ ਪਟਵਾਰੀ ਬਖਸ਼ੀਸ਼ ਸਿੰਘ, ਰਵਿੰਦਰਪਾਲ ਝਬਾਲ ਅਤੇ ਦੀਪ ਟੈਲੀਕਾਮ ਝਬਾਲ ਆਦਿ ।

(ਫੋਟੋ ਤੇ ਵੇਰਵਾ: ਹਰਜਿੰਦਰ ਸਿੰਘ ਸੋਨੀ)

# ਸ਼ਹੀਦ ਭਗਤ ਸਿੰਘ ਦੇ ਜਨਮ ਦਿਵਸ ’ਤੇ ਜਲੰਧਰ ਵਿਸ਼ੇਸ਼ ਸਪਲੀਮੈਂਟ

ਬੱਚੇ ਬਿਨਾਂ ਹਰ ਖ਼ਾਹਿਸ਼ ਅਧੂਰੀ
ਜੈਨੇਸਿਸ 'ਚ ਹੋਵੇਗੀ ਇਹ ਚਾਹਤ ਪੂਰੀ



## ਜੈਨੇਸਿਸ ਹਸਪਤਾਲ

Advanced Laparoscopy & IVF Centre

- ਟੈਸਟ ਟਿਊਬ ਬੇਬੀ ਸੈਂਟਰ
- ਦੂਰਬੀਨ ਰਾਹੀਂ ਰਸੌਲੀਆਂ ਦਾ ਆਪ੍ਰੇਸ਼ਨ
- ਬਿਨਾਂ ਚੀਰੇ ਬੱਚੇਦਾਨੀ ਦਾ ਆਪ੍ਰੇਸ਼ਨ
- ਸ਼ੁਕਰਾਣੂਆਂ ਦੀ ਕਮੀ

ਔਰਤਾਂ ਦੀਆਂ ਬਿਮਾਰੀਆਂ ਅਤੇ ਬਾਂਝਪਨ ਦਾ ਹਰ ਸੰਭਵ ਇਲਾਜ



ਡਾ. ਲਖਵਿੰਦਰ ਸਿੰਘ
Andrologist & Laparoscopic Surgeon

607-ਐੱਲ, ਮਾਲ ਰੋਡ, ਮਾਡਲ ਟਾਊਨ ਨੇੜੇ ਮੈਨਬਰੋ ਚੌਕ, ਜਲੰਧਰ
93576-66666, 93162-99999



ਡਾ. ਸੋਨੀਆ ਕੰਬੋਜ
Gynaecologist & infertility Specialist

website : genesisfertility.in, E-mail : lakhipa@yahoo.com

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ



ਬਲਕਾਰ ਸਿੰਘ ਵਲਟੋਹਾ, ਸੂਬਾ ਸਲਾਹਕਾਰ | ਪ੍ਰੇਮ ਚਾਵਲਾ, ਸੂਬਾ ਸਲਾਹਕਾਰ | ਸੁਰਿੰਦਰ ਕੁਮਾਰ ਪੁਆਰੀ, ਸੂਬਾ ਪ੍ਰਧਾਨ
ਜਿੰਦਰ ਪਾਇਲਟ, ਕਾਰਜਕਾਰੀ ਜਨਰਲ ਸਕੱਤਰ | ਨਵੀਨ ਚਾਵਲਾ, ਸੂਬਾ ਵਿੱਤਰ ਸਕੱਤਰ | ਟਹਿਲ ਸਿੰਘ ਸਰਾਭਾ, ਪ੍ਰੈਸ ਸਕੱਤਰ


## ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ

---

## SARVODYA HOSPITAL

Tips To Improve Your Overall UROLOGICAL HEALTH

- STAY HYDRATED
- LIMIT THE AMOUNT OF SALT AND CAFFEINE YOU CONSUME
- STAY WITHIN A HEALTHY WEIGHT RANGE
- CHOOSE A SMOKE-FREE LIFESTYLE



Consult Our Expert:-
Dr.Rajesh Aggarwal
MS, DNB(SURG.), MCH,DNB(URO)
Urologist & Transplant Surgeon
93442-93442,0181-2455410,2455411,2455412
G.T Road,Opposite Lyalpur Khalsa College,Jalandhar

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ



ਵੇਦ ਰਾਜ, ਜ਼ਿਲ੍ਹਾ ਕਨਵੀਨਰ | ਪ੍ਰੇਮ ਖਲਵਾੜਾ, ਸੈਕਟਰੀ ਪਸਸਫ, ਜਲੰਧਰ | ਕੁਲਦੀਪ ਵਾਲੀਆ ਬਿਲਗਾ, ਸਹਾਇਕ ਜ਼ਿਲ੍ਹਾ ਕਨਵੀਨਰ
ਕੁਲਬੀਰ ਕੁਮਾਰ, ਜ਼ਿਲ੍ਹਾ ਕਮੇਟੀ ਮੈਂਬਰ | ਸੰਦੀਪ ਕੁਮਾਰ, ਜ਼ਿਲ੍ਹਾ ਕਮੇਟੀ ਮੈਂਬਰ | ਮਨਜਿੰਦਰ ਸਿੰਘ, ਜ਼ਿਲ੍ਹਾ ਕਮੇਟੀ ਮੈਂਬਰ | ਅਮਰਜੀਤ ਭਗਤ, ਜ਼ਿਲ੍ਹਾ ਕਮੇਟੀ ਮੈਂਬਰ

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਜ਼ਿਲ੍ਹਾ ਜਲੰਧਰ

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ



## ਮੈਡਮ ਹਰਵਿੰਦਰ ਕੌਰ (ਸੰਚਾਲਕ)

ਚੜ੍ਹਦੀ ਕਲਾ ਸਪੋਰਟਸ ਐਂਡ ਯੂਥ ਕਲੱਬ ਕੋਟ ਖੁਰਦ, ਜਲੰਧਰ

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਹਰਿੰਦਰ ਸਿੰਘ ਚੀਮਾ



ਮੁੱਖ ਬੁਲਾਰਾ ਪੰਜਾਬ ਪੈਨਸ਼ਨ ਯੂਨੀਅਨ

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਪਰਦੀਪ ਕੁਮਾਰ



ਸਾਬਕਾ ਪ੍ਰਧਾਨ
ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਜਲੰਧਰ-2

---



ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਐਡਵੋਕੇਟ ਗੁਰਜੀਤ ਸਿੰਘ ਕਾਹਲੋਂ

ਪ੍ਰਧਾਨ ਐਡਵੋਕੇਟਸ ਫਾਰਮਰ ਐਂਡ ਲੇਬਰਸ

---



ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਗਣੇਸ਼ ਭਗਤ

ਸਹਾਇਕ ਪ੍ਰੈੱਸ ਸਕੱਤਰ ਗੌਰਮਿੰਟ ਟੀਚਰ ਯੂਨੀਅਨ ਪੰਜਾਬ

---

## ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ

ਮੁੱਖ ਦਫ਼ਤਰ 1406-22ਬੀ, ਚੰਡੀਗੜ੍ਹ



ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ, ਜਨਰਲ ਸਕੱਤਰ ਪ੍ਰੇਮ ਖਲਵਾੜਾ, ਵਿੱਤ ਸਕੱਤਰ ਅਕਲ ਚੰਦ ਸਿੰਘ, ਪ੍ਰੈੱਸ ਸਕੱਤਰ ਵੇਦ ਰਾਜ, ਤੀਰਥ ਸਿੰਘ ਬਾਸੀ ਸੂਬਾ ਜਨਰਲ ਸਕੱਤਰ

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ



ਜਗਤਾਰ ਸਿੰਘ ਭੁੰਗਰਨੀ, ਪ੍ਰਧਾਨ | ਅਵਤਾਰ ਸਿੰਘ ਤਾਰੀ, ਆਰਗੇਨਾਈਜ਼ ਸਕੱਤਰ,ਪੰਜਾਬ | ਵਿਜੈ ਕੁਮਾਰ ਸ਼ਰਮਾ, ਜਨਰਲ ਸਕੱਤਰ | ਸੰਤੋਖ ਸਿੰਘ, ਕੈਸ਼ੀਅਰ | ਜਸਵਿੰਦਰ ਸਿੰਘ, ਸੀਨੀਅਰ ਵਾਈਸ ਪ੍ਰਧਾਨ

## ਜਾਰੀ ਕਰਤਾ : ਪੰਜਾਬ ਪੈਨਸ਼ਨ ਯੂਨੀਅਨ, ਜ਼ਿਲ੍ਹਾ ਜਲੰਧਰ

---



ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਗੁਰਮੀਤ ਸਿੰਘ ਸੁਗਲੀ ਯਾਦਗਾਰੀ ਟਰੱਸਟ

ਵੱਲੋਂ : ਮਹਿੰਦਰ ਕੌਰ ਮੰਡ (ਸਰਪ੍ਰਸਤ)

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## The Bank of Baroda Employees Co-op. Urban Salary Earners Thrift & Credit Society Ltd.

*(Regd. Under Punjab Co-operative Societies Act, 1961) REGISTRATION NO. 1776*

43/16, Mota Singh Building, First Floor, Dilkusha Market, JALANDHAR

| Ravinder Thakur | B.C. Joshi | Joginder Pal Arora |
|---|---|---|
| Hony. Secretary | Treasurer | President |

Mobile: 9815413052 Email: amritlal1049@gmail.com

---

## ਧੰਨਵਾਦ



ਮੈਂ ਉਨ੍ਹਾਂ ਸੱਜਣਾਂ-ਮਿੱਤਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮੈਨੂੰ ਸਪਲੀਮੈਂਟ ਦੇ ਕੇ ਸਾਥ ਦਿੱਤਾ ਹੈ ਤੇ ਭਰਵਾਂ ਸਹਿਯੋਗ ਦਿੱਤਾ। ਅੱਗੇ ਤੋਂ ਵੀ ਆਸ ਕਰਦਾ ਹਾਂ ਕਿ ਉਹ ਇਸੇ ਤਰ੍ਹਾਂ ਮੈਨੂੰ ਸਹਿਯੋਗ ਜ਼ਰੂਰ ਦੇਣਗੇ।

**ਰਾਜੇਸ਼ ਥਾਪਾ**
ਬਿਊਰੋ ਚੀਫ, ਜਲੰਧਰ
ਮੋਬਾ. 98153-26720

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਲੱਖ-ਲੱਖ ਮੁਬਾਰਕਾਂ

## ਕਮਲ ਕਰਿਆਨਾ ਸਟੋਰ

ਗਰੀਨ ਪਾਰਕ ਨੇੜੇ ਬੱਸ ਸਟੈਂਡ ਜਲੰਧਰ
ਮੋਬਾ. 98140-90292



ਕਮਲ ਸੇਤੀਆ
ਸਮਾਜ ਸੇਵਕ

---

ਸ਼ਹੀਦ-ਇ-ਆਜ਼ਮ ਭਗਤ ਸਿੰਘ ਜੀ ਦੇ ਜਨਮ ਦਿਹਾੜੇ ਮੌਕੇ ਅਦਾਰਾ ‘ਨਵਾਂ ਜਮਾਨਾਂ’ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦਿਹਾਤੀ ਮਜ਼ਦੂਰ ਸਭਾ ਵਲੋਂ ਸ਼ੁਭਕਾਮਨਾਵਾਂ !



ਦਰਸ਼ਨ ਨਾਹਰ, ਪ੍ਰਧਾਨ | ਗੁਰਨਾਮ ਸਿੰਘ ਦਾਊਦ, ਜਨਰਲ ਸਕੱਤਰ | ਬਲਦੇਵ ਨੂਰਪੁਰੀ, ਪ੍ਰੈਸ ਸਕੱਤਰ | ਸ਼ਮਸ਼ੇਰ ਸਿੰਘ ਬਟਾਲਾ, ਵਿੱਤ ਸਕੱਤਰ

## ਦਿਹਾਤੀ ਮਜ਼ਦੂਰ ਸਭਾ

---

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ’ਤੇ ਜਲੰਧਰ ਤੋਂ ਪੱਤਰਕਾਰ ਰਾਜੇਸ਼ ਥਾਪਾ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਪੱਤਰਕਾਰ ਭਾਈਚਾਰੇ ਵੱਲੋਂ ਲੱਖ-ਲੱਖ ਮੁਬਾਰਕਾਂ



ਸਤਨਾਮ ਮਾਣਕ | ਸੁਰਿੰਦਰਪਾਲ | ਅਰੁਣਦੀਪ | ਰਮੇਸ਼ ਗਾਬਾ | ਲਖਵਿੰਦਰ ਸਿੰਘ

---

## FRIENDS FIN. SERVICES

(Add. Makhu Road, Lal Singh Dhandian Market, Shop No. 20, Zira)

ਇੱਥੇ ਸਾਰੀਆਂ ਕੰਪਨੀਆਂ ਦੇ ਹਰ ਤਰ੍ਹਾਂ ਦੇ ਬੀਮੇ ਕੀਤੇ ਜਾਂਦੇ ਹਨ, ਜਿਵੇਂ ਕਿ ਵਹੀਕਲ ਬੀਮਾ, ਸਿਹਤ ਬੀਮਾ, ਜੀਵਨ ਬੀਮਾ, ਟਰੈਵਲ ਬੀਮਾ, ਪ੍ਰੋਪਰਟੀ ਬੀਮਾਂ, ਸਟਾਕ ਦਾ ਬੀਮਾ।

(ਨੋਟ: ਇੱਥੇ ਬਜਾਰ ਨਾਲੋਂ ਘੱਟ ਰੇਟ ਤੇ ਬੀਮੇ ਕੀਤੇ ਜਾਂਦੇ ਹਨ)

ਪਰਵੀਨ ਉਪਲ 90236-00071

HDFC ERGO

88030-10010



ਮਨਿੰਦਰ ਕੌਰ ਮਨ ਦੀਆਂ ਕਵਿਤਾਵਾਂ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਲਿਖਦੇ ਨੂੰ ਹੋ ਗਏ ਨੇ,
ਢਾਈ ਮਹੀਨੇ ਮੈਨੂੰ,
ਏਸੇ ਲਈ ਮੈਂ ਵੀ ਹੁਣ,
ਪੁਸਤਕ ਛਪਾ ਰਿਹਾ ਹਾਂ।
- ਜਗਦੀਸ਼ ਰਾਣਾ

Regd. No : L-4/Pb-JL-0023/2024-26, (R.N.I.)-00068/57 ਜਲੰਧਰ : ਐਤਵਾਰ, 28 ਸਤੰਬਰ 2025 www.nawanzamana.in ਕੀਮਤ 5.00 ਰੁਪਏ


# ਇੰਦਰਦੀਪ ਸਿਨਹਾ : ਬੁੱਧੀਜੀਵੀ ਤੇ ਖੇਤੀਬਾੜੀ ਮਾਹਰ


ਅਨਿਲ ਰਾਜੀਮਵਾਲੇ

ਅਨੁਵਾਦ : ਐੱਮ ਐੱਸ ਭਾਟੀਆ


ਇੰਦਰਦੀਪ ਸਿਨਹਾ ਇੱਕ ਉੱਘੇ ਬੁੱਧੀਜੀਵੀ, ਖੇਤੀਬਾੜੀ ਮੁੱਦਿਆਂ ਦੇ ਮਾਹਰ ਅਤੇ ਸੀ.ਪੀ.ਆਈ ਦੀ ਕੇਂਦਰੀ ਲੀਡਰਸ਼ਿਪ ਦੇ ਮੈਂਬਰ ਸਨ। ਉਨ੍ਹਾਂ ਦਾ ਜਨਮ 1 ਜੁਲਾਈ 1914 ਨੂੰ ਬਿਹਾਰ ਦੇ ਸੀਵਾਨ ਜ਼ਿਲ੍ਹੇ ਦੇ ਪਿੰਡ ਸ਼ਕਰਾ ਵਿੱਚ ਹੋਇਆ।

ਉਹ ਜ਼ਿਮੀਂਦਾਰਾਂ ਦੇ ਪਰਵਾਰ ਵਿੱਚੋਂ ਸਨ, ਪਰ ਉਨ੍ਹਾਂ ਨੇ ਕਮਿਊਨਿਸਟ ਲਹਿਰ ਵਿੱਚ ਕੰਮ ਕਰਨਾ ਚੁਣਿਆ।ਉਨ੍ਹਾਂ ਨੇ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਅਤੇ ਮੈਟ੍ਰਿਕ 1933 ਵਿੱਚ ਗੋਰੀਆਕੋਟੀ ਤੋਂ ਪਾਸ ਕੀਤੀ। ਉਸੇ ਸਾਲ ਪਟਨਾ ਕਾਲਜ ਵਿੱਚ ਦਾਖਲਾ ਲਿਆ। ਉਨ੍ਹਾਂ ਨੇ 1937 ਵਿੱਚ ਬੀ.ਏ ਅਤੇ 1939 ਵਿੱਚ ਅਰਥ ਸ਼ਾਸਤਰ ਵਿੱਚ ਐੱਮ.ਏ ਕੀਤੀ। ਉਨ੍ਹਾਂ ਨੇ ਫਸਟ ਕਲਾਸ ਫਸਟ ਅਤੇ ਗੋਲਡ ਮੈਡਲ ਪ੍ਰਾਪਤ ਕੀਤਾ। ਪ੍ਰਸਿੱਧ ਅਰਥਸ਼ਾਸਤਰੀ ਡਾ. ਗਿਆਨਚੰਦ ਉਨ੍ਹਾਂ ਦੇ ਵਿਭਾਗ ਦੇ ਮੁਖੀ ਸਨ।

**ਰਾਜਨੀਤੀ ਵਿੱਚ**

ਜਿਵੇਂ ਸੀਵਾਨ, ਛਪਰਾ ਅਤੇ ਨੇੜਲੇ ਖੇਤਰ ਗਾਂਧੀ ਜੀ ਦੇ ਸਿਵਲ ਨਾਫ਼ਰਮਾਨੀ ਅਤੇ ਹੋਰ ਅੰਦੋਲਨਾਂ ਤੋਂ ਬਹੁਤ ਪ੍ਰਭਾਵਿਤ ਹੋਏ, ਵਿਦਿਆਰਥੀਆਂ ਨੂੰ ਇਸ ਤੋਂ ਬਹੁਤ ਪ੍ਰੇਰਨਾ ਮਿਲੀ, ਜਿਸ ਨਾਲ ਸਕੂਲ ਅਤੇ ਹੋਸਟਲਾਂ ਵਿੱਚ ਚਰਚਾਵਾਂ ਅਤੇ ਬਹਿਸਾਂ ਹੋਣ ਲੱਗੀਆਂ। ਇੰਦਰਦੀਪ ਵੀ ਇਸ ਵਿਚ ਸ਼ਾਮਲ ਹੋ ਗਿਆ ਅਤੇ ਤਿਰੰਗਾ ਚੁੱਕ ਲਿਆ ਅਤੇ ਖਾਦੀ ਪਹਿਨਣੀ ਸ਼ੁਰੂ ਕਰ ਦਿੱਤੀ। ਉਸ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਉਹ ਨਹਿਰੂ ਦੇ ਭਾਸ਼ਣਾਂ ਅਤੇ ਲਿਖਤਾਂ ਤੋਂ ਬਹੁਤ ਪ੍ਰਭਾਵਿਤ ਹੋਇਆ।

ਇੰਦਰਦੀਪ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ ਅਤੇ ਸਾਹਿਤ, ਅਰਥਸ਼ਾਸਤਰ, ਰਾਜਨੀਤੀ, ਦਰਸ਼ਨ, ਵਿਚਾਰਧਾਰਾ ਆਦਿ ਉੱਤੇ ਬਹੁਤ ਕਿਤਾਬਾਂ ਪੜ੍ਹਦਾ ਸੀ। ਜਲਦੀ ਹੀ ਉਹ ਮਾਰਕਸਵਾਦੀ ਸਾਹਿਤ ਪੜ੍ਹਨ ਲੱਗਿਆ। ਉਹ 'ਕੈਪੀਟਲ' ਦਾ ਅਧਿਐਨ ਕਰਨ ਵਾਲੇ ਕੁਝ ਕੁ ਵਿਦਿਆਰਥੀਆਂ ਵਿੱਚੋਂ ਇੱਕ ਸੀ।

ਪਟਨਾ ਵਿੱਚ, ਕਾਲਜ ਦੀਆਂ ਇਮਾਰਤਾਂ 'ਤੇ ਰਾਸ਼ਟਰੀ ਝੰਡਾ ਲਹਿਰਾਉਣ ਲਈ ਵੱਡੀਆਂ ਵਿਦਿਆਰਥੀ ਲਹਿਰਾਂ ਉੱਠੀਆਂ। ਇੰਦਰਦੀਪ ਨੂੰ 'ਫਲੈਗ ਕਮੇਟੀ' ਦਾ ਸਕੱਤਰ ਚੁਣਿਆ ਗਿਆ। ਇਹ ਜਲਦੀ ਹੀ ਏ ਆਈ ਐੱਸ ਐੱਫ ਦੀ ਇਕਾਈ ਵਿੱਚ ਬਦਲ ਗਈ। ਚੰਦਰਸ਼ੇਖਰ ਸਿੰਘ ਪਟਨਾ ਵਿੱਚ ਉਸ ਦੇ ਨਾਲ ਪੜ੍ਹਦੇ ਸਨ। ਉਹਨਾਂ ਨੇ ਪਟਨਾ ਦੇ ਹੋਸਟਲਾਂ ਵਿੱਚ ਮੈਂਬਰ ਭਰਤੀ ਕੀਤੇ। ਉਹ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਸੰਪਰਕ ਵਿੱਚ ਆਇਆ ਅਤੇ ਪੀ.ਸੀ. ਜੋਸ਼ੀ ਨੂੰ ਵੀ ਮਿਲਿਆ।

**ਪਾਰਟੀ ਮੈਂਬਰਸ਼ਿਪ**

ਬਿਹਾਰ ਏ.ਆਈ.ਐੱਸ.ਐੱਫ ਦੇ ਜਨਰਲ ਸਕੱਤਰ ਅਲੀ ਅਸ਼ਰਫ ਨੇ ਇੰਦਰਦੀਪ ਨੂੰ ਸੀ ਪੀ ਆਈ ਵਿੱਚ ਜਾਣ ਲਈ ਪ੍ਰਭਾਵਿਤ ਕੀਤਾ, ਜਿਸ ਦੀ ਸਥਾਪਨਾ 20 ਅਕਤੂਬਰ 1939 ਨੂੰ ਬਿਹਾਰ ਵਿੱਚ ਹੋਈ ਸੀ। ਇੰਦਰਦੀਪ ਸਿਨਹਾ ਅਤੇ ਚੰਦਰਸ਼ੇਖਰ ਸਿੰਘ ਅਜੇ ਇਸ ਵਿੱਚ ਸ਼ਾਮਲ ਨਹੀਂ ਸਨ ਹੋਏ। ਬੰਬਈ ਵਿੱਚ ਇੱਕ ਕਾਡਰ ਸਿਖਲਾਈ ਕੈਂਪ ਦੌਰਾਨ, ਪੀ.ਸੀ. ਜੋਸ਼ੀ ਨੇ ਸੁਨੀਲ ਮੁਖਰਜੀ ਨੂੰ ਦੋਵਾਂ ਨੂੰ ਮੈਂਬਰਸ਼ਿਪ ਦੇਣ ਲਈ ਕਿਹਾ। ਸ਼ਾਇਦ ਇਸੇ ਕਰਕੇ, ਦੋਵਾਂ ਨੂੰ 2 ਫਰਵਰੀ 1940 ਨੂੰ ਸੀ.ਪੀ.ਆਈ ਦੀ ਮੈਂਬਰਸ਼ਿਪ ਦਿੱਤੀ ਗਈ। ਇੰਦਰਦੀਪ ਛਪਰਾ ਵਿੱਚ ਥੋੜ੍ਹੇ ਸਮੇਂ ਲਈ ਲੈਕਚਰਾਰ ਰਹੇ, ਪਰ ਫਿਰ ਪਾਰਟੀ ਦਾ ਪੂਰਾ ਸਮਾਂ ਕੰਮ ਕਰਨ ਲਈ ਨੌਕਰੀ ਛੱਡ ਦਿੱਤੀ।

**ਸੀ.ਪੀ.ਆਈ ਹੈੱਡਕੁਆਰਟਰ, ਬੰਬਈ ਵਿੱਚ**

ਇੰਦਰਦੀਪ ਸਿਨਹਾ 1943 ਵਿੱਚ ਸੀ.ਪੀ.ਆਈ ਹੈੱਡਕੁਆਰਟਰ ਅਤੇ ਪਾਰਟੀ ਦੇ ਹਿੰਦੀ ਦੇ ਪਰਚੇ 'ਲੋਕਯੁੱਧ' ਵਿੱਚ ਕੰਮ ਕਰਨ ਲਈ ਬੰਬਈ ਚਲੇ ਗਏ। ਉਨ੍ਹਾਂ ਨੇ ਕਈ ਕਿਤਾਬਾਂ ਦਾ ਹਿੰਦੀ ਵਿੱਚ ਅਨੁਵਾਦ ਵੀ ਕੀਤਾ, ਖਾਸ ਕਰਕੇ ਰਾਹੁਲ ਸੰਕ੍ਰਿਤਯਾਨਨ ਦੀਆਂ ਲਿਖੀਆਂ ਕਿਤਾਬਾਂ ਦਾ। ਉਨ੍ਹਾਂ ਦਾ ਉਥੇ ਸੀ.ਰਾਜਗੋਪਾਲਾਚਾਰੀ, ਪ੍ਰਿਥਵੀ ਰਾਜ ਕਪੂਰ, ਸ਼ੇਖ ਅਬਦੁੱਲਾ, ਵੀ.ਸ਼ਾਂਤਾਰਾਮ, ਜੋਸ਼ ਮਲੀਹਾਬਾਦੀ, ਖਵਾਜਾ ਅਹਿਮਦ ਅੱਬਾਸ ਅਤੇ ਕਈ ਹੋਰ ਪ੍ਰਮੁੱਖ ਵਿਅਕਤੀਆਂ ਨਾਲ ਸੰਪਰਕ ਹੋਇਆ। ਉਨ੍ਹਾਂ ਨੇ ਪਰੇਲ ਅਤੇ ਦਾਦਰ ਵਿੱਚ ਕੁਝ ਟਰੇਡ ਯੂਨੀਅਨਾਂ ਵਿੱਚ ਕੰਮ ਵੀ ਕੀਤਾ।

ਉਹ 1945 ਵਿੱਚ ਬਿਹਾਰ ਵਾਪਸ ਆ ਗਏ।

15 ਅਗਸਤ 1947 ਨੂੰ ਭਾਰਤ ਦੀ ਆਜ਼ਾਦੀ ਜਲੂਸਾਂ, ਮੀਟਿੰਗਾਂ ਅਤੇ ਜਸ਼ਨਾਂ ਦੇ ਰੂਪ ਵਿੱਚ ਮਨਾਈ ਗਈ। ਇੰਦਰਦੀਪ ਸਿਨਹਾ ਨੇ ਵੀ ਤਿਰੰਗਾ ਹੱਥ ਵਿੱਚ ਲੈ ਕੇ ਇਨ੍ਹਾਂ ਸਮਾਗਮਾਂ ਵਿੱਚ ਸਰਗਰਮ ਅਤੇ ਉਤਸ਼ਾਹੀ ਹਿੱਸਾ ਲਿਆ।

**'ਬੀਟੀਆਰ ਪੀਰੀਅਡ' ਅਤੇ ਉਸ ਤੋਂ ਬਾਅਦ**

ਇੰਦਰਦੀਪ ਸਿਨਹਾ ਨੇ ਫਰਵਰੀ-ਮਾਰਚ 1948 ਵਿੱਚ ਸੀ.ਪੀ.ਆਈ ਦੀ ਦੂਜੀ ਪਾਰਟੀ ਕਾਂਗਰਸ ਵਿੱਚ ਹਿੱਸਾ ਲਿਆ, ਜਿਸ ਵਿੱਚ ਇੱਕ ਸੰਕੀਰਨ ਅਤੇ ਮਾਅਰਕੇਬਾਜ਼ੀ ਦੀ ਲਾਈਨ ਅਪਣਾਈ ਗਈ ਸੀ। ਉਨ੍ਹਾਂ ਨੇ ਟਿੱਪਣੀ ਕੀਤੀ ਕਿ 'ਬੀਟੀਆਰ ਆਪਣੀ ਵਿਅਕਤੀਗਤ ਸਮਝ ਦੇ ਅਧਾਰ 'ਤੇ ਇਸ ਨਤੀਜੇ 'ਤੇ ਪਹੁੰਚਿਆ ਹੈ ਕਿ ਦੇਸ਼ ਇੱਕ ਇਨਕਲਾਬ ਲਈ ਤਿਆਰ ਹੈ'। ਪਾਰਟੀ ਕਾਂਗਰਸ ਨੇ ਰਸਮੀ ਤੌਰ 'ਤੇ ਪੀ.ਸੀ ਜੋਸ਼ੀ ਨੂੰ ਜਨਰਲ ਸਕੱਤਰ ਦੇ ਅਹੁਦੇ ਤੋਂ ਹਟਾ ਦਿੱਤਾ।

ਇੰਦਰਦੀਪ 8 ਮਾਰਚ 1948 ਨੂੰ ਰੂਪੋਸ਼ ਹੋ ਗਏ ਅਤੇ ਅਪ੍ਰੈਲ 1951 ਵਿੱਚ ਹੀ ਖੁੱਲ੍ਹ ਕੇ ਸਾਹਮਣੇ ਆਏ। ਜ਼ਿਆਦਾਤਰ ਪਟਨਾ ਵਿੱਚ ਰਹਿ ਕੇ, ਉਨ੍ਹਾਂ ਨੇ 'ਜਨਸ਼ਕਤੀ' ਪ੍ਰੈੱਸ ਵਿੱਚ ਕੰਮ ਕੀਤਾ ਅਤੇ ਪਾਰਟੀ ਦਾ ਰੋਜ਼ਾਨਾ ਅਖ਼ਬਾਰ ਕੱਢਿਆ। ਟੈਲੀਪ੍ਰਿੰਟਰ ਰਾਹੀਂ ਸਾਥੀਆਂ ਨੂੰ ਪਤਾ ਲੱਗਾ ਕਿ ਪਾਰਟੀ ਨੂੰ ਬੰਗਾਲ, ਹੈਦਰਾਬਾਦ, ਤ੍ਰਾਵਣਕੋਰ ਆਦਿ ਕਈ ਰਾਜਾਂ ਵਿੱਚ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਹੈ। ਬਿਹਾਰ ਵਿੱਚ ਪਾਰਟੀ ਅਰਧ-ਕਾਨੂੰਨੀ ਰੂਪ ਵਿੱਚ ਕੰਮ ਕਰ ਰਹੀ ਸੀ।

'ਜਨਸ਼ਕਤੀ' ਦੀ ਵਿੱਤੀ ਹਾਲਤ ਤੇਜ਼ੀ ਨਾਲ ਵਿਗੜਦੀ ਗਈ ਅਤੇ ਇਹ ਇੰਨੀ ਮਾੜੀ ਹੋ ਗਈ ਕਿ ਇੰਦਰਦੀਪ ਸਿਨਹਾ ਨੂੰ ਆਪਣਾ ਗੋਲਡ ਮੈਡਲ ਛਪਰਾ ਵਿੱਚ ਆਪਣੇ ਇੱਕ ਜਾਣਕਾਰ ਨੂੰ ਵੇਚਣਾ ਪਿਆ, ਜਿਸ ਨੂੰ ਉਹ ਕਦੇ ਵਾਪਸ ਨਹੀਂ ਲੈ ਸਕੇ। 'ਜਨਸ਼ਕਤੀ' ਇੱਕ ਰੋਜ਼ਾਨਾ ਅਖ਼ਬਾਰ ਤੋਂ ਹਫਤਾਵਾਰੀ ਅਖ਼ਬਾਰ ਵਿੱਚ ਬਦਲ ਗਈ।

ਇੰਦਰਦੀਪ ਕਈ ਵਾਰ ਆਪਣੀ ਹੁਸ਼ਿਆਰੀ ਨਾਲ ਪੁਲਸ ਤੋਂ ਬਚ ਨਿਕਲਿਆ, ਜਿਸ ਵਿੱਚ ਸੋਨੇਪੁਰ, ਹਾਜੀਪੁਰ, ਛਪਰਾ ਸ਼ਾਮਲ ਹਨ।

ਆਲ ਇੰਡੀਆ ਰੇਲਵੇ ਹੜਤਾਲ ਅਤੇ ਅਸਫਲ ਇਨਕਲਾਬ

1949 ਵਿੱਚ, ਇੰਦਰਦੀਪ ਸਿਨਹਾ, ਜਗਨਨਾਥ ਸਰਕਾਰ ਅਤੇ ਯੋਗਿੰਦਰ ਸ਼ਰਮਾ ਨੂੰ ਕਲਕੱਤਾ ਵਿੱਚ ਪਾਰਟੀ ਹੈੱਡਕੁਆਰਟਰ ਬੁਲਾਇਆ ਗਿਆ। ਉਹ ਜਗਨਨਾਥ ਸਰਕਾਰ ਦੇ ਵੱਡੇ ਭਰਾ ਦੇ ਘਰ ਕੁਝ ਦਿਨ ਰੂਪੋਸ਼ ਰਹੇ ਅਤੇ ਉਡੀਕ ਕੀਤੀ। ਅੰਤ ਵਿੱਚ, ਜਨਰਲ ਸਕੱਤਰ-ਬੀ.ਟੀ ਰਣਦੀਵੇ, ਉਨ੍ਹਾਂ ਨੂੰ ਇੱਕ ਪੁਰਾਣੀ ਖੰਡਰ ਮਸਜਿਦ ਵਿੱਚ ਮਿਲੇ ਅਤੇ ਆਉਣ ਵਾਲੀ 'ਇਨਕਲਾਬ ਦੀ ਕਾਰਵਾਈ' ਬਾਰੇ ਜਾਣੂ ਕਰਵਾਇਆ। ਇਨਕਲਾਬ ਹੁਣ 9 ਮਾਰਚ 1949 ਤੋਂ ਸ਼ੁਰੂ ਹੋਣ ਵਾਲੀ ਆਲ ਇੰਡੀਆ ਰੇਲਵੇ ਹੜਤਾਲ ਨਾਲ ਸ਼ੁਰੂ ਹੋਵੇਗਾ ਅਤੇ ਕਿਹਾ ਕਿ ਹੁਣ ਤੁਸੀਂ ਜਾ ਸਕਦੇ ਹੋ!!

ਪਟਨਾ ਵਾਪਸ ਆਉਣ 'ਤੇ ਇੰਦਰਦੀਪ ਸਿਨਹਾ ਪਟਨਾ ਵਿੱਚ ਰੇਲਵੇ ਲਾਈਨ ਦੇ ਨੇੜੇ ਇੱਕ ਹਮਦਰਦ ਦੇ ਘਰ ਰੁਕੇ ਅਤੇ ਸਾਹ ਰੋਕ ਕੇ 'ਇਨਕਲਾਬ ਲਈ' ਉਡੀਕ ਕਰਨ ਲੱਗੇ। ਉਨ੍ਹਾਂ ਨੇ ਇੱਕ ਰੇਲ ਗੱਡੀ ਆਉਂਦੀ ਵੇਖੀ! ਠੀਕ ਹੈ, ਉਨ੍ਹਾਂ ਨੇ ਸੋਚਿਆ। ਫਿਰ ਇੱਕ ਹੋਰ ਆਈ ਅਤੇ ਇੱਕ ਹੋਰ! ਸਾਰੀਆਂ ਰੇਲਗੱਡੀਆਂ ਚੱਲ ਰਹੀਆਂ ਸਨ। ਮਾਅਰਕੇਬਾਜ਼ ਹੜਤਾਲ ਅਤੇ ਇਨਕਲਾਬ ਦਾ ਵਾਅਦਾ ਪੂਰੀ ਤਰ੍ਹਾਂ ਅਸਫਲ ਰਿਹਾ।

ਬੀ ਟੀ ਆਰ ਨੇ ਫਿਰ ਪਾਰਟੀ ਵਿੱਚ ਘੁਸਪੈਠ ਕਰ ਚੁੱਕੇ 'ਸੋਧਵਾਦੀਆਂ' ਨੂੰ ਦੋਸ਼ੀ ਠਹਿਰਾਇਆ ਅਤੇ ਇੰਦਰਦੀਪ ਸਿਨਹਾ ਅਤੇ ਹੋਰਾਂ ਨੂੰ ਇਨ੍ਹਾਂ 'ਤੱਤਾਂ' ਦਾ ਪਤਾ ਲਗਾਉਣ ਲਈ ਕਿਹਾ। ਫਿਰ ਜਲਦੀ-ਜਲਦੀ ਉਨ੍ਹਾਂ ਨੂੰ ਕਲਕੱਤਾ ਬੁਲਾਇਆ ਗਿਆ। ਜਗਨਨਾਥ ਸਰਕਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਪਰ ਇੰਦਰਦੀਪ ਸਿਨਹਾ ਅਤੇ ਯੋਗਿੰਦਰ ਸ਼ਰਮਾ ਕਿਸੇ ਤਰ੍ਹਾਂ ਕਲਕੱਤਾ ਪਹੁੰਚ ਗਏ। ਦੋਵਾਂ ਨੂੰ ਪੋਲਿਟ ਬਿਊਰੋ ਮੈਂਬਰ ਅਰੁਣ ਬੋਸ ਦੀ ਨਿਗਰਾਨੀ ਹੇਠ ਇੱਕ ਫਲੈਟ ਵਿੱਚ 'ਨਜ਼ਰਬੰਦ' ਰੱਖਿਆ ਗਿਆ। ਪੂਰੇ 8 ਮਹੀਨਿਆਂ ਤੱਕ ਇੰਦਰਦੀਪ ਨੂੰ ਬਾਹਰ ਨਹੀਂ ਆਉਣ ਦਿੱਤਾ ਗਿਆ। ਇੰਦਰਜੀਤ ਗੁਪਤਾ, ਜੋ ਉਸ ਸਮੇਂ ਕਲਕੱਤਾ ਜ਼ਿਲ੍ਹਾ ਪਾਰਟੀ ਸਕੱਤਰ ਸੀ, ਉਨ੍ਹਾਂ ਦੇ ਬੌਸ ਸਨ!

ਇੰਦਰਦੀਪ ਸਿਨਹਾ ਨੂੰ ਭਾਂਡੇ ਮਾਂਜਣ, ਫ਼ਰਸ਼ ਸਾਫ਼ ਕਰਨ, ਚਾਹ ਬਣਾਉਣ ਅਤੇ ਖਾਣਾ ਪਕਾਉਣ ਆਦਿ ਲਈ ਕਿਹਾ ਗਿਆ। ਉਨ੍ਹਾਂ ਨੂੰ ਕੁਝ ਅਨੁਵਾਦ ਕਰਨ ਦੇ ਨਿਰਦੇਸ਼ ਦਿੱਤੇ ਗਏ ਅਤੇ ਕਿਸੇ ਵੀ 'ਸੋਧਵਾਦ' ਨੂੰ ਲੱਭਣ ਅਤੇ ਖਤਮ ਕਰਨ ਲਈ ਕੁਝ ਦਸਤਾਵੇਜ਼ ਦਿੱਤੇ ਗਏ। ਭੂਮੀਗਤ ਸਮੇਂ ਦੇ ਦੌਰਾਨ ਇੰਦਰਦੀਪ ਦਾ ਨਾਂਅ 'ਭਾਰਤ' ਸੀ।

**ਸਮੇਂ ਦਾ ਬਦਲਾਅ**

ਅਚਾਨਕ ਇੰਦਰਦੀਪ ਸਿਨਹਾ ਨੂੰ ਕਮਰੇ ਵਿੱਚ ਕੁਝ ਅਜੀਬ ਜਿਹੇ ਨਵੇਂ ਲੋਕ ਮਿਲੇ, ਜੋ ਸੌਂ ਰਹੇ ਸਨ ਜਾਂ 'ਸ਼ੀਰਸ਼ਆਸਨ' ਕਰ ਰਹੇ ਸਨ। ਉਸ ਦੀ ਕਿਸਮਤ ਬਦਲ ਗਈ ਸੀ! ਉਸ ਨੂੰ ਬਾਹਰ ਜਾਣ ਦੀ ਵੀ ਇਜਾਜ਼ਤ ਦੇ ਦਿੱਤੀ ਗਈ ਸੀ। ਕਾਰਨ : ਜੂਨ 1950 ਤੋਂ ਬਾਅਦ ਪਾਰਟੀ ਨੂੰ ਇੱਕ ਨਵਾਂ ਜਨਰਲ ਸਕੱਤਰ ਮਿਲਿਆ ਸੀ : ਸੀ. ਰਾਜੇਸ਼ਵਰ ਰਾਓ।

ਇੰਦਰਦੀਪ ਸਿਨਹਾ ਪਟਨਾ ਵਾਪਸ ਆ ਗਏ। ਇੱਕ ਨਵੀਂ ਸੂਬਾਈ ਕਮੇਟੀ ਬਣਾਈ ਗਈ ਅਤੇ ਇੰਦਰਦੀਪ ਸਿਨਹਾ ਨੂੰ ਸਕੱਤਰ ਬਣਾਇਆ ਗਿਆ।



1952 ਦੀਆਂ ਚੋਣਾਂ

ਇੱਕ ਵਿਚਾਰਧਾਰਕ ਬਦਲਾਅ ਹੇਠ ਸੀ.ਪੀ.ਆਈ ਨੇ ਪਹਿਲੀਆਂ ਆਮ ਚੋਣਾਂ ਲੜਨ ਦਾ ਫੈਸਲਾ ਕੀਤਾ ਅਤੇ ਪਾਰਟੀ ਵਿਆਪਕ ਸਵੈ-ਵਿਨਾਸ਼ ਦੇ ਬਾਵਜੂਦ ਦੇਸ਼ ਵਿੱਚ ਮੁੱਖ ਵਿਰੋਧੀ ਧਿਰ ਵਜੋਂ ਉੱਭਰੀ। ਅਜੋਏ ਘੋਸ਼-ਡਾਂਗੇ-ਘਾਟੇ ਨੇ ਪਾਰਟੀ ਨੂੰ ਸਹੀ ਲੀਹਾਂ 'ਤੇ ਲਿਆਉਣ ਵਿੱਚ ਮੁੱਖ ਭੂਮਿਕਾ ਨਿਭਾਈ।

ਬਿਹਾਰ ਸੀ.ਪੀ.ਆਈ ਨੇ 23 ਵਿਧਾਨ ਸਭਾ ਸੀਟਾਂ 'ਤੇ ਚੋਣ ਲੜੀ ਪਰ ਕੋਈ ਵੀ ਜਿੱਤ ਨਹੀਂ ਸਕੀ, ਹਾਲਾਂਕਿ ਇਸ ਦੀ ਕਾਰਗੁਜ਼ਾਰੀ ਚੰਗੀ ਸੀ। ਸੀ.ਪੀ.ਆਈ ਨੇ 30 ਸੀਟਾਂ ਦੀ ਮੰਗ ਕਰਦੇ ਹੋਏ ਜੈਪ੍ਰਕਾਸ਼ ਨਾਰਾਇਣ ਦੀ ਸਮਾਜਵਾਦੀ ਪਾਰਟੀ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕੀਤੀ, ਪਰ ਜੇ.ਪੀ 5 ਵੀ ਮੰਨਣ ਲਈ ਤਿਆਰ ਨਹੀਂ ਸੀ। ਸਮਾਜਵਾਦੀ ਪਾਰਟੀ ਬਿਹਾਰ ਵਿੱਚ ਸਰਕਾਰ ਬਣਾਉਣਾ ਚਾਹੁੰਦੀ ਸੀ, ਪਰ ਅਸਲ ਵਿੱਚ ਉਹ 330 ਵਿੱਚੋਂ ਸਿਰਫ਼ 30 ਸੀਟਾਂ ਹੀ ਜਿੱਤ ਸਕੀ।

**ਕਿਸਾਨ ਅੰਦੋਲਨ ਵਿੱਚ**

ਇੰਦਰਦੀਪ ਸਿਨਹਾ, ਯੋਗਿੰਦਰ ਸ਼ਰਮਾ ਅਤੇ ਹੋਰ ਪ੍ਰਮੁੱਖ ਨੇਤਾਵਾਂ ਨੇ 1940 ਅਤੇ 50 ਦੇ ਦਹਾਕੇ ਵਿੱਚ ਕਾਸ਼ਤਕਾਰਾਂ ਅਤੇ ਖੇਤ ਮਜ਼ਦੂਰਾਂ ਦੀਆਂ ਕਈ ਯਾਦਗਾਰੀ ਲੜਾਈਆਂ ਲੜੀਆਂ। ਇੰਦਰਦੀਪ ਸਿਨਹਾ ਨੇ ਪੈਦਲ ਅਤੇ ਸਾਈਕਲ 'ਤੇ ਘੁੰਮਦੇ ਹੋਏ ਵਿਆਪਕ ਕੰਮ ਕੀਤਾ। ਉਨ੍ਹਾਂ ਭਾਗਲਪੁਰ ਖੇਤਰ ਵਿੱਚ 'ਮੰਗਣ-ਮਨੇਸਰੀ' ਪ੍ਰਣਾਲੀ ਦੇ ਵਿਰੁੱਧ ਲੜਾਈ ਲੜੀ। ਕਾਸ਼ਤਕਾਰਾਂ ਨੂੰ ਆਪਣੇ ਹਿੱਸੇ ('ਮੰਗਣ-ਸਾੜੀ') ਦੇ ਹਰੇਕ ਇੱਕ ਮਣ ਪਿੱਛੇ ਇੱਕ 'ਸੇਰ' ਦੇਣਾ ਪੈਂਦਾ ਸੀ। ਜ਼ਿਮੀਂਦਾਰ ਵੀ ('ਮੰਗਣ') ਉਪਜ ਦਾ ਇੱਕ ਹਿੱਸਾ ਮੰਗਦੇ ਸਨ, ਇਸ ਲਈ ਇਸ ਹਿੱਸੇ ਨੂੰ 'ਮੰਗਣ' ਕਿਹਾ ਜਾਂਦਾ ਸੀ। ਪਟਨਾ ਵਿੱਚ ਕਿਸਾਨਾਂ ਦਾ ਪਹਿਲਾ ਰਾਜ ਪੱਧਰੀ ਪ੍ਰਦਰਸ਼ਨ 1954 ਵਿੱਚ ਪਾਰਟੀ ਅਤੇ ਕਿਸਾਨ ਸਭਾ ਦੁਆਰਾ ਆਯੋਜਿਤ ਕੀਤਾ ਗਿਆ, ਜਿਸ ਵਿੱਚ ਲੱਗਭੱਗ 40,000 ਕਿਸਾਨਾਂ ਨੇ ਹਿੱਸਾ ਲਿਆ ਸੀ।

ਇੰਦਰਦੀਪ ਸਿਨਹਾ ਨੇ 1956 ਵਿੱਚ ਵਿਧਾਨ ਸਭਾ ਦੀਆਂ ਉਪ ਚੋਣਾਂ ਵਿੱਚ ਬੇਗੂਸਰਾਏ ਤੋਂ ਪਾਰਟੀ ਉਮੀਦਵਾਰ ਵਜੋਂ ਚੰਦਰਸ਼ੇਖਰ ਸਿੰਘ ਦੇ ਪ੍ਰਚਾਰ ਲਈ ਵੀ ਕੰਮ ਕੀਤਾ। ਚੰਦਰਸ਼ੇਖਰ ਸਿੰਘ ਨੇ ਰਾਜ ਵਿੱਚ ਪਹਿਲੇ ਸੀ.ਪੀ.ਆਈ ਵਿਧਾਇਕ ਵਜੋਂ ਚੋਣ ਜਿੱਤੀ।

ਬਿਹਾਰ ਵਿੱਚ ਸੀ ਪੀ ਆਈ ਨੇ 1957 ਦੀਆਂ ਚੋਣਾਂ ਵਿੱਚ ਵਿਧਾਨ ਸਭਾ ਵਿੱਚ 6 ਸੀਟਾਂ ਜਿੱਤੀਆਂ ਅਤੇ 1962 ਵਿੱਚ ਇਹ ਗਿਣਤੀ ਦੁੱਗਣੀ ਹੋ ਕੇ 12 ਹੋ ਗਈ। ਇੰਦਰਦੀਪ ਸਿਨਹਾ 1962 ਤੋਂ 1967 ਤੱਕ ਪਾਰਟੀ ਦੇ ਸੂਬਾ ਸਕੱਤਰ ਰਹੇ।

ਮਾਓਵਾਦੀਆਂ ਅਤੇ ਹੋਰਾਂ ਵੱਲੋਂ ਵੰਡ ਪਾਉਣ ਦੀਆਂ ਗਤੀਵਿਧੀਆਂ ਦੇ ਨਤੀਜੇ ਵਜੋਂ 1964 ਵਿੱਚ ਪਾਰਟੀ ਦੋਫਾੜ ਹੋ ਗਈ, ਪਰ 14000 ਵਿੱਚੋਂ ਸਿਰਫ਼ 1200 ਮੈਂਬਰ ਹੀ ਸੀ.ਪੀ.ਐੱਮ ਵਿੱਚ ਗਏ।

**ਮਾਲ ਮੰਤਰੀ ਵਜੋਂ, 1967**

1967 ਦੀਆਂ ਚੋਣਾਂ ਵਿੱਚ ਕਾਂਗਰਸ 16 ਵਿੱਚੋਂ 9 ਰਾਜਾਂ ਵਿੱਚ ਹਾਰ ਗਈ। ਗੈਰ-ਕਾਂਗਰਸੀ ਮੰਤਰੀ ਮੰਡਲ ਬਣਾਏ ਗਏ, ਜਿਸ ਵਿੱਚ ਬਿਹਾਰ ਵੀ ਸ਼ਾਮਲ ਸੀ। ਸੀ.ਪੀ.ਆਈ ਸਰਕਾਰ ਵਿੱਚ ਸ਼ਾਮਲ ਹੋ ਗਈ, ਇੰਦਰਦੀਪ ਸਿਨਹਾ-ਮਾਲ ਮੰਤਰੀ, ਚੰਦਰਸ਼ੇਖਰ ਸਿੰਘ ਅਤੇ ਤੇਜ ਨਰਾਇਣ ਝਾਅ ਮੰਤਰੀ ਬਣੇ।

ਇੰਦਰਦੀਪ ਸਿਨਹਾ ਨੇ ਬਹੁਤ ਹੀ ਸ਼ਲਾਘਾਯੋਗ ਕੰਮ ਕੀਤਾ ਅਤੇ ਅਕਾਲ ਕਾਰਨ ਲੋਕਾਂ ਨੂੰ ਭੁੱਖਮਰੀ ਨਾਲ ਮਰਨ ਲਈ ਮਜਬੂਰ ਨਹੀਂ ਹੋਣ ਦਿੱਤਾ, ਕੇਂਦਰ ਅਤੇ ਪੰਜਾਬ 'ਤੇ 5000 ਟਨ ਚੌਲ ਅਤੇ ਮੱਕੀ ਪ੍ਰਾਪਤ ਕਰਨ ਲਈ ਦਬਾਅ ਪਾਇਆ। ਉਨ੍ਹਾਂ ਨੇ ਜ਼ਮੀਨੀ ਸੁਧਾਰਾਂ ਲਈ ਬਹੁਤ ਵਧੀਆ ਕੰਮ ਕੀਤਾ, ਜਿਸ ਨਾਲ ਹਿੱਸੇਦਾਰਾਂ ਅਤੇ ਬੇਜ਼ਮੀਨੇ ਲੋਕਾਂ ਨੂੰ ਉਨ੍ਹਾਂ ਦੇ ਹੱਕ ਮਿਲੇ। ਟਾਟਾ ਦੀ 38 ਪਿੰਡਾਂ ਦੀ ਜ਼ਿਮੀਂਦਾਰੀ 'ਤੇ ਕਬਜ਼ਾ ਕਰ ਲਿਆ ਗਿਆ ਅਤੇ ਉਸ ਨੂੰ ਜ਼ਿੰਦਗੀ ਵਿੱਚ ਪਹਿਲੀ ਵਾਰ ਇੰਦਰਦੀਪ ਸਿਨਹਾ ਨੂੰ ਮਿਲਣ ਲਈ ਪਟਨਾ ਸਕੱਤਰੇਤ ਆਉਣਾ ਪਿਆ। ਇੰਦਰਦੀਪ ਨੇ ਝੁਕਣ ਤੋਂ ਇਨਕਾਰ ਕਰ ਦਿੱਤਾ। 'ਚਕਬੰਦੀ' (ਜ਼ਮੀਨ ਦੀ ਹੱਦ) ਲਾਗੂ ਕੀਤੀ ਗਈ, ਘਰ ਦਿੱਤੇ ਗਏ ਅਤੇ ਵਾਧੂ ਜ਼ਮੀਨ ਵੰਡ ਦਿੱਤੀ ਗਈ। ਜਗੀਰੂ ਤਾਕਤਾਂ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਇਸ ਤੋਂ ਪਹਿਲਾਂ ਕਿ ਹੋਰ ਕਦਮ ਚੁੱਕੇ ਜਾਂਦੇ, 1969 ਵਿੱਚ ਸਰਕਾਰ ਡਿੱਗ ਗਈ।

**ਪਾਰਟੀ ਕੇਂਦਰ ਵਿੱਚ ਆਮਦ**

ਇੰਦਰਦੀਪ ਸਿਨਹਾ 1974 ਵਿੱਚ ਦਿੱਲੀ ਚਲੇ ਗਏ। ਉਹ 1974 ਵਿੱਚ ਰਾਜ ਸਭਾ ਲਈ ਚੁਣੇ ਗਏ ਅਤੇ 1986 ਤੱਕ ਸੰਸਦ ਵਿੱਚ ਰਹੇ। ਉਹ ਏ.ਆਈ.ਕੇ.ਐੱਸ ਦੇ ਜਨਰਲ ਸਕੱਤਰ ਬਣੇ। ਉਹ 1987 ਵਿੱਚ ਭੂਪੇਸ਼ ਗੁਪਤਾ ਤੋਂ ਬਾਅਦ ਸੀ.ਪੀ.ਆਈ ਦੇ ਕੇਂਦਰੀ ਪਰਚੇ 'ਨਿਊ ਏਜ' ਦੇ ਸੰਪਾਦਕ ਬਣੇ।

ਉਨ੍ਹਾਂ ਨੇ ਕੌਮੀ ਕੌਂਸਲ ਅਤੇ ਸੀ.ਪੀ.ਆਈ ਦੀ ਕੇਂਦਰੀ ਕਾਰਜਕਾਰਨੀ ਵਿੱਚ ਅਤੇ ਇਸ ਦੇ ਕੇਂਦਰੀ ਸਕੱਤਰੇਤ ਵਿੱਚ ਵੀ ਲੰਬੇ ਸਮੇਂ ਤੱਕ ਸੇਵਾ ਨਿਭਾਈ।

ਇੰਦਰਦੀਪ ਸਿਨਹਾ ਇੱਕ ਆਰਥਿਕ ਮਾਹਰ ਸਨ, ਖਾਸ ਕਰਕੇ ਖੇਤੀਬਾੜੀ ਅਰਥਸ਼ਾਸਤਰ ਦੇ। ਉਨ੍ਹਾਂ ਨੇ 'ਅਪਲਾਈਡ ਮਾਰਕਸਵਾਦ' ਬਾਰੇ ਕਈ ਸਿਧਾਂਤਕ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚ 'ਮਾਰਕਸਵਾਦ ਅਤੇ ਖੇਤੀਬਾੜੀ ਸਮੱਸਿਆਵਾਂ', 'ਕਿਸਾਨ ਸੰਘਰਸ਼ਾਂ ਦਾ ਇਤਿਹਾਸ', 'ਖੇਤੀਬਾੜੀ ਸਥਿਤੀ ਦੀਆਂ ਵਿਸ਼ੇਸ਼ਤਾਵਾਂ', 'ਪੂੰਜੀਵਾਦੀ ਮਾਰਗ ਦਾ ਸੰਕਟ', 'ਜੇ.ਪੀ ਦੀ ਸੰਪੂਰਨ ਕ੍ਰਾਂਤੀ ਦਾ ਅਸਲ ਚਿਹਰਾ' ਆਦਿ ਸ਼ਾਮਲ ਹਨ।

ਇੰਦਰਦੀਪ ਸਿਨਹਾ ਦੀ ਮੌਤ 9 ਜੂਨ 2003 ਨੂੰ ਹੋਈ।


+91 99884-91002


# ਭਗਤ ਸਿੰਘ : ਇਕ ਪਰਪੱਕ ਸਿਆਸੀ ਚਿੰਤਕ


ਚਮਨ ਲਾਲ


23 ਮਾਰਚ 1931 ਈ. ਨੂੰ ਜਦ 23 ਵਰ੍ਹੇ ਅਤੇ ਕਰੀਬ ਛੇ ਮਹੀਨਿਆਂ ਦੀ ਉਮਰ ਦੇ ਨੌਜਵਾਨ ਭਗਤ ਸਿੰਘ ਨੂੰ ਉਨ੍ਹਾਂ ਦੇ ਹੀ ਹਮਉਮਰ ਸੁਖਦੇਵ ਅਤੇ ਕਰੀਬ ਇਕ ਸਾਲ ਛੋਟੇ ਰਾਜਗੁਰੂ ਨਾਲ ਲਾਹੌਰ ਜੇਲ੍ਹ ਵਿਚ ਫਾਂਸੀ ਦਿੱਤੀ ਗਈ ਸੀ, ਦਾ ਅੱਜ 118ਵਾਂ ਜਨਮ ਦਿਨ ਹੈ।

ਦਿਲਚਸਪ ਗੱਲ ਇਹ ਹੈ ਕਿ ਭਗਤ ਸਿੰਘ ਦੀ ਉਸ ਸਮੇਂ ਦੀ ਮਕਬੂਲੀਅਤ ਨਿਸ਼ਚੇ ਹੀ ਉਸ ਦੇ ਬੇਖ਼ੌਫ਼, ਦਲੇਰਾਨਾ ਅਤੇ ਦੇਸ਼ਭਗਤੀ ਦੇ ਜਜ਼ਬੇ ਭਰਪੂਰ ਕਾਰਨਾਮਿਆਂ ਕਰਕੇ ਹੀ ਬਣੀ ਸੀ।

ਭਗਤ ਸਿੰਘ ਦੀਆਂ ਬਹਾਦਰਾਨਾ ਸਰਗਰਮੀਆਂ ਕਾਰਨ ਜਨਤਾ ਦੇ ਦਿਲ ਵਿਚ ਉਸ ਦੀ ਅਸਾਧਾਰਣ ਹੀਰੋ ਬਣਨ ਦੀ ਗੱਲ ਤਾਂ ਸਮਝ ਵਿਚ ਆਉਂਦੀ ਹੈ, ਪਰ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਿਆਸੀ ਰੂਪ ਵਿਚ ਪਰਪੱਕ ਇਨਕਲਾਬੀ ਵਿਚਾਰਵਾਨ ਹੋਣ ਦਾ ਉਸ ਦਾ ਅਕਸ ਬਨਣ ਵਿਚ ਪੰਜ ਦਹਾਕੇ ਕਿਉਂ ਲੱਗੇ ? ਕਿਉਂਕਿ ਹੁਣ ਕਲਾਸਿਕ ਮੰਨੇ ਜਾਣ ਵਾਲੇ ਉਸ ਦੇ ਸਿਆਸੀ ਦਸਤਾਵੇਜ਼ ਉਦੋਂ ਵੀ ਹਨੇਰੇ ਵਿਚ ਨਹੀਂ ਸਨ। ਸੈਸ਼ਨ ਕੋਰਟ ਵਿਚ ਹਾਈਕੋਰਟ ਦਾ ਉਨ੍ਹਾਂ ਦਾ ਬਿਆਨ, ਜੋ ਅੱਜ ਸਿਆਸੀ ਵਿਸ਼ਲੇਸ਼ਕਾਂ ਲਈ ਬੇਹੱਦ ਅਹਿਮ ਦਸਤਾਵੇਜ਼ ਹਨ, ਉਦੋਂ ਵੀ ਸਭ ਤੋਂ ਸਾਹਮਣੇ ਸਨ। 'ਟ੍ਰਿਬਿਊਨ' ਵਿਚ 'ਮਾਰਡਨ ਰਿਵੀਊ' ਦੇ ਸੰਪਾਦਕ ਨੂੰ ਸੰਬੋਧਤ ਉਨ੍ਹਾਂ ਦਾ ਖ਼ਤ 'ਵਿਦਿਆਰਥੀਆਂ ਦੇ ਨਾਂਅ ਉਨ੍ਹਾਂ

ਭਗਤ ਸਿੰਘ : ਵਿਚਾਰਵਾਨ ਇਨਕਲਾਬੀ

ਦਾ ਸੰਦੇਸ਼' ਆਦਿ ਵੀ ਉਨ੍ਹਾਂ ਦੇ ਮੁਕੱਦਮੇ ਦੌਰਾਨ ਛਪਦੇ ਰਹਿੰਦੇ ਸਨ। ਫਾਂਸੀ 'ਤੋਂ ਤੁਰੰਤ ਬਾਅਦ ਲਾਹੌਰ ਦੇ 'ਪੀਪਲ' ਅਖ਼ਬਾਰ ਵਿਚ ਨੌਜਵਾਨ ਸਿਆਸੀ ਕਾਰਕੁੰਨਾਂ ਦੇ ਨਾਂਅ ਖ਼ਤ ਸੰਖੇਪ ਰੂਪ ਵਿਚ ਮਾਰਚ 1931 ਵਿਚ ਹੀ ਛਪ ਗਿਆ ਸੀ। ਸ਼ਹੀਦ ਹਰੀਕ੍ਰਿਸ਼ਨ ਦੇ ਮੁਕੱਦਮੇ ਸੰਬੰਧੀ ਭਗਤ ਸਿੰਘ ਦਾ ਖ਼ਤ ਜੂਨ 1929 ਦੇ 'ਪੀਪਲ' ਵਿਚ ਅਤੇ ਭਗਤ ਸਿੰਘ ਦਾ ਸਭ ਤੋਂ ਵੱਧ ਚਰਚਿਤ ਲੇਖ 'ਮੈਂ ਨਾਸਤਿਕ ਕਿਉਂ ਹਾਂ' ਵੀ ਆਪਣੇ ਮੂਲ ਰੂਪ ਵਿਚ 'ਪੀਪਲ' ਵਿਚ ਹੀ 27 ਸਤੰਬਰ 1931 ਦੇ ਅੰਕ ਵਿਚ ਛਪ ਚੁੱਕਿਆ ਸੀ। 1934 ਵਿਚ ਹੀ ਇਸ ਦਾ ਤਮਿਲ ਅਨੁਵਾਦ ਵੀ ਕਿਤਾਬਚੇ ਰੂਪ ਵਿਚ ਛਪ ਗਿਆ ਸੀ।



ਭਗਤ ਸਿੰਘ ਨੇ ਜੋ ਕੁਝ ਹਿੰਦੀ ਅਤੇ ਅੰਗਰੇਜ਼ੀ ਵਿਚ ਲਿਖਿਆ, ਉਹ ਕਾਫੀ ਹੱਦ ਤੱਕ 1947 ਤੱਕ ਵੀ ਲੋਕਾਂ ਸਾਹਮਣੇ ਸੀ, ਸਿਰਫ਼ ਉਨ੍ਹਾਂ ਦੀ 'ਜੇਲ੍ਹ ਨੋਟਬੁੱਕ' ਹੀ 1994 ਵਿਚ ਪਹਿਲੀ ਵਾਰ ਕਿਤਾਬ ਰੂਪ ਵਿਚ ਸਾਹਮਣੇ ਆਈ, ਜੋ ਲੜੀਵਾਰ 1992 ਤੋਂ ਹੀ ਜੈਪੁਰ ਦੇ ਮੈਗਜ਼ੀਨ 'ਇੰਡੀਅਨ ਬੁੱਕ ਕਰਾਨੀਕਲ' ਵਿਚ ਛਪਣੀ ਸ਼ੁਰੂ ਹੋ ਗਈ ਸੀ। ਇਸ ਦੇ ਹਵਾਲੇ 1971 ਤੋਂ ਰੂਸੀ ਵਿਦਵਾਨਾਂ ਰਾਇਕੋਵ ਤੇ ਮਿਤਰੋਖ਼ਿਨ ਆਦਿ ਨੇ ਦੇਣੇ ਸ਼ੁਰੂ ਕਰ ਦਿੱਤੇ ਸਨ। ਜੇਲ੍ਹ ਨੋਟਬੁੱਕ ਦੀ ਇਕ ਕਾਪੀ ਮਾਸਕੋ ਵੀ ਪਹੁੰਚ ਚੁੱਕੀ ਸੀ। ਆਜ਼ਾਦੀ ਤੋਂ ਪਹਿਲਾਂ ਤੇ ਮਗਰੋਂ ਅਜੇ ਘੋਸ਼, ਸ਼ਿਵ ਵਰਮਾ, ਸੋਹਨ ਸਿੰਘ ਜੋਸ਼, ਭਗਵਾਨ ਦਾਸ ਮਾਹੌਰ ਆਦਿ ਭਗਤ ਸਿੰਘ ਦੇ ਨੇੜਲੇ ਸਾਥੀਆਂ ਨੇ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਉਸ ਦੇ ਸਮਾਜਵਾਦੀ ਚਿੰਤਨ ਬਾਰੇ ਵਿਸਥਾਰ ਸਹਿਤ ਲਿਖਿਆ, ਪਰ ਜਦ ਤੱਕ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਮੰਨੇ-ਪ੍ਰਮੰਨੇ ਇਤਿਹਾਸਕਾਰ ਪ੍ਰੋ. ਬਿਪਨ ਚੰਦਰ ਦੀ ਭੂਮਿਕਾ ਸਹਿਤ 'ਮੈਂ ਨਾਸਤਿਕ ਕਿਉਂ ਹਾਂ' ਤੇ 'ਡਰੀਮਲੈਂਡ ਦੀ ਭੂਮਿਕਾ' ਲੇਖਾਂ ਦਾ ਅੱਠਵੇਂ ਦਹਾਕੇ ਵਿਚ ਦੁਬਾਰਾ ਪ੍ਰਕਾਸ਼ਨ ਨਹੀਂ ਹੋਇਆ, ਅਕਾਦਮਿਕ, ਸਮਾਜਿਕ ਅਤੇ ਸਿਆਸੀ ਖੇਤਰਾਂ ਵਿਚ ਭਗਤ ਸਿੰਘ ਨੂੰ ਗੰਭੀਰ ਸਿਆਸੀ ਵਿਚਾਰਵਾਨ ਦਾ ਦਰਜਾ ਹਾਸਲ ਨਹੀਂ ਹੋਇਆ। ਭਗਤ ਸਿੰਘ ਦੇ ਬਹਾਦਰਾਨਾ ਕਾਰਨਾਮੇ ਹੀ ਉਸ ਦੇ ਓਨੇ ਅਹਿਮ ਇਨਕਲਾਬੀ ਚਿੰਤਨ ਤੋਂ ਕਿਤੇ ਵੱਧ ਲੋਕਾਈ ਦੇ ਦਿਲੋ-ਦਿਮਾਗ਼ 'ਤੇ ਛਾਏ ਰਹੇ। ਅੱਠਵੇਂ ਦਹਾਕੇ ਤੋਂ ਇਸ ਹਾਲਤ ਵਿਚ ਤਬਦੀਲੀ ਹੋਣੀ ਸ਼ੁਰੂ ਹੋਈ ਅਤੇ ਭਗਤ ਸਿੰਘ ਦੇ ਦਸਤਾਵੇਜ਼ ਵੀ ਯੋਜਨਾਬੱਧ ਤਰੀਕੇ ਨਾਲ ਛਪਣੇ ਸ਼ੁਰੂ ਹੋਏ।

ਮੁਹੰਮਦ ਅਲੀ ਜਿਨਾਹ ਨੇ ਕੇਂਦਰੀ ਅਸੈਂਬਲੀ ਵਿਚ 12 ਅਤੇ 14 ਸਤੰਬਰ ਨੂੰ ਜਿਸ ਤਰ੍ਹਾਂ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਤਿਆਗ ਅਤੇ ਦੇਸ਼ਭਗਤੀ ਦੀ ਸ਼ਲਾਘਾ ਕੀਤੀ ਸੀ।

ਸਪੱਸ਼ਟ ਹੈ ਕਿ ਬਰਤਾਨਵੀ ਬਸਤੀਵਾਦੀ ਨੂੰ ਉਸ ਸਮੇਂ ਹਿੰਦੁਸਤਾਨ ਵਿਚ ਸਭ ਤੋਂ ਵੱਧ ਖ਼ਤਰਾ ਭਗਤ ਸਿੰਘ ਦੀ ਮੌਜੂਦਗੀ ਤੋਂ ਸੀ, ਜੋ ਇਕ ਕਾਬਲ ਜਥੇਬੰਦਕ ਮਾਹਿਰ ਸਨ, ਨਾਲ ਹੀ ਬੜੀ ਤੇਜ਼ੀ ਨਾਲ ਉਨ੍ਹਾਂ ਦੀ ਸਿਆਸੀ ਸੂਝ ਵਿਕਸਿਤ ਹੋ ਕੇ ਵਧੇਰੇ ਤਿੱਖੀ ਹੋ ਰਹੀ ਸੀ। 1917 ਦੀ ਰੂਸ ਦੇ ਬੋਲਸ਼ਵਿਕ ਇਨਕਲਾਬ ਤੋਂ ਬਾਅਦ ਦੁਨੀਆ ਭਰ ਦੇ ਸਾਮਰਾਜਵਾਦੀ ਮੁਲਕ ਆਪਣੇ ਖ਼ਾਤਮੇ ਨੂੰ ਨੇੜੇ ਆਉਂਦਾ ਵੇਖ ਕੇ ਦਹਿਸ਼ਤਜ਼ਦਾ ਸਨ ਅਤੇ ਹਥਿਆਰਾਂ ਦੀ ਤਾਕਤ ਨਾਲ ਇਨਕਲਾਬੀ ਕੋਸ਼ਿਸ਼ਾਂ ਨੂੰ ਦਬਾਅ ਦੇਣਾ ਚਾਹੁੰਦੇ ਸਨ।

ਭਗਤ ਸਿੰਘ ਵੀ ਬਰਤਾਨਵੀ ਬਸਤੀਵਾਦ ਦੀ ਏਸ ਕੁਟਿਲ ਨੀਤੀ ਤੋਂ ਵਾਕਫ਼ ਸਨ ਅਤੇ ਉਹ ਜ਼ਿੰਦਗੀ ਦੇ ਬਾਕੀ ਬਚੇ ਵਕਤ ਦਾ ਇਸਤੇਮਾਲ ਏਸ ਕੁਟਿਲ ਨੀਤੀ ਨੂੰ ਸਿੱਕੇਬੰਦ ਰੂਪ ਵਿਚ ਉਘਾੜਨ ਵਿਚ ਇਸਤੇਮਾਲ ਕਰਨਾ ਚਾਹੁੰਦੇ ਸਨ। ਨਾਲ ਹੀ 1926 ਦੇ ਨੇੜੇ-ਤੇੜੇ ਉਨ੍ਹਾਂ ਦੇ ਦਿਲ ਵਿਚ ਸੋਵੀਅਤ ਯੂਨੀਅਨ ਦੇ ਇਨਕਲਾਬ ਪ੍ਰਤੀ ਇਕ ਅਜਿਹੀ ਤਿੱਖੀ ਖਿੱਚ ਪੈਦਾ ਹੋਈ ਕਿ ਉਹ ਇਸ ਇਨਕਲਾਬ ਦੀ ਵਿਚਾਰਧਾਰਾ ਅਤੇ ਪ੍ਰਕ੍ਰਿਆ ਨੂੰ ਡੂੰਘਾਈ ਨਾਲ ਸਮਝਣਾ ਚਾਹੁੰਦੇ ਸਨ ਅਤੇ ਉਸ ਨੂੰ ਹਿੰਦੁਸਤਾਨ ਵਿਚ ਵੀ ਲਾਗੂ ਕਰਨਾ ਚਾਹੁੰਦੇ ਸਨ। 1926 ਵਿਚ ਉਨ੍ਹਾਂ ਵੱਲੋਂ ਸਥਾਪਤ ਨੌਜਵਾਨ ਭਾਰਤ ਸਭਾ ਲਾਹੌਰ ਸਟੂਡੈਂਟਸ ਯੂਨੀਅਨ, ਇੱਥੋਂ ਤੱਕ ਕਿ 'ਬਾਲ ਭਾਰਤ ਸਭਾ' ਅਤੇ 'ਬਾਲ ਸਟੂਡੈਂਟਸ ਯੂਨੀਅਨ' ਆਦਿ ਜਥੇਬੰਦੀਆਂ ਦਾ ਨਿਰਮਾਣ ਵੀ ਏਸ ਪ੍ਰਕ੍ਰਿਆ ਨੂੰ ਸਮਝਣ ਦੀ ਕੜੀ ਵਜੋਂ ਹੀ ਸੀ। ਲਾਲਾ ਲਾਜਪਤ ਰਾਇ ਵੱਲੋਂ ਲਾਹੌਰ ਵਿਚ ਕਾਇਮ ਕੀਤੀ ਦਵਾਰਕਾ ਦਾਸ ਲਾਇਬ੍ਰੇਰੀ ਇਸ ਮਕਸਦ ਦੀ ਪ੍ਰਾਪਤੀ ਲਈ ਉਨ੍ਹਾਂ ਦੀ ਮਦਦਗਾਰ ਸੀ।

ਭਗਤ ਸਿੰਘ ਦਾ ਲੇਖਨ ਤਾਂ 16-17 ਵਰ੍ਹਿਆਂ ਦੀ ਉਮਰ ਤੋਂ ਹੀ ਸ਼ੁਰੂ ਹੋ ਚੁੱਕਿਆ ਸੀ। ਘਰ ਵਿਚ ਉਨ੍ਹਾਂ ਪੰਜਾਬੀ ਸਿੱਖੀ ਤਾਂ ਸਕੂਲ ਵਿਚ ਦਾਦਾ ਜੀ ਦੀ ਇੱਛਾ ਮੁਤਾਬਕ ਸੰਸਕ੍ਰਿਤ, ਹਿੰਦੀ ਤੇ ਉਰਦੂ ਦਾ ਗਿਆਨ ਹਾਸਲ ਕੀਤਾ। ਅੰਗਰੇਜ਼ੀ ਦਾ ਗਿਆਨ ਨੈਸ਼ਨਲ ਕਾਲਜ ਅਤੇ ਬਾਅਦ ਵਿਚ ਸਵੈ-ਅਧਿਐਨ ਰਾਹੀਂ ਹਾਸਲ ਹੋਇਆ। ਬੰਗਾਲੀ ਵੀ ਉਨ੍ਹਾਂ ਸਾਥੀਆਂ ਤੋਂ ਸਿੱਖ ਲਈ ਸੀ। ਪੰਜ-ਛੇ ਜ਼ੁਬਾਨਾਂ ਦਾ ਮਾਹਿਰ ਭਗਤ ਸਿੰਘ ਦਾ ਸਭ ਤੋਂ ਵੱਧ ਲੇਖਨ ਹਿੰਦੀ ਵਿਚ, ਉਸ ਤੋਂ ਬਾਅਦ ਪੰਜਾਬੀ, ਅੰਗਰੇਜ਼ੀ ਤੇ ਉਰਦੂ ਵਿਚ ਹੋਇਆ। ਪਰਵਾਰ ਨੂੰ ਵਧੇਰੇ ਖ਼ਤ ਉਰਦੂ ਵਿਚ ਹੀ ਲਿਖੇ।

ਭਗਤ ਸਿੰਘ ਨੇ 1926 ਵਿਚ ਸ਼ੁਰੂ ਹੋਏ ਪੰਜਾਬੀ ਦੇ 'ਕਿਰਤੀ' ਮੈਗ਼ਜ਼ੀਨ ਵਿਚ ਨਿਯਮਿਤ ਰੂਪ ਵਿਚ ਲਿਖਣਾ ਸ਼ੁਰੂ ਕੀਤਾ, ਜਿਸ ਦੇ ਪਹਿਲੇ ਸੰਪਾਦਕ ਗ਼ਦਰ ਪਾਰਟੀ ਦੇ ਦੂਜੇ ਸਕੱਤਰ ਭਾਈ ਸੰਤੋਖ ਸਿੰਘ ਧਰਦੇਓ ਸਨ। ਉਨ੍ਹਾਂ ਦੇ ਕੁਵੇਲੇ ਚਲਾਣੇ ਤੋਂ ਮਗਰੋਂ ਸੋਹਨ ਸਿੰਘ ਜੋਸ਼ 'ਕਿਰਤੀ' ਦੇ ਸੰਪਾਦਕ ਬਣੇ, ਜੋ ਭਗਤ ਸਿੰਘ ਦੇ ਵੀ ਨਜ਼ਦੀਕੀ ਸਨ ਅਤੇ ਉਹ ਭਗਤ ਸਿੰਘ ਹੁਰਾਂ ਵੱਲੋਂ ਸਥਾਪਤ 'ਨੌਜਵਾਨ ਭਾਰਤ ਸਭਾ' ਵਿਚ ਵੀ ਸਰਗਰਮ ਸਨ। ਇਹ ਸਭਾ 1926 ਵਿਚ ਲਾਹੌਰ ਵਿਚ ਕਾਇਮ ਕੀਤੀ ਗਈ ਸੀ। ਅਲਾਹਾਬਾਦ ਦੇ 'ਚਾਂਦ' ਮੈਗਜ਼ੀਨ ਨੇ ਨਵੰਬਰ 1928 ਵਿਚ ਆਪਣਾ ਖ਼ਾਸ 'ਫਾਂਸੀ ਅੰਕ ਛਾਪਿਆ, ਜਿਸ ਵਿਚ ਪੰਜਾਹ ਦੇ ਕਰੀਬ ਹਿੰਦੁਸਤਾਨੀ ਇਨਕਲਾਬੀਆਂ ਦੇ ਰੇਖਾ-ਚਿੱਤਰ ਛਾਪੇ ਗਏ। ਇਨ੍ਹਾਂ ਵਿੱਚੋਂ ਬਹੁਤੇ ਗ਼ਦਰ ਪਾਰਟੀ ਨਾਲ ਸੰਬੰਧਤ ਸਨ, ਜਿਨ੍ਹਾਂ ਬਾਰੇ ਭਗਤ ਸਿੰਘ ਪਹਿਲਾਂ 'ਕਿਰਤੀ' ਵਿਚ ਵੀ ਲਿਖ ਚੁੱਕੇ ਸਨ। 'ਚਾਂਦ' ਦੇ ਇਹ ਰੇਖਾ-ਚਿੱਤਰ ਭਗਤ ਸਿੰਘ ਅਤੇ ਸ਼ਿਵ ਵਰਮਾ ਨੇ ਲਿਖੇ ਸਨ। ਗ਼ਦਰ ਪਾਰਟੀ ਲਹਿਰ ਭਾਰਤ ਦੀ ਪਹਿਲੀ ਧਰਮ ਨਿਰਪੱਖ ਤੇ ਸਮਾਜਕ ਰੂਪ ਵਿਚ ਵੀ ਕਾਫ਼ੀ ਅਗਾਂਹਵਧੂ ਇਨਕਲਾਬੀ ਲਹਿਰ ਸੀ। ਭਗਤ ਸਿੰਘ ਦੇ ਸਿਆਸੀ ਚਿੰਤਨ ਦੇ ਵਿਕਾਸ ਵਿਚ ਪਹਿਲਾ ਅਸਰ ਉਸ ਦੇ ਚਾਚਾ ਅਜੀਤ ਸਿੰਘ ਦਾ ਹੈ, ਜਿਨ੍ਹਾਂ ਲਾਲਾ ਲਾਜਪਤ ਰਾਇ ਨਾਲ ਮਿਲ ਕੇ 1907 ਵਿਚ 'ਭਾਰਤ ਮਾਤਾ ਸੋਸਾਇਟੀ' ਅਤੇ 'ਅੰਜੁਮਨ-ਮੁਹੱਬਤਾਨੇ-ਵਤਨ' ਆਦਿ ਤਨਜ਼ੀਮਾਂ ਬਣਾ ਕੇ 'ਪਗੜੀ ਸੰਭਾਲ ਜੱਟਾ' ਵਰਗੀਆਂ ਕਿਸਾਨ ਲਹਿਰਾਂ ਉਸਾਰੀਆਂ ਸਨ।

ਭਗਤ ਸਿੰਘ ਨੇ 8 ਅਪ੍ਰੈਲ 1929 ਨੂੰ ਅਸੈਂਬਲੀ ਵਿਚ ਬੰਬ ਸੁੱਟਦੇ ਸਮੇਂ ਜੋ ਦੋ ਨਾਅਰੇ ਦਿੱਤੇ, ਉਨ੍ਹਾਂ ਨੇ ਭਾਰਤ ਦੀ ਸਿਆਸਤ ਨੂੰ ਵੀ ਨਵੀਂ ਦਿਸ਼ਾ ਦਿੱਤੀ। ਇਸ ਤੋਂ ਪਹਿਲਾਂ ਕਾਂਗਰਸ ਪਾਰਟੀ ਜਾਂ ਇਨਕਲਾਬੀ ਦੋਵਾਂ ਹੀ ਲਹਿਰਾਂ ਵਿਚ 'ਬੰਦੇ ਮਾਤਰਮ' ਦਾ ਨਾਅਰਾ ਸਭ ਤੋਂ ਵੱਧ ਮਕਬੂਲ ਸੀ। ਭਗਤ ਸਿੰਘ ਵੱਲੋਂ 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਮਰਾਜਵਾਦ ਮੁਰਦਾਬਾਦ' ਨਾਅਰੇ ਗੁੰਜਾਉਣ ਮਗਰੋਂ ਪੂਰੇ ਮੁਲਕ ਵਿਚ ਹੀ ਨਹੀਂ, ਸਗੋਂ ਨੇੜਲੇ ਮੁਲਕਾਂ ਵਿਚ ਵੀ ਇਨ੍ਹਾਂ ਨਾਅਰਿਆਂ ਦੀ ਉਹ ਮਕਬੂਲੀਅਤ ਹੋਈ ਕਿ ਕੁਝ ਹੀ ਵਰ੍ਹਿਆਂ ਵਿਚ ਇਨ੍ਹਾਂ ਨਾਅਰਿਆਂ ਨੇ ਖ਼ਾਸਕਰ 'ਇਨਕਲਾਬ ਜ਼ਿੰਦਾਬਾਦ' ਨੇ 'ਬੰਦੇ ਮਾਤਰਮ' ਦੇ ਨਾਅਰੇ ਨੂੰ ਬਦਲ ਦਿੱਤਾ। ਅੱਜ ਮੁਲਕ ਦੇ ਕੋਨੇ-ਕੋਨੇ ਵਿਚ ਹਰ ਵਰਗ ਦੇ ਅੰਦੋਲਨ ਵਿਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਹੀ ਸਭ ਤੋਂ ਵੱਧ ਮਕਬੂਲ ਨਾਅਰਾ ਹੈ, ਜਿਸ ਦਾ ਸਿਹਰਾ ਨਿਸ਼ਚੇ ਹੀ ਭਗਤ ਸਿੰਘ ਦੀ ਸਿਆਸੀ ਸੋਚ ਨੂੰ ਜਾਂਦਾ ਹੈ। ਅੱਜ ਭਾਰਤ ਅਤੇ ਦੁਨੀਆ ਦੀ ਹਾਲਤ ਦੇ ਪ੍ਰਸੰਗ ਵਿਚ, ਜਦ ਨਵ-ਸਾਮਰਾਜਵਾਦ ਆਪਣੇ ਪੈਰ ਪਸਾਰ ਰਿਹਾ ਹੈ ਅਤੇ ਦੁਨੀਆ ਦੇ ਖ਼ਾਸਕਰ ਤੀਸਰੀ ਦੁਨੀਆ ਦੇ ਮੁਲਕਾਂ ਦੀ ਆਜ਼ਾਦੀ, ਖ਼ਾਸ ਕਰ ਆਰਥਿਕ ਆਜ਼ਾਦੀ ਖ਼ਤਰੇ ਵਿਚ ਹੈ, ਤਾਂ ਭਗਤ ਸਿੰਘ ਵੱਲੋਂ ਦਿੱਤੇ ਦੂਜੇ ਨਾਅਰੇ 'ਸਾਮਰਾਜਵਾਦ ਮੁਰਦਾਬਾਦ' ਦਾ ਮਹੱਤਵ ਮੁੜ ਸਥਾਪਤ ਹੋ ਜਾਂਦਾ ਹੈ।

ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਸਿਆਸੀ ਚਿੰਤਨ ਨੂੰ ਰੇਖਾਂਕਤ ਕਰਨ ਲਾਇਕ ਦੂਜਾ ਪਹਿਲੂ ਹੈ, ਉਸ ਦਾ ਮੁਲਕ ਦੀ ਸਮੁੱਚੀ ਇਨਕਲਾਬੀ ਲਹਿਰ ਦਾ ਕੇਂਦਰੀ ਤੇ ਸਾਂਝਾ ਪ੍ਰਤੀਕ ਬਣਨਾ। ਮੁਲਕ ਦੇ ਹਰ ਹਿੱਸੇ ਵਿਚ ਹਜ਼ਾਰਾਂ ਨੌਜਵਾਨ ਇਨਕਲਾਬੀਆਂ ਨੇ ਸ਼ਹਾਦਤਾਂ ਹਾਸਲ ਕੀਤੀਆਂ ਹਨ।

ਅੱਜ ਵੀ ਜੇ ਮੁਲਕ ਨੂੰ ਸਹੀ ਮਾਅਨਿਆਂ ਵਿਚ ਤਰੱਕੀ ਅਤੇ ਤਬਦੀਲੀ ਦੇ ਰਾਹ 'ਤੇ ਅੱਗੇ ਵਧਾਉਣਾ ਹੈ ਤਾਂ ਸਭ ਤੋਂ ਪਹਿਲਾਂ ਆਪਣੇ ਇਤਿਹਾਸ ਦੇ ਸਰਬ-ਸ੍ਰੇਸ਼ਠ ਪੱਖ ਨੂੰ ਸਾਹਮਣੇ ਲਿਆਉਣਾ ਪਵੇਗਾ। ਇਤਿਹਾਸ ਵਿਚ ਵਿਗਾੜ ਬਹੁਤ ਸਾਰੇ ਘ੍ਰਿਣਤ ਸਮਾਜਿਕ ਤਣਾਅ ਪੈਦਾ ਕਰ ਦਿੰਦਾ ਹੈ। 1857 ਦੀ ਡੇਢ ਸੌਵੀਂ ਜਯੰਤੀ ਅਤੇ ਭਗਤ ਸਿੰਘ ਦੀ ਜਨਮ ਸ਼ਤਾਬਦੀ ਵਰ੍ਹੇ ਮੌਕੇ ਇਹ ਬੇਹੱਦ ਜ਼ਰੂਰੀ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜੇ ਗਏ ਇਨਕਲਾਬੀ ਸੰਘਰਸ਼ਾਂ ਦੀ ਵਿਰਾਸਤ, ਜਿਨ੍ਹਾਂ ਵਿਚ ਸਾਰੇ ਧਰਮਾਂ ਦੇ ਤਬਕਿਆਂ ਨੇ ਬਰਾਬਰ ਹਿੱਸਾ ਲਿਆ, ਨੂੰ ਸਾਹਮਣੇ ਲਿਆਂਦਾ ਜਾਵੇ ਅਤੇ ਮੁਲਕ ਦੀ ਨੌਜਵਾਨ ਪੀੜ੍ਹੀ ਨੂੰ ਏਸ ਸਹੀ ਅਤੇ ਸੱਚੇ ਇਤਿਹਾਸ ਤੋਂ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਕਰਕੇ ਵਾਕਫ਼ ਕਰਵਾਇਆ ਜਾਵੇ ਤਾਂ ਕਿ ਨੌਜਵਾਨ ਪੀੜ੍ਹੀ ਭਗਤ ਸਿੰਘ ਵਰਗੇ ਨੌਜਵਾਨ ਹਿਰਦਿਆਂ ਦੇ ਨਾਇਕ ਨੂੰ ਵਿਚਾਰਕ ਪੱਧਰ 'ਤੇ ਆਤਮਸਾਤ ਕਰਕੇ ਜ਼ਹਿਰੀਲੇ ਫ਼ਿਰਕੂ ਅਤੇ ਉਤਪੀੜਨ ਕੇਂਦ੍ਰਿਤ ਕਬਜ਼ਾਵਾਦੀ ਵਿਚਾਰਾਂ ਤੋਂ ਆਪਣੇ ਦਿਮਾਗ਼ ਨੂੰ ਮੁਕਤ ਕਰਕੇ ਆਪਣਾ ਸਿਹਤਮੰਦ ਵਿਚਾਰਧਾਰਾਈ ਵਿਕਾਸ ਕਰਕੇ ਦੇਸ਼-ਪ੍ਰੇਮ ਦੇ ਜਜ਼ਬੇ ਨਾਲ ਦੇਸ਼ ਦਾ ਭਵਿੱਖ ਤੈਅ ਕਰਨ ਵਿਚ ਆਪਣੀ ਹਾਂ-ਪੱਖੀ ਭੂਮਿਕਾ ਨਿਭਾਵੇ।

# ਹੜ੍ਹਾਂ ਦੀ ਮਾਰ ਤੇ ਸਿਆਸਤ ਦੀ ਘੁੰਮਣਘੇਰੀ ਵਿਚਾਲੇ ਪੰਜਾਬ ਦੇ ਲੋਕਾਂ ਦਾ ਇਹੋ ਜਿਹਾ ਜੀਵਣਾ

ਦ੍ਰਿਸ਼ਟੀਕੋਣ

**ਜਤਿੰਦਰ ਪਨੂੰ**

ਅਸੀਂ ਪਿਛਲੇ ਦਿਨਾਂ ਵਿੱਚ ਪੰਜਾਬ ਦੇ ਇੱਕ ਵੱਡੇ ਹਿੱਸੇ ਵਿੱਚ ਵੱਸਦੇ ਲੋਕਾਂ ਨੂੰ ਪਾਣੀਆਂ ਵਿਚਾਲੇ ਘਿਰ ਕੇ ਜ਼ਿੰਦਾ ਰਹਿਣ ਲਈ ਜੂਝਦਿਆਂ ਅਤੇ ਕੁਝ ਹੋਰ ਲੋਕਾਂ ਨੂੰ ਉਨ੍ਹਾਂ ਦੇ ਬਚਾਅ ਲਈ ਮਦਦ ਵਾਸਤੇ ਤਨ, ਮਨ ਅਤੇ ਧਨ ਸਮੇਤ ਹਰ ਚੀਜ਼ ਦਾਅ ਉੱਤੇ ਲਾਉਂਦੇ ਵੇਖਿਆ ਹੈ। ਇਸ ਤੋਂ ਪਿਛਲਾ ਵੱਡਾ ਹੜ੍ਹ ਕਰੀਬ ਸੈਂਤੀ ਸਾਲ ਪਹਿਲਾਂ ਆਇਆ ਸੀ ਅਤੇ ਉਸ ਵਕਤ ਅਸੀਂ ਹੜ੍ਹ ਪੀੜਤਾਂ ਦੀ ਮਦਦ ਲਈ ਜਾਂਦੀਆਂ ਟੀਮਾਂ ਨਾਲ ਜਾਂਦੇ ਰਹੇ ਸਾਂ। ਉਹ ਹੜ੍ਹ ਬਹੁਤ ਭਿਆਨਕ ਸੀ ਤੇ ਇਸ ਵਾਰ ਦਾ ਹੜ੍ਹ ਉਸ ਵੇਲੇ ਆਏ ਹੜ੍ਹ ਦੀ ਭਿਆਨਕਤਾ ਤੋਂ ਵੀ ਵੱਧ ਭਿਆਨਕ ਹੁੰਦਾ ਵੇਖਿਆ ਤੇ ਸੋਸ਼ਲ ਮੀਡੀਏ ਦੇ ਯੁੱਗ ਵਿੱਚ ਸਾਡੇ ਲੋਕਾਂ ਨੂੰ ਪੀੜਤਾਂ ਦੀ ਮਦਦ ਲਈ ਕਤਾਰਾਂ ਬੰਨ੍ਹੀ ਜਾਂਦੇ ਵੇਖਿਆ ਹੈ। ਕੋਈ ਖਾਣ ਸਮੱਗਰੀ ਪੁਚਾਉਣ ਦੇ ਯਤਨ ਕਰ ਰਿਹਾ ਸੀ, ਕੋਈ ਹੜ੍ਹ ਪੀੜਤਾਂ ਲਈ ਕੱਪੜੇ ਇਕੱਠੇ ਕਰ ਕੇ ਪੁਚਾਉਂਦਾ ਅਤੇ ਕੋਈ ਹੜ੍ਹਾਂ ਵਿੱਚ ਫਸਿਆਂ ਦੇ ਪਸ਼ੂਆਂ ਲਈ ਚਾਰਾ ਲੈ ਕੇ ਜਾਂਦਾ ਦਿਖਾਈ ਦੇਂਦਾ ਸੀ। ਪੰਜਾਬ ਦੇ ਨਾਲ ਹਰਿਆਣਾ ਤੇ ਰਾਜਸਥਾਨ ਤੱਕ ਤੋਂ ਇਨਸਾਨੀ ਫਰਜ਼ ਹੇਠ ਟਰਾਲੀਆਂ ਵਾਲਿਆਂ ਦੀ ਕਤਾਰ ਆਉਂਦੀ ਵੇਖੀ ਅਤੇ ਇਸ ਤਰ੍ਹਾਂ ਆਉਂਦੇ ਟਰੈਕਟਰਾਂ ਵਾਲਿਆਂ ਲਈ ਡੀਜ਼ਲ ਦੇ ਡਰੰਮ ਲੱਦ ਕੇ ਪਾਣੀ ਨਾਲ ਘਿਰੇ ਪਿੰਡਾਂ ਵਿੱਚ ਪਹੁੰਚ ਕੇ ਮੁਫਤ ਵੰਡਣ ਵਾਲੇ ਵੀ ਵੇਖੇ ਹਨ। ਸਤਲੁਜ, ਬਿਆਸ ਅਤੇ ਰਾਵੀ ਦੇ ਇਲਾਕਿਆਂ ਵਿੱਚ ਜ਼ਿਆਦਾ ਮਾਰ ਪਈ ਤਾਂ ਘੱਗਰ ਦੇ ਇਲਾਕੇ ਵਿੱਚ ਵੀ ਨੁਕਸਾਨ ਇਸ ਵਾਰੀ ਕਾਫੀ ਹੋਣ ਦੀਆਂ ਖਬਰਾਂ ਮਿਲਦੀਆਂ ਰਹੀਆਂ ਅਤੇ ਚੰਡੀਗੜ੍ਹ ਦੀ ਸੁਖਨਾ ਝੀਲ ਦੇ ਫਲੱਡ ਗੇਟ ਵੀ ਇਸ ਸਾਲ ਜਿੰਨੀ ਵਾਰੀ ਖੋਲ੍ਹਣੇ ਪਏ, ਪਹਿਲਾਂ ਸ਼ਾਇਦ ਕਦੇ ਓਨੀ ਵਾਰ ਨਹੀਂ ਖੋਲ੍ਹਣੇ ਪਏ ਅਤੇ ਇਸ ਨਾਲ ਚੋਖਾ ਨੁਕਸਾਨ ਹੋਇਆ ਹੈ। ਇਸ ਦੇ ਕੁੱਲ ਨੁਕਸਾਨ ਬਾਰੇ ਮੁੱਢਲੇ ਅੰਦਾਜ਼ੇ ਕੁਝ ਵੀ ਹੋਣ, ਆਖਰੀ ਸਥਿਤੀ ਸਾਹਮਣੇ ਆਉਣ ਉੱਤੇ ਪਤਾ ਲੱਗੇਗਾ ਕਿ ਪੰਜਾਬ ਦੀ ਆਰਥਿਕਤਾ ਵੀ ਇਸ ਨਾਲ ਝੰਬੀ ਗਈ ਹੈ ਅਤੇ ਇਹੋ ਜਿਹੇ ਕੌੜੇ ਸੱਚ ਦੀ ਝਲਕ ਵੀ ਲੋਕਾਂ ਨੂੰ ਮਿਲ ਗਈ ਹੈ, ਜਿਸ ਦਾ ਕਿਆਸ ਪਹਿਲਾਂ ਕਦੀ ਨਹੀਂ ਸੀ ਕੀਤਾ ਗਿਆ। ਇਹ ਸੱਚ ਸਾਹਮਣੇ ਆਉਣ ਪਿੱਛੋਂ ਬਹੁਤ ਕੁਝ ਸੋਚਣ ਦੀ ਲੋੜ ਲੱਗਦੀ ਹੈ।

ਪਹਿਲੀ ਗੱਲ ਤਾਂ ਭਿਆਨਕਤਾ ਦਾ ਇਹ ਹਾਲ ਸੀ ਕਿ ਲੋਕਾਂ ਦੇ ਵਿੰਹਦਿਆਂ ਤੋਂ ਉਨ੍ਹਾਂ ਦੇ ਖੇਤ ਵੀ ਦਰਿਆ ਰੋੜ੍ਹਦਾ ਲਈ ਜਾਂਦਾ ਸੀ, ਖੇਤਾਂ ਵਿਚਾਲੇ ਬਣੇ ਘਰ ਵੀ ਤੇ ਜਿਹੜੇ ਥਾਈਂ ਦਰਿਆਵਾਂ ਨੇ ਵਹਿਣ ਦਾ ਰਸਤਾ ਬਦਲਿਆ, ਉਥੇ ਨਵੇਂ ਵਹਿਣ ਨਾਲ ਪਹਿਲੇ ਵਹਿਣ ਦੀ ਜਿਹੜੀ ਥਾਂ ਵਿਹਲੀ ਹੋਈ, ਉਹ ਵੀ ਮੁਸੀਬਤਾਂ ਦੀ ਪੰਡ ਸੀ। ਖੇਤਾਂ ਵਿੱਚ ਉਲਟਾਵੇਂ ਹਲ ਵਗਦੇ ਜਿਨ੍ਹਾਂ ਵੇਖੇ ਹੋਣਗੇ, ਉਹ ਜਾਣਦੇ ਹੋਣਗੇ ਕਿ ਉਹ ਹਲ ਚੱਲਦਾ ਹੈ ਤਾਂ ਸਿੱਧੇ ਸਿਆੜ ਨਹੀਂ ਕੱਢਦਾ, ਆਪਣੇ ਇੱਕ ਪਾਸੇ ਤੋਂ ਮਿੱਟੀ ਚੁੱਕਦਾ ਅਤੇ ਦੂਸਰੇ ਪਾਸੇ ਮੂਧੀ ਕਰ-ਕਰ ਸੁੱਟੀ ਜਾਂਦਾ ਹੈ। ਇਹੋ ਕੁਝ ਦਰਿਆਵਾਂ ਦੇ ਇਸ ਤਰ੍ਹਾਂ ਵਹਿਣ ਬਦਲਣ ਨਾਲ ਹੋਇਆ ਕਿ ਖੇਤਾਂ ਵਾਲੀ ਥਾਂ ਪਾਣੀ ਵਗਣ ਲੱਗ ਪਿਆ ਅਤੇ ਪਾਣੀ ਦੇ ਵਹਿਣ ਵਾਲੀ ਥਾਂ ਰੇਤ ਨਾਲ ਏਨਾ ਉੱਚਾ ਬੰਨ੍ਹ ਜਿਹਾ ਲੱਗਦਾ ਤੇ ਖੇਤਾਂ ਵਿੱਚ ਉੱਚੇ-ਨੀਵੇਂ ਰੇਤ ਅਤੇ ਮਿੱਟੀ ਦੇ ਟਿੱਲੇ ਬਣਦੇ ਗਏ, ਜਿਹੜੇ ਇਹੋ ਜਿਹੇ ਥਾਵਾਂ ਉੱਤੇ ਛੇਤੀ ਕੀਤੇ ਖੇਤੀ ਵੀ ਨਹੀਂ ਕਰਨ ਦੇਣਗੇ। ਦਰਿਆਵਾਂ ਨੇ ਜਿੱਥੇ ਕਿਤੇ ਢਾਹ ਲਾਈ, ਉਹ ਤੀਹ-ਚਾਲੀ ਫੁੱਟ ਕਰੀਬ ਹੇਠੋਂ ਮਾਰ ਕਰਦਾ ਅਤੇ ਹੇਠਲੀ ਮਿੱਟੀ ਰੋੜ੍ਹ ਲਿਜਾਣ ਦੇ ਬਾਅਦ ਜਦੋਂ ਉੱਤਲੀ ਜ਼ਮੀਨ ਅਤੇ ਉਸ ਦੇ ਉੱਪਰ ਬਣੇ ਮਕਾਨ ਡਿੱਗਦੇ ਸਨ ਤਾਂ ਇਹ ਨਹੀਂ ਸੀ ਪਤਾ ਲੱਗਦਾ ਕਿ ਅਗਲੇ ਦਸ ਫੁੱਟ ਰੁੜ੍ਹਨਗੇ ਜਾਂ ਵੀਹ ਫੁੱਟ ਹੋਰ ਰੁੜ੍ਹ ਜਾਣਗੇ। ਮੈਂ ਏਦਾਂ ਦੀਆਂ ਵੀਡੀਉ ਕਲਿੱਪਾਂ ਵੇਖ ਕੇ ਕੰਬ ਜਾਂਦਾ ਸਾਂ, ਜਿਨ੍ਹਾਂ ਵਿੱਚ ਸਿੱਧੇ ਖੜੇ ਘਰ ਹੇਠੋਂ ਲੱਗੀ ਢਾਹ ਨਾਲ ਪਹਿਲਾਂ ਇੱਕ ਪਾਸੇ ਨੂੰ ਝੁਕਦੇ ਅਤੇ ਫਿਰ ਇੱਕਦਮ ਡਿੱਗ ਕੇ ਵਿੰਹਦਿਆਂ-ਵਿੰਹਦਿਆਂ ਪਾਣੀ ਵਿੱਚ ਮਿਲਦੇ ਜਾਂਦੇ ਸਨ।

ਇਹੋ ਜਿਹੇ ਹਾਲਾਤ ਵਿੱਚ ਇਹ ਸਵਾਲ ਲਗਾਤਾਰ ਚਰਚਾ ਵਿੱਚ ਰਿਹਾ ਤੇ ਫਿਰ ਵਿਧਾਨ ਸਭਾ ਦੇ ਅਜਲਾਸ ਵਿੱਚ ਵੀ ਮੁੱਦਾ ਬਣਿਆ ਕਿ ਇਸ ਦਾ ਕਸੂਰਵਾਰ ਕੌਣ ਸੀ! ਸਮਝਦਾਰੀ ਤਾਂ ਇਹੋ ਕਹਿੰਦੀ ਹੈ ਕਿ ਸਭ ਤੋਂ ਵੱਡਾ ਦੋਸ਼ ਐਤਕੀਂ ਹੱਦੋਂ ਵੱਧ ਮੀਂਹ ਪੈਣ ਦਾ ਸੀ, ਜਿਸ ਬਾਰੇ ਮੌਸਮ ਵਿਭਾਗ ਕਦੇ ਵੀ ਅਗੇਤੀ ਸੂਚਨਾ ਜਾਰੀ ਨਹੀਂ ਸੀ ਕਰ ਸਕਿਆ ਤੇ ਉਸ ਨੇ ਜਿੰਨੀ ਕੁ ਜਾਰੀ ਕੀਤੀ ਸੀ, ਉਹ ਬਹੁਤੀ ਵਾਰੀ ਹੱਦੋਂ ਬਾਹਰੀ ਗਲਤ ਨਿਕਲਦੀ ਰਹੀ। ਮਿਸਾਲ ਵਜੋਂ ਚੌਵੀ ਅਗਸਤ ਨੂੰ ਇੱਕੀ ਮਿਲੀਮੀਟਰ ਮੀਂਹ ਦੀ ਭਵਿੱਖਬਾਣੀ ਆਈ ਅਤੇ ਅਸਲ ਵਿੱਚ ਮੀਂਹ ਇੱਕ ਸੌ ਤਰੇਹਠ ਮਿਲੀਮੀਟਰ ਪੈ ਗਿਆ ਅਤੇ ਫਿਰ ਪੰਝੀ ਅਗਸਤ ਨੂੰ ਅਠਾਰਾਂ ਮਿਲੀਮੀਟਰ ਦੱਸਿਆ ਤੇ ਅਸਲ ਵਿੱਚ ਇੱਕ ਸੌ ਸੰਤਾਲੀ ਮਿਲੀਮੀਟਰ ਵਰ੍ਹ ਗਿਆ। ਹੱਦ ਇਹ ਸੀ ਕਿ ਸਤਾਰਾਂ ਅਗਸਤ ਨੂੰ ਸਿਰਫ ਨੌਂ ਮਿਲੀਮੀਟਰ ਦੱਸਿਆ ਗਿਆ ਅਤੇ ਅਸਲ ਵਿੱਚ ਇਸ ਤੋਂ ਇੱਕੀ ਗੁਣਾਂ ਨੇੜੇ ਇੱਕ ਸੌ ਪਚਾਸੀ ਮਿਲੀਮੀਟਰ ਤੋਂ ਵੱਧ ਪੈ ਗਿਆ। ਇੱਕ ਅਖਬਾਰ ਵਿੱਚ ਇਹ ਅੰਕੜੇ ਛਪਣ ਅਤੇ ਨਾਲ ਇਹ ਕਹੇ ਜਾਣ ਕਿ ਮੌਸਮ ਵਿਭਾਗ ਗਲਤ ਸੂਚਨਾ ਜਾਰੀ ਕਰੀ ਜਾ ਰਿਹਾ ਹੈ, ਮੌਸਮ ਵਿਭਾਗ ਨੇ ਨਾ ਕਦੇ ਗਲਤੀ ਮੰਨੀ, ਨਾ ਦੋਸ਼ ਲਾਉਣ ਵਾਲਿਆਂ ਨੂੰ ਗਲਤ ਕਿਹਾ, ਸਗੋਂ ਚੁੱਪ ਵੱਟ ਲਈ। ਲੋਕ ਇਸ ਵਿਹਾਰ ਨੂੰ ਸਾਜ਼ਿਸ਼ ਮੰਨਣ ਤੱਕ ਚਲੇ ਜਾਂਦੇ ਹਨ।

ਦੂਸਰਾ ਗੁਨਾਹ ਭਾਖੜਾ-ਬਿਆਸ ਮੈਨੇਜਮੈਂਟ ਦਾ ਸੀ, ਜਿਨ੍ਹਾਂ ਬਾਰੇ ਇਹ ਪਤਾ ਲੱਗਾ ਕਿ ਪਿਛਲੇ ਪੰਜਾਹ ਸਾਲਾਂ ਤੋਂ ਵੱਧ ਸਮਾਂ ਹੋ ਗਿਆ, ਭਾਖੜਾ ਡੈਮ ਦੀ ਝੀਲ ਵਿੱਚੋਂ ਕਦੇ ਗਾਰ ਨਹੀਂ ਕੱਢੀ ਗਈ ਅਤੇ ਇਸ ਨੇ ਝੀਲ ਦਾ ਵੀਹ ਫੁੱਟ ਨਾਲੋਂ ਵੱਧ ਥੱਲਾ ਢੱਕਿਆ ਹੋਣ ਕਾਰਨ ਪਾਣੀ ਰੋਕਣ ਦੀ ਸਮਰੱਥਾ ਬਹੁਤ ਘਟ ਗਈ ਸੀ। ਪੁੱਛਿਆ ਗਿਆ ਤਾਂ ਮੈਨੇਜਮੈਂਟ ਇਸ ਦੇ ਪੂਰੇ ਅੰਕੜੇ ਵੀ ਪੇਸ਼ ਨਹੀਂ ਕਰ ਸਕੀ ਅਤੇ ਇਹੋ ਦੋਸ਼ ਲਾਉਂਦੀ ਰਹੀ ਕਿ ਪੰਜਾਬ ਨੇ ਵਕਤ ਸਿਰ ਹਰਿਆਣੇ ਨੂੰ ਪਾਣੀ ਨਹੀਂ ਦੇਣ ਦਿੱਤਾ, ਜੇ ਪੰਜਾਬ ਰੋਕਾਂ ਨਾ ਪਾਉਂਦਾ ਤਾਂ ਡੈਮਾਂ ਵਿੱਚ ਏਨਾ ਪਾਣੀ ਨਹੀਂ ਸੀ ਹੋਣਾ ਕਿ ਛੱਡਣ ਦੀ ਨੌਬਤ ਆਈ ਹੁੰਦੀ। ਭਾਖੜਾ-ਬਿਆਸ ਮੈਨੇਜਮੈਂਟ ਇਹ ਗੱਲ ਨਹੀਂ ਮੰਨ ਰਹੀ ਕਿ ਜਿੰਨਾ ਪਾਣੀ ਹਰਿਆਣੇ ਨੂੰ ਛੱਡਣਾ ਸੀ, ਉਹ ਛੱਡਣ ਦੀ ਹਾਮੀ ਵੀ ਪੰਜਾਬ ਭਰ ਦੇਂਦਾ ਤਾਂ ਹਿਮਾਚਲ ਪ੍ਰਦੇਸ਼ ਵਿੱਚ ਜਿਹੜੇ ਵਾਰ-ਵਾਰ ਬੱਦਲ ਪਾਟਦੇ ਰਹੇ, ਪੰਜਾਬ ਵਿੱਚ ਹੜ੍ਹ ਉਨ੍ਹਾਂ ਨਾਲ ਫਿਰ ਵੀ ਆ ਜਾਣੇ ਸਨ। ਹਰਿਆਣੇ ਨੂੰ ਪਾਣੀ ਜਾਂਦਾ ਰੋਕਣ ਦਾ ਜ਼ਿੰਮਾ ਤਾਂ ਪੰਜਾਬ ਸਿਰ ਪਾ ਦਿੱਤਾ ਜਾਵੇਗਾ, ਪਰ ਪੌਂਗ ਡੈਮ ਅਤੇ ਰਣਜੀਤ ਸਾਗਰ ਡੈਮ ਦੇ ਫਲੱਡ ਗੇਟ ਵੀ ਖੋਲ੍ਹਣ ਤੋਂ ਪਹਿਲਾਂ ਜਿਹੜਾ ਅਣਕਿਆਸੀ ਮਾਰ ਕਰਦਾ ਪਾਣੀ ਜੰਮੂ-ਕਸ਼ਮੀਰ ਵੱਲੋਂ ਉੱਝ ਦਰਿਆ ਰਾਹੀਂ ਏਧਰ ਆਇਆ ਤੇ ਡੇਰਾ ਬਾਬਾ ਨਾਨਕ ਅਤੇ ਅਜਨਾਲੇ ਤੱਕ ਮਾਰ ਕਰ ਗਿਆ, ਉਸ ਹੜ੍ਹ ਦਾ ਦੋਸ਼ ਕਿਸ ਦੇ ਸਿਰ ਪਾਇਆ ਜਾਵੇਗਾ! ਕੁਦਰਤ ਦੀ ਕਰੋਪੀ ਤਾਂ ਹਰ ਪਾਸੇ ਦਿੱਸਦੀ ਸੀ।

ਤੀਸਰੀ ਗੱਲ ਇਹ ਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ ਸਿਰਫ ਸੋਲਾਂ ਸੌ ਕਰੋੜ ਰੁਪਏ ਦੀ ਮਦਦ ਦੇਣ ਦਾ ਐਲਾਨ ਕਰ ਕੇ ਇੱਕ ਬੇਰਹਿਮ ਮਜ਼ਾਕ ਕੀਤਾ ਅਤੇ ਫਿਰ ਇਸ ਉੱਤੇ ਅਮਲ ਵੀ ਨਹੀਂ ਕੀਤਾ। ਜਿਹੜੇ ਸੋਲਾਂ ਸੌ ਕਰੋੜ ਦੇਣ ਦਾ ਐਲਾਨ ਕੀਤਾ ਸੀ, ਉਹ ਛੱਬੀ ਸਤੰਬਰ ਨੂੰ ਪੰਜਾਬ ਵਿਧਾਨ ਸਭਾ ਅਜਲਾਸ ਹੋਣ ਤੱਕ ਵੀ ਪੰਜਾਬ ਨਹੀਂ ਭੇਜੇ ਗਏ ਅਤੇ ਕੇਂਦਰ ਤੋਂ ਆਏ ਮੰਤਰੀ ਤੇ ਹੋਰ ਭਾਜਪਾ ਆਗੂ ਸਿਰਫ ਫੋਟੋ ਖਿਚਾ ਕੇ ਮੁੜ ਜਾਂਦੇ ਰਹੇ ਸਨ। ਦੇਸ਼ ਦਾ ਖਜ਼ਾਨਾ ਇਹੋ ਜਿਹੇ ਮੌਕਿਆਂ ਉੱਤੇ ਵੀ ਜੇ ਪੀੜਤਾਂ ਤੇ ਮੌਤ ਦੇ ਮੂੰਹ ਆਏ ਹੋਏ ਲੋਕਾਂ ਲਈ ਨਹੀਂ ਖੋਲ੍ਹਣਾ ਤਾਂ ਆਖਰ ਕਿਸ ਵੇਲੇ ਖੋਲ੍ਹਿਆ ਜਾਵੇਗਾ! ਭਾਰਤ ਸਰਕਾਰ ਗੱਲਾਂ ਦਾ ਗੁਤਾਵਾ ਕਰਦੀ ਰਹੀ, ਅਮਲ ਵਿੱਚ ਪੰਜਾਬ ਲਈ ਕੁਝ ਖਾਸ ਨਹੀਂ ਕੀਤਾ।

ਏਦਾਂ ਦੇ ਹਾਲਾਤ ਵਿੱਚ ਚੰਗੀ ਗੱਲ ਇਹ ਹੋਈ ਕਿ ਵਿਧਾਨ ਸਭਾ ਵਿੱਚ ਪੰਜਾਬ ਦੀਆਂ ਸਾਰੀਆਂ ਸਿਆਸੀ ਧਿਰਾਂ ਨੇ ਆਮ ਰਾਏ ਨਾਲ ਹੜ੍ਹ ਪੀੜਤਾਂ ਦੀ ਹਮਾਇਤ ਦੀ ਗੱਲ ਕੀਤੀ, ਪਰ ਨਾਲ ਮਾੜੀ ਗੱਲ ਇਹ ਹੋਈ ਕਿ ਏਦਾਂ ਦੇ ਵਕਤ ਵੀ ਸਿਆਸੀ ਮਿਹਣੇਬਾਜ਼ੀ ਕਰਨ ਤੋਂ ਕੋਈ ਨਹੀਂ ਰੁਕਿਆ। ਮਿਸਾਲ ਵਜੋਂ ਮਾਧੋਪੁਰ ਹੈੱਡਵਰਕਸ ਦੇ ਜਿਸ ਪੁਲ ਤੋਂ ਟੱਪਦੇ ਸਾਰ ਜੰਮੂ-ਕਸ਼ਮੀਰ ਦੀ ਹੱਦ ਸ਼ੁਰੂ ਹੋ ਜਾਂਦੀ ਹੈ, ਉਸ ਪੁਲ ਉੱਤੇ ਲੱਗੇ ਕਈ-ਕਈ ਫੁੱਟ ਉੱਚੇ ਫਲੱਡ ਗੇਟ ਜਦੋਂ ਖੋਲ੍ਹਣੇ ਪਏ ਤਾਂ ਉਨ੍ਹਾਂ ਨੂੰ ਜੰਗਾਲ ਲੱਗਾ ਪਿਆ ਸੀ ਤੇ ਹੇਠਾਂ ਗਾਰ ਜੰਮੀ ਹੋਈ ਹੋਣ ਕਾਰਨ ਖੋਲ੍ਹਣ ਦੀ ਕੋਸ਼ਿਸ਼ ਦੌਰਾਨ ਤਿੰਨ ਗੇਟ ਅਚਾਨਕ ਟੁੱਟ ਕੇ ਪਾਣੀ ਨਾਲ ਰੁੜ੍ਹ ਗਏ ਸਨ ਤੇ ਇੱਕ ਕਰਮਚਾਰੀ ਵੀ ਰੁੜ੍ਹ ਗਿਆ। ਪਿੱਛੋਂ ਉਸ ਦੀ ਲਾਸ਼ ਬੜੀ ਮੁਸ਼ਕਲ ਨਾਲ ਮਿਲੀ, ਪਰ ਕੋਈ ਸਬਕ ਸਿੱਖਣ ਦੀ ਸਹਿਮਤੀ ਦੀ ਥਾਂ ਇਹ ਰਾਜਸੀ ਲੀਡਰਾਂ ਦੀ ਆਪਸੀ ਚਾਂਦਮਾਰੀ ਦਾ ਮੁੱਦਾ ਬਣ ਕੇ ਰਹਿ ਗਿਆ। ਵਿਰੋਧੀ ਧਿਰਾਂ ਨੇ ਰਾਜ ਕਰਦੀ ਆਮ ਆਦਮੀ ਪਾਰਟੀ ਦੀ ਸਰਕਾਰ ਉੱਤੇ ਦੋਸ਼ ਲਾਇਆ ਕਿ ਗੇਟ ਇਸ ਨੇ ਅਗੇਤੇ ਚੈੱਕ ਕਿਉਂ ਨਹੀਂ ਸਨ ਕੀਤੇ ਤੇ ਰਾਜ ਕਰਦੀ ਧਿਰ ਨੇ ਇਹ ਜਵਾਬੀ ਦੋਸ਼ ਲਾਇਆ ਕਿ ਇਹ ਗੇਟ ਪਹਿਲੀਆਂ ਸਰਕਾਰਾਂ ਦੇ ਵਕਤ ਬੰਦ ਕੀਤੇ ਪਏ ਸਨ, ਉਨ੍ਹਾਂ ਇਸ ਦੀ ਮੁਰੰਮਤ ਕਿਉਂ ਨਹੀਂ ਕਰਵਾਈ! ਪਹਿਲਿਆਂ ਨੂੰ ਕਹੀਏ ਜਾਂ ਅੱਜ ਵਾਲਿਆਂ ਨੂੰ, ਉਨ੍ਹਾਂ ਦੇ ਵਕਤ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ ਗਿਆ ਅਤੇ ਅੱਜ ਦੀ ਘੜੀ ਰਾਜ ਕਰਦੀ ਪਾਰਟੀ ਦੇ ਅਧੀਨ ਵੀ ਪਿਛਲੇ ਸਾਢੇ ਤਿੰਨ ਸਾਲ ਇਸ ਕੰਮ ਵੱਲ ਕਿਸੇ ਨੇ ਧਿਆਨ ਨਹੀਂ ਸੀ ਕੀਤਾ।

ਇੱਕ ਗੱਲ ਹੋਰ ਏਦਾਂ ਦੀ ਹੈ, ਜਿਸ ਬਾਰੇ ਪੰਜਾਬ ਵਿੱਚ ਵੱਸਦੇ ਵੀ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਤੇ ਪੰਜਾਬ ਤੋਂ ਬਾਹਰ ਵਿਦੇਸ਼ਾਂ ਵਿੱਚ ਵੱਸਣ ਵਾਲਿਆਂ ਨੂੰ ਤਾਂ ਕਿਸੇ ਵਿਰਲੇ ਨੂੰ ਪਤਾ ਹੋਵੇਗੀ ਕਿ ਦਰਿਆਵਾਂ ਦੇ ਵਹਿਣ ਕਈ ਵਾਰੀ ਪਾਟ ਜਾਂਦੇ ਹਨ ਅਤੇ ਇੱਕ ਦੀ ਬਜਾਏ ਦੋ ਜਾਂ ਤਿੰਨ ਥਾਂ ਵਗਣ ਲੱਗਣ ਹਨ ਤਾਂ ਉਨ੍ਹਾਂ ਵਿਚਾਲੇ ਨਵੇਂ ਪਿੰਡ ਵੱਸ ਜਾਂਦੇ ਹਨ। ਬਿਆਸ ਦਰਿਆ ਕਪੂਰਥਲਾ ਅਤੇ ਤਰਨ ਤਾਰਨ ਜ਼ਿਲਿਆਂ ਵਿਚਾਲੇ ਵਗਦਾ ਜਦੋਂ ਗੋਇੰਦਵਾਲ ਸਾਹਿਬ ਤੋਂ ਅੱਗੇ ਜਾਂਦਾ ਹੈ ਤਾਂ ਉਸ ਦੇ ਪਾਟਵੇਂ ਵਹਿਣ ਦੇ ਵਿਚਾਲੇ ਢਾਈ-ਤਿੰਨ ਕਿਲੋਮੀਟਰ ਦਾ ਫਰਕ ਵੀ ਪੈ ਜਾਂਦਾ ਹੈ। ਮਾਝੇ ਵੱਲ ਮੁੰਡਾ ਪਿੰਡ ਤੇ ਦੋਆਬੇ ਦੇ ਸੁਲਤਾਨਪੁਰ ਲੋਧੀ ਵਿਚਲਿਉਂ ਲੰਘਦੇ ਦਰਿਆ ਦੇ ਵਹਿਣ ਦਾ ਏਨਾ ਫਾਸਲਾ ਹੈ ਕਿ ਮੁਹੰਮਦਾਬਾਦ, ਬਾਊਪੁਰ ਕਦੀਮ, ਬਾਊਪੁਰ ਜਦੀਦ, ਮੰਡ ਬੰਦੂ ਜਦੀਦ, ਮੰਡ ਹਜ਼ਾਰਾ ਅਤੇ ਮੰਡ ਹੁਸੈਨਪੁਰ ਬੂੱਲੇ ਆਦਿ ਪਿੰਡ ਵੱਸ ਚੁੱਕੇ ਹਨ, ਜਿਨ੍ਹਾਂ ਲਈ ਦੋਵੇਂ ਪਾਸੇ ਸ਼ੂਕਦਾ ਦਰਿਆ ਵਗਦਾ ਰਹਿੰਦਾ ਹੈ। ਸਰਕਾਰਾਂ ਨੂੰ ਇਹ ਪਤਾ ਹੈ ਅਤੇ ਉਨ੍ਹਾਂ ਪਿੰਡਾਂ ਵਿੱਚ ਵੱਸਦੇ ਲੋਕਾਂ ਲਈ ਸਰਕਾਰ ਨੇ ਕੁਝ ਪੁਲ ਬਣਾਏ ਹੋਏ ਹਨ, ਪਰ ਹੜ੍ਹਾਂ ਦੀ ਮਾਰ ਪੈਣ ਵੇਲੇ ਉਨ੍ਹਾਂ ਲੋਕਾਂ ਨੂੰ ਅਗੇਤਾ ਕੱਢਣ ਦੀ ਕੋਈ ਪੱਕੀ ਯੋਜਨਾਬੰਦੀ ਨਾ ਹੋਣ ਕਾਰਨ ਉਹ ਹਰ ਵਾਰੀ ਘਿਰ ਜਾਂਦੇ ਅਤੇ ਮਾਰ ਸਹਿੰਦੇ ਹਨ। ਏਦਾਂ ਦੇ ਇਲਾਕਿਆਂ ਵਿੱਚ ਫਸੇ ਹੋਏ ਲੋਕਾਂ ਦੀ ਮਦਦ ਲਈ ਗਈਆਂ ਸੰਸਥਾਵਾਂ ਵੀ ਕਿਸੇ ਤਰ੍ਹਾਂ ਉਥੇ ਨਹੀਂ ਪਹੁੰਚ ਸਕੀਆਂ ਤੇ ਸਿਰਫ ਹੈਲੀਕਾਪਟਰ ਦੀ ਮਦਦ ਹੀ ਕੰਮ ਆ ਸਕਦੀ ਸੀ। ਇਸ ਤੋਂ ਇਲਾਵਾ ਹੜ੍ਹ ਮਾਰੇ ਜਿਹੜੇ ਪਿੰਡ ਦਰਿਆ ਵਿਚਾਲੇ ਨਹੀਂ, ਪਰ ਦਰਿਆ ਦੇ ਨੇੜੇ ਹਨ, ਉਨ੍ਹਾਂ ਲਈ ਮਦਦ ਕਰਨ ਲਈ ਕਿਸ਼ਤੀ ਦੀ ਵਰਤੋਂ ਕਰਨੀ ਵੀ ਬਹੁਤ ਵਾਰੀ ਔਖੀ ਹੋ ਜਾਂਦੀ ਹੈ। ਜੇ ਕਿਸ਼ਤੀ ਮੋਟਰ ਵਾਲੀ ਹੋਵੇ ਤਾਂ ਪਾਣੀ ਹੇਠ ਪਤਾ ਨਹੀਂ ਹੁੰਦਾ ਕਿ ਫਸਲ ਕਿੱਥੇ ਹੈ ਤੇ ਜਦੋਂ ਫਸਲ ਦੀ ਥਾਂ ਤੱਕ ਕਿਸ਼ਤੀ ਜਾਂਦੀ ਹੈ ਤਾਂ ਫਸਲ ਉਸ ਦੇ ਹੇਠਾਂ ਪੱਖੇ ਵਿੱਚ ਫਸ ਜਾਣ ਨਾਲ ਰੁਕ ਜਾਂਦੀ ਹੈ ਅਤੇ ਜੇ ਮੋਟਰ ਜਾਂ ਇੰਜਣ ਤੋਂ ਬਿਨਾਂ ਕੋਈ ਕਿਸ਼ਤੀ ਜਾਵੇ ਤਾਂ ਹੇਠਾਂ ਜ਼ਮੀਨ ਵਿੱਚ ਲੱਗੀਆਂ ਬੁਰਜੀਆਂ ਜਾਂ ਕਿਸੇ ਥਾਂ ਜੰਗਲੀ ਜਾਨਵਰਾਂ ਤੋਂ ਬਚਣ ਲਈ ਲਾਈ ਗਈ ਵਾੜ ਅਤੇ ਕੰਡੇਦਾਰ ਤਾਰ ਵਿੱਚ ਕਿਸ਼ਤੀ ਫਸ ਜਾਂਦੀ ਹੈ ਤਾਂ ਫਿਰ ਉਸ ਦੇ ਉਲਟਣ ਦਾ ਡਰ ਬਣਿਆ ਰਹਿੰਦਾ ਹੈ।

'ਬੂਹੇ ਖੜੋਤੀ ਜੰਞ ਤੇ ਵਿੰਨ੍ਹੋ ਕੁੜੀ ਦੇ ਕੰਨ' ਦਾ ਪੰਜਾਬੀ ਮੁਹਾਵਰਾ ਹਰ ਕਿਸੇ ਨੂੰ ਪਤਾ ਹੈ ਅਤੇ ਸਰਕਾਰ ਦੇ ਕੰਮ ਵੀ ਏਦਾਂ ਦੇ ਹੁੰਦੇ ਹਨ। ਬਹੁਤੀ ਵਾਰੀ ਜਦੋਂ ਮੁਸੀਬਤ ਸਿਰ ਉੱਤੇ ਆਣ ਪੈਂਦੀ ਹੈ ਤਾਂ ਰਾਹਤ ਦੇ ਕਾਰਜਾਂ ਲਈ ਭਾਜੜ ਪਾ ਦਿੱਤੀ ਜਾਂਦੀ ਹੈ, ਪਰ ਜਦੋਂ ਕੁਝ ਕਰ ਸਕਣ ਦਾ ਸਮਾਂ ਹੁੰਦਾ ਹੈ, ਓਦੋਂ ਨਾ ਅਫਸਰਾਂ ਨੂੰ ਇਸ ਦਾ ਕਦੀ ਚੇਤਾ ਆਉਂਦਾ ਹੈ ਤੇ ਨਾ ਮੰਤਰੀਆਂ ਅਤੇ ਹੋਰ ਅਹਿਲਕਾਰਾਂ ਨੂੰ ਆਉਂਦਾ ਹੈ। ਇਹ ਸਾਰੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਦੇ ਹਿਸਾਬ ਵਾਲੇ ਹਨ, ਅੱਗ ਲੱਗੀ ਤੋਂ ਅੱਗੜ-ਪਿੱਛੜ ਦੌੜਾਂ ਲਾਉਂਦੇ ਹਨ ਤੇ ਬਹੁਤੀ ਵਾਰੀ ਕੰਮ ਕਰਨ ਦੀ ਥਾਂ ਕੰਮ ਹੁੰਦਾ ਵਿਖਾਉਣ ਲਈ ਦੌੜਾਂ ਲਾਉਂਦੇ ਹਨ, ਪਰ ਅਗੇਤਾ ਏਜੰਡਾ ਇਹ ਕਦੇ ਵੀ ਤੈਅ ਨਹੀਂ ਕਰਦੇ। ਇਹੋ ਜਿਹੇ ਹਾਲਾਤ ਕਾਰਨ ਪੰਜਾਬੀਆਂ ਸਿਰ ਮੁੜ-ਮੁੜ ਇੱਕ ਜਾਂ ਦੂਸਰਾ ਸੰਕਟ ਪੈਂਦਾ ਰਹਿੰਦਾ ਹੈ ਅਤੇ ਹਰ ਵਾਰ ਇਹ ਆਖਿਆ ਜਾਂਦਾ ਹੈ ਕਿ ਅੱਗੇ ਤੋਂ ਕੋਈ ਢਿੱਲ-ਮੱਠ ਨਹੀਂ ਰਹਿਣ ਦਿੱਤੀ ਜਾਵੇਗੀ, ਪਰ ਅਗਲੀ ਵਾਰ ਫਿਰ ਉਹੋ ਖੇਡ ਦੁਹਰਾਈ ਜਾਂਦੀ ਦਿੱਸਦੀ ਹੈ। ਸਭ ਤੋਂ ਵੱਧ ਮਾੜੀ ਗੱਲ ਇਹ ਕਿ ਇਹੋ ਜਿਹੇ ਮੌਕੇ ਸਾਡੇ ਆਗੂ ਸਿਆਸਤ ਕਰਨੀ ਨਹੀਂ ਛੱਡਦੇ, ਨਾ ਵਿਰੋਧੀ ਧਿਰ ਦੇ, ਨਾ ਹਾਕਮ ਧਿਰ ਵਾਲੇ ਤੇ ਨਾ ਕੇਂਦਰ ਤੋਂ ਝਾਤੀਆਂ ਮਾਰਨ ਅਤੇ ਬਿਆਨਾਂ ਦੀ ਵਾਛੜ ਕਰ ਕੇ ਮੁੜਨ ਵਾਲੇ ਆਦਤ ਛੱਡਦੇ ਹਨ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਹੜ੍ਹਾਂ ਜਾਂ ਹੋਰ ਮੁਸੀਬਤਾਂ ਦੀ ਮਾਰ ਦੌਰਾਨ ਸਿਆਸਤ ਦੀ ਘੁੰਮਣਘੇਰੀ ਵਿੱਚ ਪੰਜਾਬ ਫਸਿਆ ਹੋਇਆ ਦਿੱਸਦਾ ਹੈ ਅਤੇ ਮੁੜ-ਮੁੜ ਇਹੋ ਹੁੰਦਾ ਹੈ। ਇਹੋ ਤਾਂ ਹੈ ਪੰਜਾਬ ਦੇ ਲੋਕਾਂ ਦਾ ਅਸਲੀ ਜੀਵਣਾ!

# ਜ਼ਿੰਦਗੀ ਦੇ ਅਸਲ ਨਾਇਕ

ਵਰਤਾਰਾ

**ਤਰਸੇਮ ਸਿੰਘ ਭੰਗੂ**

ਆਫਤ ਕੁਦਰਤੀ ਹੋਵੇ ਜਾਂ ਮਨੁੱਖ ਵੱਲੋਂ ਖੁਦ ਸਹੇੜੀ, ਉਹ ਦੁੱਖਦਾਈ ਹੀ ਹੁੰਦੀ ਹੈ। ਕੁਦਰਤੀ ਆਫਤ ਮੌਕੇ ਵੀ ਮਨੁੱਖ ਹੀ ਮਨੁੱਖ ਦਾ ਮਦਦਗਾਰ ਬਣਦਾ ਹੈ ਤੇ ਖੁਦ ਸਹੇੜੀ ਆਫਤ ਵਿੱਚ ਵੀ ਆਪ ਹੀ ਅੱਗੇ ਆਉਂਦਾ ਹੈ। ਵੀਹਵੀਂ ਸਦੀ ਵਿੱਚ ਸੰਤਾਲੀ ਦੀ ਵੱਢ-ਟੁੱਕ, ਪਚਵੰਜਾ ਦੇ ਹੜ੍ਹ, ਚੁਰਾਸੀ ਦਾ ਸਾਕਾ ਨੀਲਾ ਤਾਰਾ, ਚੁਰਾਸੀ ਦੀ ਕਤਲੇਆਮ, ਅਠਾਸੀ ਦਾ ਹੜ੍ਹ, ਤਿਰਾਨਵੇਂ ਦਾ ਹੜ੍ਹ, ਕੋਰੋਨਾ ਕਾਲ, ਵਿਸ਼ਵ ਪੱਧਰੀ ਅਨੇਕਾਂ ਸੁਨਾਮੀਆਂ, ਮੁਲਕਾਂ ਵਿੱਚ ਆਪਸੀ ਮਾਰੂ ਜੰਗਾਂ ਅਤੇ ਕਈ ਭੁਚਾਲਾਂ ਨਾਲ ਹੋਈਆਂ ਤਬਾਹੀਆਂ ਨੂੰ ਯਾਦ ਕਰਕੇ ਦਿਲ ਕੰਬ ਜਾਂਦਾ ਹੈ। ਵਰਤਮਾਨ ਵਿੱਚ ਹੜ੍ਹ ਦੇ ਰੂਪ ਵਿੱਚ ਆਈ ਆਫਤ ਨੇ ਪਿਛਲੀਆਂ ਆਫਤਾਂ ਦੀ ਯਾਦ ਕਰਵਾ ਦਿੱਤੀ ਹੈ। ਝਾਤ ਮਾਰ ਕੇ ਵੇਖਿਆ ਜਾਵੇ ਤਾਂ ਹਰੇਕ ਥਾਂ ਮਨੁੱਖ ਹੀ ਮਨੁੱਖ ਦਾ ਮਸੀਹਾ ਬਣ ਕੇ ਵੀ ਆਇਆ, ਮਨੁੱਖਤਾ ਦੀ ਵੱਢ-ਟੁੱਕ ਲਈ ਪ੍ਰੇਰਿਤ ਕਰਨ ਵਾਲਾ ਓਹੀ ਮਨੁੱਖ ਸ਼ਾਂਤੀ ਜਲੂਸਾਂ ਵਿੱਚ ਚਿੱਟੇ ਝੰਡੇ ਅਤੇ ਮਸ਼ਾਲਾਂ ਹੱਥਾਂ ਵਿੱਚ ਫੜੀ ਸ਼ਾਂਤੀ ਦੂਤ ਵੀ ਬਣਿਆ। ਸਿਆਸਤਦਾਨ ਲੋਕਾਂ ਨੇ ਹਮੇਸ਼ਾ ਸਿਆਸੀ ਰੋਟੀਆਂ ਸੇਕ-ਸੇਕ ਕੇ ਆਗਾਮੀ ਚੋਣਾਂ ਲਈ ਵੋਟਾਂ ਹੀ ਪੱਕੀਆਂ ਕੀਤੀਆਂ। ਇਹ ਸਾਰਾ ਕੁਝ ਹਰੇਕ ਦੀ ਯਾਦ ਦਾ ਹਿੱਸਾ ਹੈ। ਵਕਤ ਦਾ ਪਹੀਆ ਆਪਣੀ ਰਫ਼ਤਾਰ ਨਾਲ ਚੱਲਦਾ ਰਹਿੰਦਾ ਹੈ। ਸਮੇਂ ਦੇ ਬੀਤਣ ਨਾਲ ਕੁਝ ਕੌੜੀਆਂ-ਮਿੱਠੀਆਂ ਯਾਦਾਂ ਛੱਡ ਕੇ ਜਨਜੀਵਨ ਆਮ ਵਾਂਗ ਚੱਲਣ ਲੱਗ ਜਾਂਦਾ ਹੈ। ਮਨੁੱਖੀ ਫਿਤਰਤ ਇਹ ਵੀ ਹੈ ਕਿ ਮਨੁੱਖ ਬੀਤ ਗਏ ਤੋਂ ਸਬਕ ਬਹੁਤ ਘੱਟ ਲੈਂਦਾ ਹੈ। ਅੱਜ ਬੇਤਹਾਸ਼ਾ ਡਿਜੀਟਲ ਤਰੱਕੀ ਦੁਨੀਆ ਦੇ ਕੋਨੇ-ਕੋਨੇ ਦੀ ਖਬਰ ਤਸਵੀਰਾਂ ਸਮੇਤ ਘਰ-ਘਰ ਤੱਕ ਪਹੁੰਚਾ ਰਹੀ ਹੈ। ਆਪਾਂ ਬੀਤੇ ਨੂੰ ਛੱਡ ਕੇ ਵਰਤਮਾਨ ਦੀ ਗੱਲ ਕਰੀਏ। ਵਰਤਮਾਨ ਦੇ ਹੜ੍ਹ ਦੀ ਗੱਲ ਕਰਨ ਤੋਂ ਪਹਿਲਾਂ ਮਨੁੱਖ ਦੁਆਰਾ ਸਹੇੜੀ ਕੋਰੋਨਾ ਮਹਾਂਮਾਰੀ ਵਰਗੀ ਆਫਤ ਨੂੰ ਵੀ ਇਸ ਆਫਤ ਨਾਲ ਜੋੜ ਕੇ ਵੇਖਣਾ ਬਣਦਾ ਹੈ। ਉਸ ਵਕਤ ਵੀ ਆਪਣੇ-ਆਪ ਨੂੰ ਲੋਕਾਂ ਦੇ ਮਸੀਹਾ ਦੱਸਣ ਵਾਲੇ ਆਧੁਨਿਕ ਤਕਨੀਕ ਜ਼ਰੀਏ ਘਰਾਂ ਵਿੱਚ ਬੈਠੇ ਵੀ ਮੂੰਹਾਂ 'ਤੇ ਮਾਸਕ ਪਾਈ ਲੋਕਾਂ ਨੂੰ, 'ਆਹ ਕਰੋ, ਔਹ ਕਰੋ, ਤਾਲੀਆਂ-ਥਾਲੀਆਂ ਵਜਾਓ, ਮੋਮਬੱਤੀਆਂ ਜਗਾਓ, ਐਨੇ ਫੁੱਟ ਇੱਕ-ਦੂਜੇ ਤੋਂ ਦੂਰੀ ਬਣਾ ਕੇ ਰੱਖੋ' ਦੀਆਂ ਹਦਾਇਤਾਂ ਅਤੇ ਸੰਦੇਸ਼ ਦੇਂਦੇ ਆਮ ਜਨਤਾ ਤੋਂ ਦੂਰੀ ਬਣਾ ਕੇ ਬੈਠੇ ਰਹੇ ਸਨ।

ਉਸ ਵੇਲੇ ਵੀ ਅਸਲ ਮਸੀਹਾ ਮਨੁੱਖ, ਭੁੱਖੇ ਮਰਦੇ ਮਨੁੱਖ ਨੂੰ ਵੇਖ ਕੇ ਜਰ ਨਹੀਂ ਸਕਿਆ, ਉਹ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਬਾਹਰ ਨਿਕਲਿਆ। ਹਰੇਕ ਲੋੜਵੰਦ ਕੋਲ ਹਰ ਕਿਸਮ ਦੀ ਸਹਾਇਤਾ ਲੈ ਕੇ ਪਹੁੰਚਿਆ, ਪਰ ਕੋਰੋਨਾ ਕਾਲ ਨੇ ਖ਼ੂਨ ਦੇ ਰਿਸ਼ਤਿਆਂ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਾਇਆ ਸੀ। ਮਨੁੱਖੀ ਸੇਵਾ-ਭਾਵਨਾ ਰੱਖਣ ਵਾਲਿਆਂ ਨੇ ਨਿਰਸਵਾਰਥ ਹੋ ਕੇ ਸੇਵਾ ਵੀ ਕੀਤੀ ਸੀ। ਉਸ ਵੇਲੇ ਸੋਸ਼ਲ ਮੀਡੀਏ ਨੇ ਘਰਾਂ ਵਿੱਚ ਮਾਸਕ ਪਾਈ ਬੈਠੇ ਉਪਦੇਸ਼ਕਾਂ ਨੂੰ ਫਿਕਰਮੰਦ ਕਰ ਦਿੱਤਾ ਕਿ 'ਅਸੀਂ ਤਾਂ ਪਿੱਛੇ ਰਹਿ ਗਏ ਬਾਜੀ ਕੋਈ ਹੋਰ ਈ ਮਾਰ ਗਿਆ।'

ਉਹ ਵੀ ਮਾਸਕ ਪਾ ਕੇ ਖਾਣ-ਪੀਣ ਵਾਲੇ ਸਾਮਾਨ ਦੀਆਂ ਥੈਲੀਆਂ ਉੱਪਰ ਆਪਣੇ ਲੋਗੋ ਤੇ ਫੋਟੋਆਂ ਲਾ ਕੇ ਮੈਦਾਨ-ਏ ਕੋਰੋਨਾ ਜੰਗ ਵਿੱਚ ਕੁੱਦ ਪਏ ਸਨ। ਭੁਲੱਕੜ ਲੋਕ ਹੋਰ ਆਫਤਾਂ ਵਾਂਗ ਉਸ ਆਫਤ ਨੂੰ ਵੀ ਭੁੱਲ ਗਏ ਸਨ, ਪਰ ਬੀਤੇ ਤੋਂ ਸਿੱਖਿਆ ਕੁਝ ਨਹੀਂ। ਪਹਿਲਾਂ ਵਾਂਗ ਹੀ ਪਿਛਲੱਗੂ ਬਣ ਕੇ ਅੰਦਰੀਂ ਵੜ ਕੇ ਸਲਾਹਾਂ ਦੇਣ ਵਾਲਿਆਂ ਨੂੰ ਹੀ ਆਪਣੇ ਮਸੀਹੇ ਚੁਣ ਲਿਆ।

ਵਰਤਮਾਨ ਹੜ੍ਹ ਵਰਗੀ ਆਫਤ ਨੇ ਪੰਜਾਬ ਨੂੰ ਹੀ ਨਹੀਂ, ਹੋਰ ਸੂਬਿਆਂ ਨੂੰ ਵੀ ਕਈ ਵਾਰ ਘੇਰਿਆ ਹੈ। ਹਰੇਕ ਥਾਂ ਹਮੇਸ਼ਾ ਮਨੁੱਖ ਹੀ ਮਸੀਹਾ ਬਣ ਕੇ ਬਹੁੜਿਆ ਹੈ। ਇਸ ਵਾਰ ਇਸ ਆਫਤ ਨੇ ਪੰਜਾਬ ਨੂੰ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਇਹ ਵੀ ਸਿੱਧ ਹੋ ਗਿਆ ਕਿ ਦਰਿਆ ਆਪਣੇ ਰਸਤੇ ਵਿੱਚ ਰੁਕਾਵਟ ਨੂੰ ਬਰਦਾਸ਼ਤ ਨਹੀਂ ਕਰਦੇ। ਇਹ ਆਫਤ ਮਨੁੱਖ ਦੁਆਰਾ ਬਣਾਏ ਕੰਕਰੀਟ ਅਤੇ ਲੋਹੇ ਦੀਆਂ ਬਣਾਈਆਂ ਰੁਕਾਵਟਾਂ ਨੂੰ ਰੋੜ੍ਹ ਕੇ ਲੈ ਗਈ। ਰੀਝਾਂ ਨਾਲ ਬਣਾਈਆਂ ਕੰਕਰੀਟ ਦੀਆਂ ਆਲੀਸ਼ਾਨ ਕੋਠੀਆਂ ਰੇਤ ਦੇ ਘਰਾਂ ਵਾਂਗ ਵਹਿ ਗਈਆਂ। ਪਾਣੀ ਵਿੱਚ ਫਸੇ ਲੋਕਾਂ ਦੀ ਪੁਕਾਰ ਨੂੰ ਨਵੀਂ ਤਕਨੀਕ ਨੇ ਪਲਾਂ ਵਿੱਚ ਹੀ ਲੋਕਾਂ ਤੱਕ ਪਹੁੰਚਦੀ ਕਰ ਦਿੱਤਾ। ਮਸੀਹਾ ਮਨੁੱਖ ਕਿਸੇ ਦਾ ਦੁੱਖ ਵੇਖ ਹੀ ਨਹੀਂ ਸਕਦਾ। ਉਹ ਵੱਡੇ ਪੱਧਰ 'ਤੇ ਹਰੇਕ ਸਾਜ਼ੋ-ਸਾਮਾਨ ਨਾਲ ਲੈਸ ਹੋ ਕੇ ਹਮੇਸ਼ਾ ਵਾਂਗ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਕੁਦਰਤੀ ਆਫਤ ਨਾਲ ਦਸਤਪੰਜਾ ਲੈਣ ਲਈ ਨਿਕਲ ਪਿਆ। ਕੋਰੋਨਾ ਕਾਲ ਵਾਂਗ ਇਸ ਵਾਰ ਵੀ ਨਵੀਂ ਤਕਨੀਕ ਨੇ ਹੀ ਸੁੱਖ-ਸਹੂਲਤਾਂ ਨਾਲ ਲੈਸ ਮਸੀਹਿਆਂ ਨੂੰ ਹਲੂਣਿਆ ਕਿ 'ਤੁਸੀਂ ਪਿੱਛੇ ਰਹਿ ਗਏ ਜੇ।'

ਕਈਆਂ ਨੇ ਜਲਦੀ ਮੌਕਾ ਸਾਂਭ ਕੇ ਬਿਨਾਂ ਵਿਤਕਰੇ ਆਪਣੇ-ਆਪ ਨੂੰ ਸਹੀ ਮਸੀਹੇ ਸਾਬਤ ਵੀ ਕਰ ਲਿਆ। ਬਹੁਤੇ ਫਾਡੀ ਰਹਿ ਗਏ। ਇਹ ਕੁਝ ਮੀਡੀਏ ਨੇ ਹੀ ਨਸ਼ਰ ਕੀਤਾ ਹੈ। ਕਈ ਲੋਕ ਤਾਂ ਹੱਲਾਸ਼ੇਰੀ ਵਾਲੇ ਦ੍ਰਿਸ਼ਾਂ ਦੀ ਥਾਂ ਏ ਆਈ ਨਾਲ ਬਣਾਏ ਖ਼ੌਫ਼ਨਾਕ ਦ੍ਰਿਸ਼ ਵਿਖਾਉਣ 'ਤੇ ਹੀ ਲੱਗੇ ਰਹੇ। ਹੜ੍ਹ ਰੋਕੂ ਪ੍ਰਬੰਧ ਕਰਨ ਵਾਲਿਆਂ ਦਾ ਉਤਸ਼ਾਹ ਅਤੇ ਪੰਜਾਬੀਆਂ ਦੀ ਚੜ੍ਹਦੀ ਕਲਾ ਦੇ ਜੈਕਾਰੇ ਛੱਡਦੇ ਮਾਰੋ ਮਾਰ ਹੜ੍ਹ ਪੀੜਤਾਂ ਵੱਲ ਵਹੀਰਾਂ ਘੱਤ ਕੇ ਕਿਸ਼ਤੀਆਂ ਜ਼ਰੀਏ ਡੁੱਬੇ ਘਰਾਂ ਤੱਕ ਪਹੁੰਚ ਕੇ ਸੁਰੱਖਿਅਤ ਬਾਹਰ ਕੱਢ ਕੇ ਲਿਆਉਣ ਦੇ ਦ੍ਰਿਸ਼ ਵੀ ਹਰੇਕ ਨੇ ਵੇਖੇ।

ਹੁਣ ਆਪਣੇ ਆਪ ਨੂੰ ਲੋਕਾਂ ਦੇ ਮਸੀਹੇ ਹੋਣ ਦਾ ਭਰਮ ਪਾਲਣ ਵਾਲੇ ਫਾਡੀ ਰਹਿ ਗਏ ਮੂਜੀਆਂ ਦੀ ਗੱਲ ਵੀ ਕਰ ਲਈ ਜਾਵੇ। ਏਹ ਲੋਕ ਪਹਿਲਾਂ ਤਾਂ ਮਹਿਲਾਂ ਵਿੱਚੋਂ ਹੀ ਦੇਰ ਨਾਲ ਨਿਕਲੇ, ਫਿਰ ਸਿਆਸਤ ਕਰਨਾ ਨਹੀਂ ਭੁੱਲੇ।

ਸੋਸ਼ਲ ਮੀਡੀਆ ਕਿਸੇ ਨੂੰ ਮਾਫ਼ ਨਹੀਂ ਕਰਦਾ। ਸੂਬੇ ਦਾ ਵੱਡਾ ਮਸੀਹਾ ਪਹਿਲਾਂ ਮਿੱਥੇ ਪ੍ਰੋਗਰਾਮ ਤੋਂ ਵਿਹਲਾ ਹੋ ਕੇ ਡੁੱਬੇ ਲੋਕਾਂ ਦੀ ਸਾਰ ਨੂੰ ਆਇਆ, ਫਿਰ ਆਪਣੇ ਸ਼ਬਦਾਂ ਵਿੱਚ ਆਗਾਮੀ ਚੋਣਾਂ ਨੂੰ ਵੇਖ ਕੇ ਬੋਲਦਾ ਸੁਣਿਆ ਗਿਆ, 'ਤੁਸੀਂ ਹੀ ਬਾਨਵੇਂ ਸੀਟਾਂ ਜਿਤਾਅ ਕੇ ਮੈਨੂੰ ਹੈਲੀਕਾਪਟਰ ਦਿੱਤਾ ਸੀ, ਮੈਂ ਇਸ ਨੂੰ ਤੁਹਾਡੇ ਵਾਸਤੇ ਤੁਹਾਨੂੰ ਸੌਂਪ ਕੇ ਜਾ ਰਿਹਾ ਹਾਂ।' ਹੈਲੀਕਾਪਟਰ ਨੇ ਜਿਹੋ ਜਿਹੀ ਸੇਵਾ ਕੀਤੀ, ਸੋਸ਼ਲ ਮੀਡੀਏ ਨੇ ਉਹ ਵੀ ਨਸ਼ਰ ਕਰ ਦਿੱਤੀ।

ਇਸ ਮੌਕੇ ਕਈਆਂ ਨੇ ਚੋਣਾਂ ਜਿੱਤਣ ਲਈ ਕਹੀਆਂ ਬਹੁਤ ਸਾਰੀਆਂ ਗੱਲਾਂ ਦੀਆਂ ਪੁਰਾਣੀਆਂ ਵੀਡੀਓ ਵਿਖਾ ਕੇ ਸ਼ੀਸ਼ਾ ਵਿਖਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਲੋਕ ਸਭ ਕੁਝ ਯਾਦ ਰੱਖਦੇ ਹਨ, ਤੁਸੀਂ ਹੀ ਭੁੱਲ ਜਾਂਦੇ ਹੋ। ਇੱਕ ਤਾਜ਼ੀ ਵੀਡੀਓ ਵਿੱਚ ਹੜ੍ਹਾਂ ਦਾ ਜਾਇਜ਼ਾ ਲੈਣ ਪਹੁੰਚੇ ਨੇਤਾ ਅੱਗੇ ਇੱਕ ਬੀਬੀ ਰੋ ਕੇ ਆਪਣੇ ਦੁਖੜੇ ਬਿਆਨ ਕਰਦੀ ਵਿਖਾਈ ਗਈ, ਜਿਸ ਨੂੰ ਵੇਖ ਕੇ ਨੇਤਾ ਜੀ ਦੀਆਂ ਅੱਖਾਂ ਵੀ ਭਰ ਆਈਆਂ। ਪਹਿਨ ਪਚਰ ਕੇ ਵਾਹੇ ਵਾਲਾਂ ਵਿੱਚ ਲੱਗੇ ਕਲਿੱਪਾਂ ਅਤੇ ਹੇਅਰ ਬੈਂਡ ਲਾ ਕੇ ਤਿਆਰ ਹੋਈ ਬੀਬੀ ਨੂੰ ਵੇਖ ਕੇ ਲੱਗ ਰਿਹਾ ਸੀ ਕਿ ਜਿਵੇਂ ਪ੍ਰਬੰਧਕਾਂ ਵੱਲੋਂ ਏਹ ਪਹਿਲਾਂ ਹੀ ਪਲਾਨ ਕੀਤਾ ਗਿਆ ਹੋਵੇ।

ਪਿੱਛੇ ਰਹਿ ਗਿਆ ਇਕ ਵਿਰੋਧੀ ਧਿਰ ਦਾ ਨੇਤਾ ਨਵੀਂ ਤਕਨੀਕ ਨਾਲ ਬਣੀ ਕਿਸ਼ਤੀ ਦਾ ਜੁਗਾੜ ਕਰਕੇ ਵਿੱਚ ਬੈਠਾ ਹੀ ਆਪਣੀ ਪਾਰਟੀ ਦੇ ਸੀਨੀਅਰ ਨੇਤਾ ਦੇ ਆਜ਼ਾਦ ਵਿਧਾਇਕ ਪੁੱਤਰ ਨਾਲ ਉੱਚਾ-ਨੀਵਾਂ ਬੋਲਦਾ ਸੁਣਿਆ ਗਿਆ। ਫਿਰ ਆਪਣੇ ਛੇ ਸਾਥੀਆਂ ਨਾਲ ਪਾਣੀ ਵਿੱਚ ਘਿਰਿਆਂ ਨੂੰ ਲੈਣ ਜਾਂਦਾ ਇਝ ਲੱਗ ਰਿਹਾ ਸੀ, ਜਿਵੇਂ ਪਿਕਨਿਕ ਨੂੰ ਜਾ ਰਿਹਾ ਹੋਵੇ। ਇਸ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਲੱਭੋ ਕੌਣ ਏ ਲੁੱਟਣ ਵਾਲ਼ਾ, ਜੋ ਵੀ ਏ ਤਕਦੀਰ ਨਈਂ ਹੁੰਦੀ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-34

**ਸੁਰਜੀਤ ਸੁਮਨ**

ਸੱਚ ਪੁੱਛੋਂ ਤਾਂ ਲਹਿੰਦੀ ਪੰਜਾਬੀ ਮਾਂ ਬੋਲੀ ਦੇ ਸ਼ਾਇਰ'ਤਜੱਮਲ ਕਲੀਮ ਨੂੰ ਮਰਹੂਮ ਲਿਖਣ ਲੱਗਿਆਂ ਮੇਰੀ ਰੂਹ ਕੰਬੀ ਹੈ। ਸੋਚਦਾ ਹਾਂ ਭਲਾਂ ਸ਼ਾਇਰ ਵੀ ਕਦੀ ਮਰਹੂਮ ਨਹੀਂ ਹੁੰਦੇ ਨੇ? ਉਹ ਤਾਂ ਆਪਣੀਆਂ ਰਚਨਾਵਾਂ ਰਾਹੀਂ ਲੋਕ ਮਨਾਂ ਵਿੱਚ ਸਦਾ ਜਿਊਂਦੇ ਹਨ। ਮਹਿਸੂਸਦਾ ਹਾਂ, ਤਜੱਮਲ ਕਲੀਮ ਸਾਅਬ ਦੇ ਲਿਖੇ ਸ਼ਬਦ ਪੌਣ 'ਤੇ ਸਵਾਰ ਹੋ ਕੇ ਆਉਂਦੇ ਹਨ। ਉਹਦੀ ਕਹੀ ਗ਼ਜ਼ਲ ਰੂਹ ਤੀਕ ਉਤਰ ਜਾਂਦੀ ਹੈ। ਪੋਲੇ-ਪੋਲੇ ਪੈਰੀਂ ਤੁਰਦੇ ਸ਼ਬਦ, ਛਣਕਾਟਾ ਪਾਉਂਦੇ ਗਹਿਰ-ਗੰਭੀਰ ਅਰਥ ਸਿਰਜ ਦਿੰਦੇ ਹਨ। ਪੀਜੀਆਈ ਦੀ ਐਮਰਜੈਂਸੀ ਵਿੱਚ ਮੈਨੂੰ ਓਹਦੇ ਚਿਹਰੇ ਨਾਲ਼ ਮੇਲ਼ ਖਾਂਦੇ ਅਨੇਕਾਂ ਚਿਹਰੇ ਦਿਖਾਈ ਦਿੰਦੇ ਹਨ। ਸਟਰੈਚਰਾਂ 'ਤੇ ਪਏ ਬੇਸੁੱਧ, ਤੜਫਦੇ, ਚੀਕਾਂ ਮਾਰਦੇ ਸਹਿ ਨਹੀਂ ਹੁੰਦੇ। ਇਹ ਮਾਹੌਲ ਮੇਰੇ ਲਈ ਅਸਹਿ ਤੇ ਅਕਹਿ ਹੋ ਜਾਂਦਾ ਹੈ। ਸਟਰੈਚਰ ਅੱਗੇ-ਪਿੱਛੇ ਕਰ ਰਹੇ ਉਨ੍ਹਾਂ ਦੇ ਰਿਸ਼ਤੇਦਾਰ/ਸਨੇਹੀ ਬੇਨੂਰ ਨਜ਼ਰਾਂ ਨਾਲ਼ ਇੱਧਰ-ਉੱਧਰ ਵੇਖਦੇ ਹਨ। ਅੱਗੇ-ਪਿੱਛੇ ਰਿੜ੍ਹਦੇ ਇਹ ਸਟਰੈਚਰ ਇੰਝ ਲਗਦੇ ਹਨ, ਜਿਵੇਂ ਚੜ੍ਹਦੇ-ਛਿਪਦੇ ਹਰ ਦਿਨ ਵਾਂਗ ਸਾਡੀਆਂ ਸੜਕਾਂ 'ਤੇ ਵਾਹਨਾਂ ਵਾਂਗ ਗੰਡੋਆ ਚਾਲ ਰੀਂਗਦੇ ਹੋਣ। ਜਿੱਧਰ ਦੇਖੋ ਭੀੜ ਈ ਭੀੜ। ਅਚਾਨਕ ਮੇਰੇ ਪ੍ਰੇਮੀ ਦੇ ਦਿਲ ਦੀ ਧੜਕਣ ਤੇ ਰਕਤਚਾਪ ਵਧੀ ਸੀ ਤਾਂ ਅਸੀਂ ਫਟਾਫਟ ਐਮਰਜੰਸੀ ਵੱਲ ਭੱਜੇ ਸਾਂ। ਗੇਟ ਬਾਹਰੋਂ ਸਟਰੈਚਰ ਲੱਭਣਾ ਮੁਸ਼ਕਲ ਹੋ ਗਿਆ। ਐਂਬੂਲੈਂਸਾਂ ਆ, ਜਾ ਰਹੀਆਂ ਸਨ। ਉਨ੍ਹਾਂ ਦੇ ਸਾਇਰਨ ਬੰਦ। ਮੈਂ ਸਮਝ ਨਾ ਸਕਿਆ ਕਿ ਇਹ ਆਪਣੀ ਮੰਜ਼ਿਲ 'ਤੇ ਪਹੁੰਚੀਆਂ ਹਨ ਜਾਂ ਮਰੀਜ਼? ਸੋਚਦਾ ਹਾਂ ਮਰੀਜ਼ਾਂ ਨੇ ਤਾਂ ਹਾਲੇ ਆਪਣਾ ਸਫਰ ਸ਼ੁਰੂ ਕਰਨਾ ਹੈ। ਉਨ੍ਹਾਂ ਦੇ ਨਾਂ ਦੇ ਕਾਗਜ਼ ਤਿਆਰ ਹੋਣੇ ਹਨ। ਫਿਰ ਉਨ੍ਹਾਂ ਦਾ ਦੁੱਖ ਲੱਭਣ ਲਈ ਡਾਕਟਰ ਲੋੜ ਅਨੁਸਾਰ ਦਵਾਈਆਂ, ਹੋਰ ਸ਼ਾਜ਼ੋ-ਸਾਮਾਨ ਮੰਗਵਾਉਣਗੇ ਤੇ ਫਿਰ ਟੈਸਟਾਂ ਦਾ ਸਿਲਸਿਲਾ। ਤਿਮਾਰਦਾਰੀ ਕਰਨ ਵਾਲ਼ਿਆਂ ਦੇ ਭਾਅ ਦੀ ਬਣ ਜਾਵੇਗੀ।ਉਹ ਇੱਧਰ-ਉੱਧਰ ਭੱਜ-ਦੌੜ ਕਰਨ ਲੱਗਣਗੇ। ਕੈਮਿਸਟ ਕੋਲ਼ ਜਾਣਗੇ, ਭੀੜ ਵਿੱਚ ਖੜ੍ਹੇ ਕੰਬਦੇ ਹੱਥਾਂ ਨਾਲ਼ ਪਰਚੀ ਫੜਾਉਣਗੇ, ਫਿਰ ਟੋਕਰੀ ਵਿੱਚ ਪਾਈਆਂ ਜਾ ਰਹੀਆਂ ਦਵਾਈਆਂ, ਸੂਈਆਂ, ਸਰਿੰਜਾਂ ਤੇ ਮੰਗੀ ਜਾ ਰਹੀ ਹੋਰ ਸਹਾਇਕ ਸਮੱਗਰੀ ਵੱਲ ਦੇਖ ਕੇ ਤੜਫ ਉੱਠਣਗੇ। ਕੈਮਿਸਟ ਸ਼ਾਪ 'ਤੇ ਲਿਖਿਆ ਸ਼ਬਦ 'ਅੰਮ੍ਰਿਤ' ਪੜ੍ਹਦਿਆਂ ਜ਼ਿੰਦਗੀ ਦੇ ਦੁੱਖਾਂ ਤੋਂ ਮਿਲੇ ਜ਼ਹਿਰ ਬਾਰੇ ਸੋਚਣ ਲੱਗਣਗੇ। ਦਵਾਈਆਂ ਦੀ ਭਰੀ ਟੋਕਰੀ ਲਿਫਾਫੇ ਵਿੱਚ ਪ੍ਰਆ ਕੇ ਆਨਲਾਈਨ/ਆਫਲਾਈਨ ਅਦਾਇਗੀ ਕਰਦਿਆਂ, ਕਈਆਂ ਦੇ ਹੱਥ ਕੰਬਣਗੇ। ਕਈ ਉੱਥੋਂ ਹੀ ਪਿਛਾਂਹ ਮੁੜ ਜਾਣਗੇ, ਮਰੀਜ਼ ਕੋਲ਼ ਖੜ੍ਹੇ ਕਿਸੇ ਹੋਰ ਕੋਲ਼ੋਂ ਪੈਸੇ ਫੜ ਦਵਾਈ ਲਿਆਉਣ ਦੇ ਹੱਕਦਾਰ ਹੋਣਗੇ। ਅਗਲਾ ਸਿਲਸਿਲਾ ਡਾਕਟਰ ਨੂੰ ਲੱਭਣ ਦਾ ਹੋਵੇਗਾ। ਸਬੰਧਤ ਡਾਕਟਰ ਕਿਸੇ ਹੋਰ ਮਰੀਜ਼ ਦੇ ਦੁਆਲ਼ੇ ਦਿਸੇਗਾ ਜਾਂ ਫਿਰ ਕਾਗਜ਼ਾਂ ਦੇ ਥੱਬੇ ਨਾਲ਼ ਲੜਦਾ ਮਿਲ਼ੇਗਾ ਤੁਹਾਨੂੰ। ਕੋਈ ਹੋਰ ਮਰੀਜ਼, ਡਾਕਟਰ ਨੂੰ ਲੱਭਦਾ ਲੱਭਦਾ ਅੱਗ-ਬਬੂਲਾ ਹੋ ਜਾਵੇਗਾ, ਤੜਫੇਗਾ, ਛਟਪਟਾਏਗਾ। ਸਾਹਮਣੇ ਸਕਰੀਨ 'ਤੇ ਕਈ ਤਰ੍ਹਾਂ ਦੀਆਂ ਸੂਚਨਾਵਾਂ ਫਲੈਸ਼ ਹੋ ਰਹੀਆਂ ਹੋਣਗੀਆਂ ਜੋ ਤੁਹਾਨੂੰ ਧੀਰਜ ਧਰਨ, ਸਹਿਯੋਗ ਕਰਨ ਤੇ ਸਹਿਯੋਗ ਲੈਣ ਲਈ ਦੀ ਦੱਸ ਪਾਉਣਗੀਆਂ। ਮੇਰੀਆਂ ਅੱਖਾਂ ਸਾਹਮਣਿਉਂ ਇੱਕ ਸਾਦੇ ਜਿਹੇ ਕੱਪੜੇ ਵਿਚ ਲਿਪਟੀ ਸ਼ਾਂਤਚਿੱਤ ਪਈ ਨੌਜਵਾਨ ਬੇਹੋਸ਼ ਔਰਤ ਦਾ ਸਟਰੈਚਰ ਗੁਜ਼ਰਦਾ ਹੈ, ਪਹਿਲੀ ਨਜ਼ਰੇ ਮੈਨੂੰ ਉਹ ਕੋਈ ਭਿੱਖੂਣੀ ਜਾਂ ਜੋਗਣ ਜਾਪੀ। ਸਫਾਚੱਟ ਸਿਰ। ਸੋਚਦਾ ਹਾਂ ਇਸ ਦੀ ਕਿੰਨਵੀਂ ਕੀਮੋ ਜਾਂ ਰੇਡੀਏਸ਼ਨ ਹੋਵੇਗੀ? ਮੈਨੂੰ ਵੱਡੇ ਵੀਰ ਬਲਵਿੰਦਰ ਯਾਦ ਆਉਂਦੇ ਹਨ। ਉਹ ਵੀ ਇਸੇ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ, ਅੱਜ ਕੱਲ੍ਹ। ਫਿਰ ਬਾਬਾ ਨਾਨਕ ਦਾ ਖਿ ?ਆਲ ਆਉਂਦਾ ਹੈ। ਉਨ੍ਹਾਂ ਰਾਗ ਆਸਾ ਵਿੱਚ ਸ਼ਬਦ ਉਚਾਰਿਆ ਹੈ, 'ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥ ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ॥' ਓ ਮਾਈ ਗੌਡ ਕਿੰਝ ਬਾਬਰ ਬਾਣੀ ਫਿਰ ਰਹੀ ਏ ਚੁਫੇਰੇ? ਪਰ ਉਸ ਜੋਗਣ ਦੇ ਚਿਹਰੇ 'ਤੇ ਕੋਈ ਭਾਵ ਨਹੀਂ ਸੀ। ਨਾ ਦੁੱਖ, ਨਾ ਦਰਦ। ਅਭਾਵ ਰਹਿਤ ਮੁੱਖੜਾ। ਤਜੱਮਲ ਕਲੀਮ ਸਾਅਬ ਨੇ ਗ਼ਜ਼ਲ ਦਾ ਮਤਲਾ ਅਰਜ਼ ਕੀਤਾ ਹੈ, 'ਹੀਰ ਵੀ ਇੱਕ ਦਿਨ ਹੀਰ ਨਈਂ ਹੁੰਦੀ।' ਜਦੋਂ ਕਦੀ ਕਿਸੇ ਅਬੋਧ ਬਾਲਕ ਦਾ ਸਟਰੈਚਰ ਗੁਜ਼ਰਦਾ ਹੈ, ਤਾਂ ਸੀਨਾ ਫਟਦਾ ਜਾਪਦਾ ਹੈ। ਮਾਂ-ਪਿਓ ਪੈਰ ਘਸੀਟਦੇ ਨਾਲ਼ ਨਾਲ਼ ਤੁਰ ਰਹੇ ਹਨ। ਇੰਝ ਹੋਰ ਬਹੁਤੇ ਦ੍ਰਿਸ਼ ਮੈਥੋਂ ਦੇਖੇ ਨਹੀਂ ਜਾਂਦੇ। ਮੈਂ ਨਜ਼ਰਾਂ ਫੇਰ ਲੈਂਦਾ ਹਾਂ। ਮੈਨੂੰ ਮਾਂ ਚੇਤੇ ਆਉਂਦੀ ਹੈ। ਵਿਛੜਨ ਤੋਂ ਤਿੰਨ ਕੁ ਮਹੀਨੇ ਪਹਿਲਾਂ, ਦੋ ਹਫਤੇ ਲਈ ਏਥੇ ਹੀ ਦਾਖਲ ਰਹੀ। ਕੈਮਿਸਟ ਸ਼ਾਪ ਦੇ ਨਾਲ਼ ਵਾਲ਼ੇ ਹਾਲ ਵਿੱਚ, ਜਿੱਥੇ ਉਹਦਾ ਸਟਰੈਚਰ ਸੀ, ਮੈਂ ਉੱਥੋਂ ਜਾ ਕੇ ਵਾਪਸ ਮੁੜ ਆਉਂਦਾ ਹਾਂ। ਐਮਰਜੰਸੀ ਹਾਲ ਤੋਂ ਬਾਹਰ, ਇੱਕ ਬੇਸੁੱਧ ਪਈ ਬਜ਼ੁਰਗ ਮਾਤਾ ਦੁਆਲ਼ੇ ਦੋ ਤਿੰਨ ਔਰਤਾਂ ਦਾ ਝੁਰਮੁਟ ਹੈ। ਇੱਕ ਨੇ ਆਪਣੇ ਹੱਥ ਵਿੱਚ ਗੁਲੂਕੋਜ਼ ਦੀ ਬੋਤਲ ਫੜੀ ਹੋਈ ਹੈ। ਦੂਜੀਆਂ ਦੇ ਅਫਸੋਸੇ ਜਿਹੇ ਧੁਆਂਖੇ ਚਿਹਰੇ ਲਈ ਬੁੜ-ਬੁੜ ਕਰ ਰਹੀਆਂ ਹਨ। ਇਹ ਮੈਨੂੰ ਉਸ ਬਜ਼ੁਰਗ ਔਰਤ ਦੀਆਂ ਧੀਆਂ ਜਾਪੀਆਂ। ਮਾਤਾ ਆਪਣੇ ਖੱਬੇ ਪੈਰ ਨੂੰ ਲਗਾਤਾਰ ਇੱਧਰ-ਉੱਧਰ ਛੰਡ ਰਹੀ ਹੈ। ਉਹਦਾ ਖੱਬਾ ਪੈਰ ਚਿੱਟੀ ਜਿਹੀ ਲੀਰ ਪਾ ਕੇ ਸਟਰੈਚਰ ਨਾਲ਼ ਬੰਨ੍ਹਿਆ ਹੋਇਆ ਹੈ ਤੇ ਇਸੇ ਤਰ੍ਹਾਂ ਖੱਬਾ ਹੱਥ ਵੀ। ਫਿਰ ਵੀ ਉਹ ਖੱਬਾ ਹੱਥ-ਪੈਰ ਜ਼ੋਰ ਜ਼ੋਰ ਦੀ ਮਾਰ ਰਹੀ ਹੈ, ਜਿਨ੍ਹਾਂ ਵਿੱਚੋਂ ਕਈ ਥਾਵਾਂ ਤੋਂ ਖ਼ੂਨ ਸਿੰਮ ਰਿਹਾ ਹੈ। ਡਾਕਟਰ ਨੇ ਸਾਡੇ ਮਰੀਜ਼ ਦੇ ਬਲੱਡ ਦਾ ਸੈਂਪਲ ਲਿਆ ਸੀ, ਉਹ ਹਾਲੇ ਚੈੱਕ ਕਰਵਾ ਕੇ ਮੁੜਿਆ ਨਹੀਂ। ਕਈ ਵਾਰ ਦੇਖ ਚੁੱਕਾ ਹਾਂ। ਫਿਰ ਦੇਖਣ ਜਾਂਦਾ ਹਾਂ। ਉੱਥੇ ਇੱਕ ਲੜਕੀ ਮੈਨੂੰ ਡਾਕਟਰ ਬਾਰੇ ਪੁੱਛ ਰਹੀ ਹੈ। ਮੈਂ ਉਸ ਨੂੰ ਆਖਦਾ ਹਾਂ, 'ਮੈਂ ਵੀ ਰਿਪੋਰਟ ਲੈਣ ਹੀ ਆਇਆ ਹਾਂ।' ਲੜਕੀ ਪੈਰ ਪਟਕ ਰਹੀ ਹੈ। ਛਿੱਥੀ ਪੈ ਰਹੀ ਹੈ। ਆਪੇ ਤੋਂ ਬਾਹਰ ਹੋ ਰਹੀ ਹੈ। ਮੈਂ ਉਸ ਨੂੰ ਧੀਰਜ ਧਰਨ ਲਈ ਆਖਦਾ ਹਾਂ। ਮੇਰੀ ਖੱਬੀ ਲੱਤ ਵਿੱਚ ਅਸਹਿ ਦਰਦ ਉੱਠਿਆ ਹੈ। ਦਰਵਾਜ਼ੇ ਉੱਤੇ ਇੱਕ ਅਟੈਂਡੈਂਟ ਬੈਠਾ ਹੈ, ਉਸ ਦੇ ਨਾਲ਼ ਵਾਲ਼ੀ ਖਾਲੀ ਕੁਰਸੀ 'ਤੇ ਮੈਂ ਵੀ ਬੈਠ ਜਾਂਦਾ ਹਾਂ। ਮੱਥੇ ਉੱਤੇ ਤਿਲਕ, ਨਿੱਕੀ ਨਿੱਕੀ ਕਾਲ਼ੀ-ਸਿਆਹ ਦਾੜ੍ਹੀ। ਕੁੜੀਆਂ ਵਾਂਗ ਪਿੱਛੇ ਨੂੰ ਕੀਤੀ ਹੋਈ ਵਾਲ਼ਾਂ ਦੀ ਚੂੰਡੀ ਜਿਹੀ। ਮੈਂ ਉਸਤੋਂ ਡਾਕਟਰਾਂ ਦੀ ਡਿਊਟੀ ਬਾਰੇ ਪੁੱਛਦਾ ਹਾਂ। 'ਡਾਕਟਰ ਤਾਂ ਰੱਬ ਵੈਰੀ-ਦੁਸ਼ਮਣ ਨੂੰ ਵੀ ਨਾ ਬਣਾਵੇ। ਇਹ ਵਿਚਾਰੇ ਐਮਰਜੰਸੀ ਵਿੱਚ ਚੌਦਾਂ-ਚੌਦਾਂ, ਸੋਲਾਂ-ਸੋਲਾਂ, 'ਠਾਰਾਂ-'ਠਾਰਾਂ ਘੰਟੇ ਕੰਮ ਕਰਦੇ ਨੇ। ਕਿੱਥੇ ਚਲੇ ਜਾਣ? ਮਰੀਜ਼ਾਂ ਦਾ ਅੰਤ ਨਈਂ? ਇੱਕ ਦਿਨ ਡਿਊਟੀ ਕਰਕੇ ਮੈਂ ਆਪਣੇ ਘਰ ਗਿਆ। ਸੌਂ ਗਿਆ। ਅੱਧੀ ਰਾਤੀਂ ਜਾਗ ਆਈ, ਕੀ ਦੇਖਦਾ ਹਾਂ? ਮੇਰਾ ਪੈਰ ਹਿੱਲ ਈ ਨਹੀਂ ਰਿਹਾ। ਅਗਲੇ ਦਿਨ ਇੱਥੇ ਲੈ ਆਏ। ਨਸਾਂ ਦੀ ਬਲੌਕੇਜ਼। ਫਿਰ ਤਿੰਨ ਮਹੀਨੇ ਥਰੈਪੀ ਕਰਵਾਈ।' ਇੱਕ ਹੋਰ ਡਾਕਟਰ ਆਇਆ ਵੇਖ ਮੈਂ ਓਹਦੇ ਕੋਲ਼ ਜਾਂਦਾ ਹਾਂ। ਉਹ ਥੱਬਾ ਕਾਗਜ਼ਾਂ ਨੂੰ ਫਰੋਲਣ ਲਗਦਾ ਹੈ। ਮੈਂ ਉਸ ਨੂੰ ਆਖਦਾ ਹਾਂ, 'ਤੁਸੀਂ ਗਰੇਟ ਓ ਡਾਕਟਰ।' ਉਹ ਬੁੱਲ੍ਹਾਂ ਤੇ ਛਿਣ-ਭੰਗਰ ਆਈ ਮੁਸਕਰਾਹਟ ਛੰਡ ਦਿੰਦਾ ਹੈ। 'ਸੁਬਹ ਸਾਤ ਵਜੇ ਆਇਆ ਥਾ, ਅਬ ਆਠ ਵਜ ਰਹੇ ਹੈਂ। ਔਰ ਪਤਾ ਨਹੀਂ।' 'ਆਪ ਕਹਾਂ ਕੇ ਰਹਿਨੇ ਵਾਲੇ ਹੋ?' ਮੈਂ ਪੁੱਛਦਾ ਹਾਂ। ਡਾ. ਦੁਰਗਾ ਪਰਸਾਦ, ਉਡੀਸਾ ਸੇ, ਅਬ ਐਮਡੀ ਭੀ ਕਰ ਰਹਾ ਹੂੰ' ਆਖ ਉਹ ਥੱਬਾ ਕਾਗਜ਼ਾਂ ਦਾ ਚੁੱਕ ਕੋਨੇ ਵਾਲ਼ੇ ਮਰੀਜ਼ ਵੱਲ ਤੁਰ ਪੈਂਦਾ ਹੈ। ਪਹਿਲਾਂ ਮੈਨੂੰ ਜਾਪਿਆ ਸੀ, ਕਈ ਡਾਕਟਰਾਂ ਮੈਨੂੰ ਇਗਨੋਅਰ ਕੀਤੈ। ਬਹੁਤੇ ਡਾਕਟਰ ਤਾਂ ਪਰਵਾਸੀ ਸਨ। ਪਰ ਇਹ ਮੇਰਾ ਭਰਮ ਸੀ। ਭਾਈ ਹਿੰਮਤ ਸਿੰਘ ਚੇਤੇ ਆਉਂਦੇ ਹਨ। ਪੰਜਾਂ ਪਿਆਰਿਆਂ ਵਿੱਚੋਂ ਉਹ, ਪੁਰੀ (ਉੜੀਸਾ) ਤੋਂ ਸਨ। ਮੈਂ ਆਪਣੇ ਵਾਲ਼ੇ ਡਾਕਟਰ ਨੂੰ ਰਿਪੋਰਟ ਲਈ ਉਡੀਕ ਰਿਹਾ ਹਾਂ। ਇੱਕ ਵਾਰ ਫਿਰ ਐਮਰਜੰਸੀ ਦੇ ਅਗਲੇ ਸਿਰੇ ਤੱਕ ਮੇਰੀ ਨਜ਼ਰ ਜਾਂਦੀ ਹੈ। ਦੋ ਤਿੰਨ ਮਰੀਜ਼ਾਂ ਕੋਲ਼ ਖੜ੍ਹੀਆਂ ਔਰਤਾਂ ਦੇ ਰੋਣ ਦੀ ਆਵਾਜ਼ ਕੰਨੀਂ ਪੈਂਦੀ ਹੈ। ਇਹ ਸਭ ਤਕਦੀਰਾਂ ਦੇ ਸੌਦੇ ਨੇ? ਨਹੀਂ ਨਹੀਂ ਆਓ ਫਿਰ ਤਜੱਮਲ ਸਾਅਬ ਦੀ ਗ਼ਜ਼ਲ ਦੇ ਕੁਝ ਸ਼ਿਅਰਾਂ ਦੀ ਉਡਾਨ ਵੇਖਦੇ ਆਂ ਕੀ ਕਹਿੰਦੇ ਨੇ, 'ਸ਼ੀਸ਼ੇ ਸਾਹਵੇਂ ਮੈਂ ਹੀ ਹੁੰਨਾ/ ਵਿੱਚ ਮੇਰੀ ਤਸਵੀਰ ਨਹੀਂ ਹੁੰਦੀ/ ਬੰਦੇ ਨੂੰ ਕੁਝ ਕਰ ਦੇਂਦੀ ਏ/ ਦੌਲਤ ਆਪ ਅਮੀਰ ਨਹੀਂ ਹੁੰਦੀ/ ਸ਼ੁਕਰ ਏ ਪਾਟੇ ਝੱਗੇ ਵਿੱਚ ਆਂ/ ਐਥੇ ਤਨ 'ਤੇ ਲੀਰ ਨਹੀਂ ਹੁੰਦੀ/ ਲੱਭੋ ਕੌਣ ਏ ਲੁੱਟਣ ਵਾਲ਼ਾ/ ਜੋ ਵੀ ਏ ਤਕਦੀਰ ਨਹੀਂ ਹੁੰਦੀ।'

ਸੰਪਰਕ : 98144-30874

# ਗੈਲੀਲਿਓ ਦਾ ਵਾਰਿਸ-ਸਟੀਫ਼ਨ ਵਿਲੀਅਮ ਹਾਕਿੰਗ

**ਪ੍ਰਿੰ. ਹਰੀ ਕ੍ਰਿਸ਼ਨ ਮਾਇਰ**

ਸਟੀਫਨ ਹਾਕਿੰਗ ਦਾ ਬਾਨਵੇਂ ਫੀਸਦੀ ਸਰੀਰ ਲਕਵੇ ਦਾ ਮਾਰਿਆ ਹੋਇਆ ਸੀ।ਅੱਖਾਂ ਅਤੇ ਦਿਮਾਗ ਹੀ ਕੰਮ ਕਰਦਾ ਸੀ।ਪਹੀਆਂ ਵਾਲੀ ਕੁਰਸੀ 'ਤੇ ਫਿੱਟ ਕੀਤੇ ਇਕ ਕੰਪਿਊਟਰ ਰਾਹੀਂ ਉਹ ਬੋਲਦਾ ਸੀ।ਉਂਝ ਉਹ ਬੋਲਣੋਂ ਅਸਮਰੱਥ ਸੀ।ਹਾਕਿੰਗ ਇਕ ਅੰਗਰੇਜ਼ ਸਿਧਾਂਤਕ ਭੌਤਿਕ ਵਿਗਿਆਨੀ ਸੀ।ਮਰਨ ਵੇਲੇ ਉਹ ਕੈਂਬਰਿਜ ਵਿਸ਼ਵ ਵਿਦਿਆਲੇ ਵਿੱਚ ਸੈਂਟਰ ਫਾਰ ਥਿਊਰੈਟੀਕਲ ਕਾਸਮਾਲੋਜੀ ਦਾ ਡਾਇਰੈਕਟਰ ਸੀ।

ਸਟੀਫਨ ਹਾਕਿੰਗ ਦਾ ਜਨਮ 8 ਜਨਵਰੀ 1942 ਨੂੰ ਗੈਲੀਲਿਓ ਦੇ ਜਨਮ ਵਾਲੇ ਦਿਨ, ਇੰਗਲੈਂਡ ਦੇ ਆਕਸਫੋਰਡ ਸ਼ਹਿਰ ਵਿੱਚ, ਪਿਤਾ ਫਰੈਂਕ ਅਤੇ ਮਾਂ ਇਸੋਬੈਲ ਈਲੀਨ ਦੇ ਘਰ ਹੋਇਆ।ਉਸ ਦੀ ਮਾਂ ਮੈਡੀਕਲ ਖੋਜ ਸੰਸਥਾ ਵਿੱਚ ਸਕੱਤਰ ਸੀ ਅਤੇ ਪਿਤਾ ਮੈਡੀਕਲ ਖੋਜਾਰਥੀ ਸੀ।ਮੇਰੀ ਅਤੇ ਫਿਲਿਪਾ ਉਸ ਦੀਆਂ ਦੋ ਭੈਣਾਂ ਸਨ।ਉਸ ਦਾ ਇਕ ਮੁਤਬੰਨਾ ਭਰਾ ਐਡਵਰਡ ਫਰੈਂਕ ਡੇਵਿਡ ਵੀ ਸੀ।ਉਸ ਨੇ ਹਾਈਗੇਟ ਲੰਡਨ ਦੇ ਬਾਇਰਨ ਹਾਊਸ ਸਕੂਲ ਤੋਂ ਪੜ੍ਹਾਈ ਆਰੰਭ ਕੀਤੀ। ਪੜ੍ਹਾਉਣ ਦਾ ਪ੍ਰਚੱਲਤ ਢੰਗ ਉਸ ਨੂੰ ਚੰਗਾ ਨਹੀਂ ਸੀ ਲੱਗਦਾ।ਸੰਨ 1950 ਵਿੱਚ ਉਸ ਦੇ ਪਿਤਾ ਦਾ ਤਬਾਦਲਾ ਉੱਤਰੀ ਲੰਡਨ ਵਿੱਚ ਮਿਲਹਿੱਲ ਦਾ ਹੋ ਗਿਆ ਸੀ।ਸਟੀਫਨ ਉਸ ਸਮੇਂ ਅੱਠ ਵਰ੍ਹਿਆਂ ਦਾ ਸੀ।ਉਸ ਦੇ ਪਰਵਾਰ ਨੂੰ ਸੇਂਟ ਅਲਬੈਨਜ਼ ਹਰਟਫੋਰਡ ਸ਼ਾਇਰ ਜਾਣਾ ਪਿਆ। ਉਸ ਦੇ ਪਿਤਾ ਨੇ ਇਕ ਵਾਰ ਅਫ਼ਰੀਕਾ ਟੂਰ 'ਤੇ ਜਾਣਾ ਸੀ।ਪਿੱਛੋਂ ਉਸ ਦੀ ਮਾਂ ਨੂੰ ਚਾਰ ਮਹੀਨੇ ਮਜ਼ੋਰਕਾ ਟਾਪੂ 'ਤੇ ਆਪਣੀ ਸਹੇਲੀ ਬਰਾਇਲ ਦੇ ਘਰ ਠਹਿਰਨਾ ਪਿਆ। ਬਰਾਇਲ ਪ੍ਰਸਿੱਧ ਕਵੀ ਰਾਬਰਟ ਗ੍ਰੇਵਜ਼ ਨੂੰ ਵਿਆਹੀ ਹੋਈ ਸੀ।ਹਾਕਿੰਗ ਦਾ ਝੁਕਾਓ ਵਧੇਰੇ ਵਿਗਿਆਨ ਦੇ ਵਿਸ਼ੇ ਵੱਲ ਹੋ ਗਿਆ ਸੀ।ਉਹ ਘੜੀਆਂ, ਰੇਡੀਓ, ਗੱਡੀਆਂ, ਕਿਸ਼ਤੀਆਂ, ਜਹਾਜ਼ਾਂ ਦੇ ਮਾਡਲਾਂ ਵਿੱਚ ਜ਼ਿਆਦਾ ਦਿਲਚਸਪੀ ਰੱਖਦਾ ਸੀ। ਕਲਾਸ ਦੇ ਬੱਚੇ ਉਸ ਨੂੰ 'ਆਇਨਸਟਾਈਨ' ਕਹਿੰਦੇ ਹੁੰਦੇ ਸਨ।ਪਿਤਾ ਚਾਹੁੰਦਾ ਸੀ ਕਿ ਉਹ ਵਜ਼ੀਫ਼ੇ ਦਾ ਇਮਤਿਹਾਨ ਪਾਸ ਕਰਕੇ, ਵੈਸਟ ਮਿਨਿਸਟਰ ਜਿਹੇ ਸਕੂਲ ਵਿੱਚ ਪੜ੍ਹਾਈ ਕਰੇ, ਪਰ ਵਜ਼ੀਫ਼ੇ ਦੀ ਪ੍ਰੀਖਿਆ ਵਾਲੇ ਦਿਨ ਉਹ ਬਿਮਾਰ ਪੈ ਗਿਆ।ਇਕ ਵਾਰ ਉਸ ਨੇ ਆਪਣੇ ਗਣਿਤ ਅਧਿਆਪਕ ਡਿਕਰਾਨ ਟਾਹਟਾ ਨਾਲ ਮਿਲ ਕੇ, ਕਲਾਕ ਦੇ ਪੁਰਜ਼ਿਆਂ ਅਤੇ ਪੁਰਾਣੇ ਟੈਲੀਫ਼ੋਨ ਦੇ ਸਵਿੱਚ ਬੋਰਡ ਨਾਲ ਇਕ ਕੰਪਿਊਟਰ ਵੀ ਤਿਆਰ ਕੀਤਾ ਸੀ।ਸੰਨ 1959 ਵਿੱਚ ਹਾਕਿੰਗ ਨੇ ਵਜ਼ੀਫ਼ੇ ਦੀ ਪ੍ਰੀਖਿਆ ਪਾਸ ਕਰਕੇ ਯੂਨੀਵਰਸਿਟੀ ਕਾਲਜ ਆਕਸਫੋਰਡ ਵਿੱਚ ਪੜ੍ਹਨ ਲੱਗਾ।ਕਲਾਸ ਵਿੱਚ ਉਹ ਸਭ ਨਾਲੋਂ ਘੱਟ ਉਮਰ ਦਾ ਸੀ।ਉਹ ਇਕੱਲਾ ਅਤੇ ਅਲੱਗ ਰਹਿੰਦਾ, ਪਰ ਦੂਜੇ ਤੇ ਤੀਜੇ ਸਾਲ ਉਸ ਨੂੰ ਸੰਗੀਤ ਵਿੱਚ ਰੁਚੀ ਜਾਗ ਪਈ।ਉਸ ਨੂੰ ਵਿਗਿਆਨਕ ਨਿਬੰਧ ਪੜ੍ਹਨੇ ਚੰਗੇ ਲੱਗਦੇ।ਉਹ ਬੋਟ ਕਲੱਬ ਦਾ ਮੈਂਬਰ ਬਣ ਗਿਆ।ਝਗੜਾ ਕਰਨ ਵਾਲੇ ਮੁੰਡਿਆਂ ਕੋਲ ਬੈਠਾ ਰਹਿੰਦਾ।ਆਸੇ-ਪਾਸੇ ਉਸ ਦਾ ਮਾੜਾ ਅਕਸ ਬਣ ਗਿਆ ਸੀ।ਪੜ੍ਹਾਈ ਵਿੱਚ ਉਹ ਵੀ ਪੱਛੜ ਗਿਆ ਸੀ।ਇਮਤਿਹਾਨ ਵਿੱਚ ਬੈਠਣ ਤੋਂ ਵੀ ਡਰਨ ਲੱਗਾ।ਕੈਂਬਰਿਜ ਵਿਸ਼ਵ ਵਿਦਿਆਲੇ ਵਿੱਚ ਕਾਸਮਾਲੋਜੀ ਵਿੱਚ ਦਾਖ਼ਲਾ ਲੈਣ ਲਈ ਪਹਿਲੇ ਦਰਜੇ ਵਿੱਚ ਬੀ.ਏ (ਆਨਰ) ਦੀ ਡਿਗਰੀ ਦੀ ਸ਼ਰਤ ਪੂਰੀ ਕਰਨੀ ਜ਼ਰੂਰੀ ਸੀ।ਭਾਵੇਂ ਲਿਖਤੀ ਪੇਪਰਾਂ ਵਿੱਚ ਉਸ ਦੀ ਕਾਰਗੁਜ਼ਾਰੀ ਔਸਤ ਸੀ, ਪਰ ਪ੍ਰੈਕਟੀਕਲਾਂ ਵਿੱਚ ਉਸ ਨੇ ਪ੍ਰੀਖਿਅਕਾਂ ਨੂੰ ਜ਼ੁਬਾਨੀ ਪ੍ਰਸ਼ਨਾਂ ਦੇ ਫ਼ੁਰਤੀਲੇ ਉੱਤਰ ਦੇ ਕੇ ਕਾਫ਼ੀ ਪ੍ਰਭਾਵਿਤ ਕੀਤਾ।ਪ੍ਰੀਖਿਅਕਾਂ ਨੇ ਜਦ ਉਸ ਨੂੰ ਭਵਿੱਖ ਦੀ ਯੋਜਨਾ ਬਾਰੇ ਪੁੱਛਿਆ ਤਾਂ ਉਹ ਕਹਿੰਦਾ, 'ਜੇ ਤੁਸੀਂ ਮੈਨੂੰ ਕਾਫ਼ੀ ਚੰਗੇ ਅੰਕ ਦਿਓਗੇ ਤਾਂ ਮੈਂ ਕੈਂਬਰਿਜ ਦਾਖਲ ਹੋ ਜਾਵਾਂਗਾ। ਜੇ ਤੁਸੀਂ ਮੈਨੂੰ ਦੂਜੇ ਸਥਾਨ 'ਤੇ ਰੱਖਿਆ ਤਾਂ ਮੈਂ ਆਕਸਫੋਰਡ ਹੀ ਰਹਾਂਗਾ। ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਚੰਗੇ ਅੰਕ ਹੀ ਦਿਓਗੇ।' ਪ੍ਰੀਖਿਅਕਾਂ ਨੇ ਉਸ ਨੂੰ ਆਸ ਤੋਂ ਵੱਧ ਨੰਬਰ ਦਿੱਤੇ ਸਨ।ਸਟੀਫ਼ਨ ਦਾਖਲੇ ਦੀ ਸ਼ਰਤ ਪੂਰੀ ਕਰਕੇ ਟ੍ਰਿਨਿਟੀ ਹਾਲ ਕੈਂਬਰਿਜ ਵਿਸ਼ਵ ਵਿਦਿਆਲੇ ਵਿੱਚ ਗ੍ਰੈਜੂਏਸ਼ਨ ਕਰਨ ਲੱਗਾ।ਪੜ੍ਹਾਈ ਦਾ ਪਹਿਲਾ ਵਰ੍ਹਾ ਔਖਾ ਲੰਘਿਆ।ਸਟੀਫ਼ਨ ਨੂੰ ਸਰੀਰਕ ਬਿਮਾਰੀ ਨੇ ਵੀ ਘੇਰ ਲਿਆ ਸੀ।ਮਾਨਸਿਕ ਤਣਾਅ ਕਰਕੇ ਉਹ ਆਪਣੇ ਆਪ ਨੂੰ ਹੀਣਾ ਮਹਿਸੂਸ ਕਰਨ ਲੱਗਾ।ਕਦੀ ਪੌੜੀਆਂ ਤੋਂ ਡਿੱਗ ਪੈਂਦਾ।ਬੋਲਚਾਲ ਵੀ ਬਹੁਤੀ ਸਮਝ ਨਾ ਪੈਂਦੀ।ਘਰਦਿਆਂ ਨੂੰ ਤਾਂ ਉਸ ਦਿਨ ਪਤਾ ਲੱਗਾ, ਜਦੋਂ ਉਹ ਕ੍ਰਿਸਮਸ ਦੀਆਂ ਛੁੱਟੀਆਂ ਵਿੱਚ ਘਰ ਆਇਆ ਸੀ।ਮੈਡੀਕਲ ਚੈੱਕਅਪ ਕਰਾਇਆ ਤਾਂ ਭਿਆਨਕ ਰੋਗ, 'ਮੋਟਰ ਨਿਉਰੋਨ' ਦਾ ਪਤਾ ਲੱਗਾ।ਉਸ ਸਮੇਂ ਉਹ ਇੱਕੀ ਸਾਲਾਂ ਦਾ ਸੀ।ਡਾਕਟਰ ਕਹਿੰਦੇ ਕਿ ਉਹ ਵੱਧ ਤੋਂ ਵੱਧ ਦੋ ਸਾਲ ਹੋਰ ਜਿਉਂਦਾ ਰਹਿ ਸਕੇਗਾ।ਡਾਕਟਰਾਂ ਨੇ ਉਸ ਨੂੰ ਪੜ੍ਹਾਈ ਅੱਗੇ ਜਾਰੀ ਰੱਖਣ ਲਈ ਕਿਹਾ। ਪ੍ਰੋਫੈਸਰਾਂ ਨੇ ਹੱਲਾਸ਼ੇਰੀ ਦਿੱਤੀ ਤਾਂ ਉਹ ਪੜ੍ਹਨ ਲਈ ਵਾਪਸ ਮੁੜ ਆਇਆ।ਉਸ ਦੀ ਭੈਣ ਦੀ ਸਹੇਲੀ ਵਾਈਲ ਡੇਅ ਜਾਨੇ ਨਾਲ, ਉਸ ਦੀ ਨੇੜਤਾ ਸੰਨ 1964 'ਚ ਮੰਗਣੀ ਵਿੱਚ ਤਬਦੀਲ ਹੋ ਗਈ, ਉਦੋਂ ਹਾਕਿੰਗ ਦੀ ਸ਼ੋਭਾ ਹੋਰ ਵੀ ਵਧ ਗਈ, ਜਦੋਂ ਸੰਨ 1964 ਵਿੱਚ ਇਕ ਲੈਕਚਰ ਦੌਰਾਨ ਉਸ ਨੇ ਫਰੈਡ ਹੋਆਇਲ ਅਤੇ ਉਸ ਦੇ ਖੋਜ ਵਿਦਿਆਰਥੀ ਜੈਅੰਤ ਨਾਰਲੀਕਰ ਦੇ ਖੋਜ ਕੰਮ ਨੂੰ ਸ਼ਰੇਆਮ ਚੁਣੌਤੀ ਦੇ ਦਿੱਤੀ ਸੀ।ਉਸ ਵੇਲੇ ਬ੍ਰਹਿਮੰਡ ਵਿੱਚ ਵੱਡੇ ਧਮਾਕੇ (Big bang) ਅਤੇ ਸਟੈਡੀ ਸਟੇਟ (Steady State ) ਸਿਧਾਂਤ ਚਰਚਾ ਵਿੱਚ ਸਨ।ਉਸ ਨੇ ਆਪਣੇ ਖੋਜ ਪ੍ਰਬੰਧ 'ਪ੍ਰਾਪਰਟੀਜ਼ ਆਫ ਐਕਸਪੈਂਡਿੰਗ ਯੂਨੀਵਰਸ' 'ਤੇ ਖੋਜ ਕਰਕੇ ਸੰਨ 1966 'ਚ ਅਪਲਾਈਡ ਮੈਥੇਮੈਟਿਕਸ ਅਤੇ ਸਿਧਾਂਤਕ ਫਿਜ਼ਿਕਸ ਵਿੱਚ ਪੀ.ਐੱਚ.ਡੀ ਦੀ ਡਿਗਰੀ ਪ੍ਰਾਪਤ ਕੀਤੀ। ਸੰਨ 1965 ਵਿੱਚ ਉਸ ਦੀ ਸ਼ਾਦੀ ਹੋ ਗਈ।ਡਾਕਟਰੇਟ ਕਰਨ ਉਪਰੰਤ ਉਸ ਨੂੰ 'ਇਕ ਮਾਤਰਤਾਵਾਂ ਜਿਓਮਿਤੀ ਆਫ ਸਪੇਸ ਟਾਈਮ' ਖੋਜ ਅਧਿਐਨ 'ਤੇ ਕਾਫ਼ੀ ਪ੍ਰਸਿੱਧੀ ਮਿਲੀ।ਰੋਜਰ ਪੈਨ ਰੋਜ਼ ਨਾਲ ਮਿਲ ਕੇ ਉਸ ਨੇ 'ਇਕ ਮਾਤਰਤਾਵਾਂ' (ਸਿੰਗੂਲਰਟੀਜ਼) ਦਾ ਪਹਿਲੀ ਦਫ਼ਾ ਵਿਸਥਾਰ ਕੀਤਾ।ਇਹ ਤਜਵੀਜ਼ ਦਿੱਤੀ ਕਿ ਹੋ ਸਕਦਾ ਹੈ ਕਿ ਬ੍ਰਹਿਮੰਡ ਵੀ ਇਕ ਮਾਤਰਤਾਵਾਂ (singularities) ਤੋਂ ਹੀ ਬਣਨਾ ਆਰੰਭ ਹੋਇਆ ਹੋਵੇ।ਜਾਨੇ ਨੇ ਕਾਲਜ ਦੀ ਪੜ੍ਹਾਈ ਪੂਰੀ ਕਰਕੇ ਡਾਕਟਰੇਟ ਕਰਨੀ ਸ਼ੁਰੂ ਕਰ ਦਿੱਤੀ ਸੀ।ਹਾਕਿੰਗ ਹੁਣ ਪੱਕੇ ਤੌਰ 'ਤੇ ਪਹੀਆਂ ਵਾਲੀ ਕੁਰਸੀ 'ਤੇ ਆ ਗਿਆ ਸੀ।ਉਸ ਨੇ ਬਲੈਕ ਹੋਲ 'ਤੇ ਖੋਜ ਅਧਿਐਨ ਕਰਕੇ ਇਕ ਸੁਝਾਅ ਦਿੱਤਾ: ਬਲੈਕ ਹੋਲ ਦੇ ਦਿਸਹੱਦੇ (Vision) ਦਾ ਖੇਤਰਫਲ ਕਦੀ ਵੀ ਘਟਾਇਆ ਨਹੀਂ ਜਾ ਸਕਦਾ।ਸੰਨ 1973 'ਚ ਹਾਕਿੰਗ ਦੀ ਪਹਿਲੀ ਪੁਸਤਕ 'ਦ ਲਾਰਜ ਸਕੇਲ ਸਟਰੱਕਚਰ ਆਫ ਸਪੇਸ ਟਾਈਮ', ਜੋ ਉਸ ਨੇ ਜਾਰਜ ਇਲਿਜ਼ ਨਾਲ ਮਿਲ ਕੇ ਲਿਖੀ ਸੀ, ਪ੍ਰਕਾਸ਼ਤ ਹੋਈ।ਸੰਨ 1974 ਵਿੱਚ 'ਹਾਕਿੰਗ ਵਿਕੀਰਨ' ਦੀ ਖੋਜ ਦਾ ਐਲਾਨ ਕਰ ਦਿੱਤਾ ਗਿਆ।ਇਸ ਖੋਜ ਅਧਿਐਨ ਦੇ ਸਿੱਟਿਆਂ ਤੋਂ ਸਪੱਸ਼ਟ ਹੋ ਗਿਆ ਕਿ ਬਲੈਕ ਹੋਲ ਵੀ ਵਿਕੀਰਨਾਂ ਛੱਡਦੇ ਹਨ।ਇਸ ਖੋਜ ਦੀ ਕਾਫ਼ੀ ਆਲੋਚਨਾ ਹੋਈ।ਇਸੇ ਸਾਲ ਉਸ ਨੂੰ ਰਾਇਲ ਸੁਸਾਇਟੀ ਦਾ ਫੈਲੋ ਬਣਾਇਆ।ਰਾਇਲ ਐਸਟ੍ਰੋਨੌਮੀ ਸੁਸਾਇਟੀ ਨੇ ਸੰਨ 1975 'ਚ ਰੋਜਰ ਪੈਨ ਰੋਜ਼ ਅਤੇ ਹਾਕਿੰਗ ਨੂੰ ਐਡਿੰਗਟਨ ਤਮਗੇ ਦੇ ਕੇ ਸਨਮਾਨਿਤ ਕੀਤਾ।ਉਸ ਨੂੰ ਹਿਊਗਸ ਤਮਗਾ ਅਤੇ ਹੈਨਮਨ ਪੁਰਸਕਾਰ ਵੀ ਮਿਲੇ। ਸੰਨ 1977 'ਚ ਉਹ ਪ੍ਰੋਫੈਸਰ ਬਣ ਗਿਆ।ਸੰਨ 1978 ਦੇ ਵਰ੍ਹੇ ਉਸ ਨੂੰ ਆਕਸਫੋਰਡ ਵਿਸ਼ਵ ਵਿਦਿਆਲੇ ਨੇ ਮਾਣ ਵਜੋਂ ਡਾਕਟਰੇਟ ਦੀ ਡਿਗਰੀ ਦਿੱਤੀ। ਉਸ ਨੂੰ ਐਲਬਰਟ ਆਇਨਸਟਾਈਨ ਪੁਰਸਕਾਰ ਵੀ ਮਿਲਿਆ।ਅਗਲੇ ਸਾਲ ਉਨ੍ਹਾਂ ਦੇ ਘਰ ਪੁੱਤਰ ਟੀਮੋਥੀ ਜਨਮਿਆ।ਹਾਕਿੰਗ ਨੂੰ ਲੁਕਾਸ਼ੀਅਨ ਚੇਅਰ ਇਨ ਮੈਥੇਮੈਟਿਕਸ 'ਤੇ ਨਿਯੁਕਤ ਕੀਤਾ ਗਿਆ।ਵੈਟੀਕਨ ਕਾਨਫਰੰਸ ਵਿੱਚ ਇਸ ਸਾਲ ਹਾਕਿੰਗ ਨੇ ਆਪਣਾ ਖੋਜ ਅਧਿਐਨ ਪੇਸ਼ ਕਰਦੇ ਹੋਏ, ਬ੍ਰਹਿਮੰਡ ਨੂੰ ਬਿਨਾਂ ਕਿਸੇ ਹੱਦ ਬੰਨੇ ਵਾਲਾ ਦੱਸਿਆ ਸੀ।ਉਸ ਨੇ ਬ੍ਰਹਿਮੰਡ ਦੇ ਫੈਲਣ ਬਾਰੇ ਖੋਜ ਜਾਰੀ ਰੱਖੀ।ਇਸ ਸੰਦਰਭ 'ਚ ਉਸ ਦੇ ਕਿੰਨੇ ਹੀ ਖੋਜ ਪੱਤਰ ਪ੍ਰਕਾਸ਼ਤ ਹੋਏ।ਉਸ ਦੀ 'ਬਿਨਾਂ ਹੱਦ ਬੰਨੇ ਵਾਲਾ ਬ੍ਰਹਿਮੰਡ' ਤਜਵੀਜ਼ ਦੀ ਕਾਫ਼ੀ ਆਲੋਚਨਾ ਵੀ ਹੋਈ। ਸੰਨ 1988 ਵਿੱਚ ਉਸ ਦੀ ਲਿਖੀ ਪੁਸਤਕ 'ਏ ਬਰੀਫ ਹਿਸਟਰੀ ਆਫ ਟਾਈਮ' ਰਿਲੀਜ਼ ਹੋਈ।ਇਸ ਪੁਸਤਕ ਨੇ ਵਿਕਰੀ ਦੇ ਸਾਰੇ ਰਿਕਾਰਡ ਤੋੜ ਦਿੱਤੇ।ਪ੍ਰਿੰਟ ਮੀਡੀਆ, ਟੈਲੀਵਿਜ਼ਨ ਸਭ ਦਾ ਧਿਆਨ ਹਾਕਿੰਗ ਦੇ ਪਰਵਾਰ ਵੱਲ ਖਿੱਚਿਆ ਗਿਆ।ਕਿੰਨੇ ਹੀ ਵਿਸ਼ਵ ਵਿਦਿਆਲਿਆਂ ਨੇ ਉਸ ਨੂੰ ਮਾਣ ਵਜੋਂ ਡਾਕਟਰੇਟ ਦੀਆਂ ਡਿਗਰੀਆਂ ਭੇਟ ਕੀਤੀਆਂ।ਰਾਣੀ ਐਲਿਜ਼ਾਬੈਥ ਨੇ ਉਸ ਨੂੰ 'ਕੰਪੇਨੀਅਨ ਆਫ ਆਨਰ' ਦਾ ਸਨਮਾਨ ਦਿੱਤਾ।ਉਦੋਂ ਤੀਕ ਉਸ ਦਾ ਪੁੱਤਰ ਰਾਬਰਟ ਆਕਸਫੋਰਡ ਤੋਂ ਪੜ੍ਹਾਈ ਕਰਕੇ ਪੋਸਟ ਗ੍ਰੈਜੂਏਸ਼ਨ ਕਰਨ ਲਈ ਗਲਾਸਗੋ ਚਲਾ ਗਿਆ ਸੀ।ਲੂਸੀ ਆਕਸਫੋਰਡ ਪੜ੍ਹਨ ਲੱਗੀ ਸੀ।ਸਟੀਫ਼ਨ ਨੇ ਜਾਨੇ ਨਾਲੋਂ ਸੰਬੰਧ ਤੋੜ ਕੇ ਇਕ ਨਰਸ ਇਲੇਨ ਮੇਸਨ ਨਾਲ ਸੰਬੰਧਾਂ ਦਾ ਐਲਾਨ ਕਰ ਦਿੱਤਾ।ਸੰਨ 1990 'ਚ ਉਹ ਜਾਨੇ ਤੋਂ ਵੱਖ ਹੋ ਗਿਆ।ਇਸ ਤੋਂ ਅਗਲੇ ਸਾਲ ਇਕ ਕਾਰ ਨਾਲ ਟਕਰਾਉਣ ਕਰਕੇ ਉਸ ਦੀ ਬਾਂਹ ਟੁੱਟ ਗਈ।ਸੰਨ 1992 'ਚ ਅਗਸਤ ਮਹੀਨੇ ਉਸ ਦੀ ਲਿਖਤ 'ਬਰੀਫ ਹਿਸਟਰੀ ਆਫ ਟਾਈਮ' 'ਤੇ ਹਾਲੀਵੁੱਡ ਨੇ ਇਕ ਫ਼ਿਲਮ ਦਾ ਪ੍ਰੀਮੀਅਰ ਸ਼ੋਅ ਕੀਤਾ।ਹਾਕਿੰਗ ਦੀ ਆਵਾਜ਼ ਪਿੰਕ ਫਲੋਇਡ ਗੀਤ 'ਕੀਪ ਟਾਕਿੰਗ' ਲਈ ਰਿਕਾਰਡ ਕੀਤੀ ਗਈ।ਇਸ ਸਮੇਂ ਦੌਰਾਨ ਉਸ ਦੇ ਖੋਜ ਨਿਬੰਧ 'ਬਲੈਕ ਹੋਲ ਐਂਡ ਬੇਬੀ ਯੂਨੀਵਰਸ' ਅਤੇ ਕਈ ਹੋਰ ਲੇਖ ਪ੍ਰਕਾਸ਼ਤ ਹੋਏ।ਹਾਕਿੰਗ ਅਤੇ ਪੈਨ ਰੋਜ਼ ਨੇ ਕੈਂਬਰਿਜ ਵਿਖੇ ਇਕ ਲੈਕਚਰ ਲੜੀ ਦਾ ਆਯੋਜਨ ਕੀਤਾ।ਜੁਲਾਈ 1995 'ਚ ਉਸ ਦਾ ਈਲੇਨ ਨਾਲ ਵਿਆਹ ਹੋ ਗਿਆ।ਜਾਨੇ ਹੁਣ ਹਾਕਿੰਗ ਕੋਲੋਂ ਵੱਖ ਹੋ ਕੇ ਆਪਣੀਆਂ ਯਾਦਾਂ ਲਿਖਣ ਲੱਗੀ।ਸੰਨ 1999 ਵਿੱਚ ਉਸ ਦੀ ਆਵਾਜ਼ 'ਸਿੰਪਸਨਜ਼ ਐਪੀਸੋਡ' ਲਈ ਰਿਕਾਰਡ ਕੀਤੀ ਗਈ। ਇਨ੍ਹਾਂ ਦਿਨਾਂ ਵਿੱਚ ਉਸ ਦੀ ਸਰਜਰੀ ਵੀ ਹੋਈ।ਅਪੰਗਤਾ ਦੇ ਤੀਜੇ ਮਾਈਲੇਨੀਅਮ ਮੌਕੇ ਉਸ ਨੂੰ ਹੋਰ ਗਿਆਰਾਂ ਸ਼ਖ਼ਸੀਅਤਾਂ ਦੇ ਨਾਲ ਸਨਮਾਨਿਤ ਵੀ ਕੀਤਾ ਗਿਆ ਸੀ। ਲੰਡਨ ਦੀ ਗਣਿਤ ਸੰਸਥਾ ਨੇ ਉਸ ਨੂੰ 'ਨੇਲਰ ਪੁਰਸਕਾਰ' ਵੀ ਦਿੱਤਾ।ਉਸ ਨੂੰ ਅਪਲਾਈਡ ਮੈਥੇਮੈਟਿਕਸ ਦਾ ਲੈਕਚਰਰ ਬਣਾਉਣ ਦੀ ਪੇਸ਼ਕਸ਼ ਵੀ ਕੀਤੀ ਗਈ।ਇਸ ਸਮੇਂ ਜਾਨੇ ਦੀ ਸਵੈ ਜੀਵਨੀ 'ਮਿਊਜ਼ਿਕ ਟੂ ਮੂਵ ਦ ਸਟਾਰਜ਼' ਪ੍ਰਕਾਸ਼ਤ ਹੋ ਗਈ ਸੀ।ਇਸ ਪੁਸਤਕ ਨੇ ਹਾਕਿੰਗ ਦੇ ਕਈ ਨਿੱਜੀ ਪੱਖਾਂ ਨੂੰ ਉਜਾਗਰ ਕਰ ਦਿੱਤਾ ਸੀ।ਹਾਕਿੰਗ ਹੱਦ ਦਰਜੇ ਦਾ ਜ਼ਿੱਦੀ, ਜੋਸ਼ੀਲਾ, ਆਪਣੇ ਆਪ ਲਈ ਵੀ ਬੇਰਹਿਮ ਸੀ।ਪਹੀਆਂ ਵਾਲੀ ਕੁਰਸੀ ਲੈਣ ਲਈ ਉਸ ਨੂੰ ਪਹਿਲਾਂ ਮਨਾਉਣਾ ਪੈਂਦਾ।ਅਪੰਗ ਆਦਮੀਆਂ ਦੀ ਸਮਰੱਥਾ ਦਾ ਪ੍ਰਦਰਸ਼ਨ ਕਰਨ ਲਈ ਉਸ ਨੇ ਸੰਨ 2007 'ਚ 'ਸਿਫ਼ਰ ਗੁਰੂਤਵ ਉਡਾਣ' ਵਿੱਚ ਸ਼ਮੂਲੀਅਤ ਕੀਤੀ ਸੀ ਅਤੇ ਅੱਠ ਵਾਰੀ 'ਭਾਰਹੀਣਤਾ' ਦਾ ਅਨੁਭਵ ਮਾਣਿਆ ਸੀ। ਉਹ ਇੰਗਲੈਂਡ ਦੀ ਲੇਬਰ ਪਾਰਟੀ ਦਾ ਹਮਾਇਤੀ ਸੀ।ਪਾਰਟੀ ਦੇ ਹੱਕ ਵਿੱਚ ਉਹ ਪ੍ਰਚਾਰ ਮੁਹਿੰਮਾਂ ਵਿੱਚ ਵੀ ਸ਼ਾਮਲ ਹੁੰਦਾ ਰਹਿੰਦਾ ਸੀ।ਇਸ ਨੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜੀਵਨ ਦੀਆਂ ਤਲਖ਼-ਹਕੀਕਤਾਂ ਦਾ ਸੰਵੇਦਨਮਈ ਪ੍ਰਗਟਾਵਾ

## ਹਉਕਾ ਸਾਹ ਨਹੀਂ ਹੁੰਦਾ

(ਕਾਵਿ ਪੁਸਤਕ)
**ਕੁਲਵਿੰਦਰ ਕੁੱਲਾ**
**ਪੰਨਾ : 96, ਕੀਮਤ : 200 ਰੁਪਏ**
**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**




ਫੋਕਸ



### ਚਰਚਾ ਇਕ ਪੁਸਤਕ ਦੀ

**ਡਾ. ਅਰਵਿੰਦਰ ਕੌਰ ਕਾਕੜਾ**

ਅੱਜ ਦੀ ਪੰਜਾਬੀ ਕਵਿਤਾ ਨਵੇਂ ਕਾਵਿ-ਉਚਾਰਾਂ ਤੇ ਨਵੀਂ ਕਾਵਿ ਭਾਸ਼ਾ ਰਾਹੀਂ ਪੇਸ਼ ਹੋ ਰਹੀ ਹੈ।ਜ਼ਿਆਦਾਤਰ ਕਵਿਤਾ ਸਵੈ ਦਾ ਪ੍ਰਗਟਾਵਾ ਹੀ ਹੈ, ਜੋ ਕਿਸੇ ਦੀ ਵਿਚਾਰਧਾਰਾ ਨਾਲ ਬੱਝੀ ਨਜ਼ਰ ਨਹੀਂ ਆਉਂਦੀ।ਇਸ ਕਵਿਤਾ ਵਿਚਲੇ ਕੁਝ ਸਰੋਕਾਰ ਕਿਤੇ ਸਮਾਜਕਤਾ ਦੀ ਝਲਕ ਬਣਦੇ ਜਾਪਦੇ ਹਨ, ਪਰ ਨਿਰੋਲ ਵਿਚਾਰਧਾਰਾ ਨਾਲ ਇਸ ਨੂੰ ਬੰਨ੍ਹ ਨਹੀਂ ਸਕਦੇ। ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪੰਜਾਬੀ ਕਵਿਤਾ ਵਿੱਚ ਅਜਿਹੇ ਕਈ ਲੋਕ ਪੱਖੀ ਅੰਸ਼ ਅਜਿਹੇ ਵੀ ਆਪਣੀ ਸਪੇਸ ਧਾਰਨ ਕਰਦੇ ਹਨ, ਜੋ ਆਪਣੀ ਵਿਚਾਰਧਾਰਾ ਨਾਲ ਪੂਰੀ ਤਰ੍ਹਾਂ ਨਾਲ ਪ੍ਰਤੀਬੱਧ ਹਨ। ਅਜਿਹੇ ਕਵੀ ਚਾਹੇ ਕਵਿਤਾ, ਗ਼ਜ਼ਲ, ਗੀਤ, ਕਵੀਸ਼ਰੀ ਜਾਂ ਕਿਸੇ ਹੋਰ ਕਾਵਿ ਰੂਪ ਦੀ ਸਿਰਜਣਾ ਕਰ ਰਹੇ ਹੋਣ, ਉਨ੍ਹਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਤੇ ਸੁਹਜਾਤਮਕ ਪੇਸ਼ਕਾਰੀ ਵੀ ਆਪ-ਮੁਹਾਰੇ ਪ੍ਰਗਟਦੀ ਹੈ।ਅਜਿਹੀ ਕਵਿਤਾ ਦਾ ਸਿਰਜਕ ਕੁਲਵਿੰਦਰ ਕੁੱਲਾ ਕਿਸੇ ਜਾਣ-ਪਹਿਚਾਣ ਦਾ ਮੁਥਾਜ ਨਹੀਂ। ਉਹ ਗ਼ਜ਼ਲ ਦੀ ਚੰਗੀ ਮੁਹਾਰਤ ਰੱਖਣ ਵਾਲੇ ਪੰਜਾਬੀ ਕਵੀਆਂ ਵਿੱਚੋਂ ਇੱਕ ਹੈ। ਉਸ ਦੀ ਗਜ਼ਲ ਵਿਚਲੀ ਵਿਚਾਰਧਾਰਕ ਪ੍ਰਤੀਬੱਧਤਾ ਉਸ ਨੂੰ ਖ਼ਾਸ ਸਪੇਸ ਪ੍ਰਦਾਨ ਕਰਦੀ ਹੈ। ਉਸ ਦੇ ਸ਼ਿਅਰਾਂ ਵਿਚਲੀ ਰਾਗਆਤਮਿਕਤਾ ਇਸ ਸਿਰਜਣਾ ਨੂੰ ਹੋਰ ਵੀ ਨਿਖਾਰਦੀ ਹੈ। ਉਸ ਦੀ ਗ਼ਜ਼ਲ ਅੰਦਰਲੇ ਸੂਖਮਭਾਵੀ ਸੰਕੇਤ ਪਾਠਕਾਂ 'ਤੇ ਗਹਿਰਾ ਪ੍ਰਭਾਵ ਪਾਉਂਦੇ ਹਨ। ਪੰਜਾਬੀ ਵਿੱਚ ਲਿਖੀ ਜਾ ਰਹੀ ਗ਼ਜ਼ਲ ਵਿੱਚੋਂ ਵੱਖੋ-ਵੱਖਰੀ ਦ੍ਰਿਸ਼ਟੀ ਸਾਹਮਣੇ ਆ ਰਹੀ ਹੈ। ਕੁਲਵਿੰਦਰ ਦੀ ਸਿਰਜਣਾ ਅੰਦਰਲੀ ਰਿਦਮ ਭਾਵੇਂ ਗ਼ਜ਼ਲ ਵਿੱਚ ਢਲਦੀ ਹੋਵੇ ਜਾਂ ਕਵਿਤਾ ਵਿੱਚ, ਉਹ ਆਪਣੀ ਸਿਰਜਣਾ ਦੀ ਸਮਾਜਿਕ ਭੂਮਿਕਾ ਨੂੰ ਕਦੇ ਵੀ ਅਣਗੌਲਿਆਂ ਨਹੀਂ ਕਰਦਾ।ਕੁਲਵਿੰਦਰ ਦੀ ਸਿਰਜਣਾ ਦਾ ਇਹ ਵੀ ਅਮੀਰੀ ਗੁਣ ਹੈ ਕਿ ਉਹ ਆਪਣੇ ਵਿਚਾਰਾਂ ਤੇ ਪੇਸ਼ਕਾਰੀ ਪ੍ਰਤੀ ਬਿਲਕੁਲ ਸਪੱਸ਼ਟ ਹੈ। ਉਸ ਦੀ ਸਿਰਜਣਾ ਵਿਚਲੇ ਸੁਹਜ ਦਾ ਵੱਖਰਾ ਰੰਗ ਆਪਣੀਆਂ ਪੈੜਾਂ ਉਲੀਕਦਾ ਸਾਹਮਣੇ ਆਉਂਦਾ ਹੈ। ਕੁਲਵਿੰਦਰ ਸਮੇਂ ਦੀ ਰਮਜ਼ ਨੂੰ ਪਹਿਚਾਣਦਾ ਹੈ, ਇਸੇ ਲਈ ਉਹ ਯਥਾਰਥ ਅੰਦਰਲੀਆਂ ਬਾਰੀਕੀਆਂ ਨੂੰ ਵੀ ਪਕੜਦਾ ਹੋਇਆ ਮਨੁੱਖ ਦੇ ਅੰਦਰ ਚੱਲ ਰਹੇ ਦਵੰਦ ਨੂੰ ਵੀ ਆਪਣੀ ਸ਼ਾਇਰੀ ਵਿੱਚ ਸਮਾਉਂਦਾ ਹੈ। ਉਸ ਦੀ ਨਵੀਂ ਕਾਵਿ ਪੁਸਤਕ 'ਹਉਕਾ ਸਾਹ ਨਹੀਂ ਹੁੰਦਾ' ਮਾਨਵ ਅਤੇ ਸਮਾਜ ਵਿਚਲੀ ਸਾਂਝ ਤੇ ਟੱਕਰ ਨਾਲ ਜੁੜੀਆਂ ਭਾਵਨਾਵਾਂ ਨੂੰ ਅਹਿਸਾਸਦੀ ਸਾਹਮਣੇ ਆਉਂਦੀ ਹੈ।

ਉਸ ਕੋਲ ਸ਼ਾਇਰੀ ਕਹਿਣ ਦਾ ਹੁਨਰ ਵੀ ਹੈ, ਨਾਲੋਂ-ਨਾਲ ਉਸ ਦੀ ਸੂਝ, ਸਮਰੱਥਾ ਅਤੇ ਸੰਵੇਦਨਾ ਸ਼ਾਇਰੀ ਵਿੱਚ ਗੁੰਦੀ ਨਜ਼ਰ ਆਉਂਦੀ ਹੈ।ਉਸ ਦਾ ਵਿਚਾਰ ਕਿਤੇ ਵੀ ਖਿੰਡਾਅ ਵਿੱਚ ਨਹੀਂ ਹੁੰਦਾ, ਬਲਕਿ ਉਸ ਵਿਚਲਾ ਭਾਵ ਸੰਜਮਤਾ ਤੇ ਸਹਿਜਤਾ ਦਾ ਪੱਲਾ ਫੜਦਾ ਛੋਪਲੇ ਜਹੇ ਆਪਣੀ ਪ੍ਰਭਾਵਿਕਤਾ ਦਾ ਪ੍ਰਮਾਣ ਦਿੰਦਾ ਹੈ।ਇਸ ਕਵਿਤਾ ਦਾ ਸਿਰਲੇਖ ਆਪਣੇ ਆਪੇ ਅਰਥਪੂਰਨ ਹੈ ਕਿ ਸੁੱਖ ਤੇ ਦੁੱਖ ਦੋਵੇਂ ਇੱਕ-ਦੂਜੇ ਦੇ ਵਿਰੋਧੀ ਹੋਣ ਦੇ ਬਾਵਜੂਦ ਆਪਸ ਵਿੱਚ ਬੱਝੇ ਹੋਏ ਹਨ ਤੇ ਹਰ ਸਥਿਤੀ ਨਾਲ ਤੁਰਦੇ ਭਾਸਦੇ ਹਨ।ਸਾਹ ਅਤੇ ਹਉਕੇ ਮਨੁੱਖ ਦੇ ਜੀਵਨ ਦੀ ਹਿਲਜੁਲ ਦਾ ਸੰਕੇਤ ਹਨ, ਜਿਨ੍ਹਾਂ ਦੀ ਕਵੀ ਰਮਜ਼ ਪਹਿਚਾਣਦਾ ਹੈ।ਉਸ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਆਪਣੇ ਅੰਦਰ ਕਿੰਨਾ ਕੁਝ ਦਫ਼ਨ ਕਰੀ ਬੈਠਾ ਹੈ। ਉਸ ਨੂੰ ਇਸ ਅਮਾਨਵੀ ਵਰਤਾਰੇ ਦੇ ਤਹਿਤ ਸੁੱਖ ਦਾ ਸਾਹ ਨਹੀਂ ਮਿਲਦਾ, ਬਲਕਿ ਉਸ ਦੇ ਅੰਦਰੋਂ ਨਿਕਲੇ ਹਉਕੇ ਸਮੇਂ ਦੀ ਮੂੰਹ ਬੋਲਦੀ ਤਸਵੀਰ ਦੀ ਝਲਕ ਦਿੰਦੇ ਕਿਸੇ ਪੀੜ ਦਾ ਖੁਲਾਸਾ ਕਰਦੇ ਹਨ, ਜਦੋਂ ਕਿ ਸਾਹ ਜਿਊਂਦੀ ਜ਼ਿੰਦਗੀ ਦਾ ਅਹਿਸਾਸ ਕਰਵਾਉਂਦੇ ਹਨ। ਮਨੁੱਖ ਅੰਦਰੋਂ ਨਿਕਲੇ ਹਉਕੇ ਉਸ ਦੀ ਬੇਚੈਨੀ ਦਾ ਅਜਿਹਾ ਪ੍ਰਗਟਾਅ ਕਰਦੇ ਹਨ, ਜਿਸ ਪਿਛਲੀ ਜੜ੍ਹ ਪਹਿਚਾਨਣ ਦੀ ਲੋੜ ਹੈ। ਕਵੀ ਕੁਲਵਿੰਦਰ ਇੱਕ ਮਨੁੱਖ ਦੇ ਹੀ ਨਹੀਂ, ਬਲਕਿ ਸਮਾਜ ਦੇ ਹਉਕੇ ਸੁਣਦਾ ਹੋਇਆ ਇਸ ਗੱਲੋਂ ਬੇਚੈਨ ਹੈ ਕਿ ਇਸ ਅਣਇੱਛਿਤ ਯਥਾਰਥ ਅੰਦਰ ਮਨੁੱਖ ਕਈ ਤਰ੍ਹਾਂ ਦੀ ਪੀੜਾ ਹੰਢਾਉਂਦਿਆਂ ਆਪਣੇ ਸੁਖ਼ਦ ਰਾਹਾਂ ਦੀ ਤਲਾਸ਼ ਲਈ ਓੜਪੋੜ ਤਾਂ ਕਰ ਰਿਹਾ ਹੈ, ਪਰ ਸਿਰਫ਼ ਆਪਣੇ ਖਾਤਰ ਹੀ ਹੈ।ਕਵੀ ਮਹਿਸੂਸ ਕਰਦਾ ਹੈ ਕਿ ਵੇਖਣ ਨੂੰ ਮਨੁੱਖ ਸਬੂਤਾ ਜਾਪਦਾ ਹੈ, ਪਰ ਅੰਦਰੋਂ ਉਹ ਕਿੰਨਾ ਬਿਖਰਿਆ ਹੋਇਆ ਹੈ। ਇਸ ਲਈ ਉਹ ਹਉਕੇ ਭਰਦਾ ਸਾਹ ਲੈਣ ਦਾ ਭਰਮ ਪਾਲ ਰਿਹਾ ਹੈ। ਇਸ ਕਵਿਤਾ ਵਿਚਲਾ ਪਾਤਰ ਬਾਹਰਮੁਖੀ ਸਥਿਤੀ ਨੂੰ ਵਾਚਦਾ ਹੋਇਆ ਮਨੁੱਖ ਅੰਦਰਲੀ ਅਵਸਥਾ ਨੂੰ ਫੜਦਾ ਹੈ।

ਇਸ ਕਵਿਤਾ ਵਿਚਲੀ ਗੰਭੀਰਤਾ ਸੂਖਮ ਅਹਿਸਾਸਾਂ ਦੀ ਪੈਰਵੀ ਕਰਦੀ ਮਨੁੱਖ ਅੰਦਰ ਧੜਕਦੀ ਜ਼ਿੰਦਗੀ ਦੀ ਆਵਾਜ਼ ਸੁਣਦੀ ਤੇ ਬਾਹਰੀ ਜਗਤ ਨਾਲ ਇੱਕਮਿਕ ਹੁੰਦੀ ਹੈ।ਏਹੀ ਇਸ ਕਵਿਤਾ ਦੀ ਰਮਜ਼ ਹੈ, ਜੋ ਸਮੁੱਚੀ ਪੁਸਤਕ ਦਾ ਕੇਂਦਰੀ ਧੁਰਾ ਬਣਦੀ ਹੈ।

ਕੁਲਵਿੰਦਰ ਦੀ ਕਵਿਤਾ ਦੇ ਅਰਥ ਸਤਹਿ ਉੱਤੇ ਪਏ ਨਹੀਂ ਮਿਲਦੇ, ਸਗੋਂ ਅਰਥਾਂ ਦੀਆਂ ਕਈ ਪਰਤਾਂ ਹਨ। ਉਸ ਦੀ ਕਵਿਤਾ ਵਿੱਚ ਸਮਾਜਿਕ-ਰਾਜਨੀਤਕ ਸਰੋਕਾਰਾਂ ਦੀ ਪੇਸ਼ਕਾਰੀ ਸਹਿਜ ਰੂਪ ਵਿੱਚ ਕੀਤੀ ਗਈ ਹੈ, ਜੋ ਕਿਤੇ ਵੀ ਲਾਊਡ ਨਹੀਂ ਹੁੰਦੀ।ਇਸ ਕਵਿਤਾ ਵਿਚਲੀ ਸੰਵੇਦਨਸ਼ੀਲਤਾ, ਵਿਚਾਰਧਾਰਕ ਛੋਹਾਂ, ਸੱਜਰੇ ਅਛੋਹ ਬਿੰਬ ਅਤੇ ਵੈਰਾਗਮਈ ਰੰਗਤ ਪਾਠਕਾਂ ਨੂੰ ਟੁੰਬਦੀ ਹੈ। ਕਵੀ ਵਸਤੂ-ਯਥਾਰਥ ਦੀਆਂ ਮਹੀਨ ਤੋਂ ਮਹੀਨ ਤੈਹਾਂ ਨੂੰ ਵੀ ਵਾਚਦਾ ਹੈ। ਉਸ ਦੀ ਕਵਿਤਾ ਵਿਚਲਾ ਇੱਕ ਪਾਸਾਰ ਰਿਸ਼ਤਿਆਂ ਦੀ ਅਜਿਹੀ ਸਮੀਕਰਨ ਬਣਾਉਂਦਾ, ਜਿਸ ਵਿੱਚ ਖ਼ੂਨ ਦੇ ਰਿਸ਼ਤੇ ਤੇ ਸਮਾਜ ਵਿੱਚ ਆਪ ਸਿਰਜੇ ਰਿਸ਼ਤਿਆਂ ਪ੍ਰਤੀ ਸੰਵੇਦਨਸ਼ੀਲਤਾ ਤੇ ਸੁਹਿਰਦਤਾ ਨਾਲ ਨਿਭਾਉ ਹੋ ਸਕੇ। ਉਸ ਦੀ ਰਿਸ਼ਤਿਆਂ ਪ੍ਰਤੀ ਮੁਹੱਬਤ, ਫਿਕਰਮੰਦੀ ਬਹੁਪੱਖੀ ਉਜਾਗਰ ਹੁੰਦੀ ਹੈ।ਮਾਤਾ-ਪਿਤਾ, ਪਤਨੀ, ਮਹਿਬੂਬ, ਦੋਸਤ ਪ੍ਰਤੀ ਉਸ ਦਾ ਅਹਿਸਾਸ ਕਈ ਕੋਣਾਂ ਤੋਂ ਵੇਖਿਆ ਜਾ ਸਕਦਾ ਹੈ।'ਤੇਰਾ ਹੋਣਾ' ਕਵਿਤਾ ਵਿੱਚ ਕਵੀ ਨੇ ਮਾਂ ਦੇ ਅਹਿਸਾਸਾਂ ਦੀ ਲੜੀ ਇਸ ਢੰਗ ਨਾਲ ਪਰੋਈ ਹੈ ਕਿ ਜਿਸ ਵਿੱਚ ਸਾਰੀ ਕਾਇਨਾਤ ਵੱਖੋ-ਵੱਖਰੇ ਰੂਪਾਂ ਵਿੱਚ ਮਾਂ ਦੀਆਂ ਭਾਵਨਾਵਾਂ ਵਿੱਚ ਚਿਤਰਮਾਣ ਹੋਈ ਜਾਪਦੀ ਹੈ। ਮਾਂ ਲਈ ਅਹਿਸਾਸਾਂ ਦਾ ਵਿਸਥਾਰਤ ਕਰਦਾ ਕਵੀ ਆਪਣੇ ਆਪੇ ਨਾਲ ਲੁਕਣਮੀਚੀ ਖੇਡਦਾ ਮਹਿਸੂਸ ਕਰਦਾ ਹੈ।

ਕਵਿਤਾ ਵਿਚਲੀ ਸੰਵੇਦਨਾ ਪਿਤਾ ਦੀ ਅਵਚੇਤਨਾ ਵਿੱਚ ਤੈਰਦੇ ਉਨ੍ਹਾਂ ਫਿਕਰਾਂ ਦਾ ਵੀ ਖੁਲਾਸਾ ਕਰਦੀ ਹੈ, ਜੋ ਚੁੱਪ-ਚੁਪੀਤੇ ਆਪਣੇ ਫ਼ਰਜ਼ਾਂ ਨੂੰ ਨਿਭਾਅ ਰਿਹਾ ਹੈ।ਕਵੀ ਜਜ਼ਬਾਤਾਂ ਦੇ ਵਹਿਣ ਵਿੱਚ ਵਹਿ ਬਾਪ, 'ਮੈਂ ਉਦਾਸ ਹਾਂ', 'ਕਲਮ', 'ਵਕਤ ਦਾ ਪਹੀਆ' ਆਦਿ ਕਵਿਤਾਵਾਂ ਵਿੱਚ ਮਾਂ-ਪਿਤਾ ਪ੍ਰਤੀ ਗਹਿਰੇ ਭਾਵਾਂ ਨੂੰ ਪ੍ਰਗਟਾਉਂਦਾ ਹੈ। ਕੁਲਵਿੰਦਰ ਕੁੜੀਆਂ ਦੀ ਵੇਦਨਾ ਨੂੰ ਸਮਝਦਾ ਹੋਇਆ ਪਿੱਤਰਕੀ ਸੱਤਾ ਦੇ ਕਿਰਦਾਰ ਨੂੰ ਅੱਖੋਂ ਓਹਲੇ ਨਹੀਂ ਕਰਦਾ। ਰਿਸ਼ਤਿਆਂ ਦੇ ਤਾਣੇ-ਬਾਣੇ ਨੂੰ ਆਪਣੇ ਚੱਕਰਵਿਊ ਅੰਦਰ ਉਲੀਕਦੀ ਇਹ ਪਿੱਤਰੀ ਸੋਚ ਕੁੜੀਆਂ ਦੇ ਜੀਵਨ ਵਿੱਚ ਕਿੱਥੇ-ਕਿੱਥੇ ਜਕੜਾਂ ਪੈਦਾ ਕਰਦੀ ਹੈ, ਜਿਸ ਵਿੱਚ ਕੁੜੀ ਦੇ ਬੁਣੇ ਸੁਪਨਿਆਂ ਦੀ ਫੁੱਲਕਾਰੀ ਖੇਰੂੰ-ਖੇਰੂੰ ਹੋ ਜਾਂਦੀ ਹੈ।ਇਸ ਬਾਰੇ ਕਵੀ ਚਿੰਤਤ ਹੁੰਦਾ ਹੈ।'ਕੁੜੀਆਂ-ਚਿੜੀਆਂ', 'ਫੁਲਕਾਰੀ' ਕਵਿਤਾਵਾਂ ਏਸੇ ਸੁਰ ਦਾ ਪ੍ਰਗਟਾਵਾ ਕਰਦੀਆਂ ਰਿਸ਼ਤਿਆਂ ਦੀਆਂ ਵਿਰਲਾਂ ਨੂੰ ਮਾਪਦੀਆਂ ਹਨ।

ਇਸ ਕਵਿਤਾ ਵਿਚਲਾ ਮੁਹੱਬਤੀ ਪਾਸਾਰ ਪਿਆਰ ਦੇ ਅਰਥਾਂ ਨੂੰ ਮੋਕਲਾ ਕਰਦਾ ਹੋਇਆ ਕਬਜ਼ੇ ਤੋਂ ਮੁਕਤ ਕਰਦਾ ਹੈ।ਕਵੀ ਲਈ ਪਿਆਰ ਮਾਨਵੀ ਭਾਵਨਾਵਾਂ ਨੂੰ ਜੋੜਨ ਦਾ ਜ਼ਰੀਆ ਹੈ, ਨਾ ਕਿ ਮਨੁੱਖ ਨੂੰ ਤੋੜਨ ਦਾ।ਇਸ ਲਈ ਉਹ ਅਜਿਹੇ ਨਫ਼ਰਤ ਭਰੇ ਮਾਹੌਲ ਦੇ ਅੰਦਰ ਵੀ ਮੋਹ-ਮੁਹੱਬਤ ਦੀ ਗੱਲ ਕਰਦਾ ਹੋਇਆ ਆਪਣੇ ਅੰਤਰੀਵ ਮਨ ਵਿੱਚੋਂ ਉੱਠੀਆਂ ਮੋਹ ਦੀਆਂ ਤਰੰਗਾਂ ਨੂੰ ਨਿਰ ਸੁਆਰਥੀ ਸੋਚ ਤੋਂ ਵਿੱਥ ਸਿਰਜਣ ਦੀ ਭਾਵਨਾ ਨਾਲ ਪੇਸ਼ ਕਰਦਾ ਹੋਇਆ ਹੱਥ ਦੀਆਂ ਲੀਕਾਂ ਦੇ ਘੜੇ-ਘੜਾਏ ਅਰਥਾਂ ਤੋਂ ਮਨਫੀ ਹੁੰਦਾ ਹੈ। ਕਵੀ ਲਈ ਮੁਹੱਬਤ ਉਹ ਅਹਿਸਾਸ ਹੈ, ਜੋ ਉਸ ਨੂੰ ਸਕੂਨ ਬਖਸ਼ਦਾ ਤੇ ਇਕੱਲਤਾ ਨੂੰ ਖੇਰੂੰ-ਖੇਰੂੰ ਕਰਦਾ ਹੈ।'ਸਦੀਵੀ ਰਿਸ਼ਤਾ', 'ਤੇਰਾ ਸਾਥ', 'ਨੂਰਾਨੀ ਅਹਿਸਾਸ', 'ਜੋਗ', 'ਸਫ਼ਰ ਤੇਰੇ ਵੱਲ', 'ਮਹਿਬੂਬ', 'ਰੌਸ਼ਨ ਰਾਹ', 'ਗੁਣ-ਦੋਸ਼', 'ਟੁੱਟੀ-ਗੰਢੀ', 'ਰਹਿਮਨ ਧਾਗਾ ਪ੍ਰੇਮ ਕਾ...' ਆਦਿ ਕਵਿਤਾਵਾਂ ਵਿੱਚ ਪਿਆਰ ਦੇ ਵਿਭਿੰਨ ਸਰੋਕਾਰਾਂ ਦੀ ਪੇਸ਼ਕਾਰੀ ਹੋਈ ਹੈ। ਕਵੀ ਦਾ ਮੰਨਣਾ ਹੈ ਕਿ ਮਨੁੱਖ ਪਿਆਰ ਦੇ ਸਿਰਨਾਵੇਂ ਆਪ ਲਿਖਦਾ ਹੈ। ਅਜਿਹੇ ਸਮੇਂ ਜਦੋਂ ਮਨੁੱਖ ਪ੍ਰਤੀ ਨਫ਼ਰਤ ਦੀ ਪੈਦਾਇਸ਼ ਕੀਤੀ ਜਾ ਰਹੀ ਹੋਵੇ, ਜੰਗ ਦਾ ਖ਼ਤਰਾ ਮਨੁੱਖ ਦੇ ਸਿਰ ਮੰਡਰਾਅ ਰਿਹਾ ਹੋਵੇ ਤਾਂ ਕਵੀ ਇਸ ਸਮੇਂ ਮੁਹੱਬਤ ਦੇ ਗੀਤ ਗਾਉਣ ਦੀ ਗੱਲ ਕਰਦਾ ਹੈ। ਇਸ ਕਵਿਤਾ ਵਿੱਚ ਪਿਆਰ ਮਾਨਵਤਾ ਲਈ ਜਿਊਣ ਦਾ ਸੁਨੇਹਾ ਵੀ ਦਿੰਦਾ ਹੈ। ਕਵੀ ਨੇ ਮੋਹ-ਮੁਹੱਬਤ ਨੂੰ ਸਾਕਾਰਿਤ ਕਰਦੇ ਕਈ ਮੈਟਾਫ਼ਰ ਵੀ ਕਵਿਤਾ ਵਿੱਚ ਵਰਤੇ ਹਨ।ਕਵੀ ਪਿਆਰ ਨਾਂਅ ਦੀ ਚਿੜੀਆ ਰਾਹੀਂ ਅਜਿਹਾ ਸੰਕੇਤ ਕਰਦਾ ਹੈ, ਜਿਸ ਵਿੱਚ ਕੁੱਲ ਮਨੁੱਖਤਾ ਦੀ ਸ਼ਾਂਤੀ ਵਾਸਤੇ ਕਾਮਨਾ ਸਮਾਈ ਹੋਈ ਹੈ।

ਕੁਲਵਿੰਦਰ ਦੀ ਸ਼ਾਇਰੀ ਸੰਸਕ੍ਰਿਤੀ ਤੇ ਪ੍ਰਕਿਰਤੀ, ਆਦਰਸ਼ ਤੇ ਹਕੀਕਤ, ਸਦਾਚਾਰਕ ਮੁੱਲਾਂ ਨੂੰ ਨਾਲ਼ੋਂ-ਨਾਲ ਰੱਖ ਕੇ ਜੀਵਨ ਵਿਚਲੇ ਖ਼ਲਾਅ ਨੂੰ ਖ਼ਤਮ ਕਰਕੇ ਜ਼ਿੰਦਗੀ ਦੇ ਸੁਪਨਿਆਂ ਨੂੰ ਜੀਵੰਤ ਰੱਖਦੀ ਹੈ। ਕਵੀ ਮਨੁੱਖ ਦੇ ਅੰਤਰੀਵ ਭਾਵਾਂ ਦੀ ਭਾਸ਼ਾ ਨੂੰ ਸਮਝਦਾ ਹੈ।ਇਸੇ ਲਈ ਮਜ਼ਦੂਰ ਦੀ ਪਤਨੀ ਦੀ ਮਾਨਸਿਕਤਾ ਨੂੰ ਵੀ ਬਾਖ਼ੂਬੀ ਦੇ ਨਾਲ ਚਿਤਰਦਾ ਹੋਇਆ ਸਿਸਕਦੀ ਫਿਜ਼ਾ ਅੰਦਰਲੀ ਕਨਸੋਅ ਲੈਂਦਾ ਹੈ। ਇਸ ਧੁੰਦਲੇ ਵਕਤ ਵਿੱਚ ਮਨੁੱਖ ਅੰਦਰਲੀ ਬੇਚੈਨੀ ਕਈ ਰੂਪਾਂ ਵਿੱਚ ਪ੍ਰਗਟ ਹੋ ਰਹੀ ਹੈ। ਜਿਵੇਂ ਮਾਨਸਿਕ ਦਬਾਅ ਉਸ ਨੂੰ ਅੰਦਰੋਂ-ਬਾਹਰੋਂ ਝੰਜੋੜ ਰਿਹਾ ਹੈ।ਕਵੀ ਇਸ ਡਿਪਰੈਸ਼ਨ ਤੋਂ ਫਾਰਗ ਹੋਣ ਲਈ ਜਿੱਥੇ ਕੁਦਰਤ ਨਾਲ ਨੇੜਤਾ ਰੱਖਣ ਦਾ ਚਾਹਵਾਨ ਹੈ, ਉਥੇ ਆਪਣੇ ਅੰਦਰ ਪਈ ਪੀੜ ਨੂੰ ਸਾਜ਼ਾਂ ਦੇ ਸਾਹਾਂ ਵਿੱਚ ਰੰਗ ਕੇ ਜ਼ਿੰਦਗੀ ਵਿੱਚ ਤਾਜ਼ਗੀ ਭਰਦਾ ਹੈ।

ਉਸ ਦੀ ਕਵਿਤਾ ਦਾ ਅਗਲਾ ਪਸਾਰ ਵਿੱਚ ਮਾਨਵੀ ਲੁੱਟ ਤੇ ਬਰਬਾਦੀ ਦਾ ਜ਼ਿਕਰ ਕਰਦਾ ਹੈ।ਇਸ ਭੱਜ-ਦੌੜ ਤੇ ਪੂੰਜੀ ਦੀ ਹਵਸ ਵਿੱਚ ਗ਼ਲਤਾਨ ਹੋਏ ਮੁਲਕਾਂ ਵਿੱਚ ਆਪਸੀ ਅੰਤਰ ਵਿਰੋਧਤਾਈ ਨਾਲ ਬਣੇ ਹਾਲਾਤ ਅਤੇ ਬਾਹਰੀ ਤੌਰ 'ਤੇ ਤੀਜੀ ਦੁਨੀਆ ਦੇ ਮੁਲਕਾਂ ਦੀ ਹੋ ਰਹੀ ਲੁੱਟ ਕਵੀ ਨੂੰ ਪ੍ਰੇਸ਼ਾਨ ਕਰਦੀ ਹੈ।ਵਿਸ਼ਵ ਅੰਦਰ ਲੱਗ ਰਹੀਆਂ ਜੰਗਾਂ ਜਿੱਥੇ ਮਾਨਵਤਾ ਦਾ ਘਾਣ ਕਰਦੀਆਂ ਹਨ।ਕਿਸੇ ਦੀ ਚੌਧਰ ਕਿਸੇ ਲਈ ਵਿਨਾਸ਼ ਦਾ ਕਾਰਨ ਬਣਦੀ ਹੈ।ਕਵੀ ਸਾਮਰਾਜੀ ਜੰਗਾਂ-ਯੁੱਧਾਂ ਬਾਰੇ ਤਿੱਖੀ ਵਿਰੋਧਤਾ ਕਰਦਾ ਹੋਇਆ ਆਪਣੀ ਹੋਂਦ ਤੇ ਹੱਕ ਦੀ ਲੜਾਈ ਲੜਦੇ ਲੋਕਾਂ ਦੀ ਹਮਾਇਤ ਕਰਦਾ ਹੈ। ਦਮਨ ਤੇ ਦਾਬੇ ਦੀ ਸੱਤਾ ਦੀ ਵਿਰੋਧਤਾ ਕਰਦਾ ਹੈ।ਇਸੇ ਸੰਦਰਭ ਵਿੱਚ 'ਆਗਾਜ਼', 'ਰਾਫਾਤ ਰਡਵਾਨ ਦੇ ਨਾਂਅ', 'ਕੁਝ ਤਾਂ ਬੋਲ', 'ਚਾਨਣ ਦਾ ਵਿਸਥਾਰ' ਵੇਖੀਆਂ ਜਾ ਸਕਦੀਆਂ ਹਨ। 'ਲੋਕਤੰਤਰ' ਕਵਿਤਾ ਭਾਰਤ ਦੀ ਹਕੀਕਤ ਖੋਲ੍ਹਦੀ ਕਵਿਤਾ ਹੈ।

ਇਸ ਕਵਿਤਾ ਵਿੱਚ ਅਤੀਤ ਦੇ ਕਿਤੇ-ਕਿਤੇ ਪ੍ਰਛਾਵਿਆਂ ਦੀ ਝਲਕ ਦਿਖਾਈ ਦਿੰਦੀ ਹੈ, ਜੋ ਵਰਤਮਾਨ ਨਾਲ-ਨਾਲ ਤੁਰਦੀ ਕਿਸੇ ਅਹਿਸਾਸ ਦਾ ਕਾਰਨ ਬਣਦੀ, ਜੋ ਜਿਸ ਵਿਚਲੇ ਦ੍ਰਿਸ਼, ਦ੍ਰਿਸ਼ਟਾਂਤ ਇਸ ਨੂੰ ਰੂਪਮਾਨ ਕਰਦੇ ਹਨ। 'ਪਿਆਰੇ ਲਾਲ', 'ਸਾਇਕਲ', 'ਗਾਮਾ ਟਿੱਡੀਮੁਛਾ' ਕਵਿਤਾਵਾਂ ਵਿਚਲਾ ਕਾਵਿ ਬਿਰਤਾਂਤ ਅੰਦਰ ਕਿਸੇ ਸੁਖਦ ਪਲਾਂ ਦੀ ਤਲਾਸ਼ ਹੈ। ਕੁਲਵਿੰਦਰ ਅੰਦਰਲਾ ਕਵੀ ਉਸ ਨਾਲ ਗੁਫ਼ਤਗੂ ਕਰਦਾ ਕਿਤੇ ਨਸੀਹਤ ਦਿੰਦਾ ਹੈ, ਕਿਤੇ ਕਿਤਾਬ ਦੀ ਬੁਣਤੀ ਵਿੱਚ ਸਮਾਏ ਖਿਆਲਾਂ 'ਤੇ ਸੁਆਲ ਕਰਦਾ ਤੇ ਉਸ ਨੂੰ ਕਾਵਿ ਕਰਮ ਦੀ ਦਿਸ਼ਾ ਨਿਰਧਾਰਤ ਕਰਦਾ ਹੈ।

ਇਸ ਕਵਿਤਾ ਵਿੱਚ ਸਮੂਹਿਕ ਸਮਾਜਿਕ ਸੱਚ ਕੁਲਵਿੰਦਰ ਦੀ ਅਵਚੇਤਨਾ ਵਿੱਚ ਪਏ ਸਮੂਹਿਕ ਅਨੁਭਵ ਨੂੰ ਪ੍ਰਗਟਾਉਂਦਾ ਸਾਹਮਣੇ ਆਉਂਦਾ ਹੈ।ਇਹ ਕਵਿਤਾ ਹਨੇਰੇ ਵਿੱਚ ਚਿਰਾਗ ਬਾਲਣ ਦਾ ਸੁਪਨਾ ਲੈਂਦੀ ਹੋਈ ਸਮਾਜ ਵਿਚਲੇ ਹਰ ਖੇਤਰ ਦੇ ਅਸਾਵੇਂਪਣ ਨੂੰ ਖ਼ਤਮ ਕਰਨਾ ਚਾਹੁੰਦੀ ਹੈ।ਕਿਰਤ ਦੀ ਲੁੱਟ ਕਵੀ ਨੂੰ ਪ੍ਰੇਸ਼ਾਨ ਕਰਦੀ ਹੈ। ਉਹ ਸਭ ਅਮਾਨਵੀ ਅੰਸ਼ਾਂ ਨੂੰ ਹੂੰਝਣ ਲਈ ਕਲਮ ਦੀ ਸ਼ਕਤੀ ਦਾ ਸਹਾਰਾ ਲੈਂਦਾ ਹੈ। 'ਇਨਕਲਾਬ ਜ਼ਿੰਦਾਬਾਦ', 'ਦਾਭੋਲਕਰ ਦੇ ਨਾਂਅ, 'ਮੈਂ ਉਰੇ ਪਰੇ ਨਹੀਂ', 'ਸੁਪਨੇ ਸੁਆਹ ਨਹੀਂ ਹੁੰਦੇ' ਕਵਿਤਾਵਾਂ ਵਿਚਲੀ ਸੰਵਾਦਕ ਸੁਰ ਮਨੁੱਖ ਅੰਦਰ ਅਣਮਨੁੱਖੀ ਵਰਤਾਰੇ ਸਾਹਵੇਂ ਵੰਗਾਰ ਪੈਦਾ ਕਰਦੀ ਹੈ।ਇਹ ਪਾਸਾਰ ਇਸ ਕਵਿਤਾ ਵਿੱਚ ਚਿੰਤਨਮੁਖੀ ਧੁਨੀ ਉਭਾਰਦਾ ਪੱਤਝੜ ਵਿੱਚ ਇਸ ਆਸ ਬੀਜਦਾ ਹੈ।

ਇਸ ਸਮੁੱਚੀ ਸ਼ਾਇਰੀ ਦੀ ਪ੍ਰਤੀਬੱਧਤਾ ਮਨੁੱਖਤਾ, ਨਿਆਂ ਤੇ ਸੱਚਾਈ ਨਾਲ ਹੈ। ਬਦਲਦੀਆਂ ਸਥਿਤੀਆਂ ਵਿੱਚ ਵੀ ਨਿਆਂ ਤੇ ਸਚਾਈ ਦੀ ਤਲਾਸ਼ ਕਰਦਾ ਕਵੀ ਹਾਲਾਤ ਨਾਲ ਮਨੁੱਖ ਨੂੰ ਜੂਝਣ ਦਾ ਪੈਗਾਮ ਦਿੰਦਾ ਹੈ।

'ਸੁਲਗਦੇ ਰਾਹ ਤਪਦੀਆਂ ਪੈੜਾਂ ਲਈ ਹੀ ਹੁੰਦੇ ਹਨ।'

ਕੁਲਵਿੰਦਰ ਦੀ ਅਸਲ ਵਿੱਚ ਕਵਿਤਾ ਮਨੁੱਖਤਾ ਦੀ ਆਵਾਜ਼ ਹੈ।ਇਸ ਕਵਿਤਾ ਵਿੱਚ ਅਣਇੱਛਿਤ ਯਥਾਰਥ ਕਾਰਨ ਕਵੀ ਦੇ ਆਪੇ ਦੀ ਬੇਚੈਨੀ ਵੀ ਉੱਘੜ ਕੇ ਸਾਹਮਣੇ ਆਈ ਹੈ। ਕੁਲਵਿੰਦਰ ਦੀ ਇਹ ਪਹਿਲੀ ਕਾਵਿ ਪੁਸਤਕ ਹੋਣ ਕਰਕੇ ਇਸ ਵਿਚਲੇ ਕਾਵਿ ਵਸਤੂ ਦੀ ਬੁਣਤੀ ਵਿੱਚ ਟਾਂਵੀਂ-ਟਾਂਵੀਂ ਵਿਰਲ ਝਲਕਦੀ ਮਹਿਸੂਸ ਹੋਈ, ਪਰ ਵਿਚਾਰ ਦੀ ਸਪੱਸ਼ਟਤਾ ਕਾਇਮ ਰਹੀ।ਇਸ ਸਮਾਜਿਕ ਰਹਿਤਲ ਅੰਦਰ ਲੋਕ ਚੇਤਨਾ ਤੇ ਲੋਕ ਸੰਵੇਦਨਾ ਨੂੰ ਆਪਣੇ ਅੰਦਰ ਮਹਿਸੂਸਦਿਆਂ ਆਪਣੇ ਅਨੁਭਵਾਂ ਨੂੰ ਅਭਿਵਿਅਕਤ ਕਰਨਾ ਤੇ ਸਮੇਂ ਦੀ ਉੱਥਲ-ਪੁਥਲ ਵਿੱਚੋਂ ਸਹਿਜਤਾ ਨਾਲ ਮਾਨਵੀ ਨਕਸ਼ ਦੀ ਤਲਾਸ਼ ਕਰਨਾ ਹੀ ਇਸ ਕਵਿਤਾ ਦਾ ਹਾਸਲ ਹੈ।

# ਪੰਜਾਬ ਲਈ ਫ਼ਿਕਰਾਂ 'ਚੋਂ ਜਨਮੀ ਕਿਤਾਬ

## ਪੰਜਾਬ ਅਤੇ ਪਰਵਾਸ

**ਸੰਪਾ. ਗੁਰਪ੍ਰੀਤ ਤੂਰ/ਅਮਰਜੀਤ ਸਿੰਘ ਭੁੱਲਰ/ਬਲਵੰਤ ਸਿੰਘ ਸੰਧੂ**
**ਸਫੇ-248, ਮੁੱਲ-325 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

### ਸਾਹਿਤ ਚਿੰਤਨ

**ਰਾਕੇਸ਼ ਆਨੰਦ**

ਪੰਜਾਬ ਅਤੇ ਪਰਵਾਸ, ਇਹ ਦੋਵੇਂ ਸ਼ਬਦ, ਅੱਜ ਦੇ ਵੇਲ਼ਿਆਂ 'ਚ ਇੱਕ-ਦੂਜੇ ਦੇ ਪੂਰਕ ਹੋ ਗਏ ਹਨ। ਆਉਂਦੇ ਸਮਿਆਂ ਵਿੱਚ ਇਹ ਪੂਰਕਤਾ ਹੋਰ ਵੀ ਪੀਡੀ ਹੋ ਜਾਵੇਗੀ, ਵਰਤਮਾਨ ਸਥਿਤੀਆਂ ਤਾਂ ਘੱਟੋ-ਘੱਟ ਇਹ ਹੀ ਇਸ਼ਾਰਾ ਕਰ ਰਹੀਆਂ ਹਨ। ਜਹਾਜ਼ਾਂ ਦੇ ਜਹਾਜ਼ ਭਰ-ਭਰ ਕੇ ਪੰਜਾਬੀ ਨੌਜਵਾਨ ਬਾਹਰੀ ਮੁਲਕਾਂ ਵੱਲ ਪਿਛਲੇ ਕੁੱਝ ਵਰ੍ਹਿਆਂ ਤੋਂ ਵਹੀਰਾਂ ਘੱਤ ਰਹੇ ਹਨ। ਕਰੋਨਾ-ਕਾਲ ਤੋਂ ਬਾਅਦ ਇਹ ਵਹੀਰਾਂ ਹੋਰ ਵੀ ਸੰਘਣੀਆਂ ਹੋ ਗਈਆਂ ਹਨ। ਪਹਿਲਾਂ-ਪਹਿਲ ਤਾਂ ਸਿਰਫ਼ ਦੁਆਬਾ ਖੇਤਰ ਹੀ ਇਸ ਦੀ ਜੱਦ ਹੇਠ ਸੀ, ਪਰ ਹੁਣ ਪੂਰਾ ਮਾਝਾ ਤੇ ਮਾਲਵਾ ਖਿੱਤਾ ਵੀ ਇਸ ਦੇ ਵਾਰ ਹੇਠ ਆ ਗਿਆ ਹੈ। ਨਤੀਜਤਨ, ਪੰਜਾਬ ਦੇ ਪਿੰਡ-ਸ਼ਹਿਰ ਨੌਜਵਾਨੀ ਤੋਂ ਸੱਖਣੇ ਹੋ ਰਹੇ ਹਨ/ ਹੋ ਗਏ ਹਨ। ਜ਼ਮੀਨਾਂ-ਜਾਇਦਾਦਾਂ ਵੇਚ-ਵੱਟ ਕੇ, ਬੈਂਕਾਂ, ਨਿੱਜੀ ਫਾਈਨਾਂਸਰਾਂ, ਆੜ੍ਹਤੀਆਂ, ਸ਼ਾਹੂਕਾਰਾਂ ਤੋਂ ਮੋਟੇ ਸੂਦ 'ਤੇ ਕਰਜ਼ੇ ਚੁੱਕ-ਚੁੱਕ ਕੇ ਮਾਪੇ ਆਪਣੇ ਮਲੂਕੜੇ ਧੀਆਂ-ਪੁੱਤਾਂ ਨੂੰ ਅਣਜਾਣ ਤੇ ਓਪਰੇ ਰਾਹਾਂ 'ਤੇ ਤੋਰ ਰਹੇ ਹਨ ਜਾਂ ਤੋਰਨ ਲਈ ਮਜਬੂਰ ਹਨ। ਸੁਪਨਾ ਇੱਕ ਹੀ ਹੈ ਇਹਨਾਂ ਦੀਆਂ ਅੱਖਾਂ ਵਿੱਚ- ਬਿਹਤਰ ਭਵਿੱਖ।

ਤਸਵੀਰ ਦਾ ਦੂਜਾ ਪਾਸਾ ਪਰ ਕੋਈ ਹੋਰ ਹੀ ਕਹਾਣੀ ਬਿਆਨ ਕਰਦਾ ਹੈ। ਇੱਕ ਪਾਸੇ ਤਾਂ ਪੰਜਾਬੀ ਜਵਾਨੀ ਮੌਕਿਆਂ ਦੀ ਘਾਟ ਦਾ ਰੋਣਾ ਰੋਂਦੀ, ਭਵਿੱਖ ਦੀ ਚਿੰਤਾ ਲਈ ਹੋਰਨਾਂ ਮੁਲਕਾਂ ਵੱਲ ਉਡਾਰੀਆਂ ਮਾਰ ਰਹੀ ਹੈ ਅਤੇ ਦੂਸਰੇ ਪਾਸੇ ਭਾਰਤ ਦੇ ਦੂਸਰੇ ਸੂਬਿਆਂ (ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਉੜੀਸਾ, ਮੱਧ ਪ੍ਰਦੇਸ਼, ਪੱਛਮੀ ਬੰਗਾਲ) ਦੀ ਜਵਾਨੀ ਉਹੀ ਸੁਪਨੇ ਲਈ ਪੰਜਾਬ ਦੀ ਧਰਤੀ ਵੱਲ ਵਹੀਰਾਂ ਘੱਤ ਰਹੀ ਹੈ। ਡਾ. ਧਰਮ ਸਿੰਘ ਹੁਰਾਂ ਮੁਤਾਬਿਕ ਪਰਵਾਸੀ ਮਜ਼ਦੂਰਾਂ ਦੀ ਆਬਾਦੀ ਪੰਜਾਬ ਦੀ ਕੁੱਲ ਆਬਾਦੀ ਦਾ ਸੱਤਵਾਂ ਹਿੱਸਾ ਹੋ ਗਈ ਹੈ ਅਤੇ ਇਸ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

ਹਰੀ ਕ੍ਰਾਂਤੀ ਨੇ ਜਿੱਥੇ ਪੰਜਾਬ ਦੀ ਆਰਥਿਕਤਾ ਨੂੰ ਦੇਸ਼ ਵਿੱਚ ਅੱਵਲ ਨੰਬਰ 'ਤੇ ਲੈ ਆਂਦਾ ਸੀ, ਉੱਥੇ ਇਸ ਦੇ ਨਾਲ ਹੀ ਉਤਪੰਨ ਹੋਈ ਵਾਧੂ ਉਪਜ/ਪੂੰਜੀ ਨੇ ਪੰਜਾਬੀਆਂ ਦੀ ਇੱਕ ਨਵੀਂ ਉੱਭਰੀ ਧਨੀ ਕਿਰਸਾਨੀ ਵਾਲੀ ਜਮਾਤ ਵੀ ਖੜ੍ਹੀ ਕਰ ਦਿੱਤੀ ਸੀ। ਜਿਸ ਨੂੰ ਹੁਣ ਖ਼ੁਦ ਖੇਤਾਂ ਵਿੱਚ ਹਲ ਵਾਹੁਣ ਤੇ ਨੱਕੇ ਮੋੜਨ ਵਿੱਚ ਸ਼ਰਮਿੰਦਗੀ ਮਹਿਸੂਸ ਹੋਣ ਲੱਗ ਪਈ ਸੀ। ਓਧਰ, ਪੰਜਾਬ ਦੀ ਖੁਸ਼ਹਾਲੀ ਨੇ ਹਿੰਦੀ ਪੱਟੀ ਵਾਲੇ ਪੱਛੜੇ ਸੂਬਿਆਂ ਦੇ ਲੋਕਾਂ ਨੂੰ ਆਪਣੇ ਵੱਲ ਪ੍ਰੇਰਿਤ ਕੀਤਾ। ਪਹਿਲਾਂ-ਪਹਿਲ ਮੌਸਮੀ ਮਜ਼ਦੂਰਾਂ ਵਾਂਗ ਆਏ ਇਹ ਪਰਵਾਸੀ ਮਜ਼ਦੂਰ, ਸੀਜ਼ਨ ਲਗਾਉਂਦੇ ਤੇ ਕਮਾ ਕੇ ਆਪੋ-ਆਪਣੇ ਸੂਬਿਆਂ ਵੱਲ ਪਰਤ ਜਾਂਦੇ ਸਨ, ਪਰ ਅੱਜ ਸਥਿਤੀ ਇਹ ਹੈ ਕਿ ਪੰਜਾਬ ਦਾ ਖੇਤੀ, ਸਨਅਤੀ, ਮਕਾਨ ਉਸਾਰੀ ਸੈਕਟਰ ਆਦਿ ਪੂਰੀ ਤਰ੍ਹਾਂ ਪਰਵਾਸੀ ਮਜ਼ਦੂਰਾਂ ਦੇ ਕਬਜ਼ੇ ਹੇਠ ਹੈ। ਰੇਹੜੀਆਂ-ਫੜ੍ਹੀਆਂ ਤੋਂ ਲੈ ਕੇ ਹਰੇਕ ਛੋਟੇ ਤੋਂ ਛੋਟਾ ਅਤੇ ਵੱਡੇ ਤੋਂ ਵੱਡਾ ਕੰਮ ਇਹਨਾਂ ਦੇ ਹੱਥਾਂ ਵਿੱਚ ਹੈ। ਇਹਨਾਂ ਨੇ ਪੱਕੇ ਤੌਰ 'ਤੇ ਰਿਹਾਇਸ਼ਾਂ ਬਣਾ ਲਈਆਂ ਹਨ, ਕਾਲੋਨੀਆਂ ਉਸਾਰ ਲਈਆਂ ਹਨ।




ਪੰਜਾਬ ਨੂੰ ਦੋਹਰੀ ਮਾਰ ਪੈ ਰਹੀ ਹੈ-ਇੱਕ ਤਾਂ ਇਸ ਦੀ ਜਵਾਨੀ ਬਾਹਰਲੇ ਮੁਲਕਾਂ ਵੱਲ ਵੱਡੇ ਪੱਧਰ 'ਤੇ ਗੈਰ-ਯੋਜਨਾਬੱਧ ਤਰੀਕੇ ਨਾਲ ਪਲਾਇਨ ਕਰ ਰਹੀ ਹੈ ਅਤੇ ਦੂਸਰਾ, ਦੂਸਰੇ ਸੂਬਿਆਂ ਤੋਂ ਪਰਵਾਸੀ ਮਜ਼ਦੂਰ ਵੱਡੀ ਗਿਣਤੀ ਵਿੱਚ ਇੱਥੇ ਵੱਸ ਰਹੇ ਹਨ। ਪੰਜਾਬ ਦਾ ਡੈਮੋਗ੍ਰਾਫਿਕ ਢਾਂਚਾ ਪੂਰੀ ਤਰ੍ਹਾਂ ਤਬਦੀਲ ਹੁੰਦਾ ਨਜ਼ਰ ਆ ਰਿਹਾ ਹੈ। ਜਿਸ ਦੇ ਦੂਰਗਾਮੀ ਸਿੱਟਿਆਂ ਦਾ ਸਾਹਮਣਾ ਭਵਿੱਖ ਵਿੱਚ ਕਰਨਾ ਪਵੇਗਾ।

ਕੁੱਝ ਅਜਿਹੀਆਂ ਹੀ ਫ਼ਿਕਰਾਂ, ਚਿੰਤਾਵਾਂ ਅਤੇ ਚਿੰਤਨ ਦੀ ਗੱਲ ਛੇੜਦੀ ਹੈ ਚੇਤਨਾ ਪ੍ਰਕਾਸ਼ਨ ਦੀ ਪੁਸਤਕ 'ਪੰਜਾਬ ਤੇ ਪਰਵਾਸ' ਜਿਸ ਨੂੰ 'ਕਾਫ਼ਲਾ : ਜੀਵੇ ਪੰਜਾਬ' ਵੱਲੋਂ ਗੁਰਪ੍ਰੀਤ ਸਿੰਘ ਤੂਰ, ਅਮਰਜੀਤ ਸਿੰਘ ਭੁੱਲਰ ਅਤੇ ਬਲਵੰਤ ਸਿੰਘ ਸੰਧੂ ਹੁਰਾਂ ਸਾਂਝੇ ਉੱਦਮ ਨਾਲ ਸੰਪਾਦਿਤ ਕੀਤਾ ਹੈ। ਕੁੱਲ ਪੰਜ ਭਾਗਾਂ ਵਿੱਚ ਵੰਡੀ ਕਿਤਾਬ ਵਿੱਚ ਸਵਰਾਜ ਸਿੰਘ, ਸੁੱਚਾ ਸਿੰਘ ਗਿੱਲ, ਵਿਜੈ ਬੰਬੇਲੀ, ਗੁਰਬਚਨ ਜਗਤ, ਨਰਿੰਦਰ ਸਿੰਘ ਕਪੂਰ ਆਦਿ ਜਿਹੇ 22 ਦੇ ਲੱਗਭੱਗ ਚਿੰਤਕਾਂ ਤੇ ਬੁੱਧੀਜੀਵੀਆਂ ਦੇ ਲੇਖਾਂ ਨੂੰ ਸ਼ਾਮਲ ਕੀਤਾ ਗਿਆ ਹੈ।

ਇਸ ਕਿਤਾਬ ਦਾ ਜਨਮ ਪੰਜਾਬ ਪ੍ਰਤੀ ਫ਼ਿਕਰਾਂ ਵਿੱਚੋਂ ਹੋਇਆ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਇਸ ਵੇਲ਼ੇ ਪੰਜਾਬ ਵਿੱਚ 16 ਹਜ਼ਾਰ ਤੋਂ ਉੱਪਰ ਆਈਲੈਟਸ ਸੈਂਟਰ ਅਤੇ 12 ਸੌ ਤੋਂ ਵੱਧ ਇਮੀਗ੍ਰੇਸ਼ਨ ਸੰਸਥਾਵਾਂ ਪੂਰੀ ਸਰਗਰਮੀ ਨਾਲ ਕਾਰਜਸ਼ੀਲ ਹਨ ਅਤੇ ਇਕੱਲੇ ਸਾਲ 2023 ਵਿੱਚ ਹੀ ਪੰਜਾਬੀਆਂ ਵੱਲੋਂ 11,94,000 ਪਾਸਪੋਰਟ ਅਪਲਾਈ ਕੀਤੇ ਗਏ ਸਨ, ਤਾਂ ਫ਼ਿਕਰ ਕਰਨੀ ਤਾਂ ਬਣਦੀ ਹੀ ਹੈ। ਇਹ ਫ਼ਿਕਰ ਉਦੋਂ ਹੋਰ ਗੂੜ੍ਹੀ ਹੋ ਜਾਂਦੀ ਹੈ, ਜਦੋਂ ਪਤਾ ਲਗਦਾ ਹੈ ਕਿ ਇਹਨਾਂ ਪਾਸਪੋਰਟ ਬਿਨੈਕਾਰਾਂ ਵਿੱਚੋਂ ਬਹੁ-ਗਿਣਤੀ ਉਹਨਾਂ ਨੌਜਵਾਨ ਮੁੰਡੇ-ਕੁੜੀਆਂ ਦੀ ਹੈ, ਜੋ ਹਰ ਹੀਲੇ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ ਪਹੁੰਚਣਾ ਚਾਹੁੰਦੇ ਹਨ। ਸਟੱਡੀ-ਵੀਜ਼ੇ 'ਤੇ ਗਏ ਇਹਨਾਂ ਮੁੰਡੇ-ਕੁੜੀਆਂ ਨੂੰ ਨਾ ਤਾਂ ਉਹਨਾਂ ਵਿਸ਼ਿਆਂ ਦਾ ਗਿਆਨ ਹੁੰਦਾ ਹੈ, ਜੋ ਇਹਨਾਂ ਨੂੰ ਉਥੇ ਕੰਮ ਦਿਵਾ ਸਕੇ ਅਤੇ ਨਾ ਹੀ ਚੰਗੀਆਂ ਅਤੇ ਮਿਆਰੀ ਸਿੱਖਿਆ ਸੰਸਥਾਵਾਂ ਦਾ, ਜਿੱਥੋਂ ਇਹ ਘੱਟ ਖ਼ਰਚੇ 'ਤੇ ਕੋਰਸ ਪੂਰਾ ਕਰ ਸਕਦੇ ਹੋਣ। ਇਮੀਗ੍ਰੇਸ਼ਨ ਸੈਂਟਰਾਂ ਦੇ ਸੰਚਾਲਕ ਜਿਵੇਂ-ਜਿਵੇਂ ਆਖੀ ਜਾਂਦੇ ਹਨ, ਓਵੇਂ-ਓਵੇਂ ਇਹ ਕਰੀ ਜਾਂਦੇ ਹਨ, ਜਿਸ ਦਾ ਖ਼ਮਿਆਜ਼ਾ ਵੱਧ ਫ਼ੀਸ ਅਤੇ ਖੱਜਲ-ਖ਼ੁਆਰੀ ਦੇ ਰੂਪ ਵਿੱਚ ਭੁਗਤਣਾ ਪੈਂਦਾ ਹੈ।

ਕਿਤਾਬ ਦਾ ਪਹਿਲਾ ਭਾਗ ਪਰਵਾਸ ਦੇ ਕਾਰਨਾਂ 'ਤੇ ਚਾਨਣ ਪਾਉਣ ਦਾ ਯਤਨ ਕਰਦਾ ਹੈ। ਰਣਜੀਤ ਸਿੰਘ ਘੁੰਮਣ ਹੁਰੀਂ ਆਰਥਿਕ ਤੇ ਸਮਾਜਿਕ ਕਾਰਨਾਂ ਦੀ ਬਾਤ ਪਾਉਂਦੇ ਹਨ, ਜਦੋਂਕਿ ਕਾਹਨ ਸਿੰਘ ਪੰਨੂੰ ਹੁਰੀਂ ਪੰਜਾਬ ਦੇ ਵਿੱਦਿਅਕ ਖੇਤਰ ਦੀ ਅਸਫ਼ਲਤਾ ਦੇ ਪਾਜ ਉਧੇੜਦੇ ਨਜ਼ਰੀਂ ਪੈਂਦੇ ਹਨ। ਦਵਿੰਦਰ ਸ਼ਰਮਾ ਹੋਰੀਂ ਖੇਤੀ ਸੰਕਟ ਦੀ ਗੱਲ ਕਰਦਿਆਂ ਬੇਰੁਜ਼ਗਾਰੀ ਨੂੰ ਇਸ ਦਾ ਕਾਰਨ ਦੱਸਦੇ ਹਨ ਅਤੇ ਗੁਰਪ੍ਰੀਤ ਸਿੰਘ ਤੂਰ ਨੇ ਆਪਣੇ ਲੇਖ ਵਿੱਚ ਸਿਆਸੀ ਅਤੇ ਪ੍ਰਸ਼ਾਸਨਿਕ ਕਾਰਨਾਂ ਦਾ ਵਿਸਥਾਰ-ਪੂਰਵਕ ਜ਼ਿਕਰ ਕੀਤਾ ਹੈ। ਅਮਰਜੀਤ ਸਿੰਘ ਭੁੱਲਰ ਆਪਣੇ ਲੇਖ ਵਿੱਚ ਪਰਵਾਸ ਦੇ ਮੂਲ ਕਾਰਨਾਂ ਦੀ ਪੜਚੋਲ ਕਰਦੇ ਦੀਂਹਦੇ ਹਨ। ਕਿਤਾਬ ਦਾ ਦੂਸਰਾ ਭਾਗ, ਜਿਸ ਵਿੱਚ ਗੁਰਬਚਨ ਜਗਤ ਦੇ ਦੋ ਲੇਖ 'ਪਰਵਾਸ-ਚਾਂਦੀ ਰੰਗੇ ਸੁਪਨੇ' ਅਤੇ 'ਪਰਵਾਸ-ਡੋਰੋਂ ਟੁੱਟੇ ਪਤੰਗ', ਸ਼ਾਲਿਨੀ ਸ਼ਰਮਾ ਦੇ 'ਪਰਵਾਸ-ਰੁਝਾਨ, ਕਾਰਨ ਅਤੇ ਪ੍ਰਭਾਵ', ਬਲਦੇਵ ਸਿੰਘ ਸੜਕਨਾਮਾ ਦੇ 'ਪਰਵਾਸ-ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ' ਅਤੇ ਗੁਰਪ੍ਰੀਤ ਸਿੰਘ ਤੂਰ ਦੇ 'ਪਰਵਾਸ-ਅਸਧਾਰਨ ਅਤੇ ਖ਼ਤਰਨਾਕ ਰੁਝਾਨ' ਲੇਖਾਂ ਨੂੰ ਸ਼ਾਮਲ ਕੀਤਾ ਹੈ, ਜੋ ਮੁੱਖ ਤੌਰ 'ਤੇ ਪਰਵਾਸ ਦੇ ਵੱਖ-ਵੱਖ ਪ੍ਰਭਾਵਾਂ ਦੀ ਡੂੰਘੀ ਪੜਚੋਲ ਕਰਦੇ ਹਨ। ਤੀਸਰੇ ਭਾਗ ਵਿਚਲੇ- ਇੰਦਰਜੀਤ ਕੌਰ ਸਿੱਧੂ, ਗੁਰਬਖ਼ਸ਼ ਸਿੰਘ ਭੰਡਾਲ, ਪਰਮਜੀਤ ਸਿੰਘ ਅਤੇ ਪਰਗਟ ਸਿੰਘ ਤੇ ਨਵਜੋਤ ਢਿੱਲੋਂ ਦੇ ਲੇਖ-ਪਰਵਾਸ ਕਾਰਨ ਟੁੱਟਦੀਆਂ ਪਰਵਾਰਕ ਅਤੇ ਸਮਾਜਿਕ ਤੰਦਾਂ, ਵਿਦੇਸ਼ਾਂ ਵਿਚਲੇ ਹਾਲਾਤ, ਪੰਜਾਬ ਦੀ ਜਵਾਨੀ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਸੱਜਰਾ ਸਾਹਿਤ




**ਸਿਲਸਿਲੇ**
ਚਰਨ ਸਿੰਘ
**ਮੁੱਲ : 300, ਸਫ਼ੇ : 130**
**ਟਵੰਟੀ ਫਾਰਸਟ ਸੈਂਚਰੀ, ਪਟਿਆਲਾ**



**ਬਿਸਮ ਬਿਸਮ**
**ਬਲਦੇਵ ਸਿੰਘ ਗੁੱਜਰਵਾਲ**
**ਮੁੱਲ :295, ਸਫ਼ੇ : 160**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**





**ਸੁਪਨਾ**
**ਡਾ. ਅਤਿੰਦਰਪਾਲ ਸਿੰਘ**
**ਮੁੱਲ : 150, ਸਫ਼ੇ : 64**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**




**ਇੰਦਰ ਧਨੁਸ਼**
ਇੰਦਰਪਾਲ ਸਿੰਘ ਪਟਿਆਲਾ
ਮੁੱਲ : 150, ਸਫ਼ੇ : 120
ਜ਼ੋਹਰਾ ਪਬਲੀਕੇਸ਼ਨ, ਪਟਿਆਲਾ



**ਰਾਵਣ ਹੀ ਰਾਵਣ**
ਰਵਿੰਦਰ ਸਿੰਘ ਸੋਢੀ
ਮੁੱਲ : 130, ਸਫ਼ੇ : 80
ਜੇ ਪੀ ਪਬਲੀਕੇਸ਼ਨ, ਪਟਿਆਲਾ




**ਮੈਂ ਇਸ਼ਕ ਕਰਦਾ ਹਾਂ**
ਸੱਜਣ
ਮੁੱਲ : 150, ਸਫ਼ੇ : 80
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ





**ਜ਼ਿੰਦਗੀ ਦਾ ਮੰਚ**
ਸੰਪਾ. ਜਗਦੀਸ਼ ਰਾਣਾ
ਮੁੱਲ : 220, ਸਫ਼ੇ : 147
ਸਪਤਰਿਸ਼ੀ ਪਬਲੀਕੇਸ਼ਨ , ਚੰਡੀਗੜ੍ਹ




**ਦੱਸ ਕੀ ਆਖਾਂ**
ਪਰਸ਼ੋਤਮ ਪੱਤੋ
ਮੁੱਲ : 180, ਸਫ਼ੇ : 100
ਸਾਦਿਕ ਪਬਲੀਕੇਸ਼ਨ, ਬਠਿੰਡਾ




**ਲੰਮਿਆ ਰਾਹਾਂ ਦਾ ਪਾਂਧੀ**
ਨਰਿੰਦਰ ਕੌਰ
ਮੁੱਲ : 250, ਸਫ਼ੇ : 72
ਹਾਊਸ ਆਫ਼ ਲਿਟਰੇਚਰ, ਲੁਧਿਆਣਾ




**ਸੁੱਚੇ ਮੋਤੀਆਂ ਦੀ ਮਾਲਾ**
ਜਸਵੰਤ ਸਿੰਘ ਧਾਲੀਵਾਲ
ਮੁੱਲ : 200, ਸਫ਼ੇ : 96
ਹਾਊਸ ਆਫ਼ ਲਿਟਰੇਚਰ, ਲੁਧਿਆਣਾ

# ਪੁਸਤਕ ਰੀਵਿਊ

## ਬਦਕਿਸਮਤ ਸੁਹਾਗਣ

(ਨਾਵਲ)
**ਹੈਪੀ ਸ਼ਾਹਕੋਟੀ**
**ਪੰਨੇ-128, ਮੁੱਲ-200 ਰੁਪਏ**
**ਸਹਿਜ ਪਬਲੀਕੇਸ਼ਨ, ਸਮਾਣਾ**

ਕਵਿਤਾ ਤੋਂ ਨਾਵਲ ਵੱਲ ਪਰਤੇ ਨੌਜਵਾਨ ਲੇਖਕ ਹੈਪੀ ਸ਼ਾਹਕੋਟੀ ਦਾ ਪਲੇਠਾ ਨਾਵਲ 'ਬਦਕਿਸਮਤ ਸੁਹਾਗਣ' ਉਹਨਾਂ ਸਮਾਜਿਕ ਰੂੜ੍ਹੀਆਂ ਵਿਰੁੱਧ ਜਾਗਰੂਕਤਾ ਪੈਦਾ ਕਰਦਾ ਹੈ, ਜੋ ਔਰਤ ਨੂੰ ਉਸ ਦੇ ਮਨੁੱਖੀ ਅਧਿਕਾਰਾਂ ਤੋਂ ਦੂਰ ਰੱਖਣ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ। ਇਹਨਾਂ ਰੂੜ੍ਹੀਆਂ ਦੇ ਹਵਾਲੇ ਨਾਲ ਨਾਵਲ ਧੀਆਂ ਦੇ ਮਾਪਿਆਂ ਨੂੰ ਚਿਤਾਵਨੀ ਵਰਗੀ ਸਲਾਹ ਦਿੰਦਾ ਹੈ ਕਿ ਜਿੰਨਾ ਚਿਰ ਉਹ ਆਪਣੀ ਧੀ-ਭੈਣ ਲਈ ਵਰ ਘਰ ਦੇਖਣ ਜਾਣ ਵੇਲੇ ਮੁੰਡੇ ਦੇ ਹਿੱਸੇ ਆਉਂਦੀ ਜ਼ਮੀਨ 'ਤੇ ਆਪਣਾ ਧਿਆਨ ਕੇਂਦਰਤ ਕਰਕੇ ਉਸ ਦੇ ਜੀਵਨ ਦੇ ਹਨੇਰੇ ਪੱਖਾਂ ਨੂੰ ਨਜ਼ਰ-ਅੰਦਾਜ਼ ਕਰਦੇ ਰਹਿਣਗੇ, ਓਨਾ ਚਿਰ ਉਨ੍ਹਾਂ ਦੀਆਂ ਧੀਆਂ ਲਾਲਚੀ ਸਹੁਰਿਆਂ ਦੇ ਜ਼ੁਲਮ ਤੇ ਪਤੀ ਦੀ ਕੁੱਟਮਾਰ ਸਹਿਣ ਲਈ ਮਜਬੂਰ ਹੁੰਦੀਆਂ ਰਹਿਣਗੀਆਂ। ਨਾਵਲ ਧੀਆਂ ਦੇ ਮਾਪਿਆਂ ਨੂੰ ਇਹ ਨਿਮਰ ਸਲਾਹ ਵੀ ਦਿੰਦਾ ਹੈ ਕਿ ਉਹ ਹੀਣਭਾਵਨਾ ਵਰਗੀ ਇਸ ਰੂੜ੍ਹੀਗਤ ਧਾਰਨਾ ਨੂੰ ਵੀ ਤਿਆਗ ਦੇਣ ਕਿ ਧੀ ਵਾਲੇ ਪੁੱਤ ਵਾਲੇ ਤੋਂ ਹਮੇਸ਼ਾ ਨੀਵੇਂ ਹੁੰਦੇ ਹਨ। ਨਾਵਲ ਅਨੁਸਾਰ ਇਹ ਧਾਰਨਾ ਧੀ ਦੇ ਲਾਲਚੀ ਸਹੁਰਿਆਂ ਨੂੰ ਹੋਰ ਮਸਤਾਉਂਦੀ ਤੇ ਨੂੰਹਾਂ 'ਤੇ ਜ਼ੁਲਮ ਕਰਨ ਲਈ ਉਕਸਾਉਂਦੀ ਹੈ।

ਨਾਵਲ ਦੀ ਮੁੱਖ ਪਾਤਰ ਪਾਲੀ ਦੀ ਰੀਝ ਬੀ.ਏ. ਕਰਨ ਤੋਂ ਬਾਅਦ ਬੀ.ਐੱਡ ਕਰਨ ਦੀ ਹੈ, ਪਰ ਉਸ ਲਈ ਪੰਦਰਾਂ ਏਕੜ ਜ਼ਮੀਨ ਦੀ ਮਾਲਕੀ ਵਾਲੇ ਮੁੰਡੇ ਦੀ ਦੱਸ ਪੈਣ 'ਤੇ ਉਸ ਦੇ ਮਾਪੇ ਉਸ ਦਾ ਰਿਸ਼ਤਾ ਕਰਨ ਦੀ ਏਨੀ ਕਾਹਲ ਕਰਦੇ ਹਨ ਕਿ ਉਸ ਦੀ ਪੜ੍ਹਾਈ ਵਿਚਕਾਰ ਹੀ ਛੁੱਟ ਜਾਂਦੀ ਹੈ। ਇਹ ਕਾਹਲ ਉਨ੍ਹਾਂ ਦਾ ਧਿਆਨ ਇਸ ਗੱਲ ਵੱਲ ਵੀ ਨਹੀਂ ਜਾਣ ਦਿੰਦੀ ਕਿ ਮੁੰਡਾ ਨਸ਼ੇੜੀ ਤੇ ਨਿਕੰਮਾ ਹੈ ਅਤੇ ਉਸ ਦੇ ਮਾਪੇ ਵੀ ਸਿਰੇ ਦੇ ਲਾਲਚੀ ਹਨ। ਛੇਤੀ ਹੀ ਪਾਲੀ ਨੂੰ ਆਪਣੇ ਪਤੀ ਤੇ ਸਹੁਰਿਆਂ ਦੀ ਅਸਲੀਅਤ ਦਾ ਪਤਾ ਚੱਲ ਜਾਂਦਾ ਹੈ, ਪਰ ਮਾਪਿਆਂ ਨੂੰ ਦਰਦ ਦੱਸ ਕੇ ਉਹ ਉਨ੍ਹਾਂ ਨੂੰ ਦੁਖੀ ਕਰਨ ਦੀ ਬਜਾਏ ਆਪ ਹੀ ਸਰੀਰਕ ਤੇ ਮਾਨਸਿਕ ਕਸ਼ਟ ਭੋਗਣ ਨੂੰ ਪਹਿਲ ਦਿੰਦੀ ਹੈ। ਆਪਣੇ ਮੁੰਡੇ ਦੇ ਨਸ਼ੇੜੀ ਹੋਣ ਦੇ ਬਾਵਜੂਦ ਪੰਦਰਾਂ ਏਕੜ ਜ਼ਮੀਨ ਦੇ ਮਾਲਕ ਹੋਣ ਦੀ ਹਊਮੈ ਅਧੀਨ ਉਸ ਦੀ ਸੱਸ ਤੇ ਸਹੁਰਾ ਉਸ ਨੂੰ ਪੇਕਿਆਂ ਤੋਂ ਕਾਰ ਲਿਆਉਣ ਲਈ ਲਗਾਤਾਰ ਮਜਬੂਰ ਕਰਦੇ ਹਨ। ਭਾਵੇਂ ਉਹ ਆਪਣੇ ਸਹੁਰੇ ਨੂੰ ਆਉਣ ਵਾਲੀ ਤਨਖਾਹ ਦਾ ਲਾਲਚ ਦੇ ਕੇ ਬੀ.ਐੱਡ. ਦੀ ਪੜ੍ਹਾਈ ਪੂਰੀ ਕਰ ਲੈਂਦੀ ਹੈ ਤੇ ਦੋ ਬੱਚਿਆਂ ਦੀ ਮਾਂ ਵੀ ਬਣ ਜਾਂਦੀ ਹੈ ਪਰ ਸੱਸ ਸਹੁਰੇ ਵੱਲੋਂ ਕੀਤੀ ਬੇਕਦਰੀ ਤੇ ਪਤੀ ਦੀ ਕੁੱਟ ਤੋਂ ਉਸ ਦਾ ਛੁਟਕਾਰਾ ਨਹੀਂ ਹੁੰਦਾ।

ਪਾਣੀ ਸਿਰ ਤੋਂ ਲੰਘਣ ਦੇ ਉਹ ਪੇਕੇ ਘਰ ਚਲੀ ਜਾਂਦੀ ਹੈ ਤਾਂ ਅਜਿਹੇ ਮਾਮਲਿਆਂ ਵਿਚ ਪੰਚਾਇਤਾਂ ਜੁੜਨ ਦਾ ਰਵਾਇਤੀ ਅਮਲ ਇੱਥੇ ਵੀ ਦੁਹਰਾਇਆ ਜਾਂਦਾ ਹੈ ਅਤੇ ਉਸ ਨੂੰ ਇਕ ਵਾਰ ਫਿਰ ਨਰਕ ਵਿੱਚ ਸੁੱਟ ਦਿੱਤਾ ਜਾਂਦਾ ਹੈ। ਆਪਣੀਆਂ ਆਦਤਾਂ ਤੋਂ ਬਾਜ਼ ਨਾ ਆਉਣ ਵਾਲੇ ਉਸ ਦੇ ਸਹੁਰੇ ਉਸ ਦੇ ਕਮਾਊ ਹੋਣ ਦੇ ਬਾਵਜੂਦ ਉਸ 'ਤੇ ਆਪਣਾ ਜ਼ੁਲਮ ਬਾਦਸਤੂਰ ਜਾਰੀ ਰੱਖਦੇ ਹਨ, ਪਰ ਪਿਤਾ ਵੱਲੋਂ ਸਬਰ ਕਰਨ ਦਾ ਪੜ੍ਹਾਇਆ ਪਾਠ ਉਸ ਨੂੰ ਬਗਾਵਤ ਦੇ ਰਾਹ ਨਹੀਂ ਪੈਣ ਦਿੰਦਾ। ਸਹੁਰੇ ਪਰਵਾਰ ਵੱਲੋਂ ਉਸ ਦੇ ਪੇਕੇ ਪਰਵਾਰ ਤੋਂ ਸਪੱਸ਼ਟ ਰੂਪ ਵਿਚ ਕਾਰ ਮੰਗ ਲਏ ਜਾਣ 'ਤੇ ਝਗੜਾ ਵਧ ਜਾਂਦਾ ਹੈ ਤਾਂ ਉਸ ਦੇ ਚਾਲਬਾਜ਼ ਸਹੁਰੇ ਵੱਲੋਂ ਉਸ, ਉਸ ਦੇ ਪਿਤਾ ਅਤੇ ਭਰਾ 'ਤੇ ਝੂਠਾ ਪਰਚਾ ਦਰਜ ਕਰਵਾ ਦਿੱਤਾ ਜਾਂਦਾ ਹੈ ਤੇ ਉਸ ਦੇ ਦੋਵੇਂ ਬੱਚੇ ਵੀ ਜਬਰੀ ਉਸ ਤੋਂ ਖੋਹ ਲਏ ਜਾਂਦੇ ਹਨ।ਮਜਬੂਰੀਵੱਸ ਅਦਾਲਤੀ ਲੜਾਈ ਲੜਦਿਆਂ ਉਹ ਝਗੜੇ ਦੇ ਫੈਸਲੇ ਦੌਰਾਨ ਆਪਣੀ ਧੀ ਤੇ ਪੁੱਤਰ ਨੂੰ ਮਿਲਣ ਦਾ ਅਧਿਕਾਰ ਵੀ ਗੁਆ ਬੈਠਦੀ ਹੈ। ਇੱਥੇ ਨਾਵਲ ਦੀ ਕਹਾਣੀ ਵਿਚ ਅਜਿਹੇ ਨਾਟਕੀ ਮੋੜ ਆਉਂਦੇ ਹਨ ਕਿ ਤਿੰਨ ਮਹੀਨਿਆਂ ਵਿਚ ਵੱਖ-ਵੱਖ ਕਾਰਨਾਂ ਕਾਰਨ ਉਸ ਦੇ ਸੱਸ-ਸਹੁਰੇ ਤੇ ਪਤੀ ਦੀ ਮੌਤ ਹੋ ਜਾਂਦੀ ਹੈ ਤੇ ਉਸ ਦੇ ਪਤੀ ਦੀ ਭੂਆ ਦੋਵੇਂ ਬੱਚੇ ਉਸ ਨੂੰ ਸੌਂਪਣ ਲਈ ਮਜਬੂਰ ਹੋ ਜਾਂਦੀ ਹੈ।

ਇਹ ਵੀ ਆਪਣੇ ਆਪ ਵਿਚ ਇਕ ਸਮਾਜਿਕ ਰੂੜ੍ਹੀ ਹੈ ਕਿ ਇਕ ਦਿਨ ਉਪਰਲੇ ਵੱਲੋਂ ਪਾਪੀਆਂ ਨੂੰ ਸਜ਼ਾ ਜ਼ਰੂਰ ਦਿੱਤੀ ਜਾਂਦੀ ਹੈ। ਇਹ ਧਾਰਨਾ ਜ਼ੁਲਮ ਕਰਨ ਵਾਲੇ ਨੂੰ ਮੋੜਵਾਂ ਜੁਆਬ ਦੇਣ ਦੀ ਇੱਛਾ ਸ਼ਕਤੀ ਤੇ ਨਾਂਹਪੱਖੀ ਪ੍ਰਭਾਵ ਹੀ ਪਾਉਂਦੀ ਹੈ। ਚੰਗਾ ਹੋਵੇ ਜੇ ਜ਼ੁਲਮ ਸਹਿਣ ਵਾਲਾ ਜ਼ਾਲਮ ਨੂੰ ਰੱਬ ਵੱਲੋਂ ਦਿੱਤੀ ਸਜ਼ਾ ਦੀ ਉਡੀਕ ਕਰਨ ਦੀ ਬਜਾਏ ਆਪ ਹੀ ਮੋੜਵਾਂ ਵਾਰ ਕਰੇ। ਨਾਵਲ ਦਾ ਨਾਂਅ ਅਤੇ ਟਾਈਟਲ ਵੀ ਅਜਿਹਾ ਨਹੀਂ ਹੋਣਾ ਚਾਹੀਦਾ ਕਿ ਪਾਠਕ ਨਾਵਲ ਦੀ ਕਹਾਣੀ ਦਾ ਅਗਾਊਂ ਅਨੁਮਾਨ ਨਾ ਲਾ ਸਕਣ। ਕੁਲ ਮਿਲਾ ਕੇ ਇਹ ਨਾਵਲ ਪੰਜਾਬੀ ਨਾਵਲ ਦੇ ਖੇਤਰ ਵਿਚ ਹੈਪੀ ਸ਼ਾਹਕੋਟੀ ਦੇ ਚੰਗੇ ਭਵਿੱਖ ਦੀ ਨਿਸ਼ਾਨਦੇਹੀ ਕਰਦਾ ਹੈ।

**— ਨਿਰੰਜਣ ਬੋਹਾ**

## ਦਿਆਲਾ ਬੰਦੇ ਵੱਢ

(ਕਹਾਣੀ-ਸੰਗ੍ਰਹਿ)
**ਗੁਰਮੇਲ ਸਿੰਘ ਬੌਡੇ**
**ਪੰਨੇ-111, ਕੀਮਤ-250 ਰੁਪਏ**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

ਸਾਹਿਤਕਾਰ ਗੁਰਮੇਲ ਸਿੰਘ ਬੌਡੇ ਦੀ ਅਗਲੀ ਪੁਸਤਕ 'ਦਿਆਲਾ ਬੰਦੇ ਵੱਢ' ਇੱਕ ਕਹਾਣੀ-ਸੰਗ੍ਰਹਿ ਹੈ, ਜੋ 11 ਕਹਾਣੀਆਂ 'ਤੇ ਅਧਾਰਤ ਹੈ। ਇਕ ਦੁਰਘਟਨਾ ਕਾਰਨ ਭਾਵੇਂ ਸਰੀਰਕ ਰੂਪ ਵਿੱਚ ਊਣਤਾਈ ਮਿਲੀ ਪਰ ਇਸ ਨਾਲ਼ ਉਸ ਦੀ ਸਿਰਜਣਾਤਮਕ ਕਲਾ 'ਤੇ ਕੋਈ ਅਸਰ ਨਹੀਂ ਪਿਆ ਤੇ ਉਹ ਆਪਣੇ ਰੋਜ਼ਮਰ੍ਹਾ ਦੇ ਜੀਵਨ ਨਾਲ ਇਸ ਖੇਤਰ ਵਿੱਚ ਵੀ ਅੱਗੇ ਵਧਦਾ ਗਿਆ। ਇਕ ਹੀ ਸਾਲ ਵਿੱਚ ਕਥਾਕਾਰ ਦੇ ਦੋ ਕਹਾਣੀ-ਸੰਗ੍ਰਹਿ 'ਟਰੈਂਡ' ਅਤੇ 'ਦਿਆਲਾ ਬੰਦੇ ਵੱਢ' ਪ੍ਰਕਾਸ਼ਤ ਹੋਏ ਹਨ। ਦੋਵਾਂ ਵਿੱਚ 11-11 ਕਹਾਣੀਆਂ ਹਨ। ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਕਥਾਕਾਰ ਦੇ ਅਨੁਭਵ ਇਸ ਸਮਾਜ ਦੀ ਬਣਤਰ ਤੇ ਸਰੋਕਾਰਾਂ ਵਿੱਚ ਪਰੋ ਕੇ ਉਸ ਦੀ ਨਿਵੇਕਲੀ ਸ਼ੈਲੀ ਰਾਹੀਂ ਪੇਸ਼ ਹੁੰਦੇ ਹਨ। ਆਧੁਨਿਕ ਸਮਾਜ ਦੇ ਇਹਨਾਂ ਸਰੋਕਾਰਾਂ ਰਾਹੀਂ ਅਸਲ ਸਮਾਜ ਵਿੱਚ ਵਿਚਰਦੇ ਲੋਕ ਇਹਨਾਂ ਕਥਾਵਾਂ ਦੇ ਪਾਤਰ ਬਣਦੇ ਹਨ ਅਤੇ ਇਹ ਪਾਤਰ ਕਹਾਣੀਕਾਰ ਦੇ ਅਨੁਭਵਾਂ ਅਤੇ ਆਧੁਨਿਕ ਸਮਾਜਿਕ ਬਣਤਰ ਵਿਚਲੇ ਕਿਰਦਾਰਾਂ ਦੇ ਜੀਵਨਾਂ ਵਿੱਚੋਂ ਹੀ ਇਹਨਾਂ ਕਹਾਣੀਆਂ ਦਾ ਵਿਸ਼ਾ ਬਣਦੇ ਹਨ। ਇਸ ਕਹਾਣੀ-ਸੰਗ੍ਰਹਿ ਦੀ ਪਹਿਲੀ ਕਹਾਣੀ 'ਦਿਆਲਾ ਬੰਦੇ ਵੱਢ' ਦੇ ਕੈਨਵਸ ਦਾ ਇਕ ਪਾਸੇ 1947 ਦੀਆਂ ਘਟਨਾਵਾਂ ਨੂੰ ਵਿਖਾਉਂਦਾ ਹੈ ਅਤੇ ਦੂਜੇ ਪਾਸੇ 1984 ਦੌਰਾਨ ਸਮਾਜਿਕ ਅਤੇ ਰਾਜਨੀਤਕ ਹਾਲਤਾਂ ਵਿੱਚ ਮਨੁੱਖਤਾ ਦੇ ਘਾਣ ਨੂੰ ਵਿਸ਼ਾ ਬਣਾਉਂਦਾ ਹੈ। ਨਾਲ ਹੀ ਕਹਾਣੀਕਾਰ ਇਸ ਵਿੱਚ ਅਜੋਕੇ ਯੁੱਗ ਤੱਕ ਪਹੁੰਚਦਿਆਂ ਆਪਣੇ ਪੁਰਖਿਆਂ ਦੇ ਬੁਰੇ ਕਰਮਾਂ ਦੇ ਫਲ ਭੋਗਣ ਵਾਲੀ ਪੀੜ੍ਹੀ ਨੂੰ ਚਿਤਰਦਾ ਹੈ। ਇਸ ਸੰਗ੍ਰਹਿ ਦੀ ਕਹਾਣੀ 'ਬਾਰ੍ਹਾਂ ਸਿੰਗੇ' ਅਤੇ 'ਭਾਰੀ ਪੈਰ' ਵਰਤਮਾਨ ਵਸਤੂਵਾਦੀ ਯੁੱਗ ਵਿੱਚ ਆਮ ਬੰਦੇ ਦੇ ਜੀਵਨ ਸੰਘਰਸ਼ ਦੀਆਂ ਕਹਾਣੀਆਂ ਹਨ। ਇਹ ਕਥਾਨਕ ਉਹਨਾਂ ਹਾਲਤਾਂ ਨੂੰ ਚਿਤਰਦਾ ਹੈ, ਜਿਸ ਕਾਰਨ ਭਰਪੂਰ ਮਿਹਨਤ ਦੇ ਬਾਵਜੂਦ ਆਮ ਕਿਸਾਨ ਦੇ ਪੱਲੇ ਕੁਝ ਨਹੀਂ ਪੈਂਦਾ। ਕਹਾਣੀ 'ਐਨੀ ਮੇਰੀ ਬਾਤ' ਇੱਕ ਅੰਗਹੀਣ ਵਿਅਕਤੀ ਦੇ ਜੀਵਨ ਦੀ ਕਹਾਣੀ ਹੈ, ਜਿਸ ਨੂੰ ਭਾਵੇਂ ਉਸ ਦੇ ਪਰਵਾਰ ਵੱਲੋਂ ਆਸਰਾ ਨਹੀਂ ਦਿੱਤਾ ਜਾਂਦਾ, ਪਰ ਆਪਣੇ ਇੱਕ ਅਧਿਆਪਕ ਦੀ ਪ੍ਰੇਰਨਾ ਸਦਕਾ ਅਤੇ ਆਪਣੀ ਮਿਹਨਤ ਕਾਰਨ ਉਹ ਉੱਚ ਪਦਵੀ ਹਾਸਲ ਕਰਦਾ ਹੈ। ਕਹਾਣੀ 'ਬਾਦਸ਼ਾਹ' ਇਸ ਅਰਥ ਵਿਵਸਥਾ ਅਤੇ ਰਾਜਨੀਤੀ ਦੇ ਸਿਸਟਮ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਗਈ ਕਹਾਣੀ ਹੈ, ਜਿਸ ਵਿੱਚ ਅਸਲੀ ਰਾਜਨੀਤਕ ਸੋਚ ਰੱਖਣ ਵਾਲਾ ਰਾਜਨੇਤਾ ਜਿਸ ਤੋਂ ਲੋਕ ਭਲਾਈ ਦੀ ਆਸ ਕੀਤੀ ਜਾਂਦੀ ਹੈ, ਅਸਲ ਵਿੱਚ ਫੰਡ ਦੇਣ ਵਾਲੇ ਅਮੀਰਾਂ ਦੇ ਹੁਕਮ ਦੀ ਪਾਲਣਾ ਕਰਨ ਜੋਗਾ ਰਹਿ ਜਾਂਦਾ ਹੈ। ਇਸ ਸੰਗ੍ਰਹਿ ਦੀ ਉੱਤਮ ਕਹਾਣੀ 'ਫ਼ਰਾਕ' ਲੜਕੀ ਦੇ ਜਨਮ 'ਤੇ ਨਾ ਹੋਣ ਵਾਲੀ ਖੁਸ਼ੀ ਬਾਰੇ ਲਿਖੀ ਕਹਾਣੀ ਹੈ, ਜਿਸ ਵਿੱਚ ਇੱਕ ਬੱਚੀ ਦੇ ਜਨਮ ਤੋਂ ਕਥਾ ਸ਼ੁਰੂ ਕਰਕੇ ਕਥਾਕਾਰ ਨੇ ਉਸ ਦੇ ਅਫ਼ਸਰ ਬਣਨ ਤੱਕ ਦਾ ਬਿਰਤਾਂਤ ਪੇਸ਼ ਕੀਤਾ ਹੈ। ਇਸੇ ਤਰੀਕੇ ਨਾਲ ਕਹਾਣੀ 'ਲਛਮੀ ਦੇ ਅੱਥਰੂ' ਅਸਲ ਵਿੱਚ ਗ਼ਰੀਬ ਮਜ਼ਦੂਰਾਂ ਦੀ ਮਾਨਸਿਕਤਾ ਦਾ ਵਰਣਨ ਕਰਦੀ ਕਹਾਣੀ ਹੈ ਅਤੇ ਇਸ ਕਹਾਣੀ ਵਿੱਚ ਕਥਾਕਾਰ ਨੇ ਇਸ ਸਮਾਜ ਵਿੱਚ ਪ੍ਰਚਲਿਤ ਕਈ ਸਰੋਕਾਰਾਂ ਦੀ ਬਾਤ ਪਾਈ ਹੈ। ਇਹਨਾਂ ਕਹਾਣੀਆਂ ਦੇ ਵਿਧਾਗਤ ਸਰੂਪ ਦੀ ਗੱਲ ਕੀਤਿਆਂ ਕਹਾਣੀਆਂ ਦੀ ਭੂਮਿਕਾ ਤੋਂ ਸਿਖ਼ਰ ਤੇ ਫਿਰ ਅੰਤ ਵੱਲ ਜਾਣ ਸਮੇਂ ਕਹਾਣੀ ਰਚਨਾ ਦਾ ਇਕ ਵਿਸ਼ੇਸ਼ ਢੰਗ ਨਜ਼ਰੀਂ ਪੈਂਦਾ ਹੈ। ਇਸ ਦੇ ਨਾਲ਼ ਕਹਾਣੀ ਵਿਚਲੇ ਟਕਰਾਅ ਕਾਰਨ ਕਹਾਣੀ ਦੇ ਮੁਢਲੇ ਤੱਤਾਂ ਦੀ ਹਾਜ਼ਰੀ ਇਹਨਾਂ ਰਚਨਾਵਾਂ ਨੂੰ ਕਲਾਤਮਕ ਕਹਾਣੀਆਂ ਦੇ ਵਰਗ ਵਿੱਚ ਸ਼ਾਮਲ ਕਰਦੇ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਕਹਾਣੀਆਂ ਦਾ ਯਥਾਰਥਕ ਅੰਤ ਇਹਨਾਂ ਰਚਨਾਵਾਂ ਦੀ ਸਾਰਥਕਤਾ ਵੀ ਸਿੱਧ ਕਰਦਾ ਹੈ। ਕਹਾਣੀਆਂ ਦੀ ਭਾਸ਼ਾ ਵੀ ਸਰਲ ਹੋਣ ਕਾਰਨ ਹਰ ਉਮਰ ਦੇ ਪਾਠਕਾਂ ਦੀ ਪਸੰਦ ਬਣ ਜਾਣਗੀਆਂ। ਇਸ ਕਲਮ ਤੋਂ ਹੋਰ ਰਚਨਾਵਾਂ ਦੀ ਆਸ ਵਿੱਚ ਇਸ ਪੁਸਤਕ ਦਾ ਸਵਾਗਤ ਕੀਤਾ ਜਾਂਦਾ ਹੈ।

**- ਡਾ. ਸੰਦੀਪ ਰਾਣਾ**

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਹਰਵਿੰਦਰ ਭੰਡਾਲ ਦੀ ਕਿਤਾਬ 'ਫ਼ਾਸ਼ੀਵਾਦ ਦਾ ਚਿਹਰਾ-ਮੋਹਰਾ' 'ਤੇ ਗੋਸ਼ਟੀ



**ਜਲੰਧਰ**-ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਇਕਾਈ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹਰਵਿੰਦਰ ਭੰਡਾਲ ਦੀ ਕਿਤਾਬ 'ਫ਼ਾਸ਼ੀਵਾਦ ਦਾ ਚਿਹਰਾ-ਮੋਹਰਾ' 'ਤੇ ਗੋਸ਼ਟੀ ਕਰਵਾਈ ਗਈ। ਗੋਸ਼ਟੀ ਦੀ ਪ੍ਰਧਾਨਗੀ ਡਾ. ਪਰਮਿੰਦਰ ਸਿੰਘ ਨੇ ਕੀਤੀ । ਕਿਤਾਬ ਉੱਤੇ ਪੇਪਰ ਡਾ. ਕੁਲਦੀਪ ਸਿੰਘ ਨੇ ਪੜ੍ਹਿਆ । ਪੇਪਰ ਪੜ੍ਹਦਿਆਂ ਉਨ੍ਹਾ ਕਿਹਾ ਕਿ ਇਹ ਪੁਸਤਕ ਸਾਨੂੰ ਇਹ ਦੱਸਦੀ ਹੈ ਕਿ ਸਾਨੂੰ ਇਤਿਹਾਸ ਦੀ ਸੋਝੀ ਹੋਣੀ ਜ਼ਰੂਰੀ ਹੈ । ਪੁਸਤਕ ਫ਼ਾਸ਼ੀਵਾਦ ਦੇ ਇਤਿਹਾਸ ਦੀ ਪ੍ਰਮਾਣਿਕ ਜਾਣਕਾਰੀ ਦਿੰਦੀ ਹੈ ਤੇ ਇਤਿਹਾਸ ਪ੍ਰਤੀ ਸਾਡਾ ਨਜ਼ਰੀਆ ਤੇ ਧਾਰਨਾ ਵੀ ਬਦਲਦੀ ਹੈ । ਉਨ੍ਹਾਂ ਅੱਗੇ ਕਿਹਾ ਕਿ ਭੰਡਾਲ ਨੇ ਵਾਲਟਰ ਬੈਂਜਾਮਿਨ ਤੇ ਗ੍ਰਾਮਸ਼ੀ ਦੀਆਂ ਫ਼ਾਸ਼ੀਵਾਦੀ ਧਾਰਨਾਵਾਂ ਸੰਬੰਧੀ ਤੱਥ ਤੇ ਅੰਕੜੇ ਦਿੱਤੇ ਤੇ ਭਾਰਤ ਵਿੱਚ ਫੈਲ ਰਹੀਆਂ ਫ਼ਾਸ਼ੀਵਾਦ ਦੀਆਂ ਜੜ੍ਹਾਂ ਦੇ ਭਿਆਨਕ ਰੂਪਾਂ ਦਾ ਜ਼ਿਕਰ ਵੀ ਕੀਤਾ । ਬਹਿਸ ਦਾ ਆਰੰਭ ਕਰਦਿਆਂ ਡਾ. ਜਗਜੀਤ ਸਿੰਘ ਚੀਮਾ ਨੇ ਕਿਤਾਬ ਦਾ ਸਵਾਗਤ ਕਰਦਿਆਂ ਕਿਹਾ ਕਿ ਭੰਡਾਲ ਨੇ ਫ਼ਾਸ਼ੀਵਾਦ ਦੇ ਭਿਆਨਕ ਚਿਹਰੇ ਨੂੰ ਸਾਡੇ ਸਾਹਮਣੇ ਰੱਖਿਆ ਹੈ । ਬਹਿਸ ਨੂੰ ਅੱਗੇ ਤੋਰਦਿਆਂ ਡਾ. ਸੈਲਸ਼ ਨੇ ਕਿਤਾਬ 'ਚ ਪੇਸ਼ ਕੁਝ ਨੁਕਤਿਆਂ ਉੱਤੇ ਸਵਾਲ ਉਠਾਉਂਦਿਆਂ ਕਿਹਾ ਕਿ ਕਿਤਾਬ ਵਿੱਚ ਭਾਰਤ ਵਿੱਚ ਫੈਲ ਰਹੇ ਫ਼ਾਸ਼ੀਵਾਦ ਬਾਰੇ ਵਿਸਥਾਰ ਨਾਲ ਗੱਲ ਨਹੀਂ ਹੋਈ। ਕਿਤਾਬ ਦੇ ਲੇਖਕ ਹਰਵਿੰਦਰ ਭੰਡਾਲ ਦਾ ਕਹਿਣਾ ਸੀ ਕਿ ਅੱਜ ਦੇ ਸਮੇਂ ਫ਼ਾਸ਼ੀਵਾਦ ਦਾ ਮੁੱਦਾ ਬਹੁਤ ਸੰਵੇਦਨਸ਼ੀਲ ਹੈ । ਇਸ ਉੱਤੇ ਸਾਨੂੰ ਖੁੱਲ੍ਹ ਕੇ ਬੋਲਣਾ ਤੇ ਲਿਖਣਾ ਚਾਹੀਦਾ ਹੈ । ਹਾਲਾਤ ਏਥੋਂ ਤੱਕ ਪੁੱਜ ਗਏ ਨੇ ਕਿ ਫ਼ਾਸ਼ੀਵਾਦ ਵਿਚਾਰਧਾਰਾ ਸਾਡੇ ਨੇੜਲੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਨ ਲੱਗ ਪਈ ਹੈ । ਉਨ੍ਹਾਂ ਅੱਗੇ ਕਿਹਾ ਕਿ ਮੈਂ ਇਸ ਕਿਤਾਬ ਵਿੱਚ ਫ਼ਾਸ਼ੀਵਾਦ ਦੀਆਂ ਜੜ੍ਹਾਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਵੇਂ ਇਸ ਵਿਚਾਰਧਾਰਾ ਨਾਲ ਵੱਡੀ ਪੱਧਰ 'ਤੇ ਲੋਕ ਜੁੜਨ ਲੱਗ ਪੈਂਦੇ ਨੇ । ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਡਾ. ਪਰਮਿੰਦਰ ਸਿੰਘ ਦਾ ਕਹਿਣਾ ਸੀ ਕਿ ਭੰਡਾਲ ਨੇ ਮਹੱਤਵਪੂਰਨ ਮੁੱਦੇ ਤੇ ਇਤਿਹਾਸਕ ਵਰਤਾਰੇ, ਫ਼ਾਸ਼ੀਵਾਦ ਸੰਬੰਧੀ ਮਨੋਵਿਗਿਆਨਕ, ਸੱਭਿਆਚਾਰ ਸੰਬੰਧੀ ਤੱਥਾਂ ਨਾਲ ਆਪਣੀਆਂ ਧਾਰਨਾਵਾਂ ਦਿੱਤੀਆਂ ਹਨ । ਆਮ ਬੰਦੇ ਨੂੰ ਫ਼ਾਸ਼ੀਵਾਦ ਬਾਰੇ ਆਪਣੀ ਇਕ ਸਮਝ ਬਣਾਉਣ ਲਈ ਇਹ ਮੁੱਲਵਾਨ ਪੁਸਤਕ ਹੈ । ਇਹ ਕਿਤਾਬ ਵੱਡੀ ਪੱਧਰ ਉੱਤੇ ਆਮ ਲੋਕਾਂ ਤੱਕ ਪੁੱਜਣੀ ਚਾਹੀਦੀ ਹੈ ਤਾਂ ਕਿ ਸਾਡੇ ਪੰਜਾਬੀ ਲੋਕ ਭਾਰਤ 'ਚ ਫੈਲ ਰਹੇ ਫ਼ਾਸ਼ੀਵਾਦ ਨੂੰ ਸਮਝ ਸਕਣ । ਗੋਸ਼ਟੀ ਦਾ ਸਟੇਜ ਸੰਚਾਲਨ ਸੰਘ ਦੇ ਜਨਰਲ ਸਕੱਤਰ ਭਗਵੰਤ ਰਸੂਲਪੁਰੀ ਨੇ ਕੀਤਾ । ਉਨ੍ਹਾਂ ਕਿਹਾ ਕਿ ਲੇਖਕ ਨੇ ਫ਼ਾਸ਼ੀਵਾਦ ਦੇ ਚਿਹਰੇ-ਮੋਹਰੇ ਨੂੰ ਅਸਾਨ ਭਾਸ਼ਾ ਵਿੱਚ ਸਾਡੇ ਸਾਹਮਣੇ ਰੱਖਿਆ ਹੈ। ਪੱਛਮੀ ਵਿਦਵਾਨਾਂ ਦੇ ਫ਼ਾਸ਼ੀਵਾਦ ਦੇ ਚਿਹਰੇ ਬਾਰੇ ਪੜ੍ਹ ਕੇ ਸਾਨੂੰ ਇਸ ਵਰਤਾਰੇ ਦੀ ਸਮਝ ਆਉਂਦੀ ਏ । ਇਸ ਵਿਚਾਰ ਚਰਚਾ ਵਿੱਚ ਬਲਬੀਰ ਪਰਵਾਨਾ, ਅਮੋਲਕ ਸਿੰਘ, ਸੁਰਿੰਦਰ ਕੁਮਾਰ ਕੋਛੜ, ਹਰਮੇਸ਼ ਮਾਲੜੀ, ਕੇਸਰ ਸਿੰਘ, ਜੁਗਿੰਦਰ ਸੰਧੂ, ਕੁਲਦੀਪ ਸਿੰਘ ਬੇਦੀ, ਤਸਕੀਨ, ਮੋਹਣ ਸਿੰਘ ਕੁੱਕੜਪਿੰਡੀਆ, ਰਾਜਿੰਦਰ ਬਿਮਲ, ਸਰੋਜ, ਬਲਜੀਤ ਬੱਲ, ਜਗਦੀਸ਼ ਰਾਣਾ ਨੇ ਵੀ ਹਿੱਸਾ ਲਿਆ। ਸੰਘ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਮਾਨ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਫ਼ਾਸ਼ੀਵਾਦ ਦੇ ਵਰਤਾਰੇ ਨੂੰ ਸਮਝਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ । ਇਸ ਮਸਲੇ ਪ੍ਰਤੀ ਅਸੀਂ ਅਜੇ ਗੰਭੀਰ ਨਹੀਂ ਹੋਏ । ਇਸ ਕਿਤਾਬ ਉੱਤੇ ਗੋਸ਼ਟੀ ਕਰਨ ਦਾ ਮਕਸਦ ਇਹ ਵੀ ਹੈ ਕਿ ਵੱਧ ਤੋਂ ਵੱਧ ਲੋਕ ਫ਼ਾਸ਼ੀਵਾਦ ਨੂੰ ਸਮਝ ਸਕਣ ਤੇ ਇਸ ਵਿਰੁੱਧ ਲਾਮਬੰਦ ਹੋ ਸਕਣ ।

# ਡਾ. ਗੁਰਨਾਮ ਸਿੰਘ ਦਾ ਪਲੇਠਾ ਨਾਵਲ 'ਚਨੌਰ' ਰਿਲੀਜ਼



**ਮੁਕੇਰੀਆਂ**-ਸਥਾਨਕ ਪੰਜਾਬੀ ਸਾਹਿਤ ਸਭਾ ਅਤੇ ਐੱਸ ਪੀ ਐੱਨ ਕਾਲਜ ਮੁਕੇਰੀਆਂ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਾਂਝੇ ਉੱਦਮ ਨਾਲ ਕਰਵਾਏ ਪ੍ਰੋਗਰਾਮ ਦੌਰਾਨ ਨੇੜਲੇ ਪਿੰਡ ਚਨੌਰ ਵਾਸੀ ਨੌਜਵਾਨ ਲੇਖਕ ਡਾ. ਗੁਰਨਾਮ ਸਿੰਘ ਦਾ ਪਲੇਠਾ ਨਾਵਲ 'ਚਨੌਰ' ਰਿਲੀਜ਼ ਕੀਤਾ ਗਿਆ।

ਰਿਲੀਜ਼ ਕਰਨ ਦੀ ਰਸਮ ਕਾਲਜ ਪ੍ਰਬੰਧਕ ਕਮੇਟੀ ਦੇ ਸਕੱਤਰ ਸੰਜੀਵ ਆਨੰਦ, ਪ੍ਰਿੰਸੀਪਲ ਡਾ. ਸਮੀਰ ਸ਼ਰਮਾ, ਪ੍ਰਸਿੱਧ ਆਲੋਚਕ ਪ੍ਰੋ. ਜੇਬੀ ਸੇਖੋਂ, ਆਲੋਚਕ ਤੇ ਸਾਬਕਾ ਪ੍ਰੋਫੈਸਰ ਡਾ. ਅਨੁਰਾਗ ਸ਼ਰਮਾ, ਨਾਵਲਕਾਰ ਡਾ. ਧਰਮਪਾਲ ਸਾਹਿਲ, ਪ੍ਰੋ. ਬਲਬੀਰ ਮੁਕੇਰੀਆਂ, ਡਾ. ਸਰਬਜੋਤ ਸਿੰਘ, ਡਾ. ਕਿਰਨਜੀਤ ਕੌਰ, ਪ੍ਰੋ. ਸਤਬੀਰ ਸਿੰਘ, ਨਵਤੇਜ ਗੜ੍ਹਦੀਵਾਲਾ, ਪ੍ਰੋ. ਬਲਦੇਵ ਬੱਲੀ, ਸੁਰਿੰਦਰ ਨੇਕੀ, ਬਲਜਿੰਦਰ ਮਾਨ ਤੇ ਹੋਰ ਨਾਮਵਰ ਸਾਹਿਤਕਾਰਾਂ ਵੱਲੋਂ ਨਿਭਾਈ ਗਈ।ਨਾਵਲ ਬਾਰੇ ਜਾਣਕਾਰੀ ਦਿੰਦਿਆਂ ਲੈਕ. ਜਸਵੰਤ ਖਾਨਪੁਰੀ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਡਾ. ਗੁਰਨਾਮ ਸਿੰਘ ਨੇ 'ਭਾਰਤੀ ਦਰਸ਼ਨ ਸ਼ਾਸਤਰ', 'ਨੈਤਿਕਤਾ-ਇਤਿਹਾਸ ਤੇ ਸਿਧਾਂਤ', 'ਗੁਰਬਾਣੀ ਅਤੇ ਨੈਤਿਕਤਾ' ਅਤੇ 'ਭਗਤ ਰਵਿਦਾਸ ਜੀ-ਦਰਸ਼ਨ ਅਤੇ ਵਿਚਾਰਧਾਰਾ' ਆਦਿ ਵਿਸ਼ਿਆਂ 'ਤੇ ਆਧਾਰਤ ਖੋਜ ਰਚਨਾਵਾਂ ਪੰਜਾਬੀ ਸਾਹਿਤ ਜਗਤ ਨੂੰ ਦਿੱਤੀਆਂ ਹਨ ਅਤੇ ਪਲੇਠਾ ਪੰਜਾਬੀ ਨਾਵਲ 'ਚਨੌਰ' ਮੌਜੂਦਾ ਸਮਾਜ ਦੀ ਅੱਧੋਗਤੀ ਅਤੇ ਵਪਾਰੀ ਵਰਗ ਦੀਆਂ ਨੀਤੀਆਂ 'ਤੇ ਚਰਚਾ ਕਰਦਾ ਹੋਇਆ ਨੇਤਾਵਾਂ ਦੀਆਂ ਸਿਆਸੀ ਖੇਡਾਂ ਅਤੇ ਸਮਾਜ 'ਤੇ ਇਸ ਦੇ ਪੈਂਦੇ ਪ੍ਰਭਾਵਾਂ ਉੱਤੇ ਵੀ ਚਾਨਣ ਪਾਉਂਦਾ ਹੈ। ਇਸ ਸਮੇਂ ਲੇਖਕ ਡਾ. ਗੁਰਨਾਮ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰੋ. ਪਰਮਜੀਤ ਕੌਰ, ਪ੍ਰੋ. ਰਣਦੀਪ ਕੌਰ, ਡਾ. ਦੀਪਕ ਠਾਕੁਰ, ਪ੍ਰਿੰ. ਤਰਸੇਮ ਸਿੰਘ, ਵਿਨੋਦ ਵਸਲ, ਆਰ ਪੀ ਸਿੰਘ, ਪ੍ਰੋ. ਲਖਵਿੰਦਰ ਸਿੰਘ, ਪ੍ਰੋ. ਪਰਦੀਪ ਸਿੰਘ ਅਤੇ ਹੋਰ ਵਿਦਵਾਨਾਂ ਦੇ ਨਾਲ-ਨਾਲ ਵੱਡੀ ਗਿਣਤੀ ਕਾਲਜ ਦੇ ਵਿਦਿਆਰਥੀ ਹਾਜ਼ਰ ਸਨ।

# ਸਮਕਾਲ

---- ਭਗਵੰਤ ਰਸੂਲਪੁਰੀ----

## ਸਮਕਾਲੀ ਸਾਹਿਤ : ਜਸਵੰਤ ਨੇਕੀ ਜਨਮ ਸ਼ਤਾਬਦੀ ਵਿਸ਼ੇਸ਼

'ਸਮਕਾਲੀ ਸਾਹਿਤ'-122 ਦੇ ਅਕਤੂਬਰ-ਦਸੰਬਰ, 2025 ਅੰਕ 'ਚ ਡਾ. ਜਸਵੰਤ ਸਿੰਘ ਨੇਕੀ ਦੀ ਜਨਮ ਸ਼ਤਾਬਦੀ 'ਤੇ ਵਿਸ਼ੇਸ਼ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ। ਕੇਸਰਾ ਰਾਮ ਨੇ ਸੰਪਾਦਕੀ ਵਿੱਚ ਲਿਖਿਆ ਹੈ ਕਿ 'ਪੰਜਾਬੀ ਸਾਹਿਤ ਵਿੱਚ ਡਾ. ਨੇਕੀ ਦੀ ਵਿਸ਼ੇਸ਼ ਥਾਂ ਹੈ। 'ਖੋਜੀ ਉਪਜੈ, ਬਾਦੀ ਬਿਨਸੈ' ਸੋਚ ਦੇ ਧਾਰਨੀ ਡਾ. ਨੇਕੀ ਦੀ ਕਵਿਤਾ ਗਿਆਨ ਭਰਪੂਰ, ਧਾਰਮਿਕ ਤੇ ਸ਼ਬਦਾਵਲੀ ਦਾਰਸ਼ਨਿਕ ਹੈ।' ਕਲਾਸਿਕ ਰਚਨਾਵਾਂ ਦੇ ਰਚੇਤਾ ਅਨੇਕਾਂ ਵਕਾਰੀ ਪੁਰਸਕਾਰ ਪ੍ਰਾਪਤ ਨੇਕੀ ਦੀਆਂ ਕਵਿਤਾਵਾਂ ਅਤੇ ਵਾਰਤਕ ਦੇ ਰੰਗ ਪੜ੍ਹਨ ਨੂੰ ਮਿਲਦੇ ਹਨ। ਵਨੀਤਾ ਦੀ ਨੇਕੀ ਨਾਲ ਕੀਤੀ ਮੁਲਾਕਾਤ ਤੋਂ ਇਲਾਵਾ ਪ੍ਰਿੰਸੀ. ਤੇਜਾ ਸਿੰਘ ਤੇ ਗਿ. ਜੋਗਿੰਦਰ ਸਿੰਘ ਦੀਆਂ ਲਿਖਤਾਂ ਵੀ ਦਰਜ ਹਨ। ਸੰਸਾਰ ਸਾਹਿਤ ਅਧੀਨ ਜੰਗ ਬਹਾਦੁਰ ਗੋਇਲ ਨੇ ਚਾਰਲਸ ਗੋਰਹਾਮ ਦੇ ਨਾਵਲ 'ਵਾਈਨ ਆਫ ਲਾਈਫ' ਬਾਰੇ ਵਿਸਥਾਰ ਨੇ ਲਿਖਿਆ ਹੈ। ਅਫਰਾ ਬੁਖਾਰੀ ਦੀ ਚਰਚਿਤ ਕਹਾਣੀ 'ਤੀਲੇ ਦਾ ਸਹਾਰਾ' ਵੀ ਛਪੀ ਹੈ। ਇਸ ਤੋਂ ਇਲਾਵਾ ਪ੍ਰਭਾਤ ਕੁਮਾਰ ਮੁਖੋਪਾਧਿਆਏ (ਫੁੱਲਾਂ ਦੀ ਕੀਮਤ), ਭਾਸਕਰ ਚੰਦਨ ਸ਼ਿਵ (ਲਾਲ ਚਿੱਕੜ) ਪੜ੍ਹਨਯੋਗ ਕਹਾਣੀਆਂ ਹਨ। ਦੇਵ, ਸਤਪਾਲ ਭੀਖੀ, ਖੁਸ਼ਵੀਰ ਕੌਰ ਢਿੱਲੋਂ, ਮਨਪ੍ਰੀਤ ਟਿਵਾਣਾ, ਸੰਦੀਪ ਸ਼ਰਮਾ ਤੇ ਸੁਰਿੰਦਰ ਗੀਤ ਦੀਆਂ ਕਵਿਤਾਵਾਂ ਪ੍ਰਕਾਸ਼ਤ ਹੋਈਆਂ ਹਨ।




ਇਸ ਵਾਰ 8 ਪੰਜਾਬੀ ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਜਿਨ੍ਹਾਂ ਵਿੱਚ ਬੂਟਾ ਸਿੰਘ ਚੌਹਾਨ (ਸਿਰ ਦੀ ਛੱਤ), ਜਸਪਾਲ ਮਾਨਖੇੜਾ (ਕੀ ਭਰਵਾਸਾ !), ਜੁਗਬਦਲ ਸਿੰਘ ਨੰਨੂਆ (ਵਾਂਸ਼ਲੀ), ਦਵਿੰਦਰ ਮਲਹਾਂਸ (ਸਟਾਰ), ਜਸਪਾਲ ਕੌਰ (ਖਣਕ), ਰਾਜਪ੍ਰੀਤ ਕੌਰ ਬੈਨੀਪਾਲ (ਕਬਰਾਂ ਵਿਚ ਉੱਗੇ ਫੁੱਲ), ਰੂਪ ਸਿੰਘ ਰਾਜਪੁਰੀ (ਸ਼ਰੀਕ ਦਾ ਪੁੱਤ), ਅਲਫ਼ਾਜ਼ (ਜੁਗਾੜ) ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਸੁਰਿੰਦਰ ਰਾਮਪੁਰੀ ਦਾ ਸੰਤੋਖ ਸਿੰਘ ਧੀਰ ਦਾ ਸ਼ਬਦ ਚਿੱਤਰ ਵੀ ਪੜ੍ਹਨਯੋਗ ਹੈ। ਸਧਾਰਨ ਪਰਿਵਾਰ ਵਿੱਚ ਜਨਮੀ ਲੋਕਾਂ ਦੇ ਘਰਾਂ 'ਚ ਕੰਮ ਕਰਨ ਵਾਲੀ ਬੇਬੀ ਹਾਲਦਾਰ ਦੀ ਅਛੂਤੇ ਅਨੁਭਵਾ ਨੂੰ ਪੇਸ਼ ਕਰਦੀ ਸਵੈ ਜੀਵਨੀ 'ਆਲੋ ਅੰਧਾਰੀ' ਅੰਸ਼ ਦੇ ਕੁਝ ਪੰਨੇ ਪ੍ਰਕਾਸ਼ਤ ਕੀਤੇ ਗਏ ਹਨ। ਜੋ ਅਤਿ ਦੇ ਗਰੀਬ ਪਰਿਵਾਰਾਂ ਵਿੱਚ ਔਰਤ ਦੀ ਸਥਿਤੀ ਬਿਆਨ ਕਰਦੇ ਹਨ। ਨਾਲ ਹੀ ਪੁਰਨਿਮਾ ਪਾਂਡੇ ਵੱਲੋਂ ਬੇਬੀ ਹਾਲਦਾਰ ਨਾਲ ਕੀਤੀ ਮੁਲਾਕਾਤ ਵੀ ਪ੍ਰਕਾਸ਼ਤ ਕੀਤੀ ਗਈ ਹੈ। ਜਿਸ ਵਿੱਚੋਂ ਬੇਬੀ ਦੇ ਨਿਵੇਕਲੇ ਰਹੱਸ ਭਾਰੇ ਜੀਵਨ ਦੇ ਦਰਸ਼ਨ ਹੁੰਦੇ ਹਨ। ਦੋਹਾਂ ਰਚਨਾਵਾਂ ਨੂੰ ਅਨੁਵਾਦ ਭਗਵੰਤ ਰਸੂਲਪੁਰੀ ਜਾਣੀ ਕਿ ਮੈਂ ਕੀਤੇ ਹਨ। ਸ਼ਿਆਮ ਸੁੰਦਰ ਦੀਪਤੀ ਦੀਆਂ ਯਾਦਾਂ ਵੀ ਪੜ੍ਹਨਯੋਗ ਹਨ। ਹੱਥਲੇ ਅੰਕ ਵਿੱਚ 'ਰੌਲ਼ਿਆਂ ਵੇਲੇ' 'ਤੇ ਸੁਰਿੰਦਰ ਕੁਮਾਰ ਦੇਵੇਸ਼ਵਰ, 'ਅੱਜ ਦੇ ਅਤੀਤ' 'ਤੇ ਹਰੀਸ਼ ਕੁਮਾਰ, 'ਇਮਰੋਜ਼ਨਾਮਾ' ਤੇ ਜਸਵਿੰਦਰ ਕੌਰ ਬਿੰਦਰਾ, 'ਫਨੀਅਰ' ਤੇ ਦਵਿੰਦਰ ਸਿੰਘ ਬੋਹਾ, 'ਗੁਲਰੁਖੀ' 'ਤੇ ਬਲਜਿੰਦਰ ਸਿੰਘ, 'ਦਿਲ ਦੇ ਨੇੜ' 'ਤੇ ਜਸ਼ਨਪ੍ਰੀਤ, 'ਸਮੁੰਦਰਨਾਮਾ' 'ਤੇ ਅਰਵਿੰਦਰ ਕੌਰ ਕਾਕੜਾ, 'ਇਸਤਰੀ ਕਥਾ' 'ਤੇ ਸੁਵਰਨ ਸਿੰਘ ਵਿਰਕ ਰੀਵਿਊ-ਸਮੀਖਿਆ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਅੰਤ ਵਿੱਚ ਪੰਜਾਬੀ ਭਵਨ ਦੀਆਂ ਸਰਗਰਮੀਆਂ ਸਮੇਤ ਤਸਵੀਰਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਵੱਡ ਅਕਾਰੀ 'ਸਮਕਾਲੀ ਸਾਹਿਤ' ਦੇ ਹੱਥਲੇ ਅੰਕ ਵਿੱਚ ਬਹੁਤ ਸਾਰੀ ਪੜ੍ਹਨਯੋਗ ਸਮੱਗਰੀ ਪ੍ਰਕਾਸ਼ਤ ਕੀਤੀ ਗਈ ਹੈ।

ਇਸ ਅੰਕ ਦੇ ਸਫ਼ੇ: 272, ਮੁੱਲ : 80 ਰੁਪਏ, ਸੰਪਾਦਕ : ਕੇਸਰਾ ਰਾਮ। ਪਤਾ : ਸਮਕਾਲੀ ਸਾਹਿਤ, ਪੰਜਾਬੀ ਸਾਹਿਤ ਸਭਾ, 10 ਰਾਊਜ਼ ਐਵੇਨਿਊ, ਇੰਸਟੀਚਿਊਸਨਲ ਏਰੀਆ, ਨਵੀਂ ਦਿੱਲੀ। ਫ਼ੋਨ: 20832498, 20832-499 ਰਚਨਾਵਾਂ ਭੇਜਣ ਲਈ- samkalisahit@gmail.com

## ਮੀਰਜਾਦਾ ਬੋਲਿਆ : ਅਕਤੂਬਰ-ਦਸੰਬਰ, 2025




ਸੰਪਾਦਕੀ ਵਿੱਚ ਕੁਲਦੀਪ ਸਿੰਘ ਬੇਦੀ ਨੇ ਪਰਚੇ ਦੀ ਸਮੱਗਰੀ ਤਿਆਰ ਕਰਨ ਵਿੱਚ ਆਉਂਦੀਆਂ ਦਿਕਤਾਂ ਦਾ ਜ਼ਿਕਰ ਕੀਤਾ ਹੈ। ਅਗਲੇ ਭਾਗ ਵਿੱਚ ਡਾਕ ਵਿਭਾਗ ਦੀ ਜ਼ਿਆਦਤੀ ਬਾਰੇ ਲਿਖਿਆ। ਕਿ ਕਿਵੇਂ ਸਰਕਾਰਾਂ ਮੈਗਜ਼ੀਨਾਂ, ਅਖ਼ਬਾਰਾਂ ਤੇ ਪੁਸਤਕਾਂ 'ਤੇ ਡਾਕ ਖਰਚੇ ਵਧਾ ਕੇ ਉਨ੍ਹਾਂ ਨੂੰ ਲੋਕਾਂ ਤੋਂ ਦੂਰ ਕਰ ਰਹੀਆਂ ਹਨ। ਹੱਥਲੇ ਅੰਕ ਵਿੱਚ ਡਾ. ਮੋਨੋਜੀਤ (ਅਗਲੀ ਸਦੀ ਦੀਆਂ ਅਗਲੀਆਂ ਗੱਲਾਂ), ਹਰੀ ਕਾਦਿਆਨੀ (ਨਿੱਕੀ ਜਈ ਖੇਚਲ), ਹਰਿਸ਼ੰਕਰ ਪਰਸਾਈ (ਇੰਸਪੈਕਟਰ ਮਾਤਾਦੀਨ), ਦਵਿੰਦਰ ਸਿੰਘ ਗਿੱਲ (ਏਲੀਅਨ ਅਤੇ ਮੱਘਰ), ਪਰਮਜੀਤ ਢੀਂਗਰਾ (ਰੌਕੀ ਦੀ ਆਦਮ ਕਥਾ), ਨੂਰ ਸੰਤੋਖਪੁਰੀ (ਟੁੱਟੀਆਂ ਸੜਕਾਂ ਤੇ ਵਿੱਚ ਟੋਏ), ਕਨ੍ਹਈਆ ਲਾਲ ਕਪੂਰ (ਮੰਥਰਾ ਅਜੇ ਜੀਉਂਦੀ ਹੈ) ਦੇ ਵਿਅੰਗ ਛਪੇ ਹਨ। ਉਨ੍ਹਾਂ ਦੇ ਨਾਲ ਸੁਰਿੰਦਰ ਸਿੰਘ ਓਬਰਾਏ, ਬਲਰਾਜ ਸਿੰਘ ਸਿੱਧੂ, ਸਰਵਨ ਸਿੰਘ ਪਤੰਗ, ਪਰਿਤਪਾਲ ਸਿੰਘ, ਸੁਖਮਿੰਦਰ ਸੇਖੋਂ, ਸੁਰਜੀਤ ਸਿੰਘ ਕਾਲੇਕੇ ਆਦਿ ਦੇ ਵਿਅੰਗ ਲੇਖ ਵੀ ਪ੍ਰਕਾਸ਼ਤ ਹੋਏ ਹਨ। ਨਾਲ ਹੀ ਪਿਆਰਾ ਸਿੰਘ ਦਾਤਾ, ਕਸ਼ਮੀਰੀ ਲਾਲ ਚਾਵਲਾ, ਦਾਤਾਰ ਸਿੰਘ, ਵਿਜੇ ਕੁਮਾਰ ਤਾਲਿਬ, ਭਗਵਾਨ ਸਿੰਘ ਤੱਗੜ, ਸਰਦਾਰ ਪੰਛੀ, ਦਲੀਪ ਸਿੰਘ ਜੁਨੇਜਾ, ਸ਼ੇਰ ਸਿੰਘ ਕੰਵਲ ਦੇ ਕਾਵਿ ਵਿਅੰਗ ਵੀ ਮੀਰਜ਼ਾਦਾ ਵਿੱਚ ਛਪੇ ਹਨ। ਕੋਮਲ ਬਿਸ਼ਟਾ ਦੀਆਂ ਬੰਗਾਲੀ ਕਵਿਤਾਵਾਂ ਰੰਗੀਨ ਪੰਨੇ ਤੇ ਦਰਜ ਹਨ। ਮੇਰੀ ਦ੍ਰਿਸ਼ਟੀ 'ਚ ਕੁਲਦੀਪ ਸਿੰਘ ਬੇਦੀ ਹੁਰਾਂ 'ਸਮਕਾਲੀ ਪਰਚੇ' ਤਹਿਤ ਕਹਾਣੀ ਧਾਰਾ, ਏਕਮ, ਅੱਖਰ, ਸਮਕਾਲੀ ਸਾਹਿਤ, ਤਾਸਮਨ ਤੇ ਪ੍ਰਤਿਮਾਨ ਪਰਚਿਆਂ 'ਤੇ ਪੜ੍ਹ ਕੇ ਕੀਤੀਆਂ ਟਿੱਪਣੀਆਂ ਮਹੱਤਵਪੂਰਨ ਹਨ। ਦੋ ਕਿਤਾਬਾਂ ਨਾਲ ਜਾਣ ਪਛਾਣ ਨਾਲ ਸਮੁੱਚਾ ਪਰਚਾ ਚੰਗੀ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ।

ਇਸ ਅੰਕ ਦੇ ਸਫ਼ੇ : 48, ਮੁੱਲ : 50 ਰੁਪਏ, ਸੰਪਾਦਕ : ਕੁਲਦੀਪ ਸਿੰਘ ਬੇਦੀ (98760-95392)। ਪਤਾ: ਮੀਰਜ਼ਾਦਾ ਬੋਲਿਆ, 12, ਬਸੰਤ ਨਗਰ, ਸੋਡਲ ਰੋਡ, ਜਲੰਧਰ-144004, ਰਚਨਾਵਾਂ ਭੇਜਣ ਲਈ- meerzadaboliya@gmail.com

## ਤਰਕਸ਼ੀਲ : ਸਤੰਬਰ-ਅਕਤੂਬਰ, 2025




ਤਰਕਸ਼ੀਲ ਪਾਠਕਾਂ ਦੇ ਮੱਥਿਆਂ ਵਿੱਚ ਚੇਤਨਾ ਦੇ ਦੀਵੇ ਜਗਾਉਣ ਵਾਲਾ ਪਰਚਾ ਹੈ। ਸੰਪਾਦਕੀ ਵਿੱਚ ਸੰਪਾਦਕ ਨੇ ਲੋਕਾਂ ਨੂੰ ਵਿਗਿਆਨਕ ਚੇਤਨਾ ਨਾਲ ਲੈਸ ਕਰਨ ਦਾ ਹੋਕਾ ਦਿੱਤਾ ਹੈ। ਰਾਜਪਾਲ ਸਿੰਘ ਦਾ 'ਝੂਠੀਆਂ ਕਹਾਣੀਆਂ ਘੜ੍ਹਦੇ ਲੋਕਾਂ ਬਾਰੇ ਚੰਗਾ ਲੇਖ ਹੈ। ਅਜਿਹੀਆਂ ਘਟਨਾ ਦੇ ਪ੍ਰਸੰਗ ਵਿੱਚ ਰਵੀਸ਼ ਕੁਮਾਰ ਦੀ ਲਿਖਤ ਵੀ ਛਾਪੀ ਗਈ ਹੈ। ਸਖ਼ਤ ਸਜ਼ਾਵਾਂ (ਸੁਮੀਤ ਸਿੰਘ), ਏ. ਆਈ. ਸਬੰਧੀ ਸਮੱਗਰੀ, ਡਾ. ਕਮਲਾ ਸੋਹਾਨੀ, ਸੱਪਾਂ ਨੂੰ ਬਚਾਉਣ ਵਾਲੇ ਸੰਬੰਧੀ, ਲਸਣ, ਵਿਰਸੇ ਦੀ ਲੋਅ, ਯੂ ਟਿਊਬ ਚੈਨਲਾਂ ਬਾਰੇ (ਜਸਵੰਤ ਮੋਹਾਲੀ), ਧਾਰਮਿਕ ਅਡੰਬਰ, ਫਿਲਾਸਫੀ ਦਾ ਮਹੱਤਵ (ਬਰਟਰੰਡ ਰਸਲ) ਆਦਿ ਲੇਖ ਤਰਕਸ਼ੀਲ ਨਜ਼ਰੀਏ ਤੋਂ ਪੜ੍ਹਨ ਤੇ ਸਮਝਣ ਵਾਲੇ ਹਨ। ਅੰਕ ਵਿੱਚ ਜਸਪਾਲ ਮਾਨਖੇੜਾ (ਮਮਤਾ ਦੀ ਹੂਕ), ਖੁਸ਼ਵੰਤ ਸਿੰਘ (ਵਿਸ਼ਨੂੰ ਦਾ ਚਿੰਨ੍ਹ) ਤੇ ਸੁਖਵਿੰਦਰ ਸਿੰਘ (ਚੇਤਨਾ ਪਰਖ ਪ੍ਰੀਖਿਆ) ਦੀਆਂ ਤਰਕਸ਼ੀਲ ਕਹਾਣੀਆਂ ਵੀ ਪ੍ਰਕਾਸ਼ਤ ਕੀਤੀਆਂ ਹਨ।

ਇਸ ਅੰਕ ਦੇ ਸਫ਼ੇ : 58, ਮੁੱਲ : 30 ਰੁਪਏ, ਮੁੱਖ ਸੰਪਾਦਕ : ਰਾਜਪਾਲ ਸਿੰਘ (95018-83486)। ਪਤਾ- ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ, ਤਰਕਸ਼ੀਲ ਚੌਕ, ਬਰਨਾਲਾ-148101 ਰਚਨਾਵਾਂ ਭੇਜਣ ਲਈ- editortarksheel@gmail.com

# ਭੂਸ਼ਨ ਧਿਆਨਪੁਰੀ ਐਵਾਰਡ ਸਤੀਸ਼ ਕੁਮਾਰ ਵਰਮਾ ਨੂੰ



**ਮੋਹਾਲੀ**-ਸਵਪਨ ਫਾਊਂਡੇਸ਼ਨ, ਪਟਿਆਲਾ ਵੱਲੋਂ ਦਿੱਤਾ ਜਾਂਦਾ ਭੂਸ਼ਨ ਧਿਆਨਪੁਰੀ ਵਾਰਤਕ ਐਵਾਰਡ ਇਸ ਸਾਲ (2025) ਉੱਘੇ ਸਾਹਿਤਕਾਰ ਡਾ. ਸਤੀਸ਼ ਕੁਮਾਰ ਵਰਮਾ ਨੂੰ ਦਿੱਤਾ ਜਾਵੇਗਾ। ਚੋਣ ਕਮੇਟੀ ਵਿਚ ਸ਼ਾਮਲ ਬਲੀਜੀਤ, ਡਾ. ਮਨਮੋਹਨ, ਜਗਦੀਪ ਸਿੱਧੂ, ਡਾ. ਕੁਲਪਿੰਦਰ ਸ਼ਰਮਾ, ਗੁੱਲ ਚੌਹਾਨ, ਡਾ. ਪ੍ਰਵੀਨ ਕੁਮਾਰ, ਡਾ. ਯੋਗਰਾਜ, ਅੰਗਰੀਸ਼, ਸੁਰਜੀਤ ਸੁਮਨ, ਭੁਪਿੰਦਰ ਸਿੰਘ ਮਾਨ, ਸੰਦੀਪ ਜਸਵਾਲ ਵੱਲੋਂ ਆਏ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਡਾ. ਵਰਮਾ ਦਾ ਸਾਹਿਤ ਵਿਚ ਬਹੁਪੱਖੀ ਕਾਰਜ ਹੈ।ਇਹਨਾਂ ਦੀਆਂ ਵਾਰਤਕ ਦੀਆਂ ਤਿੰਨ ਕਿਤਾਬਾਂ : ਸਾਹਿਤ ਦੀ ਸਰਗਮ, ਸਿਮਰਤੀਆਂ ਨੂੰ ਸਿਮਰਦਿਆਂ, ਅਦਬ ਤੇ ਅਦਬੀਅਤ ਆਦਿ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਸਵਪਨ ਫਾਊਂਡੇਸ਼ਨ ਦੇ ਜਨਰਲ ਸਕੱਤਰ ਜਗਦੀਪ ਸਿੱਧੂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਹੈ ਕਿ ਡਾ. ਵਰਮਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਮੁਖੀ ਪੰਜਾਬੀ ਵਿਭਾਗ ਤੇ ਹੋਰ ਅਹੁਦਿਆਂ 'ਤੇ ਸੇਵਾ ਨਿਭਾਅ ਚੁੱਕੇ ਹਨ।ਇਹਨਾਂ ਨੂੰ ਭਾਸ਼ਾ ਵਿਭਾਗ ਦੇ ਸ਼੍ਰੋਮਣੀ ਨਾਟਕਕਾਰ ਸਾਹਿਤ ਅਕਾਦਮੀ ਅਨੁਵਾਦ ਐਵਾਰਡ ਤੋਂ ਇਲਾਵਾ, ਦਰਜਨ ਤੋਂ ਵੱਧ ਵਕਾਰੀ ਸਨਮਾਨ ਪ੍ਰਾਪਤ ਹੋ ਚੁੱਕੇ ਹਨ।

# ਲਿਖਾਰੀਆਂ ਦੇ ਤਜਰਬਿਆਂ ਦਾ ਲਾਭ ਉਠਾਉਣ ਦੀ ਰਵਾਇਤ ਨੂੰ ਅੱਗੇ ਤੋਰ ਰਿਹਾ ਹੈ ਪੰਜਾਬੀ ਵਿਭਾਗ : ਡਾ. ਰਾਜਵੰਤ ਕੌਰ ਪੰਜਾਬੀ



**ਪਟਿਆਲਾ**-ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਗਦੀਪ ਸਿੰਘ ਦੀ ਸੁਚੱਜੀ ਰਹਿਨੁਮਾਈ ਅਧੀਨ ਪੰਜਾਬੀ ਵਿਭਾਗ ਵੱਲੋਂ ਉੱਘੀ ਲੇਖਿਕਾ ਹਰਪਿੰਦਰ ਰਾਣਾ ਨਾਲ ਰੂਬਰੂ ਕਰਵਾਇਆ ਗਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਹਰਪਿੰਦਰ ਰਾਣਾ, ਅਧਿਆਪਕਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਵਿਭਾਗ ਅਨੁਭਵੀ ਲਿਖਾਰੀਆਂ ਨੂੰ ਆਪਣੇ ਵਿਭਾਗ ਦੇ ਵਿਦਿਆਰਥੀਆਂ ਨਾਲ ਰੂਬਰੂ ਕਰਵਾ ਕੇ ਉਨ੍ਹਾਂ ਦੇ ਤਜਰਬਿਆਂ ਦਾ ਲਾਭ ਉਠਾਉਣ ਦੀ ਸ਼ਾਨਦਾਰ ਰਵਾਇਤ ਨੂੰ ਅੱਗੇ ਤੋਰ ਰਿਹਾ ਹੈ। ਉਨ੍ਹਾ ਕਿਹਾ ਕਿ ਹਰਪਿੰਦਰ ਰਾਣਾ ਮਾਨਸਿਕ ਪੱਖ ਤੋਂ ਬਹੁਤ ਮਜ਼ਬੂਤ ਅਤੇ ਦ੍ਰਿੜ੍ਹ ਇਰਾਦੇ ਵਾਲੇ ਹਨ। ਨਿਰਾਸ਼ ਅਤੇ ਨਕਾਰਾਤਮਕ ਸੋਚ ਵਾਲੇ ਹਰ ਵਿਅਕਤੀ ਨੂੰ ਉਨ੍ਹਾਂ ਦੇ ਨਿਰੰਤਰ ਸੰਘਰਸ਼ ਅਤੇ ਉਨ੍ਹਾਂ ਦੇ ਰਚੇ ਸਾਹਿਤ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।

ਹਰਪਿੰਦਰ ਰਾਣਾ ਨੇ ਆਪਣੇ ਰੂਬਰੂ ਦੌਰਾਨ ਬਚਪਨ ਵਿਚ ਪੋਲੀਓ ਦਾ ਸ਼ਿਕਾਰ ਹੋਣ ਤੋਂ ਲੈ ਕੇ ਵਰਤਮਾਨ ਦੌਰ ਤੱਕ ਦੇ ਖੱਟੇ-ਮਿੱਠੇ ਤਜਰਬੇ ਸਾਂਝੇ ਕੀਤੇ।ਉਨ੍ਹਾ ਕਿਹਾ ਕਿ ਸ਼ੁਰੂਆਤੀ ਦੌਰ ਵਿਚ ਲੋਕਾਂ ਦੇ ਨਕਾਰਾਤਮਕ ਰਵੱਈਏ ਨੇ ਉਨ੍ਹਾਂ ਦਾ ਮਨੋਬਲ ਡੇਗਣ ਦੀ ਕੋਸ਼ਿਸ਼ ਕੀਤੀ, ਪਰੰਤੂ ਪਰਵਾਰ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਉਸ ਦੇ ਜ਼ਿਹਨ ਵਿਚ ਸਾਹਿਤਕ ਚੇਟਕ ਪੈਦਾ ਹੋ ਗਈ। ਬਾਅਦ ਵਿਚ ਉਸ ਦੀ ਜ਼ਿੰਦਗੀ ਵਿਚ ਆਏ ਵੱਖ-ਵੱਖ ਕਿਰਦਾਰ ਉਸ ਲਈ ਸਾਹਿਤਕ ਪ੍ਰੇਰਨਾ ਦਾ ਸਬੱਬ ਬਣਦੇ ਰਹੇ।ਉਨ੍ਹਾਂ ਕਿਹਾ ਕਿ ਵਿਰੋਧੀ ਪ੍ਰਸਥਿਤੀਆਂ ਨਾਲ ਮੱਥਾ ਲਾ ਕੇ ਬਾਹਰ ਨਿਕਲਣਾ ਹੀ ਅਸਲੀ ਜੀਵਨ ਦੀ ਪਰਿਭਾਸ਼ਾ ਹੈ। ਪੰਜਾਬੀ ਅਤੇ ਵਿਭਾਗ ਦੇ ਸਮੂਹ ਅਧਿਆਪਕਾਂ ਵੱਲੋਂ ਹਰਪਿੰਦਰ ਰਾਣਾ ਅਤੇ ਉਸ ਦੇ ਮਾਤਾ ਜੀ ਦਾ ਸਨਮਾਨ ਕੀਤਾ ਗਿਆ।

ਇਸ ਉਪਰੰਤ ਵਿਦਿਆਰਥੀਆਂ ਵੱਲੋਂ ਹਰਪਿੰਦਰ ਰਾਣਾ ਨਾਲ ਸਵਾਲ-ਜਵਾਬ ਦੇ ਰੂਪ ਵਿੱਚ ਸੰਵਾਦ ਰਚਾਇਆ ਗਿਆ। ਇਸ ਸਮਾਗਮ ਦਾ ਸੰਚਾਲਨ ਡਾ. ਰਾਜਵਿੰਦਰ ਸਿੰਘ ਨੇ ਬਾਖ਼ੂਬੀ ਨਿਭਾਇਆ ਅਤੇ ਧੰਨਵਾਦੀ ਸ਼ਬਦ ਡਾ. ਰਾਜਮੋਹਿੰਦਰ ਕੌਰ ਨੇ ਸਾਂਝੇ ਕੀਤੇ। ਇਸ ਪ੍ਰੋਗਰਾਮ ਵਿੱਚ ਪੰਜਾਬੀ ਵਿਭਾਗ ਦੇ ਖੋਜਾਰਥੀਆਂ-ਵਿਦਿਆਰਥੀਆਂ ਤੋਂ ਇਲਾਵਾ ਡਾ. ਦਰਸ਼ਨ ਸਿੰਘ ਆਸ਼ਟ, ਡਾ. ਗਿੰਦਰ ਸਿੰਘ, ਡਾ. ਗੁਰਪ੍ਰੀਤ ਸਿੰਘ, ਡਾ. ਮਨਿੰਦਰ ਕੌਰ, ਡਾ. ਸਰਬਜੀਤ ਕੌਰ, ਡਾ. ਰਵਿੰਦਰ ਕੌਰ ਅਤੇ ਹਰਪਿੰਦਰ ਰਾਣਾ ਦੇ ਵਿਦਿਆਰਥੀ ਵੀ ਇਸ ਸਮਾਗਮ ਵਿੱਚ ਸ਼ਾਮਲ ਰਹੇ।

# ਕਰਨੈਲ ਸਿੰਘ ਵਜ਼ੀਰਾਬਾਦ ਦੇ ਕਹਾਣੀ ਸੰਗ੍ਰਹਿ 'ਹੰਝੂ ਭਿੱਜੀਆਂ ਬਾਤਾਂ' 'ਤੇ ਚਰਚਾ



**ਖੰਨਾ**-ਬੀਤੇ ਦਿਨ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਅਤੇ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਸਹਿਯੋਗ ਨਾਲ ਸਾਹਿਤਕ ਸਮਾਗਮ ਇਸ ਵਾਰ ਪਿੰਡ ਮੁੰਡੀਆਂ ਖੁਰਦ ਵਿਖੇ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਸਭਾ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ, ਪ੍ਰਧਾਨ ਕਿਰਨਦੀਪ ਸਿੰਘ ਕੁਲਾਰ ਅਤੇ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਵੱਲੋਂ ਕੀਤੀ ਗਈ। ਅੱਜ ਦੀ ਇਸ ਸਾਹਿਤਕ ਸਮਾਗਮ ਵਿੱਚ ਪ੍ਰਸਿੱਧ ਨਾਵਲਕਾਰ ਕਰਨੈਲ ਸਿੰਘ ਵਜ਼ੀਰਾਬਾਦ ਦੀ ਪੁਸਤਕ 'ਹੰਝੂ ਭਿੱਜੀਆਂ ਬਾਤਾਂ' (ਕਹਾਣੀ ਸੰਗ੍ਰਹਿ) ਉੱਪਰ ਵਿਸ਼ੇਸ਼ ਚਰਚਾ ਕੀਤੀ ਗਈ। ਕਿਤਾਬ 'ਤੇ ਪਰਚਾ ਵਿਸਥਾਰ ਨਾਲ ਰਵਿੰਦਰ ਪਾਲ ਕੌਲਗੜ੍ਹ ਵੱਲੋਂ ਪੜ੍ਹਿਆ ਗਿਆ। ਇਸ ਤੋਂ ਬਾਅਦ ਇਸ ਪੁਸਤਕ 'ਤੇ ਚਰਚਾ ਕੀਤੀ ਗਈ ।ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ ਅਤੇ ਪ੍ਰਸਿੱਧ ਨਾਵਲਕਾਰ ਰਾਮ ਸਰੂਪ ਰਿਖੀ ਹੋਰਾਂ ਨੇ ਇਸ ਕਹਾਣੀ ਸੰਗ੍ਰਹਿ ਉੱਪਰ ਚਰਚਾ ਕੀਤੀ।

ਇਸ ਸਾਹਿਤਕ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਸ੍ਰੀ ਤੇਲੂ ਰਾਮ ਕੁਹਾੜਾ ਵੱਲੋਂ ਨਾਵਲਕਾਰ ਕਰਨੈਲ ਸਿੰਘ ਵਜ਼ੀਰਾਬਾਦ ਦੀ ਪੁਸਤਕ 'ਹੰਝੂ ਭਿੱਜੀਆਂ ਬਾਤਾਂ' ਵਿਚਲੀਆਂ 14 ਕਹਾਣੀਆਂ ਬਾਰੇ ਨਿੱਠ ਕੇ ਗੱਲਬਾਤ ਕੀਤੀ ਅਤੇ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਵੱਲੋਂ ਕਰਵਾਏ ਜਾ ਰਹੇ ਸਾਹਿਤਕ ਕਾਰਜਾਂ ਦੀ ਪ੍ਰਸੰਸਾ ਕੀਤੀ। ਇਸ ਤੋਂ ਬਾਅਦ ਆਪਣੀ ਇੱਕ ਰਚਨਾ ਗਜ਼ਲ ਸੁਣਾ ਕੇ ਇਸ ਸਮਾਗਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਸਮਾਗਮ 'ਚ ਕਵੀ ਦਰਬਾਰ ਵੀ ਕਰਵਾਇਆ ਗਿਆ । ਅਖੀਰ ਵਿੱਚ ਪੰਜਾਬੀ ਸਾਹਿਤ ਸਭਾ ਸਾਂਝੀ ਸੱਥ ਦੇ ਸਰਪ੍ਰਸਤ ਅਵਤਾਰ ਸਿੰਘ ਉਟਾਲਾਂ ਵੱਲੋਂ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ । ਇਸ ਸਮਾਗਮ ਦੀ ਕਾਰਵਾਈ ਪੰਜਾਬੀ ਸਾਹਿਤ ਸਭਾ ਸੱਥ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਭਾਦਲਾ ਅਤੇ ਗੁਰੀ ਤੁਰਮਰੀ ਵੱਲੋਂ ਬਾਖ਼ੂਬੀ ਨਿਭਾਈ ਗਈ।

—ਸੁਖਵਿੰਦਰ ਸਿੰਘ ਭਾਦਲਾ

# ਸੁਰਿੰਦਰ ਕੈਲੇ ਦਾ ਮਿੰਨੀ ਕਹਾਣੀ ਸੰਗ੍ਰਹਿ 'ਚੁੱਪ ਦਾ ਸੰਨਾਟਾ' ਲੋਕ ਅਰਪਣ



**ਲੁਧਿਆਣਾ** : ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪੰਜਾਬੀ ਭਵਨ ਵਿਖੇ ਸੁਰਿੰਦਰ ਕੈਲੇ ਦੀ ਮਿੰਨੀ ਕਹਾਣੀਆਂ ਦੀ ਨਵ-ਪ੍ਰਕਾਸ਼ਿਤ ਪੁਸਤਕ 'ਚੁੱਪ ਦਾ ਸੰਨਾਟਾ' ਲੋਕ ਅਰਪਨ ਕੀਤੀ ਗਈ। (ਫੋਟੋ 'ਚ) ਡਾ. ਸ.ਸ. ਜੌਹਲ ਹੁਰਾਂ ਦੇ ਨਾਲ ਡਾ. ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ, ਡਾ. ਕੁਲਦੀਪ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ ਤੇ ਡਾ. ਅਨੂਪ ਸਿੰਘ। ਇਸ ਮੌਕੇ ਡਾ. ਪਾਲ ਕੌਰ, ਡਾ. ਗੁਰਚਰਨ ਕੌਰ ਕੋਚਰ, ਸਹਿਜਪਰੀਤ ਸਿੰਘ ਮਾਂਗਟ, ਡਾ. ਹਰਵਿੰਦਰ ਸਿੰਘ ਸਿਰਸਾ, ਪ੍ਰੋਫੈਸਰ ਰਵਿੰਦਰ ਭੱਠਲ, ਡਾ. ਗੁਰਇਕਬਾਲ ਸਿੰਘ, ਜਸਪਾਲ ਮਾਨਖੇੜਾ, ਸਤਿਨਾਮ ਸਿੰਘ ਵਾਹਿਦ, ਡਾ. ਸੰਤੋਖ ਸੁੱਖੀ, ਨਰਿੰਦਰਪਾਲ ਕੌਰ, ਵਰਗਿਸ ਸਲਾਮਤ, ਜਨਮੇਜਾ ਸਿੰਘ ਜੌਹਲ, ਹਰੀ ਸਿੰਘ ਜਾਚਕ ਤੇ ਹੋਰ ਸਾਹਿਤਕਾਰ ਹਾਜ਼ਰ ਸਨ।

# 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਲੋਕ ਅਰਪਣ



**ਪਟਿਆਲਾ**-ਡਾ. ਗੁਰਸ਼ਰਨ ਕੌਰ ਜੱਗੀ ਸਾਬਕਾ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਪ੍ਰਿੰਸੀਪਲ ਗਰਲਜ਼ ਕਾਲਜ ਪਟਿਆਲਾ ਨੇ ਇੱਕ ਸਮਾਗਮ ਵਿੱਚ ਭਾਈ ਜੈਤੇਗ ਸਿੰਘ ਅਨੰਤ ਵੱਲੋਂ ਸੰਪਾਦਿਤ ਕੀਤੀ 'ਕੂੜ ਨਾ ਪਹੁੰਚੇ ਸੱਚ ਨੂੰ' ਪੰਜਾਬੀ ਤੇ ਅੰਗਰੇਜ਼ੀ ਦੀ ਦੋਭਾਸ਼ੀ ਪੁਸਤਕ ਲੋਕ ਅਰਪਨ ਕੀਤੀ। ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪੁਸਤਕ ਰਾਗਮਾਲਾ ਬਾਰੇ ਸਾਰੇ ਭਰਮ-ਭੁਲੇਖੇ ਦੂਰ ਕਰਨ ਦਾ ਉਪਰਾਲਾ ਹੈ। ਉਨ੍ਹਾਂ ਅੱਗੋਂ ਕਿਹਾ ਕਿ 'ਕੂੜ ਨਾ ਪਹੁੰਚੇ ਸੱਚ ਨੂੰ' ਪੁਸਤਕ ਗਿਆਨੀ ਗੁਰਦਿਤ ਸਿੰਘ ਦੀ ਖੋਜ ਦਾ ਤੱਥਾਂ ਸਹਿਤ ਸਮਰਥਨ ਕਰਦੀ ਹੈ। ਇਸ ਪੁਸਤਕ ਵਿੱਚ 27 ਪੰਜਾਬੀ ਅਤੇ ਅੰਗਰੇਜ਼ੀ ਦੇ ਵਿਦਵਾਨ ਵੱਲੋਂ ਲਿਖੇ ਲੇਖ ਤੱਥਾਂ ਸਮੇਤ ਸ਼ਾਮਲ ਕੀਤੇ ਗਏ ਹਨ। ਇਹ ਪੁਸਤਕ ਭਾਈ ਸਾਹਿਬ ਭਾਈ ਰਣਧੀਰ ਟਰੱਸਟ ਯੂ.ਕੇ. ਵੱਲੋਂ ਪ੍ਰਕਾਸ਼ਤ ਕੀਤੀ ਗਈ ਹੈ। ਇਸ ਮੌਕੇ ਪਰਿਚਰਚਾ ਵਿੱਚ ਪ੍ਰਿੰਸੀਪਲ ਡਾ. ਐੱਸ.ਐੱਸ. ਰੇਖੀ, ਪ੍ਰੋ. ਹਰਿੰਦਰ ਕੌਰ, ਦਲਜੀਤ ਸਿੰਘ ਸਾਬਕਾ ਆਈ.ਜੀ. ਸੀ.ਆਰ.ਪੀ.ਐੱਫ਼ ਅਤੇ ਹਰਪਾਲ ਕੌਰ ਨੇ ਹਿੱਸਾ ਲਿਆ। ਇਹ ਪੁਸਤਕ ਡਾ. ਰਤਨ ਸਿੰਘ ਜੱਗੀ ਨੇ ਲੋਕ ਅਰਪਨ ਕਰਨੀ ਸੀ, ਪ੍ਰੰਤੂ ਉਨ੍ਹਾਂ ਦੇ ਅਚਾਨਕ ਸਵਰਗਵਾਸ ਹੋਣ ਕਰਕੇ ਸੰਭਵ ਨਹੀਂ ਹੋਇਆ। ਇਸ ਕਰਕੇ ਇਹ ਪੁਸਤਕ ਉਨ੍ਹਾਂ ਦੇ ਗ੍ਰਹਿ ਅਰਬਨ ਅਸਟੇਟ ਪਟਿਆਲਾ ਵਿਖੇ ਲੋਕ ਅਰਪਨ ਕੀਤੀ ਗਈ।

# ਅੰਤਰਰਾਸ਼ਟਰੀ ਪੰਜਾਬੀ ਦਿਵਸ ਮਨਾਇਆ



**ਅੰਮ੍ਰਿਤਸਰ**-12ਵੀਂ ਸਦੀ ਦੇ ਮਹਾਨ ਸੂਫੀ ਦਰਵੇਸ਼ ਬਾਬਾ ਸ਼ੇਖ਼ ਫ਼ਰੀਦ ਜੀ ਦੇ ਆਗਮਨ ਦਿਵਸ 'ਤੇ ਜਨਵਾਦੀ ਲੇਖਕ ਸੰਘ ਵੱਲੋਂ ਆਤਮ ਪਬਲਿਕ ਸਕੂਲ ਇਸਲਾਮਾਬਾਦ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਪੰਜਾਬੀ ਮਾਤ-ਭਾਸ਼ਾ ਦਿਵਸ ਮਨਾਇਆ ਗਿਆ।ਸਕੂਲ ਦੇ ਮੁਖੀ ਪ੍ਰਤੀਕ ਸਹਿਦੇਵ ਅਤੇ ਅੰਕਿਤਾ ਸਹਿਦੇਵ ਨੇ ਸਵਾਗਤੀ ਸ਼ਬਦ ਬੋਲਦਿਆਂ ਕਿਹਾ ਕਿ ਉਹਨਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਵਿਦਵਾਨ ਸਾਹਿਤਕਾਰ ਵਿਦਿਆਰਥੀਆਂ ਨਾਲ ਮਾਤ ਭਾਸ਼ਾ ਪ੍ਰਤੀ ਸੰਵਾਦ ਰਚਾਉਂਦੇ ਹਨ। ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਬਾਬਾ ਸ਼ੇਖ ਫਰੀਦ ਸਾਹਬ ਨੂੰ ਅਕੀਦਤ ਭੇਟ ਕਰਦਿਆਂ ਕਿਹਾ ਕਿ ਇਹਨਾਂ ਗੁਰੂਆਂ, ਪੀਰਾਂ, ਸੂਫੀਆਂ, ਸੰਤਾਂ ਅਤੇ ਨਾਥਾਂ-ਜੋਗੀਆਂ ਵੱਲੋਂ ਸਦੀਆਂ ਪਹਿਲਾਂ ਵਰਤੋਂ- ਵਿਹਾਰ ਵਿਚ ਲਿਆਂਦੀ ਪੰਜਾਬੀ ਜ਼ੁਬਾਨ ਦੀ ਬਿਹਤਰੀ ਲਈ ਸਾਨੂੰ ਹਮੇਸ਼ਾ ਕਾਰਜਸ਼ੀਲ ਰਹਿਣਾ ਚਾਹੀਦਾ ਹੈ। ਪੰਜਾਬੀ ਸ਼ਾਇਰ ਮਲਵਿੰਦਰ ਨੇ ਕਿਹਾ ਕਿ ਮਾਤਰੀ ਜ਼ੁਬਾਨ ਧਰਮਾਂ ਦੀਆਂ ਵਲਗਣਾਂ ਤੋਂ ਉੱਪਰ ਉੱਠ ਕੇ ਮਨੁੱਖ ਨੂੰ ਸਾਂਝੇ ਸੱਭਿਆਚਾਰ ਵਿੱਚ ਪਰੋ ਕੇ ਰੱਖਦੀ ਹੈ। ਡਾ. ਹੀਰਾ ਸਿੰਘ ਨੇ ਤੱਥਾਂ ਦੇ ਅਧਾਰਤ ਬੋਲਦਿਆਂ ਕਿਹਾ ਕਿ ਮਾਂ ਬੋਲੀ ਪੰਜਾਬੀ ਕੇਵਲ ਸਾਡੀ ਮਾਤ-ਭਾਸ਼ਾ ਹੀ ਨਹੀਂ, ਸਗੋਂ ਸਾਡੀ ਸੱਭਿਆਚਾਰਕ ਪਛਾਣ ਦਾ ਅਟੁੱਟ ਹਿੱਸਾ ਹੈ।ਪੰਜਾਬੀ ਸ਼ਾਇਰਾ ਵਿਜੇਤਾ ਰਾਜ ਨੇ ਆਪਣੀ ਨਜ਼ਮ ਤਰੰਨੁਮ ਵਿੱਚ ਪੇਸ਼ ਕਰਕੇ ਮਾਹੌਲ ਨੂੰ ਅਦਬੀ ਰੰਗ ਬਖਸ਼ਿਆ। ਕਾਲਮ ਨਵੀਸ ਮਨਮੋਹਨ ਸਿੰਘ ਢਿੱਲੋਂ, ਨਾਵਲਕਾਰ ਵਜੀਰ ਸਿੰਘ ਰੰਧਾਵਾ ਅਤੇ ਸਕੂਲ ਅਧਿਆਪਕਾਂ ਨੇ ਵੀ ਇਸ ਮੌਕੇ ਮਾਤ ਭਾਸ਼ਾ ਪ੍ਰਤੀ ਆਪਣੇ ਵਿਚਾਰ ਪ੍ਰਗਟ ਕੀਤੇ, ਜਦਕਿ ਐਡਵੋਕੇਟ ਮੋਹਿਤ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਸਭ ਦਾ ਧੰਨਵਾਦ ਕੀਤਾ।

# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

21 ਸਤੰਬਰ ਦੇ 'ਐਤਵਾਰਤਾ' ਵਿਚ 'ਦ੍ਰਿਸ਼ਟੀਕੋਣ' ਨੇ ਸਿਆਸੀ ਸਫਾਂ ਵਿੱਚ ਚੱਲ ਰਹੇ ਵੋਟ ਚੋਰੀ ਦੇ ਮੁੱਦੇ ਬਾਰੇ ਸਹੀ ਸੁਝਾਅ ਦਿੱਤਾ ਹੈ ਕਿ ਜਿਸ ਸੂਬੇ ਵਿਚ ਵੀ ਇਹ ਸ਼ੱਕ ਪੈ ਰਿਹਾ ਹੈ ਕਿ ਭਾਜਪਾ ਨੇ ਚੋਣ ਕਮਿਸ਼ਨ ਨਾਲ ਮਿਲ ਕੇ ਵੋਟਾਂ ਕੱਟੀਆਂ ਹਨ, ਉਸ ਦਾ ਪਾਜ਼ ਖੋਲ੍ਹਣ ਲਈ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਏਕਤਾ ਕਰਨੀ ਬਣਦੀ ਹੈ। ਕੇਜਰੀਵਾਲ ਦੀ ਦਿੱਲੀ ਵਿਚ ਹੋਈ ਹਾਰ ਦਾ ਜ਼ਿਕਰ ਵੀ ਕਾਲਮ ਵਿਚ ਕੀਤਾ ਗਿਆ ਹੈ ਕਿ ਕੁਲ ਵੋਟਾਂ ਵੱਡੀ ਗਿਣਤੀ ਵਿਚ ਪਹਿਲਾਂ ਨਾਲੋਂ ਘੱਟ ਹਨ ।ਇਹ ਤਾਂ ਸਾਫ ਹੈ ਕਿ ਕੁਝ ਗਲਤ ਹੋਇਆ ਹੈ ਵੋਟਾਂ ਵਧਦੀਆਂ ਤੇ ਆਮ ਸੁਣਦੇ ਹਾਂ ਪਰ ਦਿੱਲੀ ਵਿਚ ਵੋਟ ਘਟ ਜਾਣੀ ਜ਼ਰੂਰ ਦਾਲ ਵਿਚ ਕਾਲਾ ਹੈ, ਪਰ ਆਮ ਆਦਮੀ ਪਾਰਟੀ ਤਾਂ ਖੁਦ ਚੁੱਪ ਹੈ। ਕਾਂਗਰਸ ਇਕੱਲੀ ਬੋਲ ਰਹੀ ਹੈ। ਪੰਜਾਬ ਕਾਂਗਰਸ ਵੀ ਚੁੱਪ। ਬੋਲ ਤਾਂ ਸਿਰਫ ਰਾਹੁਲ ਗਾਂਧੀ ਰਿਹਾ ਹੈ, ਬਾਕੀ ਚੁੱਪ ਕਿਉਂ ? ਹੋਰ ਅਖਬਾਰਾਂ ਵਿਚ ਵੀ ਵੋਟ ਚੋਰੀ ਮੁੱਦਾ ਭਾਰੂ ਹੈ । ਖੈਰ ਜੇ ਵੋਟ ਚੋਰੀ ਦੀ ਗੱਲ ਸਹੀ ਤਾਂ ਬੱਕਰੇ ਦੀ ਮਾਂ ਕਿੰਨਾ ਕੁ ਚਿਰ ਖੈਰ ਮਨਾਏਗੀ। ਕਿਸੇ ਦਿਨ ਲੋਕਤੰਤਰ ਦਾ ਘਾਣ ਹੁੰਦਾ ਲੋਕ ਵੇਖਣਗੇ । ਸੁਰਜੀਤ ਸੁਮਨ ਨੇ ਕਈ ਗੰਭੀਰ ਮੁੱਦੇ ਚੁੱਕੇ ਹਨ ।ਕਾਲਮ ਦਿਲਚਸਪ ਹੈ ਤੇ ਸਮੱਸਿਆਵਾਂ ਦੀ ਤਹਿ ਤੱਕ ਜਾਂਦਾ ਹੈ। ਹਰਮੇਸ਼ ਮਾਲੜੀ ਨੇ ਬੇਜ਼ਮੀਨੇ ਮਜ਼ਦੂਰ ਲੋਕਾਂ ਦੀ ਸਮਾਜਿਕ ਸਥਿਤੀ ਦੀ ਘੋਖ ਕੀਤੀ ਹੈ ।ਇਹ ਬਹੁਤ ਵੱਡਾ ਮਸਲਾ ਹੈ। ਜ਼ਮੀਨਾਂ ਵਾਲੇ ਵੀ ਹੁਣ ਦੁਖੀ ਹਨ, ਬੇਜ਼ਮੀਨਿਆਂ ਦਾ ਦਰਦ ਤਾਂ ਲਿਖਿਆ ਵੀ ਨਹੀਂ ਜਾ ਸਕਦਾ ।ਸਰਕਾਰਾਂ ਮੁਫਤ ਯੋਜਨਾਵਾਂ ਲਿਆ ਕੇ ਵੋਟ ਬੈਂਕ ਪੱਕਾ ਕਰਨ ਦੀ ਤਾਕ ਵਿਚ ਰਹਿੰਦੀਆਂ ਹਨ ।ਹੁਣ ਇਹੋ ਕੁਝ ਹੋ ਰਿਹਾ ਹੈ। ਇਹ ਤਮਾਸ਼ਾ ਰੋਜ਼ ਹੁੰਦਾ ਹੈ । ਨਵਾਂ ਜ਼ਮਾਨਾ ਇਸ ਸਥਿਤੀ 'ਤੇ ਗਹਿਰੀ ਤਾਕ ਰੱਖਦਾ ਹੈ। ਸੁਖਦੇਵ ਸਿੰਘ ਸਿਰਸਾ ਨੇ ਪ੍ਰਗਤੀਸ਼ੀਲ ਸਾਹਿਤ ਬਾਰੇ ਵਿਸਤਰਿਤ ਜਾਣਕਾਰੀ ਦਿਤੀ ਹੈ। ਪੰਜਾਬੀ ਸਾਹਿਤਕਾਰਾਂ ਨੇ (ਦੋਨੋਂ ਪੰਜਾਬ) ਪ੍ਰਗਤੀਸ਼ੀਲ ਸਾਹਿਤ ਰਚਨ ਵਿਚ ਉੱਘਾ ਯੋਗਦਾਨ ਪਾਇਆ ਹੈ। ਖਾਸ ਕਰਕੇ ਪ੍ਰੋ. ਮੋਹਨ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਗੁਰਸ਼ਰਨ ਸਿੰਘ, ਪਾਸ਼, ਅੰਮ੍ਰਿਤਾ ਪ੍ਰੀਤਮ, ਸੰਤੋਖ ਸਿੰਘ ਧੀਰ ਨੇ। ਕਿਤਾਬਾਂ ਵਿਚ ਭੁਪਿੰਦਰ ਸਿੰਘ ਮਾਨ ਦੀ ਲਾਲ ਰਤਾ ਦੀਆਂ ਕਹਾਣੀਆਂ ਦੇ ਕੁਝ ਵਿਸ਼ੇਸ਼ ਝੁਕਾਵਾਂ ਦੀ ਚਰਚਾ ਕੀਤੀ ਹੈ। ਖਾਸ ਕਰਕੇ ਨਜਾਇਜ਼ ਰਿਸ਼ਤਿਆਂ ਦੀ। ਪੰਜਾਬੀ ਕਹਾਣੀ ਵਿਚ ਇਹ ਪੁਰਾਣਾ ਤੇ ਰਵਾਇਤੀ ਵਿਸ਼ਾ ਰਿਹਾ ਹੈ । ਰਾਮ ਸਰੂਪ ਅਣਖੀ ਨੇ ਇਸ ਬਾਰੇ ਬਹੁਤ ਲਿਖਿਆ ਹੈ। ਜਸਵੀਰ ਭਲੂਰੀਆ ਦੀ ਕਿਤਾਬ 'ਨਵੀਆਂ ਬਾਤਾਂ' ਦੇ ਲੋਕ ਅਰਪਣ ਦੀ ਲੇਖਕ ਭਲੂਰੀਆ ਨੂੰ ਮੁਬਾਰਕ ।

—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਜ਼ਖ਼ਮਾਂ ਦਾ ਹਰੇ ਰਹਿਣਾ

ਐਤਵਾਰ ਦੇ ਤੇਤੀ ਵੇਂ ਅੰਕ ਵਿੱਚ ਸੁਰਜੀਤ ਸੁਮਨ ਨੇ ਪਿਛਲੇ ਅੰਕਾਂ ਵਾਂਗ ਅਜਿਹੇ ਚਲੰਤ ਵਿਸ਼ਿਆਂ ਵੱਲ ਝਾਤ ਪੁਆਈ ਹੈ ਕਿ ਹਰੇਕ ਪੰਜਾਬੀ ਦੇ ਦਿਲ ਦੀ ਤਰਜ਼ਮਾਨੀ ਕਰ ਗਿਆ । ਉਹਨੇ, ਇਹ ਗਰਾਂ ਦੋਸਤਾ, ਸਾਨੂੰ ਤੇਰੇ ਬਿਨਾ, ਚੰਗਾ ਲੱਗਦਾ ਨਹੀਂ ÷ ਰਾਮਪੁਰ ਦੀ ਯਾਦ ਨੂੰ ਛੱਡ ਕੇ ਹਰੇ ਜ਼ਖ਼ਮਾਂ ਦੀ ਗੱਲ ਕੀਤੀ ਹੈ । ਇਹਦਾ ਹਰੇਕ ਲੇਖ ਲੌਂਗਾਂ ਦੀ ਖੁਸ਼ਬੂ ਦਿੰਦਾ ਹੈ । ਕਈ ਵਾਰ ਬਰਫ਼ ਤੇ ਅੱਗ ਨੂੰ ਇਕੱਠਾ ਕਰਕੇ ਪਾਠਕ ਮੂਹਰੇ ਰੱਖ ਦਿੰਦਾ ਹੈ । ਬੇ-ਤਰਦੀਵੀ ਹਵਾਵਾਂ ਉਸਦੀ ਲੇਖਣੀ ਵਿੱਚ ਰਾਹ ਫੜਦੀਆਂ ਹਨ । ਬੀਹੀ ਵਿੱਚ ਚਿੜੀਆਂ ਦਾ ਹੋਕਾ ਜਿਹੇ ਸ਼ਬਦਾਂ ਨਾਲ ਸਾਂਝ ਪਵਾਉਣਾ ਮੁਹੱਬਤੀ ਸੁਨੇਹਾ ਦਿੰਦਾ ਹੈ ।

- ਇੰਦਰਜੀਤ ਪ੍ਰੇਮੀ, ਚੰਡੀਗੜ੍ਹ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਉਸ਼ਾਤਾਈ ਡਾਂਗੇ : ਅਨਿਲ ਰਾਜੀਮਵਾਲੇ

ਕਾਲੇ ਪਾਣੀਆਂ ਵਿੱਚ : ਹਰਪਾਲ ਸਿੰਘ ਸੰਧਾਵਾਲੀਆ

'ਖੋਰਾ' : ਧਰਮਪਾਲ ਸਹਿਲ (ਫੋਕਸ) ਡਾ. ਸੁਰਜੀਤ ਬਰਾੜ

ਡਾ. ਸਾਧੂ ਰਾਮ ਲੰਗੇਆਣਾ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ



*ਮਨਿੰਦਰ ਕੌਰ ਮਨ ਸਮਕਾਲੀ ਪੰਜਾਬੀ ਨਾਰੀ-ਕਾਵਿ ਵਿੱਚ ਡੂੰਘੀ ਸੰਵੇਦਨਾ ਦੀ ਸਿਰਜਣਹਾਰੀ ਹੈ। 'ਮਨ' ਹੀ ਉਸ ਦੀ ਕਵਿਤਾ ਦਾ ਪੈਰਾਡਾਈਮ ਹੈ। ਉਹ ਕੁਦਰਤ ਦੀ ਖ਼ੂਬਸੂਰਤੀ ਵਿੱਚ, ਪਿਆਰ-ਮੁਹੱਬਤ ਦੇ ਰੁਮਾਂਸ ਵਿੱਚ ਤੇ ਰਿਸ਼ਤਿਆਂ ਦੀ ਸੰਵੇਦਨਾ ਵਿੱਚ ਜੀਣਾ ਚਾਹੁੰਦੀ ਹੈ, ਪਰ ਯਥਾਰਥ ਦੀ ਜ਼ਮੀਨ 'ਤੇ ਆ ਕੇ ਮਨ ਹਲਕੀ ਜਿਹੀ ਚੋਟ ਖਾਂਦਾ ਹੈ ਤੇ ਕਵਿਤਾ ਦੀ ਸਿਰਜਣਾ ਹੁੰਦੀ ਹੈ। ਇਸ ਮਨ ਦੀ ਸੰਵੇਦਨਾ ਦੀ ਸਾਂਝ, ਉਹ ਪਾਠਕ ਨਾਲ ਕਵਿਤਾ ਰਾਹੀਂ ਪਾਉਂਦੀ ਹੈ, ਪਰ ਕਈ ਵਾਰ 'ਤੂੰ' ਦਾ ਭਰਮ, ਕਵਿਤਾ ਤੋਂ ਵੀ ਵੱਡਾ ਹੋ ਜਾਂਦਾ ਹੈ, ਪਰ ਮਨਿੰਦਰ, ਮਨ ਦੇ ਰਿਸ਼ਤਿਆਂ ਦੇ ਯਥਾਰਥ ਪ੍ਰਤੀ ਸੁਚੇਤ ਹੈ। ਉਹ ਜਾਣਦੀ ਹੈ, ਉਸ ਦੀ ਆਪਣੀ ਕੋਈ ਸੀਮਾ ਨਹੀਂ, ਉਸ ਨੇ ਤਾਂ ਖ਼ੁਦ ਨੂੰ ਸਮੇਟਿਆ ਹੋਇਆ ਹੈ, ਬੜੇ ਸਲੀਕੇ ਨਾਲ। ਚਾਰ ਲਾਵਾਂ ਨੇ ਇੱਕ ਉਮੀਦ, ਇੱਕ ਭਵਿੱਖ, ਇੱਕ ਰੀਝ ਨੂੰ ਪੂਰਿਆਂ ਕਰਨਾ ਹੁੰਦਾ ਹੈ, ਪਰ ਉਥੇ ਵੀ ਔਰਤ ਇਕੱਲੀ ਹੈ, ਆਪਣੇ ਦੁੱਖ-ਸੁੱਖ ਨਾਲ, ਉਸ ਦਾ ਕੋਈ ਘਰ ਨਹੀਂ, 'ਆਪਣਿਆਂ' ਦਾ ਭਰਮ ਹੈ, ਜੇ ਇਸ ਭਰਮ ਵਿੱਚ ਰਹਿਣਾ ਹੈ ਤਾਂ 'ਮਰਨਾ ਤੋਂ ਦਿਨ ਕਟੀ ਕਰਨਾ ਹੈ ਚੁੱਪ-ਚਾਪ'। ਇਸ ਔਰਤ ਦੀ 'ਆਜ਼ਾਦੀ' ਵੀ ਭਰਮ ਹੈ, ਕਿਉਂਕਿ ਉਸ ਦਾ ਮਨ ਸੰਸਕਾਰਾਂ 'ਚ ਜਕੜਿਆ ਹੋਇਆ ਹੈ, 'ਜਕੜੇ ਪੈਰਾਂ ਹੇਠ ਕੋਈ ਜ਼ਮੀਨ ਨਹੀਂ, ਨਾ ਹੱਥਾਂ 'ਚ ਅੰਬਰ'।*

*ਮਨਿੰਦਰ ਕੌਰ ਮਨ ਘੂਰਦੀ ਨਜ਼ਰ ਦੇ ਚੇਤਵੇਂ ਅਹਿਸਾਸ ਨੂੰ ਸਿਰਜ ਸਕਦੀ ਹੈ। ਉਮੀਦ ਕਰਦੀ ਹਾਂ, ਉਸ ਦੀ ਆਉਣ ਵਾਲੀ ਕਵਿਤਾ ਵਿੱਚ ਉਸ ਦੇ ਪੈਰ ਸਾਰੀ ਜਕੜਨ 'ਚੋਂ ਮੁਕਤ ਹੋ ਜਾਣ ਅਤੇ ਸੂਰਜ ਉਸ ਦੇ ਮਨ ਅੰਦਰ ਹੀ ਨਹੀਂ, ਚੇਤਨਾ ਅੰਦਰ ਵੀ ਉੱਤਰ ਆਵੇ!*

**— ਪਾਲ ਕੌਰ**

# ਮਨਿੰਦਰ ਕੌਰ ਮਨ ਦੀਆਂ ਕਵਿਤਾਵਾਂ

## ਖੁਸ਼ੀ

ਬੂਹੇ ਬਾਰੀਆਂ
ਬੰਦ ਵੇਖ
ਵਾਪਸ ਨਹੀਂ ਪਰਤਿਆ
ਮੇਰੇ ਹਿੱਸੇ ਦੀ ਖ਼ੁਸ਼ੀ ਦਾ ਸੂਰਜ
ਆ ਹੀ ਗਿਆ
ਮਨ ਤੀਕਰ
ਝੀਥਾਂ ਤਾਂਈਂ
ਵਿੱਥਾਂ ਤਾਂਈਂ
ਸੂਰਜ ਬੂਹੇ ਬਾਰੀ ਦਾ ਮੁਹਤਾਜ ਨਹੀਂ.....

## ਪਹਿਲੀ ਬੂੰਦ

ਬਾਰਿਸ਼ ਦੀ ਪਹਿਲੀ ਬੂੰਦ ਦਾ
ਧਰਤੀ 'ਤੇ ਪੈਣਾ
ਸੌਂਧੀ ਜਿਹੀ ਖ਼ੁਸ਼ਬੂ ਦਾ
ਹਵਾ 'ਚ ਖਿੱਲਰੇ ਰਹਿਣਾ

ਬਾਰਿਸ਼ ਦੀ ਪਹਿਲੀ ਬੂੰਦ ਦਾ
ਠਹਿਰੇ ਪਾਣੀ 'ਤੇ ਪੈਣਾ
ਪਾਣੀ 'ਚ ਤਰੰਗਾਂ ਦਾ
ਬਿਖਰੇ ਰਹਿਣਾ

ਬਾਰਿਸ਼ ਦੀ ਪਹਿਲੀ ਬੂੰਦ ਦਾ
ਕਿਸੇ ਪੱਤੇ 'ਤੇ ਪੈਣਾ
ਪੱਤੇ ਦਾ ਸਿਰ ਝੁਕਾ
ਜੀ ਆਇਆਂ ਨੂੰ ਕਹਿਣਾ

ਬਾਰਿਸ਼ ਦੀ ਪਹਿਲੀ ਬੂੰਦ ਦਾ
ਕਿਸੇ ਸਹਿਰਾ 'ਤੇ ਪੈਣਾ
ਪੈਂਦਿਆਂ ਸਾਰ ਹੀ
ਬਸ ਜਜ਼ਬ ਹੋ ਬਹਿਣਾ

ਬਾਰਿਸ਼ ਦੀ ਪਹਿਲੀ ਬੂੰਦ ਦਾ
ਕਿਸੇ ਪੰਛੀ 'ਤੇ ਪੈਣਾ
ਖੰਭਾਂ ਨੂੰ ਝਟਕਾ
ਬਦਲਾਂ ਨੂੰ ਵੇਖਦੇ ਰਹਿਣਾ

ਸਭ ਤੋਂ ਅਲੌਕਿਕ
ਪਿਆਰ ਦੀ ਪਹਿਲੀ ਬੂੰਦ ਦਾ
ਮਨ ਦੀ ਧਰਾ 'ਤੇ ਪੈਣਾ
ਸੰਪੂਰਨ ਧਰਾ ਦਾ
ਇੱਕ ਬੂੰਦ 'ਚ ਸਿਮਟ ਕੇ ਰਹਿਣਾ

## ਦੂਰੀ

ਦੂਰੀ
ਮੀਲਾਂ ਵਿੱਚ
ਮਾਪੀ ਜਾਂਦੀ
ਤਾਂ ਹਜ਼ਾਰਾਂ ਮੀਲਾਂ ਦੀ ਵਿੱਥ
ਦੂਰ ਕਰ ਸਕਦੀ ਸੀ

ਦੂਰੀ ਸਾਲਾਂ ਵਿੱਚ
ਮਾਪੀ ਜਾਂਦੀ ਤਾਂ
ਸਾਲਾਂ ਬੱਧੀ ਦਾ ਵਖਰੇਵਾਂ
ਵੱਖ ਕਰ ਸਕਦਾ ਸੀ

ਮਿਲਣਾ
ਸਿਰਫ਼ ਛੂਹਣਾ ਹੁੰਦਾ ਤਾਂ
ਇੱਕ ਦੂਜੇ ਦੀਆਂ ਬਾਹਾਂ
ਖ਼ਤਮ ਕਰਦੀਆਂ ਹਰ ਤਲਾਸ਼

ਅਸਲ ਵਿੱਚ
ਦੂਰੀ ਸਿਰਫ਼
'ਮਨਾਂ ਦੀ ਦੂਰੀ'
ਮਿਲਣਾ ਸਿਰਫ਼
'ਮਨਾਂ ਦਾ ਮਿਲਣਾ'

## ਸਿਰਫ ਤੂੰ

ਤੇਰੀ ਸੋਚ
ਤੇਰਾ ਖ਼ਿਆਲ
ਤੇਰੇ ਨਾਲ ਸੰਵਾਦ
ਸਭ ਕਵਿਤਾ ਹੈ...
ਮੇਰੇ ਕੋਲ
ਕਵਿਤਾ ਲਿਖਣ ਦੀ
ਜਾਚ ਨਹੀਂ
ਮੇਰੇ ਕੋਲ ਸਿਰਫ਼
ਤੂੰ ਹੈਂ....

## ਨਜ਼ਰ

ਬਹੁਤ ਚੁੱਭਦੀ ਹੈ
ਕਈ ਵਾਰ
ਕੋਈ ਕੋਈ ਨਜ਼ਰ

ਜ਼ਹਿਨ 'ਚ ਗੱਡ ਜਾਂਦੀ ਹੈ
ਹਰ ਪਲ ਪਿੱਛਾ ਕਰਦੀ ਹੈ
ਨਾਲ ਨਾਲ ਚਲਦੀ ਹੈ
ਨੀਂਦ ਸਮੇਂ
ਅੱਖਾਂ ਦੀ ਰੜਕ
ਬਣ ਜਾਂਦੀ ਹੈ

ਬਹੁਤ ਚੁੱਭਦੀ ਹੈ
ਕਈ ਵਾਰ
ਕੋਈ ਕੋਈ ਨਜ਼ਰ

ਜਦ ਸੁਭਾਵਕ ਹੀ
ਦੋ ਪਲ ਜਿਉਣ ਲੱਗਦੀ ਹਾਂ
ਜਦ ਸੋਚਾਂ ਦੇ ਖੰਭ
ਅਸਲੀਅਤ ਦੇ ਅੰਬਰੀਂ ਉਡਾਨ
ਭਰਨ ਲੱਗਦੇ ਨੇ
ਜਦ ਦਿਲ ਦਿਮਾਗ ਦੀ ਗੱਲ
ਸੁਣਨ ਤੋਂ
ਮੁਨਕਰ ਹੋ ਜਾਂਦਾ ਹੈ
ਘੁਟਣ ਤੋਂ ਤੰਗ ਆ
ਲੈਣ ਲੱਗਦੀ ਹਾਂ
ਖੁੱਲ੍ਹੀ ਹਵਾ 'ਚ
ਦੋ ਪਲ ਸਾਹ
ਤਾਂ ਅਚਾਨਕ ਮੈਨੂੰ ਤੱਕਦੀ ਨਜ਼ਰ
ਘੂਰਦੀ ਨਜ਼ਰ
ਬਹੁਤ ਚੁੱਭਦੀ ਹੈ

## ਸੀਮਤ

ਸਾਗਰ ਜਿਹੀ ਗਹਿਰਾਈ
ਅੰਬਰ ਜਿਹਾ ਫੈਲਾਅ
ਹਵਾ ਜਿਹੀ ਰਵਾਨੀ
ਹਾਂ, ਇਹ ਸਭ ਹੋਣ ਦੇ ਬਾਵਜੂਦ
ਸਮੇਟ ਲੈਂਦੀ ਹਾਂ
ਖ਼ੁਦ ਨੂੰ
ਬੜੇ ਸਲੀਕੇ ਨਾਲ

ਭੁਲੇਖਾ ਨਾ ਰੱਖੀਂ
ਮੇਰੇ ਸੀਮਤ ਹੋਣ ਦਾ
ਸੀਮਤ ਨਹੀਂ
ਬਸ
ਸਮੇਟਿਆ ਹੋਇਆ ਹੈ
ਖ਼ੁਦ ਨੂੰ
ਬੜੇ ਸਲੀਕੇ ਨਾਲ

## ਚਾਰ ਲਾਵਾਂ

ਬਸ ਚਾਰ ਲਾਵਾਂ
ਗੁਰੂ ਦੀ ਹਜ਼ੂਰੀ 'ਚ
ਕੁਝ ਆਪਣਿਆਂ ਦੀ ਮਨਜ਼ੂਰੀ 'ਚ
ਫਿਰ ਖ਼ਤਮ ਤੇਰਾ ਆਪਣਾ ਵਜੂਦ
ਫਿਰ ਤੇਰਾ ਆਪਣਾ ਕੁਝ ਨਹੀਂ
ਤੂੰ ਆਪਣਾ ਸਭ ਕੁਝ
ਸੌਂਪ ਦਿੱਤਾ
ਇਕ ਅਣਜਾਣ ਨੂੰ - -

ਓਹਦਾ ਹਰ ਦੁੱਖ ਸੁੱਖ ਤੇਰਾ,
ਤੇਰਾ ਦੁੱਖ ਸੁੱਖ?
ਕਮਲੀ ! ਤੇਰਾ ਦੁੱਖ ਸੁੱਖ ਤਾਂ
ਬਸ ਤੇਰਾ ਹੀ ਰਹਿਣਾ

ਸਾਂਭੀ ਸੰਵਾਰੀ ਓਹਦਾ ਘਰ ਬਾਰ
ਤੇਰਾ ਘਰ?
ਝੱਲੀ ! ਔਰਤ ਦਾ ਆਪਣਾ ਕੋਈ ਘਰ ਨਹੀਂ ਹੁੰਦਾ

ਓਹਦੇ ਪਰਵਾਰ ਨੂੰ ਹੀ ਆਪਣਾ ਸਭ ਕੁਝ ਮੰਨੀ
ਮੰਨਣਾ ਓਹੀ ਕੁਝ ਪੈਂਦਾ ਹੈ,
ਜੋ ਅਸਲ 'ਚ ਨਾ ਹੋਵੇ

ਹਾਂ, ਇਸ ਰਿਸ਼ਤੇ ਦੀ ਵੱਡੀ ਸੌਗਾਤ,
ਮਾਂ ਦਾ ਦਰਜਾ
ਇਕ ਅਹਿਸਾਸ,
ਤੇ ਸੌਖਾ ਹੋ ਜਾਊ ਤੇਰਾ ਸਭ ਕੁਝ ਜਰਨਾ

ਚਲ ਕੋਈ ਨਾ
ਜਰੀ ਜਾਈਂ ਕੱਟੀ ਜਾਈਂ
ਸਭ ਚੁੱਪ ਚਾਪ ..........

## ਆਜ਼ਾਦੀ

ਆਜ਼ਾਦੀ ਲੋਚਦਾ ਮਨ
ਉਹਨਾਂ ਜ਼ੰਜੀਰਾਂ ਤੋਂ
ਜੋ ਦਿਖਦੀਆਂ ਨਹੀਂ
ਮਹਿਸੂਸ ਹੁੰਦੀਆਂ ਨੇ
ਬੇਬੱਸ ਕਰਦੀਆਂ ਨੇ
ਕਦੇ ਮੋਹ ਦੀਆਂ ਤੰਦਾਂ
ਕਦੇ ਫਰਜ਼ਾਂ ਦੀਆਂ ਗੰਢਾਂ
ਕਦੇ ਸੰਸਕਾਰਾਂ ਦੇ ਧਾਗੇ
ਕਦੇ ਰਸਮਾਂ ਵਾਅਦੇ
ਰੂਪ ਬਦਲ ਬਦਲ ਕੇ
ਜਕੜੀਂਦੀਆਂ ਨੇ ਜ਼ੰਜੀਰਾਂ
ਜਕੜਿਆ ਮਨ ਲੱਗਾ ਰਹਿੰਦਾ
ਗਰਜ਼ਾਂ ਦੀਆਂ ਵਿੱਥਾਂ 'ਚੋਂ ਕਿਰਦੀ
ਰਿਸ਼ਤਿਆਂ ਦੀ ਰੇਤ ਨੂੰ ਸੰਭਾਲਣ
ਜਕੜੇ ਪੈਰ ਚੜ੍ਹਦੇ ਰਹਿੰਦੇ
ਅੰਬਰ ਵੱਲ ਲੱਗੀ
ਫਰਜ਼ਾਂ ਦੀ ਪੌੜੀ
ਉਮਰ ਲੰਘ ਜਾਂਦੀ
ਪੌੜੀ ਨ੍ਹੀਂ ਮੁੱਕਦੀ
ਅਖੀਰ
ਨਾ ਪੈਰਾਂ ਹੇਠ ਜ਼ਮੀਨ
ਨਾ ਹੱਥਾਂ ਵਿੱਚ ਅੰਬਰ
ਬੱਸ ਪੈਰ ਜਕੜੇ ਨੇ
ਫਰਜ਼ਾਂ ਦੀ ਪੌੜੀ 'ਤੇ.....

ਸੰਪਰਕ : 94656-47120

# ਗੁਰਮੀਤ ਸਿੰਘ ਟਿਵਾਣਾ ਨੂੰ ਯਾਦ ਕਰਦਿਆਂ

ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੀ ਦਿਲਚਸਪੀ ਵਿਸ਼ਵ ਦੀਆਂ ਦਾਰਸ਼ਨਿਕ ਪਰੰਪਰਾਵਾਂ, ਧਰਮ-ਸ਼ਾਸਤਰੀ ਚਿੰਤਨ, ਕਲਾਸਕੀ ਵਿਸ਼ਵ ਸਾਹਿਤ, ਮਾਰਕਸਵਾਦੀ ਸੁਹਜ-ਸ਼ਾਸਤਰ ਅਤੇ ਲਿਬਰੇਸ਼ਨ ਥਿਊਆਲੋਜੀ ਵਿੱਚ ਹੈ। ਉਨ੍ਹਾਂ ਦੀ ਸਾਹਿਤ ਆਲੋਚਨਾ ਦਾ ਮੂਲ ਸਰੋਕਾਰ ਗੁਰਬਾਣੀ ਅਤੇ ਸੂਫ਼ੀ ਸਾਹਿਤ ਦੀ ਮਾਰਕਸਵਾਦੀ ਚਿੰਤਨ ਅਤੇ ਅਜੋਕੇ ਵਿਗਿਆਨਕ ਮੁਹਾਵਰੇ ਵਿੱਚ ਵਿਆਖਿਆ ਕਰਨਾ ਹੈ, ਤਾਂ ਜੋ ਅਸੀਂ ਧਾਰਮਿਕ ਮੁਹਾਵਰੇ ਵਿੱਚ ਪੇਸ਼ ਆਪਣੀ ਕ੍ਰਾਂਤੀਕਾਰੀ ਸਾਹਿਤਕ ਵਿਰਾਸਤ ਨੂੰ ਸਮਕਾਲ ਵਿੱਚ ਦਰਪੇਸ਼ ਚੁਣੌਤੀਆਂ ਦੇ ਸੰਦਰਭ ਵਿੱਚ ਸਮਝ ਸਕੀਏ। ਉਨ੍ਹਾਂ ਦਾ ਵਿਚਾਰ ਹੈ ਕਿ ਹਰ ਯੁੱਗ ਦੇ ਚਿੰਤਕ, ਬੁੱਧੀਜੀਵੀ ਅਤੇ ਸਾਹਿਤਕਾਰ/ਕਲਾਕਾਰ ਦਰਪੇਸ਼ ਮਨੁੱਖੀ ਮਸਲਿਆਂ ਨੂੰ ਆਪਣੇ ਯੁੱਗ ਦੇ ਮੁਹਾਵਰੇ ਅਤੇ ਪ੍ਰਾਪਤ ਪ੍ਰਗਟਾਅ ਨੂੰ ਰੂਪਾਂ ਅਨੁਸਾਰ ਮੁਖ਼ਾਤਿਬ ਹੁੰਦੇ ਰਹੇ ਹਨ। ਦਰਸ਼ਨ, ਧਰਮ-ਸ਼ਾਸਤਰੀ ਚਿੰਤਨ, ਸੱਭਿਆਚਾਰਕ ਸਿਰਜਣਾਵਾਂ ਅਤੇ ਸਾਹਿਤ ਆਪਣੇ ਦੌਰ ਦੇ ਆਰਥਿਕ, ਸਮਾਜਿਕ ਤੇ ਰਾਜਸੀ ਸੰਬੰਧਾਂ ਦਾ ਹੀ ਸੂਖਮ ਪ੍ਰਗਟਾਵਾ ਹੁੰਦੇ ਹਨ। ਧਰਮ, ਦਰਸ਼ਨ ਅਤੇ ਸਾਹਿਤ/ਕਲਾ ਸਮੇਤ ਸਭ ਸੱਭਿਆਚਾਰਕ ਸਿਰਜਣਾਵਾਂ ਦਾ ਵਜੂਦ ਸਮਾਜਿਕ ਤੇ ਇਤਿਹਾਸਕ ਹੁੰਦਾ ਹੈ। ਇਹ ਇਤਿਹਾਸਕ ਵੇਗ ਦੀ ਤੋਰੇ ਤੁਰਦੀਆਂ ਹਨ ਅਤੇ ਮੁਹਾਵਰਾ (ਪ੍ਰਗਟਾਅ-ਰੂਪ) ਵੀ ਉਸੇ ਦਾ ਲੈਂਦੀਆਂ ਹਨ। ਸਮੇਂ ਦੇ ਫੇਰ ਨਾਲ ਜਦੋਂ ਸਮਾਜ ਵਿਚਲੇ ਉਪਜ-ਸੰਬੰਧ ਅਤੇ ਉਨ੍ਹਾਂ ਉੱਤੇ ਉਸਰੇ ਮਨੁੱਖੀ ਸੰਬੰਧ ਜਾਂ ਕਦਰ-ਪ੍ਰਬੰਧ ਬਦਲਦੇ ਹਨ, ਤਾਂ ਇਹ ਸੱਭਿਆਚਾਰਕ ਸਿਰਜਣਾਵਾਂ (ਧਰਮ, ਦਰਸ਼ਨ, ਸਾਹਿਤ, ਕਲਾਵਾਂ ਆਦਿ) ਅਪ੍ਰਸੰਗਿਕ ਨਹੀਂ ਹੋ ਜਾਂਦੀਆਂ, ਸਗੋਂ ਬਦਲੇ ਹੋਏ ਹਾਲਾਤ ਤੇ ਮੁਹਾਵਰੇ ਅਨੁਕੂਲ ਨਵੀਂ ਵਿਆਖਿਆ ਮੰਗਦੀਆਂ ਹਨ। ਆਲੋਚਕ ਦਾ ਧਰਮ ਪ੍ਰਾਪਤ ਮਨੁੱਖੀ ਵਿਰਸੇ (ਧਰਮ, ਦਰਸ਼ਨ, ਕਲਾਵਾਂ, ਭਾਸ਼ਾ ਆਦਿ) ਦੀ ਆਪਣੇ ਸਮਕਾਲ ਅਨੁਕੂਲ ਬਦਲੀਆਂ ਪ੍ਰਸਥਿਤੀਆਂ ਮੁਤਾਬਕ ਨਵੀਂ ਵਿਆਖਿਆ ਹੀ ਹੈ। ਹਰ ਦੌਰ ਦੇ ਚਿੰਤਕਾਂ ਅਤੇ ਆਲੋਚਕਾਂ ਨੇ ਪਰੰਪਰਾ ਤੋਂ ਪ੍ਰਾਪਤ ਗਿਆਨ ਦੀ ਆਪਣੇ ਯੁੱਗ ਦੀਆਂ ਚੁਣੌਤੀਆਂ ਅਨੁਕੂਲ ਆਪਣੇ ਦੌਰ ਦੇ ਮੁਹਾਵਰੇ ਵਿੱਚ ਨਵੀਂ ਵਿਆਖਿਆ ਕੀਤੀ ਹੈ, ਇਸੇ ਕਰਕੇ ਕਲਾਸਕੀ ਗਿਆਨ ਤੇ ਸਾਹਿਤਕ ਕਿਰਤਾਂ ਸਦੀਵੀ ਮਹੱਤਵ ਦੀਆਂ ਧਾਰਨੀ ਹੋ ਨਿੱਬੜੀਆਂ ਹਨ। ਗੁਰਬਾਣੀ ਅਤੇ ਸੂਫ਼ੀ ਸਾਹਿਤ ਦੀ ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੁਆਰਾ ਕੀਤੀ ਵਿਆਖਿਆ ਦਾ ਮਨੋਰਥ ਸਾਡੇ ਮੱਧਕਾਲੀ ਧਾਰਮਿਕ ਵਿਰਸੇ ਵਿਚਲੇ ਉਦਾਰਵਾਦੀ, ਮਾਨਵਵਾਦੀ ਅਤੇ ਕ੍ਰਾਂਤੀਕਾਰੀ ਅੰਸ਼ਾਂ ਨੂੰ ਅਜੋਕੇ ਵਿਗਿਆਨਕ ਮੁਹਾਵਰੇ ਵਿੱਚ ਮੁੜ ਪਰਿਭਾਸ਼ਿਤ ਕਰਨਾ ਹੈ, ਤਾਂ ਜੋ ਸਾਡੀ ਆਰਥਿਕ, ਸਮਾਜਿਕ ਤੇ ਰਾਜਸੀ ਵਿਵਸਥਾ ਦੇ ਮੰਜ਼ਰ ਵਿਚਲੀਆਂ ਵੰਗਾਰਾਂ ਨੂੰ ਨਿਰੋਲ ਪੱਛਮੀ ਚਿੰਤਨ ਪ੍ਰਣਾਲੀਆਂ ਦੇ ਉਧਾਰੇ/ਮਾਂਗਵੇਂ ਮਾਡਲਾਂ ਦੀ ਥਾਂ ਆਪਣੀ ਸਥਾਨਕ ਜਾਂ ਦੇਸੀ (ਪੂਰਬੀ) ਗਿਆਨ ਪਰੰਪਰਾ ਦੇ ਹਵਾਲੇ ਨਾਲ ਸਮਝਿਆ ਅਤੇ ਸੁਲਝਾਇਆ ਜਾ ਸਕੇ।



ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੀ ਚਿਤ-ਬਿਰਤੀ ਇੱਕ ਵਿਚਾਰਵਾਨ ਤੇ ਚਿੰਤਨਸ਼ੀਲ ਰਚਨਾ-ਧਰਮੀ ਵਾਲੀ ਹੈ। ਉਨ੍ਹਾਂ ਦੀ ਸਮਾਜਿਕ ਫ਼ਿਕਰਮੰਦੀ ਤੇ ਪ੍ਰਤੀਬੱਧਤਾ ਕਰਮੱਠ ਸ਼ਬਦ-ਸਾਧਕ ਵਾਲੀ ਹੈ। ਸਮਕਾਲੀ ਆਰਥਿਕ, ਸਮਾਜਿਕ ਤੇ ਰਾਜਸੀ ਮਸਲਿਆਂ ਦੇ ਨਾਲ-ਨਾਲ ਉਹ ਮਨੁੱਖੀ ਹੋਂਦ ਦੇ ਵਡੇਰੇ ਤੇ ਸਦਕਾਲੀ ਪ੍ਰਸ਼ਨਾਂ ਪ੍ਰਤੀ ਵੀ ਗਹਿਰੀ ਜਿਗਿਆਸਾ ਦਾ ਇਜ਼ਹਾਰ ਕਰਦੇ ਹਨ। ਉਹ ਬਹੁਤ ਮਿਹਨਤੀ, ਸੰਜੀਦਾ ਅਤੇ ਦੂਰਦਰਸ਼ੀ ਅਧਿਆਪਕ ਰਹੇ ਹਨ। ਪੜ੍ਹਾਉਣ ਵੇਲੇ ਜਮਾਤ ਵਿੱਚ ਸਖ਼ਤ ਅਨੁਸ਼ਾਸਨ ਦੇ ਬਾਵਜੂਦ ਉਹ ਕਣੀ ਵਾਲੇ ਵਿਦਿਆਰਥੀਆਂ ਨੂੰ ਭਾਵਨਾਤਮਿਕ ਤੰਦ ਵਿੱਚ ਬੰਨ੍ਹ ਲੈਂਦੇ। ਮੈਨੂੰ ਉਨ੍ਹਾਂ ਦਾ ਵਿਦਿਆਰਥੀ ਹੋਣ ਦਾ ਸ਼ਰਫ਼ ਹਾਸਲ ਹੈ।

ਪ੍ਰੋ. ਗੁਰਮੀਤ ਸਿੰਘ ਟਿਵਾਣਾ ਦੇ ਅਧਿਐਨ ਅਤੇ ਗਿਆਨ ਦਾ ਘੇਰਾ ਬਹੁਤ ਵਸੀਹ ਹੈ। ਉਨ੍ਹਾਂ ਦੀ ਰਸਾਈ ਵਿਸ਼ਵ ਦੀਆਂ ਵਿਭਿੰਨ ਦਾਰਸ਼ਨਿਕ ਪਰੰਪਰਾਵਾਂ, ਧਰਮ-ਸ਼ਾਸਤਰੀ ਚਿੰਤਨ, ਕਲਾਸਕੀ ਸਾਹਿਤ, ਮਨੋਵਿਸ਼ਲੇਸ਼ਣ ਸ਼ਾਸਤਰ, ਮਾਰਕਸਵਾਦੀ ਸਮਾਜ-ਸ਼ਾਸਤਰ ਤੇ ਸੁਹਜ-ਸ਼ਾਸਤਰ, ਲੋਕਧਾਰਾ ਤੇ ਸੱਭਿਆਚਾਰਕ ਅਧਿਐਨ ਪ੍ਰਣਾਲੀਆਂ, ਮਾਨਵ-ਵੰਸ਼ ਵਿਗਿਆਨ ਦੀਆਂ ਲੱਭਤਾਂ ਅਤੇ ਲਾਤੀਨੀ ਅਮਰੀਕੀ ਲਿਬਰੇਸ਼ਨ ਥਿਓਆਲੋਜੀ ਦੇ ਚਿੰਤਕਾਂ ਦੇ ਚਿੰਤਨ ਮਨਨ ਤੱਕ ਹੈ। ਪ੍ਰੋ. ਟਿਵਾਣਾ ਦੀ ਸਾਹਿਤ ਆਲੋਚਨਾ ਅਤੇ ਸਮਾਜਿਕ ਚਿੰਤਨ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪੂਰਬ ਜਾਂ ਪੱਛਮ ਦੀਆਂ ਗਿਆਨ ਪਰੰਪਰਾਵਾਂ ਵਿੱਚੋਂ ਨਾ ਕਿਸੇ ਨੂੰ ਰੱਦ ਕਰਦਾ ਹੈ ਅਤੇ ਨਾ ਹੀ ਕਿਸੇ ਇੱਕ ਦੀ ਸਰਦਾਰੀ ਦਾ ਗੁਣ ਗਾਇਨ ਕਰਦਾ ਹੈ। ਸੁਚੇਤ ਤੌਰ 'ਤੇ ਮਾਰਕਸਵਾਦ ਦਾ ਸਮਰਥਕ ਹੋਣ ਦੇ ਬਾਵਜੂਦ ਉਹ ਧਰਮ ਜਾਂ ਧਾਰਮਿਕ ਸਾਹਿਤ ਦੇ ਸਮਾਜਿਕ ਮਨੁੱਖੀ ਰੋਲ ਨੂੰ ਘਟਾ ਕੇ ਨਹੀਂ ਦੇਖਦਾ, ਸਗੋਂ ਉਹ ਵਿਸ਼ਵ ਦੇ ਪ੍ਰਮੁੱਖ ਧਰਮਾਂ ਦੇ ਉਦੈ ਹੋਣ ਦੇ ਸਹੀ ਇਤਿਹਾਸਕ ਸੰਦਰਭ ਦੀ ਨਿਸ਼ਾਨਦੇਹੀ ਕਰਕੇ ਉਸ ਦੀ ਸਮਾਜਿਕ-ਮਨੁੱਖੀ ਭੂਮਿਕਾ (ਮਨੁੱਖ ਦੀ ਆਜ਼ਾਦੀ, ਬਰਾਬਰੀ ਤੇ ਸਮਾਜਿਕ ਨਿਆਂ ਦੀ ਪ੍ਰਾਪਤੀ) ਦਾ ਮੁਲਾਂਕਣ ਕਰਦਾ ਹੈ। ਧਰਮ ਅਤੇ ਮਾਰਕਸਵਾਦ ਦੋਹਾਂ ਬਾਰੇ ਉਸ ਦਾ ਨਜ਼ਰੀਆ ਨਾ ਕਿਸੇ ਪੂਰਵ-ਗ੍ਰਹਿ (prejudice) 'ਤੇ ਆਧਾਰਿਤ ਹੈ ਅਤੇ ਨਾ ਹੀ ਅੰਧ-ਭਗਤੀ ਵਾਲਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਹਰ ਧਰਮ, ਹਰ ਫ਼ਲਸਫ਼ੇ ਵਾਂਗ ਹੀ ਵਿਸ਼ੇਸ਼ ਇਤਿਹਾਸਕ ਦੌਰ ਦੀ ਸਮਾਜਿਕ ਚੇਤੰਨਤਾ ਦਾ ਹੀ ਰੂਪ ਹੁੰਦਾ ਹੈ।

ਪੰਜਾਬੀ ਸਾਹਿਤ ਆਲੋਚਨਾ ਤੇ ਸਾਹਿਤਕ ਸੰਵਾਦ ਵਿੱਚ ਗੁਰਮੀਤ ਸਿੰਘ ਟਿਵਾਣਾ ਦਾ ਪ੍ਰਵੇਸ਼ ਰਸਾਲੇ 'ਸੇਧ' (1972 ਈ.) ਵਿਚਲੇ ਉਨ੍ਹਾਂ ਦੇ ਗੰਭੀਰ ਲੇਖਾਂ ਨਾਲ ਹੋਇਆ ਸੀ। 1983 ਈ. 'ਚ 'ਸੇਧ' ਬੰਦ ਹੋ ਗਿਆ ਅਤੇ ਕਾਲਜ ਅਧਿਆਪਕ ਵਜੋਂ ਸੇਵਾ-ਮੁਕਤ ਹੋ ਕੇ ਉਹ ਕੈਨੇਡਾ ਚਲੇ ਗਏ। ਉਨ੍ਹਾਂ ਨੇ ਦੁਨੀਆ ਭਰ ਦੀਆਂ ਵਿਦਰੋਹੀ ਤੇ ਇਨਕਲਾਬੀ ਲਹਿਰਾਂ ਦੇ ਇਤਿਹਾਸ ਦਾ ਨਿੱਠ ਕੇ ਮੁਤਾਲਿਆ ਕੀਤਾ, ਸੰਸਾਰ ਦੇ ਪ੍ਰਤਿਰੋਧੀ ਤੇ ਪ੍ਰਗਤੀਵਾਦੀ ਸਾਹਿਤ ਨੂੰ ਮੁੜ-ਮੁੜ ਵਾਚਿਆ ਅਤੇ ਕਿਊਬਾ ਵਰਗੇ ਸਮਾਜਵਾਦੀ ਨਿਜ਼ਾਮ ਵਾਲੇ ਮੁਲਕ ਦਾ ਰਟਣ ਕੀਤਾ। ਰੂਸ, ਚੀਨ ਤੇ ਵੀਅਤਨਾਮ ਵਿੱਚ ਆਏ ਸਮਾਜਵਾਦੀ ਇਨਕਲਾਬਾਂ ਦਾ ਪੌਣੀ ਸਦੀ ਵਿੱਚ ਹੀ ਪਤਨ ਕਿਉਂ? ਇਹ ਪ੍ਰਸ਼ਨ ਉਨ੍ਹਾਂ ਨੂੰ ਜ਼ਿਹਨੀ ਤੌਰ 'ਤੇ ਪਰੇਸ਼ਾਨ ਕਰਦਾ ਰਿਹਾ ਹੈ। ਉਨ੍ਹਾਂ ਦੀਆਂ ਲਿਖਤਾਂ ਦਾ ਕੇਂਦਰੀ ਮੁੱਦਾ ਇਹ ਰਿਹਾ ਹੈ ਕਿ ਮਨੁੱਖ ਦੀ ਆਜ਼ਾਦੀ, ਬਰਾਬਰੀ ਤੇ ਸਮਾਜਿਕ ਨਿਆਂ ਵਾਲਾ ਨਿਜ਼ਾਮ ਕਿਵੇਂ ਉਸਾਰਿਆ ਜਾ ਸਕਦਾ ਹੈ? ਇਸ ਪ੍ਰਸ਼ਨ ਦਾ ਉੱਤਰ ਲੱਭਣ ਲਈ ਉਨ੍ਹਾਂ ਨੇ ਮਾਰਕਸਵਾਦੀ ਚਿੰਤਨ, ਡਾਰਵਿਨ ਦੇ ਵਿਕਾਸਵਾਦ, ਫ਼ਰਾਇਡ, ਯੁੱਗ ਆਦਿ ਦੇ ਮਨੋਵਿਸ਼ਲੇਸ਼ਣ ਸ਼ਾਸਤਰ, ਮਾਨਵ-ਵੰਸ਼ ਵਿਗਿਆਨੀਆਂ ਦੀ ਸਿਧਾਂਤਕੀ, ਐਰਿਕ ਫ਼ਰਮ ਦੇ ਸਮਾਜਿਕ-ਮਨੋਵਿਗਿਆਨ ਅਤੇ ਲਾਤੀਨੀ ਅਮਰੀਕਾ ਦੇ ਲਿਬਰੇਸ਼ਨ ਥਿਓਆਲੋਜੀ ਦੇ ਹਾਮੀ ਚਿੰਤਕਾਂ ਦੀਆਂ ਧਾਰਨਾਵਾਂ ਨਾਲ ਸੁਚੇਤ ਰੂਪ ਵਿੱਚ ਸੰਵਾਦ ਰਚਾਇਆ ਹੈ। ਉਨ੍ਹਾਂ ਦੀਆਂ ਹੁਣ ਤੱਕ ਛਪੀਆਂ ਪੁਸਤਕਾਂ-'ਅੱਖੀਂ ਡਿੱਠਾ ਸਮਾਜਵਾਦੀ ਕਿਊਬਾ' (2005), 'ਰਹੱਸਵਾਦੀ ਸੰਤ ਬਾਬਾ ਸ਼ੇਖ਼ ਫ਼ਰੀਦ' (2007), 'ਸਾਹਿਤਕ, ਰਾਜਨੀਤਕ, ਦਾਰਸ਼ਨਿਕ ਤੇ ਧਾਰਮਿਕ ਲੇਖ' (2007) ਆਦਿ ਹਨ। ਬਹੁ-ਭਾਸ਼ੀ ਗਿਆਨ ਤੇ ਭਾਸ਼ਾਈ ਮੁਹਾਰਤ ਕਰਕੇ ਪ੍ਰੋ. ਗੁਰਮੀਤ ਸਿੰਘ ਟਿਵਾਣਾ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿੱਚ ਨਿਰੰਤਰ ਲਿਖਦੇ ਹਨ। ਅੰਗਰੇਜ਼ੀ ਜ਼ੁਬਾਨ ਵਿੱਚ ਉਨ੍ਹਾਂ ਦੀ ਪੁਸਤਕ 'Mystic Sufi Saint Baba Sheikh Farid ਸਾਲ 2007 ਵਿੱਚ ਛਪੀ ਸੀ। ਫ਼ੀਦਲ ਕਾਸਤਰੋ ਦੀ ਰਚਨਾ 'History Will Absolve Me ਦਾ ਪੰਜਾਬੀ ਤਰਜਮਾ ਕਰਨ ਦਾ ਸਿਹਰਾ ਵੀ ਉਨ੍ਹਾਂ ਸਿਰ ਬੱਝਦਾ ਹੈ।

**- ਸੁਖਦੇਵ ਸਿੰਘ ਸਿਰਸਾ**

ਸਫ਼ਾ 3 ਦੀ ਬਾਕੀ

## ਪੰਜਾਬ ਲਈ ਫ਼ਿਕਰਾਂ 'ਚੋਂ ਜਨਮੀ ਕਿਤਾਬ...

ਹੋਣੀ ਅਤੇ ਪੰਜਾਬੀ ਪਰਵਾਸੀ ਮੀਡੀਆ ਆਦਿ ਵਿਸ਼ਿਆਂ ਨੂੰ ਛੋਂਹਦੇ ਹਨ। ਚੌਥਾ ਭਾਗ ਪਰਵਾਸ ਨੂੰ ਸੁਚਾਰੂ ਬਣਾਉਣ ਲਈ ਕੀਤੇ ਜਾਣ ਵਾਲੇ ਯਤਨਾਂ ਦੀ ਬਾਤ ਪਾਉਂਦਾ ਹੈ। ਇਸ ਵਿੱਚ ਸ਼ਾਮਲ ਪਾਲ ਸਿੰਘ ਸਿੱਧੂ ਦਾ ਲੇਖ-ਵਿੱਦਿਆ ਲਈ ਕੀਤੇ ਜਾਂਦੇ ਪਰਵਾਸ ਦੇ ਅਤੀਤ ਅਤੇ ਵਰਤਮਾਨ ਦੇ ਵਰਕੇ ਫਰੋਲਦਾ ਹੈ। ਸਵਰਾਜ ਸਿੰਘ ਬੇਰੋਕ-ਟੋਕ ਪਰਵਾਸ ਨੂੰ ਰੋਕਣ ਲਈ ਉਪਾਅ ਸੁਝਾਉਂਦਾ ਹੈ ਅਤੇ ਕੁਲਦੀਪ ਸਿੰਘ- ਪਰਵਾਸ ਅਤੇ ਕੌਮਾਂਤਰੀ ਸਿੱਖਿਆ ਅੰਤਰ ਸੰਬੰਧਾਂ ਦੀ ਪੜਚੋਲ ਕਰਦਾ ਹੈ। ਇਸ ਭਾਗ ਵਿੱਚ ਸ਼ਾਮਲ ਸੁੱਚਾ ਸਿੰਘ ਗਿੱਲ ਦਾ ਲੇਖ-ਪਰਵਾਸ : ਪ੍ਰਭਾਵ, ਨੀਤੀ ਤੇ ਨੁਕਤੇ-ਖਾਸ ਤਵੱਜੋ ਮੰਗਦਾ ਹੈ। ਪੰਜਵੇਂ ਭਾਗ ਵਿੱਚ ਵਿਜੈ ਬੰਬੇਲੀ, ਬਲਵੰਤ ਸਿੰਘ ਸੰਧੂ ਅਤੇ ਜਤਿੰਦਰ ਕੌਰ-ਪਰਵਾਸ ਦੇ ਪਿੰਡਾਂ 'ਤੇ ਪਏ ਅਤੇ ਪੈ ਰਹੇ ਪ੍ਰਭਾਵਾਂ ਨੂੰ ਲੜੀਬੱਧ ਕਰਨ ਦਾ ਯਤਨ ਕਰਦੇ ਹਨ। ਬੱਝਵੇਂ ਪ੍ਰਭਾਵ ਵਿੱਚ ਕਿਹਾ ਜਾ ਸਕਦਾ ਹੈ ਕਿ ਹੱਥਲੀ ਪੁਸਤਕ ਪਰਵਾਸ ਅਤੇ ਖਾਸ ਤੌਰ 'ਤੇ ਪੰਜਾਬ ਤੋਂ ਪਰਵਾਸ ਵਿਸ਼ੇ ਦੀ ਨਬਜ਼ ਫੜਨ ਲਈ ਇੱਕ ਚੰਗਾ ਸਰੋਤ ਹੋ ਸਕਦੀ ਹੈ, ਜੋ ਪਰਵਾਸ ਦੇ ਇਤਿਹਾਸ, ਕਾਰਨ ਅਤੇ ਪ੍ਰਭਾਵਾਂ ਨੂੰ ਹਰੇਕ ਨੁਕਤੇ ਤੋਂ ਤਰਕਸੰਗਤ ਤਰੀਕੇ ਨਾਲ ਵਾਚਣ ਅਤੇ ਸਮਝਣ ਦਾ ਯਤਨ ਕਰਦੀ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਰਵਾਸ ਕੋਈ ਗੈਰ-ਕੁਦਰਤੀ ਜਾਂ ਜੱਗੋਂ-ਬਾਹਰਾ ਵਰਤਾਰਾ ਨਹੀਂ ਹੈ। ਗਹੁ ਨਾਲ ਵਾਚੀਏ ਤਾਂ ਮਨੁੱਖੀ ਤਾਰੀਖ ਪਰਵਾਸ ਦੀ ਤਾਰੀਖ ਵੀ ਹੈ। ਪਹਿਲਾਂ ਇਹ ਪਰਵਾਸ ਕਬੀਲਿਆਂ ਦੇ ਰੂਪ ਵਿੱਚ ਹੁੰਦਾ ਸੀ ਅਤੇ ਹੁਣ ਇਹ ਵਿਅਕਤੀ ਵਿਸ਼ੇਸ਼ ਤੱਕ ਸੀਮਤ ਹੈ। ਪਰਵਾਸ ਜਿੱਥੇ ਮੂਲ-ਨਿਵਾਸੀਆਂ ਲਈ ਸਾੜੇ, ਡਰ, ਅਸੁਰੱਖਿਆ ਅਤੇ ਤਹਿਜ਼ੀਬ ਦੇ ਮਿਲ-ਗੋਭੇ ਜਿਹੇ ਖ਼ਦਸ਼ੇ ਦਾ ਬਾਇਜ ਬਣਦਾ ਹੈ, ਉਥੇ ਸਸਤੀ ਮਜ਼ਦੂਰੀ 'ਤੇ ਮਿਲੇ ਮਜ਼ਦੂਰ ਉਹਨਾਂ ਨੂੰ ਨੱਕ-ਬੁੱਲ੍ਹ ਵੱਟਣ ਦੇ ਬਾਵਜੂਦ ਕਬੂਲਣ ਲਈ ਵੀ ਮਜਬੂਰ ਕਰਦਾ ਹੈ। ਪੰਜਾਬ ਵੀ ਇਸ ਦੀ ਜਿਉਂਦੀ-ਜਾਗਦੀ ਮਿਸਾਲ ਹੈ ਅਤੇ ਅਮਰੀਕਾ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਵੀ। ਪਰਵਾਸ ਅੱਜ ਦੇ ਸਮੇਂ ਦਾ ਸੱਚ ਹੈ, ਪਰ ਇਸ ਸਭ ਦੇ ਬਾਵਜੂਦ ਇਸ ਰੁਝਾਨ ਨੂੰ ਨੇਮ-ਬੱਧ ਕੀਤਾ ਜਾ ਸਕਦਾ ਹੈ। ਇਸ ਲਈ ਸਭ ਤੋਂ ਪਹਿਲਾਂ ਸੂਬੇ ਅੰਦਰ ਰੁਜ਼ਗਾਰ ਦੇ ਮੌਕਿਆਂ ਨੂੰ ਵਧਾਇਆ ਜਾਵੇ, ਜਿਸ ਲਈ ਖੇਤੀ ਖੇਤਰ ਦੇ ਨਾਲ ਉਤਪਾਦਨ ਖੇਤਰ ਅਤੇ ਸਰਵਿਸ ਖੇਤਰ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾਣੀ ਬਣਦੀ ਹੈ। ਸਰਕਾਰੀ ਖੇਤਰ ਵਿੱਚ ਜਾੱਬ-ਆਪਰਚੁਨਿਟੀ ਵਧਾਉਣ ਦੇ ਨਾਲ-ਨਾਲ ਨਿੱਜੀ ਖੇਤਰ ਦਾ ਵਿਕਾਸ ਕਰਨਾ ਵੀ ਬਣਦਾ ਹੈ। ਡਿਗਨਿਟੀ ਆੱਫ ਲੇਬਰ ਭਾਵ ਕੰਮ ਵਾਲੀ ਜਗ੍ਹਾ 'ਤੇ ਕਾਮਿਆਂ ਦੇ ਆਤਮ-ਸਨਮਾਨ, ਸਿਹਤ ਅਤੇ ਸੁਰੱਖਿਆ ਆਦਿ ਦਾ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ। ਮਜ਼ਦੂਰੀ ਏਨੀ ਕੁ ਤਾਂ ਹੋਣੀ ਚਾਹੀਦੀ ਹੈ ਕਿ ਉਹ ਸਿਰ ਚੁੱਕ ਕੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰ ਸਕਦਾ ਹੋਵੇ। ਸਿਆਸੀ ਮਾਹੌਲ ਖ਼ੁਸ਼ਗਵਾਰ ਅਤੇ ਸਥਿਰਤਾ ਵਾਲਾ ਬਣੇ ਅਤੇ ਲਾਲ-ਫ਼ੀਤਾਸ਼ਾਹੀ, ਭਾਈ-ਭਤੀਜਾਵਾਦ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾ ਕੇ, ਨਿਆਂ ਵਾਲਾ ਮਾਹੌਲ ਸਿਰਜਿਆ ਜਾਵੇ। ਸਭ ਤੋਂ ਉੱਪਰ ਸਿੱਖਿਆ ਇੱਕਸਾਰ, ਹਰਿਕ ਲਈ ਮੁਫ਼ਤ ਅਤੇ ਲਾਜ਼ਮੀ ਹੋਵੇ ਅਤੇ ਵੱਧ ਤੋਂ ਵੱਧ ਕਿੱਤਾ-ਮੁਖੀ ਕੋਰਸ ਆਰੰਭੇ ਜਾਣ ਤਾਂ ਜੋ ਬੱਚੇ ਕੋਲ ਪੜ੍ਹਾਈ ਦੀ ਡਿਗਰੀ ਹੀ ਇਕੱਲੀ ਨਾ ਹੋਵੇ, ਉਸ ਕੋਲ ਕੋਈ ਨਾ ਕੋਈ ਹੁਨਰ ਵੀ ਹੋਵੇ। ਇਹ ਸਭ ਕੁਝ ਸਿਰਫ਼ ਕਿਤਾਬਾਂ ਵਿੱਚ ਨਾਲ ਹੋ ਕੇ ਜ਼ਮੀਨੀ-ਰੂਪ ਵਿੱਚ ਹੋਵੇ। ਹਰਿਕ ਨਾਗਰਿਕ ਲਈ ਇੱਕਸਾਰ ਸਮਾਜਿਕ ਸੁਰੱਖਿਆ ਮਅੱਸਰ ਹੋਵੇ।

ਸੰਪਰਕ-98148-70366

ਆਖਬੀ ਸਫ਼ਾ ਦੀ ਬਾਕੀ

## ਪੰਜਾਬ! ਅਜੇ ਵੀ ਸੰਭਲ ਜਾ...

ਉਹ ਨਿਹੰਗ ਸਿੰਘ ਸਿੱਧਾ ਹੀ ਪ੍ਰਿੰਸੀਪਲ ਦੇ ਦਫ਼ਤਰ ਵੜ ਗਿਆ ਅਤੇ ਕਹਿਣਾ ਲੱਗਾ ਕਿ ਅਸੀਂ ਸਿੰਘ ਹੁੰਨੇ ਆਂ। ਸਿੰਘਾਂ ਨੇ ਗੁਰਦੁਆਰਾ ਬਣਾਉਣਾ ਹੈ। ਪੰਜ ਹਜ਼ਾਰ ਰੁਪਏ ਦਿਓ। ਸਟਾਫ਼ ਸੈਕਟਰੀ ਹੋਣ ਦੇ ਨਾਤੇ ਪ੍ਰਿੰਸੀਪਲ ਨੇ ਮੇਰੇ ਕੋਲ ਨਿਹੰਗ ਨੂੰ ਭੇਜ ਦਿੱਤਾ। ਮੈਂ ਉਸ ਨੂੰ ਆਪਣੇ ਦਫ਼ਤਰ ਵਿਚ ਬਿਠਾ ਕੇ ਪੁੱਛਿਆ ਕਿ ਖਾਲਸੇ ਦੇ ਕਿਵੇਂ ਆਉਣੇ ਹੋਏ ਨੇ? ਤਾਂ ਉਸ ਨੇ ਅੱਖਾਂ ਚੜ੍ਹਾ ਕੇ ਕਿਹਾ ਕਿ ਸਿੰਘਾਂ ਨੇ ਗੁਰਦੁਆਰਾ ਬਣਾਉਣਾ ਹੈ। ਤੁਹਾਡੇ ਲਈ ਪੰਜ ਹਜ਼ਾਰ ਦੀ ਸੇਵਾ ਹੈ। ਜਦ ਮੈਂ ਪੁੱਛਿਆ ਕਿ ਗੁਰਦੁਆਰਾ ਕਿੱਥੇ ਬਣਾਉਣਾ ਹੈ, ਕਿਸ ਦੀ ਯਾਦ ਵਿਚ ਬਣਾਉਣਾ ਹੈ, ਕਦੋਂ ਬਣਾਉਣਾ ਹੈ, ਤੁਹਾਡੇ ਕੋਲ ਕੋਈ ਰਸੀਦ ਬੁੱਕ ਵੀ ਹੈ? ਉਹ ਘੂਰ ਕੇ ਕਹਿਣ ਲੱਗਾ ਕਿ ਅਸੀਂ ਗੁਰਦੁਆਰਾ ਬਣਾਉਣਾ। ਕੋਈ ਰਸੀਦ-ਰਸੂਦ ਨਹੀਂ। ਪੰਜ ਹਜ਼ਾਰ ਦੀ ਸੇਵਾ ਕਰੋ। ਤਾਂ ਮੈਂ ਸਮਝ ਗਿਆ ਕਿ ਇਹ ਸਿਰਫ਼ ਸਿੰਘਾਂ ਦਾ ਨਾਂਅ ਹੀ ਵਰਤ ਰਿਹਾ ਹੈ। ਪੈਸੇ ਤਾਂ ਇਸ ਨੇ ਆਪਣੀ ਜੇਬ ਵਿਚ ਪਾਉਣੇ ਹਨ। ਮੈਂ ਉਸ ਨੂੰ ਦੋ ਟੁੱਕ ਕਿਹਾ ਕਿ ਮੈਂ ਆਪਣੇ ਵੱਲੋਂ ਸਿਰਫ਼ ਇਕ ਸੌ ਦੇ ਸਕਦਾਂ। ਬਾਕੀ ਪੈਸਿਆਂ ਬਾਰੇ ਸਟਾਫ਼ ਮੀਟਿੰਗ ਕੀਤੀ ਜਾਵੇਗੀ ਅਤੇ ਉਸ ਵਿਚ ਫੈਸਲਾ ਹੋਵੇਗਾ। ਉਹ ਗੁੱਸੇ ਵਿਚ ਉੱਠ ਕੇ ਕਹਿਣ ਲੱਗਾ ਕਿ ਮੈਂ ਸੌ ਨਹੀਂ ਲੈਣਾ। ਮੈਂ ਸੌ ਦਾ ਨੋਟ ਵਾਪਸ ਆਪਣੀ ਜੇਬ ਵਿਚ ਪਾਇਆ ਅਤੇ ਉਸ ਨੂੰ ਬੇਰੰਗ ਆਪਣੇ ਦਫ਼ਤਰ ਵਿੱਚੋਂ ਬਾਹਰ ਕੱਢ ਦਿੱਤਾ। ਪਤਾ ਨਹੀਂ ਅਜਿਹੇ ਕਿੰਨੇ ਨਕਲੀ ਸਿੰਘਾਂ ਨੇ ਕਿੰਨੇ ਭੋਲੇ-ਭਾਲੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੋਵੇਗਾ ਅਤੇ ਕਿੰਨੀ ਕਮਾਈ ਕੀਤੀ ਹੋਵੇਗੀ? ਅਜਿਹੇ ਲੋਕ ਸਿੰਘਾਂ ਦੇ ਭੇਸ ਵਿਚ ਬਹੁਰੂਪੀਏ ਸਨ, ਜਿਨ੍ਹਾਂ ਨੇ ਸਿੰਘਾਂ ਨੂੰ ਬਦਨਾਮ ਵੀ ਕੀਤਾ ਅਤੇ ਪੰਜਾਬੀਆਂ ਦੇ ਮਨਾਂ ਵਿਚ ਸਿੰਘਾਂ ਬਾਰੇ ਭਰਮ-ਭੁਲੇਖੇ ਵੀ ਪੈਦਾ ਕੀਤੇ।

ਕੁਝ ਕੁ ਲੋਕਾਂ ਦਾ ਅਜਿਹਾ ਵਰਤਾਰਾ ਹੀ ਖਾੜਕੂਆਂ ਨੂੰ ਬਦਨਾਮ ਕਰਨ ਅਤੇ ਸਮੁੱਚੇ ਪੰਜਾਬੀਆਂ ਲਈ ਨਮੋਸ਼ੀ ਦਾ ਕਾਰਨ ਬਣਿਆ। ਕਈ ਵਾਰ ਕੁਝ ਲੋਕਾਂ ਕਰਕੇ ਹੀ ਸਮੁੱਚੀ ਕੌਮ ਹੀ ਬਦਨਾਮ ਹੋ ਜਾਂਦੀ ਹੈ। ਕਾਲੀਆਂ ਭੇਡਾਂ ਜਿਹੇ ਲੋਕ ਸਾਡੇ ਰਾਜਸੀ, ਸਮਾਜਿਕ ਅਤੇ ਧਾਰਮਿਕ ਤੰਤਰ ਵਿਚ ਸ਼ਾਮਲ ਹੋ ਗਏ ਸਨ ਅਤੇ ਹੁਣ ਵੀ ਹਨ। ਇਨ੍ਹਾਂ ਕਰਕੇ ਹੀ ਪੰਜਾਬ ਅਧੋਗਤੀ ਵੱਲ ਨੂੰ ਤਿਲਕਦਾ ਜਾ ਰਿਹਾ ਹੈ। ਜਦ ਕੋਈ ਕੌਮ ਆਪਣੀਆਂ ਮੂਲ ਕਦਰਾਂ-ਕੀਮਤਾਂ ਤੋਂ ਦੂਰ ਚਲੇ ਜਾਵੇ, ਕਿਰਤ ਕਮਾਈ ਨੂੰ ਵਿਸਾਰ ਕੇ ਧੋਖਾਧੜੀ ਜਾਂ ਬੇਈਮਾਨੀ ਦਾ ਰਾਹ ਮੱਲੇ ਅਤੇ ਸਰਬੱਤ ਦੇ ਭਲੇ ਨੂੰ ਤਿਆਗ ਕੇ ਨਿੱਜੀ ਲਾਭਾਂ ਨੂੰ ਪ੍ਰਮੁੱਖਤਾ ਦੇਵੇ ਤਾਂ ਸਰਬਪੱਖੀ ਵਿਕਾਸ ਅਤੇ ਮਾਣਮੱਤੇ ਵਿਰਸੇ ਦੀ ਰਹਿਨੁਮਾਈ ਨੂੰ ਕਿਆਸਿਆ ਵੀ ਨਹੀਂ ਜਾ ਸਕਦਾ।

ਬੀਤੇ ਦੀਆਂ ਗਲਤੀਆਂ ਨੂੰ ਸੁਧਾਰ ਕੇ, ਆਪਣੀਆਂ ਕਮੀਆਂ ਤੇ ਕੁਤਾਹੀਆਂ ਨੂੰ ਨਕਾਰ ਕੇ ਅਤੇ ਆਪਣੇ ਪੁਰਖਿਆਂ ਦੀਆਂ ਨਸੀਹਤਾਂ ਅਤੇ ਸਿਖਿਆਵਾਂ 'ਤੇ ਪਹਿਰਾ ਦੇਣ ਵਾਲੀ ਕੌਮ ਹੀ ਤਰੱਕੀ ਦੀਆਂ ਮੰਜ਼ਲਾਂ ਸਰ ਕਰਦੀ। ਪੰਜਾਬੀਆਂ ਨੂੰ ਆਪਣੇ ਇਤਿਹਾਸ ਤੋਂ ਸੇਧ ਲੈ ਕੇ ਅਤੇ ਸਰਬੱਤ ਦੇ ਭਲੇ ਦਾ ਮੂਲ ਮੰਤਰ ਅਪਣਾ ਕੇ ਹੀ ਪੰਜਾਬ ਨੂੰ ਪੁਰਾਤਨ ਚੜ੍ਹਤ ਅਤੇ ਮਾਣ ਦਿਵਾਇਆ ਜਾ ਸਕਦਾ। ਪੰਜਾਬੀ ਕਰ ਤਾਂ ਸਕਦੇ ਹਾਂ, ਪਰ ਆਪਸ ਵਿਚ ਉਲਝੇ ਹੋਏ ਅਤੇ ਨਿੱਜੀ ਮੁਫਾਦ ਵਿਚ ਗ੍ਰਸੇ ਪੰਜਾਬੀਆਂ ਤੋਂ ਆਸ ਤਾਂ ਘੱਟ ਹੀ ਹੈ।

ਰੱਬ ਮਿਹਰ ਕਰੇ!

ਸਫ਼ਾ 2 ਦੀ ਬਾਕੀ

## ਜ਼ਿੰਦਗੀ ਦੇ ਅਸਲ ਨਾਇਕ ...

ਭਲੇਮਾਨਸ ਨੂੰ ਪੁੱਛਣਾ ਬਣਦਾ ਹੈ ਕਿ ਤੁਸੀਂ ਹੜ੍ਹ ਪੀੜਤਾਂ ਨੂੰ ਕਿੱਥੇ ਬੈਠਾ ਕੇ ਲਿਆਓਗੇ? ਉਹ ਵੀ ਮੌਜੂਦਾ ਸਰਕਾਰ ਨੂੰ ਭੰਡਦਾ ਸਿਆਸਤ ਕਰਦਾ ਹੀ ਦਿਸਿਆ।

ਲੇਟ ਪਹੁੰਚੇ ਇਕ ਪਾਰਟੀ ਦੇ ਹਾਰੇ ਨੇਤਾ ਨੂੰ ਅੱਗੇ ਨਹੀਂ ਜਾਣ ਦਿੱਤਾ, ਸਗੋਂ ਗਾਲਾਂ ਦੇ ਹਾਰ ਪਾ ਕੇ ਬੁਰਾ-ਭਲਾ ਬੋਲਦਿਆਂ ਲੋਕਾਂ ਨੇ ਵਾਪਸ ਮੁੜਨ ਲਈ ਮਜਬੂਰ ਕਰ ਦਿੱਤਾ। ਕਈ ਘੜਿਆਲੀ ਅੱਥਰੂ ਕੇਰਦੇ ਵੀ ਦਿਸੇ, ਪੈਰ ਗਿੱਲੇ ਕੀਤੇ ਬਿਨਾਂ ਨੋਟ ਵੰਡਦੇ ਵੀ ਵੇਖੇ ਗਏ। ਹਰੇਕ ਸਿਆਸੀ ਬੰਦੇ ਦੀ ਸ਼ਕਲ ਲੋਕ ਜਾਣਦੇ ਹਨ, ਫਿਰ ਵੀ ਉਹ ਆਪਣੀ ਗੱਡੀ ਜਾਂ ਹੜ੍ਹ ਪੀੜਤਾਂ ਲਈ ਭੇਜੀ ਹੋਈ ਕੱਚੀ-ਪੱਕੀ ਰਸਦ ਵਾਲੀ ਟਰਾਲੀ ਉੱਤੇ ਆਪਣੀ ਫੋਟੋ ਵਾਲਾ ਬੈਨਰ ਅਤੇ ਪਾਰਟੀ ਦਾ ਝੰਡਾ ਲਾਉਣਾ ਨਹੀਂ ਭੁੱਲਿਆ। ਇਕ ਨੇਤਾ ਨੇ ਪਸ਼ੂਆਂ ਦਾ ਚਾਰਾ ਭੇਜਣ ਦਾ ਐਲਾਨ ਕਰਕੇ ਆਪਣੇ ਵੱਡੇ ਨੇਤਾ ਨੂੰ ਉਡੀਕਣਾ ਬਿਹਤਰ ਸਮਝਿਆ। ਚਾਰ ਦਿਨ ਬਾਅਦ ਪਹੁੰਚੇ ਉਸ ਨੇਤਾ ਨੇ ਆਪਣੇ ਭਾਸ਼ਣ ਵਿੱਚ ਕਿਹਾ, 'ਐਨੇ ਚਾਰੇ ਦਾ ਬੰਦੋਬਸਤ ਕਰ ਲਿਆ ਹੈ। ਮੈਂ ਫਲਾਣਾ ਸਾਹਿਬ ਨੂੰ ਕਹਿ ਦਿੱਤਾ ਹੈ ਕਿ ਜੇ ਹੋਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਦੱਸ ਦੇਣਾ, ਮੈਂ ਟਰੱਕ ਭੇਜ ਦਿਆਂਗਾ।'

ਉਸ ਦੇ ਜੁਆਬ ਵਿੱਚ ਕਿਸੇ ਸੋਸ਼ਲ ਮਸਖ਼ਰੇ ਦੀ ਪੋਸਟ ਵੀ ਆ ਗਈ, 'ਏਹ ਤਾਂ ਚੋਣਾਂ ਜਿੱਤਣ ਵੇਲੇ ਵੀ ਆਖਦਾ ਸੀ, ਇਸ ਵਾਰ ਜਿਤਾ ਕੇ ਸਾਨੂੰ ਸੈਂਟਰ ਵਿੱਚ ਭੇਜ ਦਿਓ, ਫਿਰ ਮੈਂ ਓਥੋਂ ਨੋਟਾਂ ਦੇ ਟਰੱਕ ਭਰ ਕੇ ਭੇਜਾਂਗਾ। ਉਹ ਟਰੱਕ ਤਾਂ ਹਾਲੇ ਤੱਕ ਵੀ ਨਹੀਂ ਆਏ, ਹੁਣ ਵਾਲੇ ਟਰੱਕ ਕਦੋਂ ਪਹੁੰਚਣੇ ਨੇ! ਟਰੱਕ ਨਾਲ ਈ ਲਈ ਆਉਂਦਾ ਦਿੱਲੀਓਂ ਦੂਰ ਤਾਂ ਨਹੀਂ ਸੀ ਏਹ ਥਾਂ।'

ਇੱਕ ਸਜ-ਧਜ ਕੇ ਆਈ ਕਲਾਕਾਰ ਬੀਬੀ ਦਰਿਆਵਾਂ ਦੇ ਮੂੰਹ ਮੋੜਨ ਵਾਲਿਆਂ ਨੂੰ ਬੋਰੀ ਨਾਲ ਪਤਾ ਨਹੀਂ ਕਿਹੜੇ ਮਘੋਰੇ ਬੰਦ ਕਰਕੇ ਪਾਣੀ ਰੋਕਣ ਦੇ ਨੁਕਤੇ ਦੱਸ ਰਹੀ ਸੀ ਤੇ ਲੋਕ ਉਸ ਦਾ ਮੇਕਅਪ ਅਤੇ ਐਕਸ਼ਨ ਵੇਖ ਕੇ ਸੋਚੀਂ ਪਏ ਦਿਸ ਰਹੇ ਸਨ। ਬਹੁਤੇ ਨੇਤਾ ਵੀ ਇਕੱਠ ਵਿੱਚ ਖਲੋਅ ਕੇ ਬਿਆਨ ਦੇਣ, ਫੋਟੋ ਖਿਚਵਾਉਣ ਅਤੇ ਵੀਡੀਓ ਬਣਵਾਉਣ ਤੱਕ ਹੀ ਸੀਮਤ ਰਹੇ।

ਯੂਟਿਊਬਰ, ਫੇਸਬੁੱਕੀਏ ਤੇ ਆਪੂੰ ਬਣਾਏ ਜਣੇ-ਖਣੇ ਚੈਨਲਾਂ ਵਾਲੇ ਹਰੇਕ ਦੇ ਮੂੰਹ ਅੱਗੇ ਮਾਈਕ ਕਰਦੇ ਵੇਖੇ ਸੁਣੇ ਗਏ,

'ਸਰਕਾਰ ਦੀ ਕਾਰਗੁਜ਼ਾਰੀ ਨੂੰ ਕਿਵੇਂ ਵੇਖਦੇ ਹੋ? ਫਲਾਣੇ ਨੇ ਆਹ ਬਿਆਨ ਦਿੱਤਾ, ਤੁਸੀਂ ਇਸ ਬਾਰੇ ਕੀ ਕਹੋਗੇ? ਇਸ ਆਫਤ ਵਾਸਤੇ ਕਿਸ ਨੂੰ ਜ਼ਿੰਮੇਵਾਰ ਮੰਨਦੇ ਹੋ? ਆਦਿ। ਇਕ ਵੀਡੀਓ ਵਿੱਚ ਮੌਜੂਦਾ ਸਰਕਾਰ ਦੇ ਇੱਕ ਵਿਧਾਇਕ ਵੱਲੋਂ ਇਸ ਆਫਤ ਦੇ ਸਮੇਂ ਆਪਣੀ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਬਾਰੇ ਸੱਚ ਬੋਲਦਿਆਂ ਉਂਗਲ ਚੁੱਕਣ ਬਦਲੇ ਉਸ ਨੂੰ ਕੀ ਖਮਿਆਜ਼ਾ ਭੁਗਤਣਾ ਪਵੇ, ਪਤਾ ਨਹੀਂ। ਮੀਡੀਏ ਨੇ ਇਕ ਅਫਸਰ ਬੀਬੀ ਨੂੰ ਬਹੁਤ ਹੀ ਹਾਈ ਲਾਈਟ ਕੀਤਾ। ਬੇਸ਼ੱਕ ਉਹ ਆਪਣੀ ਡਿਊਟੀ ਕਰਦੀ ਲੋਕਾਂ ਦੇ ਦਿਲ ਜਿੱਤ ਰਹੀ ਸੀ, ਪਰ ਹੋਰ ਛੋਟੇ ਸਹਿਯੋਗੀ ਅਫ਼ਸਰ ਮੀਡੀਏ ਦੇ ਨਜ਼ਰੀਂ ਨਹੀਂ ਪਏ, ਜਦ ਕਿ ਉਨ੍ਹਾਂ ਦਾ ਕੰਮ ਵੀ ਸ਼ਲਾਘਾਯੋਗ ਸੀ।

ਅਜਿਹੇ ਸਮੇਂ ਕਈ ਜ਼ਿੰਮੇਵਾਰ ਲੀਡਰਾਂ ਵੱਲੋਂ ਅਤਿ ਮਜਾਹੀਆ ਅਤੇ ਵਿਅੰਗਮਈ ਢੰਗ ਨਾਲ ਦੂਜਿਆਂ ਉੱਤੇ ਦੋਸ਼ ਆਰੋਪਣ ਕਰਨਾ ਵਧੀਆ ਨਹੀਂ ਲੱਗਾ।

ਇਸ ਮੁਲਕ ਵਾਸਤੇ ਪੰਜਾਬੀ ਹਰ ਮੁਹਾਜ਼ 'ਤੇ ਹਮੇਸ਼ਾ ਕੰਧ ਬਣ ਕੇ ਖਲੋਤੇ ਹਨ, ਪਰ ਮੁਲਕ ਦੇ ਸਾਂਝੇ ਲੀਡਰਾਂ ਨੇ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ। ਜੇ ਕੁਝ ਕਿਹਾ ਤਾਂ ਉਹ ਵੀ ਦੇਰ ਨਾਲ। ਪੰਜਾਬ ਦੇ ਇਕ ਨੇਤਾ ਦੇ ਪੁਰਖੇ ਚਿਰਾਂ ਤੋਂ ਪੰਜਾਬ ਦੇ ਮੋਹਰੀ ਰਹੇ, ਪਰ ਉਸ ਨੇ ਕੇਂਦਰ ਨਾਲ ਪਾਈ ਨਵੀਂ-ਨਵੀਂ ਯਾਰੀ ਨਿਭਾਉਂਦੇ ਹੋਏ ਏਨਾ ਹੀ ਕਿਹਾ, 'ਜੇ ਪੰਜਾਬ ਨੂੰ ਮਦਦ ਚਾਹੀਦੀ ਹੈ ਤਾਂ ਉਹ ਕੇਂਦਰ ਸਰਕਾਰ ਤੋਂ ਮੰਗ ਕਰੇ।' ਏਹ ਆਖਦਾ ਉਹ ਭੁੱਲ ਗਿਆ ਕਿ ਪੰਜਾਬ ਹੱਥ ਅੱਡਣਾ ਨਹੀਂ ਜਾਣਦਾ ਅੱਡੇ ਹੱਥਾਂ 'ਤੇ ਕੁਝ ਧਰਨਾ ਜਾਣਦਾ ਹੈ। ਸਦਕੇ ਜਾਈਏ ਪੰਜਾਬ ਦੇ ਜਾਏ ਕਲਾਕਾਰਾਂ ਅਤੇ ਹੋਰ ਵਿੱਤੀ ਮਦਦ ਦੇਣ ਵਾਲਿਆਂ ਦੇ, ਜਿਨ੍ਹਾਂ ਇਹ ਸਿੱਧ ਕਰ ਦਿੱਤਾ ਕਿ ਪੰਜਾਬ ਦੇ ਜੰਮਿਆਂ ਨੂੰ ਆਫਤਾਂ ਨਾਲ ਮੱਥਾ ਲਾਉਣਾ ਤੇ ਮੂੰਹ ਮੋੜਨਾ ਵੀ ਆਉਂਦਾ ਹੈ। ਆਪਣੀ ਜਾਨ ਜੋਖਮ ਵਿੱਚ ਪਾ ਕੇ ਹੜ੍ਹ ਦੇ ਪਾਣੀ ਨੂੰ ਚੀਰਦਿਆਂ ਹੜ੍ਹ ਪੀੜਤਾਂ ਤੱਕ ਮਦਦ ਲੈ ਕੇ ਪਹੁੰਚਣ ਵਾਲੇ ਗੱਭਰੂਆਂ ਨੂੰ ਸਲੂਟ ਹੈ।

ਪਾਣੀ ਦਾ ਚੱਕਰ ਕੁਦਰਤੀ ਵਰਤਾਰਾ ਹੈ। ਇਹ ਰੁਕ ਨਹੀਂ ਸਕਦਾ। ਸਾਨੂੰ ਆਪਣੇ ਅੰਦਰ ਝਾਤੀ ਮਾਰ ਕੇ ਵੇਖਣਾ ਪਵੇਗਾ ਕਿ ਇਸ ਤਬਾਹੀ ਦੇ ਅਸੀਂ ਖੁਦ ਕਿੰਨੇ ਕੁ ਜ਼ਿੰਮੇਵਾਰ ਹਾਂ। ਅਖੀਰ ਵਿੱਚ ਏਹੀ ਕਹਿਣਾ ਬਣਦਾ ਹੈ ਕਿ ਇਸ ਮੌਕੇ ਸਿਆਸਤ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਸੇਵਾ ਨੂੰ ਪਹਿਲ ਦੇਣੀ ਬਣਦੀ ਹੈ। ਸਿਆਸਤ ਕਰਦਿਆਂ ਨੇਤਾ ਲੋਕ ਆਪਣੇ-ਆਪ ਨੂੰ ਜਿੰਨਾ ਮਰਜ਼ੀ ਦਾਤੇ ਅਖਵਾਉਣ ਦੀ ਕੋਸ਼ਿਸ਼ ਕਰਨ, ਪਰ ਜ਼ਿੰਦਗੀ ਦੇ ਅਸਲ ਨਾਇਕਾਂ ਨੂੰ ਪਛਾਣੇ ਬਗੈਰ ਬੇੜਾ ਪਾਰ ਨਹੀਂ ਹੋਣ ਲੱਗਾ, ਕਿਉਂਕਿ ਆਮ ਲੋਕ ਹੀ ਲੋਕਾਈ ਦੇ ਅਸਲ ਨਾਇਕ ਬਣ ਕੇ ਉੱਭਰਦੇ ਹਨ।

ਫੋਨ-94656-56214

ਸਫ਼ਾ 2 ਦੀ ਬਾਕੀ

## ਗੈਲੀਲਿਓ ਦਾ ਵਾਰਿਸ-ਸਟੀਫ਼ਨ ਵਿਲੀਅਮ ਹਾਕਿੰਗ...

ਕੌਮੀ ਬੱਚਤ, ਬ੍ਰਿਟਿਸ਼ ਟੈਲੀਕਾਮ ਅਤੇ ਵ੍ਹੀਲ ਚੇਅਰ ਦੇ ਵਿਗਿਆਪਨਾਂ ਵਿੱਚ ਵੀ ਕੰਮ ਕੀਤਾ ਸੀ।

ਸੰਨ 2006 'ਚ ਉਸ ਦਾ ਈਲੇਨ ਨਾਲੋਂ ਸੰਬੰਧ ਟੁੱਟ ਗਿਆ ਸੀ। ਉਹ ਜਾਨੇ ਦੇ ਕਰੀਬ ਆਉਣ ਲੱਗਾ।ਸੰਨ 2007 ਵਿੱਚ ਜਾਨੇ ਦੀ ਪੁਸਤਕ 'ਟ੍ਰੈਵਲਿੰਗ ਟੂ ਇਨਫਿਨਿਟੀ, ਮਾਈ ਲਾਈਫ਼ ਵਿਦ ਸਟੀਫ਼ਨ' ਪ੍ਰਕਾਸ਼ਤ ਹੋਈ ਸੀ।ਹਾਕਿੰਗ ਨੇ ਆਪਣੀ ਧੀ ਨਾਲ ਮਿਲ ਕੇ ਬੱਚਿਆਂ ਲਈ 'ਲਾਰਜ ਸੀਕਰੇਟ ਕੀ ਟੂ ਦ ਯੂਨੀਵਰਸ, ਡਿਜ਼ਾਈਨ ਐਂਡ ਐਕਸਪਲੇਨੇਸ਼ਨ' ਵਰਗੀਆਂ ਕਈ ਕਿਤਾਬਾਂ ਪ੍ਰਕਾਸ਼ਤ ਕਰਵਾਈਆਂ। ਉਸ ਦਾ ਇਹੀ ਵਿਚਾਰ ਰਿਹਾ ਕਿ ਵਿਗਿਆਨਕ ਖੋਜਾਂ ਦਾ ਪ੍ਰਚਾਰ ਆਮ ਲੋਕਾਂ ਵਿੱਚ ਵੀ ਹੋਣਾ ਚਾਹੀਦਾ।ਹਾਕਿੰਗ ਸੰਬੰਧੀ ਅਨੇਕ ਫੀਚਰ, ਡਾਕੂਮੈਂਟਰੀ ਫਿਲਮਾਂ, ਵੱਖ-ਵੱਖ ਚੈਨਲਾਂ 'ਤੇ ਦਿਖਾਈਆਂ ਜਾਂਦੀਆਂ ਰਹੀਆਂ। ਉਹ ਆਪਣੇ ਨਿੱਜੀ ਜਹਾਜ਼ ਵਿੱਚ ਅਮਰੀਕਾ ਅਤੇ ਕੈਨੇਡਾ ਕਾਨਫਰੰਸਾਂ ਵਿੱਚ ਸ਼ਾਮਲ ਹੋਣ ਲਈ ਜਾਇਆ ਕਰਦਾ ਸੀ।ਬੀ.ਬੀ.ਸੀ ਲੰਡਨ ਨੇ ਉਸ ਨੂੰ 'ਸੌ ਮਹਾਨ ਬਰਤਾਨਵੀ ਸ਼ਖਸੀਅਤਾਂ' ਦੀ ਸੂਚੀ ਵਿੱਚ ਸ਼ਾਮਲ ਕੀਤਾ ਸੀ। ਸੰਨ 2009 'ਚ ਅਮਰੀਕਾ ਨੇ ਉਸ ਨੂੰ 'ਪ੍ਰੈਜ਼ੀਡੈਂਸ਼ੀਅਲ ਮੈਡਲ ਆਫ ਫਰੀਡਮ' ਸਨਮਾਨ ਨਾਲ ਨਿਵਾਜਿਆ ਸੀ।ਨੋਬੇਲ ਪੁਰਸਕਾਰ ਉਸ ਲਈ ਇਕ ਤਿਲਕਣਬਾਜ਼ੀ ਬਣਿਆ ਰਿਹਾ ਸੀ।ਅਗਲੇ ਵਰ੍ਹੇ ਉਹ ਲੁਕਾਸੀਅਨ ਪ੍ਰੋਫੈਸਰ ਆਫ ਮੈਥੇਮੈਟਿਕਸ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਗਿਆ ਸੀ, ਪਰ ਉਦੋਂ ਹੀ ਉਸ ਨੂੰ ਹੋਰ ਵੀ ਵੱਡੀ ਜ਼ੁੰਮੇਵਾਰੀ ਸੌਂਪ ਦਿੱਤੀ ਗਈ ਸੀ।ਉਸ ਦੇ ਸੁਭਾਅ ਦੇ ਕਈ ਅਜੀਬ ਪੱਖ ਵੀ ਦ੍ਰਿਸ਼ਟੀਗੋਚਰ ਹੁੰਦੇ ਰਹੇ ਸਨ।ਉਹ ਕਹਿੰਦਾ ਸੀ- ਬ੍ਰਹਿਮੰਡ ਵਿਗਿਆਨਕ ਨਿਯਮਾਂ ਵਿੱਚ ਬੱਝਾ ਹੋਇਆ।ਹੋ ਸਕਦਾ ਰੱਬ ਵੀ ਉਨ੍ਹਾ ਨਿਯਮਾਂ ਨੂੰ ਤੋੜਨ ਵਿੱਚ ਕੋਈ ਦਖ਼ਲ ਨਾ ਦੇ ਸਕਦਾ ਹੋਵੇ।ਸਵਰਗ ਬਾਰੇ ਉਸ ਦੀ ਧਾਰਨਾ ਸੀ-ਨਾ ਕੋਈ ਸਵਰਗ ਹੈ ਨਾ ਅੱਗੇ ਕੋਈ ਜੀਵਨ ਹੈ।ਇਹ ਇਕ ਮਿਥਿਹਾਸ ਹੈ।ਅਜਿਹੀ ਮਨੋਭਾਵਨਾ ਇਕ ਪਰੀ ਕਹਾਣੀ ਵਰਗੀ ਲੱਗਦੀ ਹੈ।ਅਜਿਹਾ ਉਹ ਲੋਕ ਸੋਚਦੇ ਹਨ, ਜੋ ਹਨੇਰੇ ਤੋਂ ਡਰਦੇ ਹਨ।ਉਹ ਝੱਟ ਕਿਸੇ ਵੀ ਮੁੱਦੇ 'ਤੇ ਬਹਿਸ ਛੇੜ ਲੈਂਦਾ ਸੀ।ਝੱਟ ਸ਼ਰਤ ਲਗਾ ਲੈਂਦਾ ਸੀ।ਇਕ ਵਾਰ ਉਸ ਨੇ ਸ਼ਰਤ ਲਗਾ ਲਈ ਕਿ ਰੱਬੀ ਕਣ ਹਿਗਜ਼ ਬੋਸੋਨ ਕਦੀ ਵੀ ਨਹੀਂ ਲੱਭਿਆ ਜਾ ਸਕੇਗਾ, ਪਰ ਹਿਗਜ਼ ਬੋਸੋਨ ਤਾਂ ਜੁਲਾਈ 2012 'ਚ ਖੋਜ ਲਿਆ ਗਿਆ ਸੀ।ਉਸ ਨੇ ਝੱਟ ਆਪਣੀ ਹਾਰ ਕਬੂਲ ਕਰ ਲਈ ਅਤੇ ਇਸ ਖੋਜ 'ਤੇ ਹਿਗਜ਼ ਨੂੰ ਨੋਬੇਲ ਪੁਰਸਕਾਰ ਦੇਣ ਦਾ ਸੁਝਾਅ ਦਿੱਤਾ।ਉਸ ਨੇ ਕਈ ਹਾਸੋਹੀਣੀਆਂ ਟਿੱਪਣੀਆਂ ਵੀ ਕੀਤੀਆਂ, ਜਿਵੇਂ ਕਿ ਉਸ ਦੀ ਇਕ ਟਿੱਪਣੀ ਸੀ-ਕੰਪਿਊਟਰ ਵਾਇਰਸ ਵਿੱਚ ਜ਼ਿੰਦਗੀ ਹੁੰਦੀ ਹੈ।ਖੋਜੀ ਉਸ ਦੀ ਇਸ ਟਿੱਪਣੀ 'ਤੇ ਬੜੇ ਹੈਰਾਨ ਹੋਏ ਸਨ।ਉਸ ਦੀ ਕੀਤੀ ਟਿੱਪਣੀ ਕਿ ਮੁਰਗੀ ਤੋਂ ਪਹਿਲਾਂ ਆਂਡਾ ਬਣਿਆ ਸੀ ਵੀ ਬੜੀ ਚਰਚਾ ਦਾ ਵਿਸ਼ਾ ਬਣੀ ਰਹੀ ਸੀ।ਇਹ ਵਿਚਾਰ ਗਲਤ ਸਿੱਧ ਹੋ ਗਿਆ ਸੀ।ਖੋਜੀ ਸੋਚਦੇ ਸਨ ਕਿ ਕੋਈ ਅਜਿਹਾ ਉਪਕਰਨ ਮਿਲ ਜਾਂਦਾ, ਜੋ ਹਾਕਿੰਗ ਦੇ ਦਿਮਾਗ ਦੇ ਪੈਟਰਨਾਂ 'ਤੇ ਤਰਜਮਾ ਕਰ ਸਕਦਾ।ਉਸ ਨੂੰ ਹਰ ਵੇਲੇ ਵੈਂਟੀਲੇਟਰ ਦੀ ਲੋੜ ਪੈਂਦੀ ਸੀ।ਡਾਕਟਰ ਅਤੇ ਨਰਸਾਂ ਹਰ ਵੇਲੇ ਉਸ ਦੇ ਦੁਆਲੇ ਭੱਜੇ ਫਿਰਦੇ ਸਨ।ਕੁਦਰਤ ਨੇ ਉਸ ਨੂੰ ਕਿਸ ਕਿਸਮ ਦਾ ਬੰਦਾ ਬਣਾ ਕੇ ਧਰਤੀ 'ਤੇ ਭੇਜਿਆ ਸੀ।ਉਹ ਪ੍ਰਿਥਵੀ ਤੇ ਜੀਵਨ ਸੰਬੰਧੀ ਗੱਲਾਂ ਕਰਦਾ ਕਹਿੰਦਾ ਸੀ-ਧਰਤੀ 'ਤੇ ਜੀਵਨ ਖਤਰਿਆਂ ਭਰਿਆ ਹੈ। ਨਿਊਕਲਈ ਹਮਲੇ ਦੀ ਸੂਰਤ 'ਚ ਮਨੁੱਖ ਨੇ ਹੀ ਖਤਮ ਹੋਣਾ ਹੈ।ਹੋਰ ਜੈਵਿਕ ਵਾਇਰਸ ਵੀ ਮਨੁੱਖ ਨੂੰ ਖਤਮ ਕਰਨ 'ਤੇ ਤੁਲੇ ਹੋਏ ਹਨ।ਹੋ ਸਕਦਾ ਹੈ ਪੁਲਾੜ ਵਿੱਚ ਕਾਲੋਨੀਆਂ ਬਣਾ ਕੇ ਭਵਿੱਖ ਵਿੱਚ ਇਨਸਾਨ ਫਾਇਦੇ ਵਿੱਚ ਰਹੇ।ਹਾਕਿੰਗ ਨੇ ਸਾਨੂੰ ਸੁਪਰ ਇੰਟੈਲੀਜੈਂਟ ਮਨਸੂਈ ਬੁੱਧੀ (artificial intelligence) ਬਾਰੇ ਸੁਚੇਤ ਕੀਤਾ ਕਿ ਇਹ ਬੁੱਧੀ ਮਨੁੱਖ ਨੂੰ ਆਪਣੇ ਮੁਤਾਬਕ ਤੋਰੇਗੀ, ਪਰ ਮਨੁੱਖ ਆਰਥਿਕ ਨਾਬਰਾਬਰੀ ਪੈਦਾ ਕਰਨ ਵਾਲੇ ਪੂੰਜੀਵਾਦ ਕੋਲੋਂ ਰੋਬੋਟਾਂ ਤੋਂ ਵੀ ਵਧੇਰੇ ਡਰ ਜਾਵੇਗਾ।ਹਾਕਿੰਗ ਡਰ ਵਿਅਕਤ ਕਰਦਾ ਸੀ ਕਿ

ਆਲਮੀ ਤਪਸ਼ ਜਿਹੇ ਵਰਤਾਰੇ ਇਸ ਖ਼ੂਬਸੂਰਤ ਗ੍ਰਹਿ ਨੂੰ ਖ਼ਤਰੇ ਵਿੱਚ ਪਾ ਦੇਣਗੇ।ਇਹ ਵੀ ਹੋ ਸਕਦਾ ਹੈ ਕਿ ਧਰਤੀ, ਸ਼ੁੱਕਰ ਗ੍ਰਹਿ ਵਰਗੀ ਬਣ ਜਾਵੇ, ਜਿੱਥੇ ਦੋ ਸੌ ਪੰਜਾਹ ਦਰਜੇ ਸੈਂਟੀਗ੍ਰੇਡ ਦਾ ਤਾਪਮਾਨ ਹੋਵੇਗਾ ਅਤੇ ਗੰਧਕ ਦੇ ਤੇਜ਼ਾਬ ਦਾ ਮੀਂਹ ਵਰ੍ਹੇਗਾ।ਵਾਤਾਵਰਨ 'ਚ ਤਬਦੀਲੀ ਸਾਡੇ ਲਈ ਇਕ ਬਹੁਤ ਵੱਡਾ ਖਤਰਾ ਹੈ।ਇਸ ਨੂੰ ਠੀਕ ਕਰਨ ਦਾ ਹੁਣ ਸਹੀ ਸਮਾਂ ਹੈ, ਨਹੀਂ ਤਾਂ ਦੇਰ ਹੋ ਜਾਵੇਗੀ।

ਮੌਤ : ਸਟੀਫ਼ਨ ਹਾਕਿੰਗ 14 ਮਾਰਚ 2018 ਨੂੰ ਆਇਨਸਟਾਈਨ ਦੇ ਜਨਮ ਵਾਲੇ ਦਿਨ ਕੈਂਬਰਿਜ (ਇੰਗਲੈਂਡ) ਵਿਖੇ ਆਪਣੇ ਘਰ ਵਿੱਚ ਹੀ ਸੁਆਸ ਪੂਰੇ ਕਰ ਗਿਆ।ਮਰਨ ਵੇਲੇ ਉਹ 76 ਵਰ੍ਹਿਆਂ ਦਾ ਸੀ।ਭਾਵੇਂ ਉਹ ਰੱਬ ਦੀ ਹੋਂਦ ਨੂੰ ਨਹੀਂ ਸੀ ਮੰਨਦਾ, ਪਰ ਉਸ ਦਾ ਅੰਤਿਮ ਸੰਸਕਾਰ ਪ੍ਰੋਟੈਸਟੈਂਟ ਮਤ ਦੀਆਂ ਰਸਮਾਂ ਅਨੁਸਾਰ ਕੀਤਾ ਗਿਆ।ਉਸ ਦੀਆਂ ਅਸਥੀਆਂ ਨੂੰ ਐਬੇਜ ਗਿਰਜਾ-ਘਰ ਦੇ ਗੱਭੇ ਆਈਜੈਕ ਨਿਊਟਨ ਅਤੇ ਚਾਰਲਸ ਡਾਰਵਿਨ ਦੀਆਂ ਕਬਰਾਂ ਵਿਚਕਾਰ ਸਪੁਰਦੇ ਖ਼ਾਕ ਕੀਤਾ ਗਿਆ। ਨਿਰਸੰਦੇਹ ਉਹ ਇਕ ਮਿਸਾਲੀ ਜ਼ਿੰਦਗੀ ਜੀਅ ਕੇ ਧਰਤੀ ਤੋਂ ਵਿਦਾ ਹੋਇਆ।

# ਸਾਹਿਤਕ ਆਲੋਚਨਾ ਦਾ ਸੰਕਟ



*ਗਣੇਸ਼ ਦੇਵੀ (1 ਅਗਸਤ 1950) ਪੁਣੇ, ਮਹਾਰਾਸ਼ਟਰ ਵਿੱਚ ਜਨਮੇ ਇੱਕ ਪ੍ਰਸਿੱਧ ਭਾਰਤੀ ਸੱਭਿਆਚਾਰਕ ਕਾਰਕੁੰਨ, ਸਾਹਿਤਕ ਆਲੋਚਕ ਅਤੇ ਅੰਗਰੇਜ਼ੀ ਦੇ ਸਾਬਕਾ ਪ੍ਰੋਫੈਸਰ ਹਨ। ਉਹ ਡੀਨੋਟੀਫਾਈਡ ਅਤੇ ਖਾਨਾਬਦੋਸ਼ ਕਬੀਲਿਆਂ ਅਤੇ ਲੁਪਤ ਹੋ ਰਹੀਆਂ ਭਾਸ਼ਾਵਾਂ ਨਾਲ ਆਪਣੇ ਕੰਮ ਲਈ ਜਾਣੇ ਜਾਂਦੇ ਹਨ। ਉਹਨਾਂ ਨੇ ਸ਼ਿਵਾਜੀ ਯੂਨੀਵਰਸਿਟੀ, ਕੋਲਹਾਪੁਰ ਅਤੇ ਯੂਨੀਵਰਸਿਟੀ ਆਫ਼ ਲੀਡਜ਼, ਯੂ ਕੇ ਤੋਂ ਸਿੱਖਿਆ ਪ੍ਰਾਪਤ ਕੀਤੀ। 1980 ਤੋਂ 1996 ਤੱਕ ਮਹਾਰਾਜਾ ਸਯਾਜੀਰਾਓ ਯੂਨੀਵਰਸਿਟੀ ਆਫ਼ ਬੜੌਦਾ ਵਿੱਚ ਅੰਗਰੇਜ਼ੀ ਦੇ ਪ੍ਰੋਫੈਸਰ ਵਜੋਂ ਸੇਵਾ ਨਿਭਾਈ। ਉਹ ਭਾਸ਼ਾ, ਖੋਜ ਅਤੇ ਪ੍ਰਕਾਸ਼ਨ ਕੇਂਦਰ ਅਤੇ ਆਦਿਵਾਸੀ ਅਕਾਦਮੀ ਦੇ ਸੰਸਥਾਪਕ ਨਿਰਦੇਸ਼ਕ ਹਨ। ਉਹਨਾਂ ਪੀਪਲਜ਼ ਲਿੰਗੁਇਸਟਿਕ ਸਰਵੇ ਆਫ਼ ਇੰਡੀਆ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਲੱਗਭੱਗ 3,000 ਵਲੰਟੀਅਰ ਸ਼ਾਮਲ ਸਨ।ਇਹ ਆਜ਼ਾਦੀ ਤੋਂ ਬਾਅਦ ਪਹਿਲਾ ਭਾਸ਼ਾ ਸਰਵੇਖਣ ਹੈ, ਜੋ 780 ਜੀਵਤ ਭਾਸ਼ਾਵਾਂ ਬਾਰੇ ਹੈ ਅਤੇ 50 ਖੰਡਾਂ ਵਿੱਚ ਪ੍ਰਕਾਸ਼ਿਤ ਹੋਇਆ ਹੈ। ਅਸੀਂ ਇਹਨਾ ਦੀ ਪੁਸਤਕ 'ਸਮ੍ਰਿਤੀ ਲੋਪ ਤੋਂ ਬਾਅਦ' (ਆਫ਼ਟਰ ਐਮਨਿਜ਼ਿਆ) ਦਾ ਅਨੁਵਾਦ ਕਰ ਰਹੇ ਹਾਂ, ਛੇਤੀ ਹੀ ਇਹ ਪੁਸਤਕ ਪੰਜਾਬੀ ਪਾਠਕਾਂ ਲਈ ਉਪਲੱਬਧ ਹੋਵੇਗੀ। -ਅਨੁਵਾਦਕ*

ਪੁਸਤਕ 'ਸਮ੍ਰਿਤੀ ਲੋਪ ਤੋਂ ਬਾਅਦ' ਦੇ ਇਤਿਹਾਸਕ ਸੰਦਰਭਾਂ ਵਿੱਚ ਭਾਰਤੀ ਆਲੋਚਨਾ ਦੀ ਵਿਆਖਿਆ ਕਰਨ ਦਾ ਯਤਨ ਹੈ। ਇਸ ਦਾ ਉਦੇਸ਼ ਪ੍ਰਚਲਿਤ ਸਿਧਾਂਤਕ ਦ੍ਰਿਸ਼ਟੀਕੋਣਾਂ ਦਾ ਵਿਸ਼ਲੇਸ਼ਣ ਕਰਨਾ ਨਹੀਂ ਹੈ। ਮੇਰਾ ਮੰਨਣਾ ਹੈ ਕਿ ਸਮਕਾਲੀ ਭਾਰਤੀ ਸਾਹਿਤ ਦੇ ਸੰਦਰਭ ਵਿੱਚ ਨਵੇਂ ਅਤੇ ਅਰਥਪੂਰਨ ਸਿਧਾਂਤਕ ਸਵਾਲਾਂ ਨੂੰ ਸੂਤਰਬੱਧ ਕਰਨਾ ਉਦੋਂ ਤੱਕ ਸੰਭਵ ਨਹੀਂ ਹੋਵੇਗਾ, ਜਦੋਂ ਤੱਕ ਇਸ ਖੇਤਰ ਦੇ ਇਤਿਹਾਸਕ ਮਾਪਦੰਡ ਪਹਿਲਾਂ ਨਿਰਧਾਰਤ ਨਹੀਂ ਕੀਤੇ ਜਾਂਦੇ। ਸਾਹਿਤ ਅਤੇ ਸਾਹਿਤਕ ਆਲੋਚਨਾ ਬਾਰੇ ਸਵੈ-ਚੇਤੰਨ ਦ੍ਰਿਸ਼ਟੀਕੋਣ, ਸਥਾਨਕ ਪਰੰਪਰਾਵਾਂ ਦੀ ਬਿਹਤਰ ਸਮਝਦਾਰੀ ਅਤੇ ਉਨ੍ਹਾਂ ਵਿਚ ਆਈਆਂ ਆਧੁਨਿਕ ਤਬਦੀਲੀਆਂ ਬਾਰੇ ਸਹੀ ਅੰਤਰਦ੍ਰਿਸ਼ਟੀ ਹੋਣਾ ਸਾਹਿਤਕ ਆਲੋਚਨਾ ਦੇ ਅਮਲ ਅਤੇ ਅਭਿਆਸ ਬਾਰੇ ਸਾਰਥਿਕ ਅਤੇ ਉਪਯੋਗੀ ਬਹਿਸ ਦੀ ਸ਼ੁਰੂਆਤ ਕਰਨ ਲਈ ਪੂਰਵ-ਸ਼ਰਤਾਂ ਹਨ। ਇਹ ਨੁਕਤਾ ਭਾਰਤੀ ਆਲੋਚਕਾਂ ਨੂੰ ਸਿਧਾਂਤਕ ਸੂਤਰ ਪੇਸ਼ ਕਰਨ ਵਿੱਚ ਸਹਾਇਕ ਹੋਵੇਗਾ।

ਹੁਣ ਇਹ ਮੰਨਿਆ ਜਾਂਦਾ ਹੈ ਕਿ ਰਵਾਇਤੀ ਆਲੋਚਨਾ ਨੂੰ ਆਧੁਨਿਕ ਪੱਛਮੀ ਆਲੋਚਨਾ ਨੇ ਪੂਰੀ ਤਰ੍ਹਾਂ ਵਿਸਥਾਪਿਤ ਕਰ

## ਗਣੇਸ਼ ਦੇਵੀ

**ਅਨੁਵਾਦ : ਕੁਮਾਰ ਸੁਸ਼ੀਲ ਤੇ ਪਾਇਲ ਦੀਪ**

ਦਿੱਤਾ ਹੈ ਅਤੇ ਇਸ ਨੂੰ ਭਾਰਤੀ ਸਾਹਿਤ ਅਤੇ ਸੁਹਜ ਸ਼ਾਸਤਰ ਦੀ ਨਵੀਂ ਧਾਰਾ ਵਜੋਂ ਮਾਨਤਾ ਪ੍ਰਾਪਤ ਹੈ, ਪਰ ਕੀ ਰਵਾਇਤੀ ਆਲੋਚਨਾ ਧਾਰਾ ਨੇ ਆਪਣੇ ਪਿੱਛੇ ਕੋਈ ਰਹਿੰਦ-ਖੂੰਹਦ ਨਹੀਂ ਛੱਡੀ, ਜਿਸ ਨੇ ਨਵੀਂ ਧਾਰਾ ਵਿੱਚ ਕੁਝ ਬਦਲਾਅ ਕੀਤੇ ਹੋਣ? ਇਸ ਤੋਂ ਇਲਾਵਾ ਕੀ ਰਵਾਇਤੀ ਆਲੋਚਨਾ ਧਾਰਾ ਸਿਰਫ਼ ਇੱਕ ਮੁੱਖਧਾਰਾ ਸੀ ਜਾਂ ਫਿਰ ਉਹ ਕਈ ਸਹਿ-ਧਾਰਾਵਾਂ ਤੋਂ ਮਿਲ ਕੇ ਬਣੀ ਸੀ, ਜੋ ਅੱਜ ਅਲੋਪ ਹੋ ਗਈਆਂ ਹਨ? ਕੀ ਪਰਦੇਸੀ ਆਲੋਚਨਾ ਧਾਰਾ ਦਾ ਸਥਾਨਕ ਆਲੋਚਨਾ ਧਾਰਾ ਨੂੰ ਢਹਿ-ਢੇਰੀ ਕਰ ਦੇਣਾ ਇੱਕ ਆਮ ਅਤੇ ਏਕੀਕ੍ਰਿਤ ਵਰਤਾਰਾ ਸੀ? ਅਜਿਹੇ ਸਵਾਲ ਤਸੱਲੀਬਖਸ਼ ਜਵਾਬਾਂ ਦੀ ਉਡੀਕ ਕਰ ਰਹੇ ਹਨ। ਪਰ ਭਾਰਤੀ ਆਲੋਚਨਾ ਦੇ ਸੰਕਟ ਦੀ ਸਟੀਕ ਪ੍ਰਕਿਰਤੀ ਨੂੰ ਸਮਝਣ ਲਈ ਇੱਕ ਇਸ ਤੋਂ ਵੀ ਹੋਰ ਮਹੱਤਵਪੂਰਨ ਸਵਾਲ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਇਸ ਸਵਾਲ ਦਾ ਸੰਬੰਧ ਨਾ ਤਾਂ ਕਾਵਿ-ਸ਼ਾਸਤਰ ਦੀ ਸੰਸਕ੍ਰਿਤ ਪਰੰਪਰਾ ਨਾਲ ਹੈ ਅਤੇ ਨਾ ਹੀ ਪੱਛਮੀ ਸਾਹਿਤਕ ਵਿਚਾਰ ਨਾਲ। ਇਸ ਦਾ ਸੰਬੰਧ ਆਧੁਨਿਕ ਭਾਰਤੀ ਭਾਸ਼ਾਵਾਂ ਵਿੱਚ ਸਾਹਿਤਕ ਆਲੋਚਨਾ ਨਾਲ ਸੰਬੰਧਤ ਹੈ ਜਾਂ ਪਰੰਪਰਾਗਤ ਭਾਰਤੀ ਸ਼ਬਦ ਪ੍ਰਯੋਗ ਕਰੀਏ ਤਾਂ ਭਾਸ਼ਾ (ਰਵਾਇਤੀ ਆਲੋਚਨਾ) ਨਾਲ ਹੈ।

ਹਰੇਕ ਭਾਸ਼ਾ ਦੀ ਇੱਕ ਪਰਿਪੱਕ ਸਾਹਿਤਕ ਪਰੰਪਰਾ ਹੈ, ਜਿਸ ਨੂੰ ਪੂਰੀ ਨਿਰਪੱਖਤਾ ਨਾਲ ਇੱਕ ਪਰਿਪੱਕ ਪਰੰਪਰਾ ਵਜੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਕੁਝ ਭਾਸ਼ਾ ਜਿਵੇਂ ਕੰਨੜ ਜਾਂ ਤਮਿਲ ਦਾ ਹਜ਼ਾਰ ਸਾਲ ਤੋਂ ਜ਼ਿਆਦਾ ਸਾਹਿਤਕ ਇਤਿਹਾਸ ਹੈ, ਕੁਝ ਹੋਰ 'ਭਾਸ਼ਾ ਜਿਵੇਂ ਮਰਾਠੀ ਜਾਂ ਗੁਜਰਾਤੀ ਦਾ ਸਾਹਿਤਕ ਇਤਿਹਾਸ ਸੱਤ-ਅੱਠ ਸੌ ਸਾਲਾਂ ਦਾ ਹੈ। ਭਾਸ਼ਾ ਤੇਜ਼ੀ ਨਾਲ ਸੰਸਕ੍ਰਿਤ ਕਾਵਿ-ਸ਼ਾਸਤਰ ਤੋਂ ਦੂਰ ਜਾ ਰਹੀ ਸੀ ਅਤੇ ਪੱਛਮੀ ਸੁਹਜ-ਸ਼ਾਸਤਰ ਨਾਲ ਉਨ੍ਹਾਂ ਦੀ ਜਾਣ-ਪਛਾਣ ਵੀ ਬਹੁਤ ਸਦੀਆਂ ਪੁਰਾਣੀ ਨਹੀਂ ਹੈ। ਇਹ ਜਾਣ-ਪਛਾਣ ਅੰਗਰੇਜ਼ੀ ਬਸਤੀਵਾਦੀ ਅਨੁਭਵ ਦੇ ਨਤੀਜੇ ਵਜੋਂ ਹੋਈ। ਮਰਾਠੀ ਸਾਹਿਤ ਦੀ ਸ਼ਾਨਦਾਰ ਸ਼ੁਰੂਆਤ ਤੇਰ੍ਹਵੀਂ ਸਦੀ ਤੋਂ ਮੰਨੀ ਜਾਂਦੀ ਹੈ, ਜਦੋਂ ਕਿ ਮਰਾਠੀ ਸਾਹਿਤ ਆਲੋਚਨਾ ਦੀ ਸ਼ੁਰੂਆਤ ਉਨ੍ਹੀਵੀਂ ਸਦੀ ਦੇ ਮੱਧ ਵਿੱਚ ਦਾਦੋਬਾ ਪਾਂਡੂਰੰਗ (1865), ਪਰਸ਼ੂਰਾਮ ਤੰਤਿਆ ਗੋਡਬੋਲੇ (1867) ਅਤੇ ਮਹਾਂਦੇਵ ਮੋਰੇਸ਼ਵਰ ਕੁੰਟੇ (1869), ਗੋਵਰਧਨਰਾਮ (1855-1907) ਦੀਆਂ 'ਭੂਮਿਕਾਵਾਂ' ਤੋਂ ਮੰਨੀ ਜਾਂਦੀ ਹੈ। ਇਸ ਤਰ੍ਹਾਂ, ਗੁਜਰਾਤੀ ਵਿੱਚ ਸਾਹਿਤ ਪਰੰਪਰਾ ਦੀ ਸ਼ੁਰੂਆਤ ਹੇਮਚੰਦਰ (1088-1173) ਦੇ ਕੋਸ਼ਾਂ ਅਤੇ ਕਵਿਤਾਵਾਂ ਤੋਂ ਮੰਨੀ ਜਾਂਦੀ ਹੈ, ਉਨ੍ਹਾਂ ਨੇ ਸੰਸਕ੍ਰਿਤ ਵਿੱਚ ਸ਼ਾਨਦਾਰ ਆਲੋਚਨਾ ਵੀ ਲਿਖੀ ਪਰ ਆਲੋਚਨਾਤਮਕ ਪਰੰਪਰਾ ਦੀ ਸ਼ੁਰੂਆਤ ਨਵਲਰਾਮ (1836-88) ਅਤੇ ਗੋਵਰਧਨਰਾਮ (1855-1907) ਤੋਂ ਮੰਨੀ ਜਾਂਦੀ ਹੈ। ਇਹ ਗੱਲ ਅਸੰਭਵ ਜਾਪਦੀ ਹੈ ਕਿ ਭਾਸ਼ਾ ਪੰਜ ਸੌ ਤੋਂ ਜ਼ਿਆਦਾ ਸਾਲਾਂ ਤੋਂ ਮਹਾਨ ਸਾਹਿਤ ਤਾਂ ਪੈਦਾ ਕਰ ਰਹੀਆਂ ਸਨ, ਪਰ ਅਪਰਿਪੱਕ ਪ੍ਰਕਾਰ ਦੀ ਵੀ ਸਾਹਿਤ ਆਲੋਚਨਾ ਵਿਕਸਤ ਨਹੀਂ ਕਰ ਸਕੀਆਂ ਜਾਂ ਫਿਰ ਕੀ ਭਾਰਤੀ ਸਾਹਿਤ ਇਤਿਹਾਸ ਸਾਹਿਤ ਆਲੋਚਨਾ ਦੇ ਵਿਕਾਸ ਪ੍ਰਤੀ ਅਸੰਵੇਦਨਸ਼ੀਲ ਰਿਹਾ ਹੈ?'

ਜੇਕਰ ਇੱਕ ਵਧੇਰੇ ਭਰੋਸੇਮੰਦ ਸਾਹਿਤਕ ਇਤਿਹਾਸ ਦੀ ਧਾਰਨਾ ਕਰਨੀ ਹੈ ਤਾਂ ਭਾਸ਼ਾ ਪਰੰਪਰਾਵਾਂ ਦਾ ਸਟੀਕ ਵਰਣਨ ਪੇਸ਼ ਕਰਨਾ ਹੋਵੇਗਾ। ਆਲੋਚਨਾਤਮਕ ਸੰਵੇਦਨਸ਼ੀਲਤਾ ਤੋਂ ਵੱਖਰੇ ਤੌਰ 'ਤੇ ਆਲੋਚਨਾਤਮਕ ਪ੍ਰਗਟਾਵੇ ਦੀ ਮਾਤਰਾ ਨੂੰ ਵਧਾਉਣ ਵਿੱਚ ਪ੍ਰਿੰਟਿੰਗ ਤਕਨਾਲੋਜੀ ਦੀ ਨਿਭਾਈ ਗਈ ਭੂਮਿਕਾ ਦੀ ਬਾਰੀਕੀ ਨਾਲ ਜਾਂਚ ਕਰਨਾ ਜ਼ਰੂਰੀ ਹੋਵੇਗਾ। ਇਸ ਤਰ੍ਹਾਂ ਭਾਰਤੀ 'ਪਰੰਪਰਾ' ਵਿੱਚ ਪੱਛਮੀ 'ਆਧੁਨਿਕਤਾ ਨੂੰ ਸ਼ਾਮਲ ਕਰਨ ਦੀ ਪ੍ਰਕਿਰਿਆ, ਇੱਕ ਅਜਿਹੀ ਪ੍ਰਕਿਰਿਆ ਜੋ ਹਰ ਪਰਦੇਸੀ ਬੌਧਿਕ ਸੰਦ ਨੂੰ ਆਤਮਸਾਤ ਕਰਨ ਤੋਂ ਪਹਿਲਾਂ ਉਸ ਨੂੰ ਰਸਮ ਦਾ ਦਰਜਾ ਦੇ ਦਿੰਦੀ ਹੈ, ਦੀ ਵੀ ਧਿਆਨ ਨਾਲ ਜਾਂਚ ਕਰਨ ਦੀ ਜ਼ਰੂਰਤ ਹੋਵੇਗੀ। ਕੁਦਰਤੀ ਤੌਰ 'ਤੇ, ਨਵਾਂ ਇਤਿਹਾਸਕ ਦ੍ਰਿਸ਼ਟੀਕੋਣ, ਜੇਕਰ ਉਹ ਪੂਰੀ ਤਰ੍ਹਾਂ ਨਾਲ ਯਥਾਰਥਵਾਦੀ ਹੋਵੇ, ਤਾਂ ਭਾਰਤੀ ਸਾਹਿਤਕ ਆਲੋਚਨਾ ਦਾ ਵਧੇਰੇ ਸਟੀਕ ਬਿਰਤਾਂਤ ਪੇਸ਼ ਕਰਨ ਅਤੇ ਸਾਹਿਤਕ ਆਲੋਚਨਾ ਨੂੰ ਪੱਛਮੀ ਆਲੋਚਨਾ ਅਤੇ ਸੰਸਕ੍ਰਿਤ ਕਾਵਿ-ਸ਼ਾਸਤਰ ਦੇ ਪਾਏ ਪੂਰਨਿਆਂ ਤੋਂ ਮੁਕਤ ਕਰਨ ਵਿੱਚ ਸਹਾਇਕ ਹੋਵੇਗਾ।

ਸਾਹਿਤਕ ਆਲੋਚਨਾ ਜਾਂ ਕਿਸੇ ਹੋਰ ਸਾਹਿਤਕ ਗਤੀਵਿਧੀ ਬਾਰੇ ਚਰਚਾ ਵਿੱਚ 'ਇੰਡੀਆ' ਅਤੇ 'ਪੱਛਮ' ਵਰਗੇ ਸ਼ਬਦਾਂ ਦੀ ਵਰਤੋਂ ਹੁੰਦੀ ਹੈ। 'ਇੰਡੀਆ' ਸ਼ਬਦ ਐਟਲਸ ਦੇ ਪੰਨਿਆਂ ਵਿੱਚ ਜਾਇਜ਼ ਹੋ ਸਕਦਾ ਹੈ, ਪਰ ਸੱਭਿਆਚਾਰਕ ਪੱਧਰ 'ਤੇ ਇਹ ਨਿਰਾਸ਼ਾਜਨਕ ਤੌਰ 'ਤੇ ਅਢੁੱਕਵਾਂ ਅਤੇ ਸਰਲ ਹੈ। ਇਹ ਸ਼ਬਦ ਬਸਤੀਵਾਦੀ ਇਤਿਹਾਸ ਲਿਖਤਾਂ ਦੀ ਪੈਦਾਵਾਰ ਹੈ, ਜੋ ਰਾਜਨੀਤਕ ਤੌਰ 'ਤੇ ਸਾਡੇ ਸਾਜ਼ਿਸ਼ੀ ਸਵੈ-ਚਿੱਤਰ ਪੇਸ਼ ਕਰਦੀਆਂ ਹਨ ਅਤੇ ਸੱਭਿਆਚਾਰਕ ਸਮ੍ਰਿਤੀ ਲੋਪ ਦੀ ਬਿਮਾਰੀ ਵੱਲ ਵੀ ਸੰਕੇਤ ਦਿੰਦੀਆਂ ਹਨ। ਇਹ ਕਿਹਾ ਜਾ ਸਕਦਾ ਹੈ ਕਿ ਬਸਤੀਵਾਦ ਨੇ ਭਾਰਤ ਵਿੱਚ ਪੱਛਮ ਦੀ ਇੱਕ ਬਰਾਬਰ ਝੂਠੀ ਤਸਵੀਰ ਨੂੰ ਜਨਮ ਦਿੱਤਾ, ਇੱਕ ਅਜਿਹੀ ਤਸਵੀਰ ਜੋ ਜੀਵਨ ਤੋਂ ਵੱਡੀ, ਸਥਿਰ ਅਤੇ ਸਪੱਸ਼ਟ ਤੌਰ 'ਤੇ ਅਜਿੱਤ ਹੈ। ਇਸ ਲਈ, ਪੱਛਮ ਪ੍ਰਤੀ ਭਾਰਤ ਦੇ ਵਿਚਾਰ ਆਦਰਸ਼ੀਕਰਨ, ਸਵੈ-ਇੱਛਤ ਵਿਖੰਡਨ ਅਤੇ ਗੈਰ ਇਤਿਹਾਸਕ ਵੇਰਵਿਆਂ ਨਾਲ ਭਰਪੂਰ ਹਨ। ਇਸ ਸਾਜ਼ਿਸ਼ੀ ਬਸਤੀਵਾਦੀ ਗਿਆਨ-ਮੀਮਾਂਸਾ ਨੇ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਇੱਕ ਗੁੰਮਰਾਹਕੁੰਨ ਢਾਂਚਾ ਖੜ੍ਹਾ ਕੀਤਾ, ਜੋ ਗਿਆਨ ਨੂੰ ਉੱਤਮ (ਪੱਛਮੀ) ਅਤੇ ਘਟੀਆ (ਭਾਰਤੀ) ਵਜੋਂ ਵਿਭਿੰਨ ਪੱਧਰਾਂ 'ਤੇ ਵੰਡਦਾ ਹੈ।

ਇਸ ਪੁਸਤਕ ਵਿੱਚ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਇਹ ਗਲਤ ਬਿੰਬ ਗੰਭੀਰ ਰੂਪ ਵਿੱਚ ਗਲਤ ਸਾਹਿਤਕ ਆਲੋਚਨਾ ਦੇ ਸਿਧਾਂਤਾਂ ਨੂੰ ਜਨਮ ਦੇ ਸਕਦੇ ਹਨ। ਇਸ ਪੁਸਤਕ ਦੇ ਪੰਨਿਆਂ ਵਿੱਚ ਵਰਤਿਆ ਗਿਆ ਸ਼ਬਦ 'ਭਾਰਤ' ਇਸ ਉਪ-ਮਹਾਂਦੀਪ ਦੀ ਸੱਭਿਆਚਾਰਕ ਏਕਤਾ ਜਾਂ ਅਖੰਡਤਾ ਦੀ ਕੋਈ ਪੂਰਵ ਧਾਰਨਾ ਨਹੀਂ ਰੱਖਦਾ। ਨਿਸ਼ਚਿਤ ਰੂਪ ਵਿੱਚ ਇਹ ਵਧੇਰੇ ਉਪਯੋਗੀ ਹੋਵੇਗਾ ਕਿ ਕਿਸੇ ਕਾਲਪਨਿਕ ਸੱਭਿਆਚਾਰਕ ਇਕਾਈ ਅਤੇ ਉਸ ਦੀ ਏਕਤਾ ਬਾਰੇ ਗੱਲ ਕਰਨ ਨਾਲੋਂ ਖਾਸ ਭਾਸ਼ਾ ਪਰੰਪਰਾਵਾਂ ਅਤੇ ਭਾਸ਼ਾਈ ਖੇਤਰਾਂ ਬਾਰੇ ਗੱਲ ਕੀਤੀ ਜਾਵੇ। 'ਆਧੁਨਿਕ ਭਾਰਤੀ ਭਾਸ਼ਾ ਵਿੱਚ ਸਾਹਿਤ' ਦੇ ਲੰਬੇ ਅਤੇ ਬੋਝਲ ਪ੍ਰਗਟਾਵੇ ਦੀ ਵਰਤੋਂ ਕਰਨ ਦੀ ਬਜਾਏ, ਮੈਂ ਰਵਾਇਤੀ ਸੰਕਲਪ ਭਾਸ਼ਾ ਦੀ ਵਰਤੋਂ ਕੀਤੀ ਹੈ। ਇਸ ਤਰ੍ਹਾਂ ਭਾਸ਼ਾ, ਸਾਹਿਤ ਜਾਂ ਭਾਸ਼ਾ ਆਲੋਚਨਾ ਵਰਗੇ ਸ਼ਬਦ ਵਰਤੇ ਗਏ ਹਨ, ਪਰ ਇਹ ਸਿਰਫ਼ ਬਹੁਤ ਸਾਰੇ ਵੱਖ-ਵੱਖ ਸਾਹਿਤਾਂ ਦੇ ਇੱਕ ਸਮੂਹ ਨੂੰ ਦਰਸਾਉਂਦੇ ਹਨ। ਇਸ ਨੂੰ 'ਯੂਰਪੀਅ ਸਾਹਿਤ' ਜਾਂ 'ਕਾਮਨਵੈਲਥ ਸਾਹਿਤ' ਵਰਗੀਆਂ ਸ਼੍ਰੇਣੀਆਂ ਵਾਂਗ ਹੀ ਸਮਝਣਾ ਚਾਹੀਦਾ ਹੈ।

ਭਾਰਤ ਵਿੱਚ ਸਮਕਾਲੀ ਸਾਹਿਤਕ ਆਲੋਚਨਾ ਵਿੱਚ ਸੰਕਟ ਦੇ ਕਾਰਨਾਂ 'ਤੇ ਵਿਚਾਰ ਕਰਦੇ ਹੋਏ ਇੱਥੇ ਇਸ ਨੂੰ ਸੱਭਿਆਚਾਰਕ ਸਮ੍ਰਿਤੀ ਲੋਪ ਵਜੋਂ ਦਰਸਾਇਆ ਗਿਆ ਹੈ। ਮੈਂ ਭਾਸ਼ਾ ਤੋਂ ਕਈ ਉਦਾਹਰਣਾਂ ਲਈਆਂ ਹਨ, ਪਰ ਮੈਨੂੰ ਮੁੱਖ ਤੌਰ 'ਤੇ ਮਰਾਠੀ ਅਤੇ ਗੁਜਰਾਤੀ ਭਾਸ਼ਾ ਅਤੇ ਕਦੇ-ਕਦੇ ਭਾਰਤੀ ਅੰਗਰੇਜ਼ੀ ਆਲੋਚਨਾ 'ਤੇ ਨਿਰਭਰ ਹੋਣਾ ਪਿਆ ਹੈ, ਕਿਉਂਕਿ ਮੈਂ ਇਨ੍ਹਾਂ ਤੋਂ ਵਾਕਿਫ ਹਾਂ। ਭਾਸ਼ਾ ਸਾਹਿਤ ਦੇ ਕਈ ਆਲੋਚਕਾਂ ਨੇ ਅੰਗਰੇਜ਼ੀ ਵਿੱਚ ਵੀ ਆਲੋਚਨਾ ਲਿਖੀ ਹੈ। ਆਲੋਚਨਾ ਅਤੇ ਸਾਹਿਤਕ ਲਿਖਤਾਂ ਲਿਖਣ ਸਮੇਂ ਦੋ ਭਾਸ਼ਾਵਾਂ ਦਾ ਗਿਆਨ ਹੋਣਾ ਭਾਰਤੀ ਸੱਭਿਆਚਾਰ ਦੀ ਪਰੰਪਰਾ ਰਿਹਾ ਹੈ। ਇਸ ਸਤਹੀ ਭਾਸ਼ਾਈ ਚੋਣ ਦੀ ਬਜਾਏ, ਉਨ੍ਹਾਂ ਲੋਕਾਂ ਦੀ ਸੱਭਿਆਚਾਰਕ ਰਣਨੀਤੀ ਵਜੋਂ ਸਮਝਿਆ ਜਾਣਾ ਚਾਹੀਦਾ ਹੈ, ਜੋ 'ਮਾਰਗ' ਅਤੇ 'ਦੇਸੀ' ਅਰਥਾਤ ਵੱਡੀ ਪਰੰਪਰਾ ਅਤੇ ਛੋਟੀ ਪਰੰਪਰਾ ਦੇ ਟਕਰਾਅ ਦੇ ਵਿਚਕਾਰ ਪਲੇ ਅਤੇ ਵੱਡੇ ਹੋਏ ਹਨ। ਖੈਰ, ਇਸ ਪੁਸਤਕ ਦਾ ਮੁੱਖ ਵਿਸ਼ਾ ਭਾਸ਼ਾ, ਆਲੋਚਨਾ ਹੈ।ਮੈਂ ਸੁਚੇਤ ਕੋਸ਼ਿਸ਼ ਕੀਤੀ ਹੈ ਕਿ ਪੱਛਮੀ ਬੌਧਿਕ ਨਮੂਨਿਆਂ (ਪੈਰਾਡਾਈਮ) ਦੀ ਘੱਟੋ-ਘੱਟ ਵਰਤੋਂ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਬਿਨਾਂ ਕਿਸੇ ਆਡੰਬਰ ਤੋਂ ਆਧੁਨਿਕ ਭਾਰਤੀ ਬੌਧਿਕ ਵਿਮਰਸ਼ 'ਤੇ ਧਿਆਨ ਕੇਂਦਰਿਤ ਕੀਤਾ ਜਾਵੇ। ਇਹ ਵਿਮਰਸ਼ ਐੱਮ.ਐੱਨ. ਸ੍ਰੀਨਿਵਾਸ (ਸਮਾਜ ਸ਼ਾਸਤਰ), ਰੋਮਿਲਾ ਥਾਪਰ ਅਤੇ ਰਣਜੀਤ ਗੁਹਾ (ਇਤਿਹਾਸ), ਅਨਿਲ ਸੀਲ ਅਤੇ ਪਾਰਥ ਚੈਟਰਜੀ (ਰਾਜਨੀਤੀ ਸ਼ਾਸਤਰ), ਸੁਧੀਰ ਕੱਕੜ (ਮਨੋਵਿਗਿਆਨ), ਆਸ਼ੀਸ਼ ਨੰਦੀ (ਸੰਸਕ੍ਰਿਤਿਕ ਇਤਿਹਾਸ ਅਤੇ ਮਨੋਵਿਗਿਆਨ), ਮੀਨਾਕਸ਼ੀ ਮੁਖਰਜੀ ਅਤੇ ਭਾਲਚੰਦਰ ਨੇਮਾੜੇ (ਸਾਹਿਤਕ ਆਲੋਚਨਾ) ਵਰਗੇ ਬੁੱਧੀਜੀਵੀਆਂ ਦੇ ਸਾਂਝੇ ਯਤਨਾਂ ਰਾਹੀਂ ਹੌਲੀ-ਹੌਲੀ ਉੱਭਰ ਰਿਹਾ ਹੈ। ਹਾਲਾਂਕਿ ਇਹ ਵਿਮਰਸ਼ ਹੌਲੀ-ਹੌਲੀ ਵਿਕਸਿਤ ਹੋ ਰਿਹਾ ਹੈ, ਪਰ ਇਸ ਵਿੱਚ ਬਹੁਤ ਸਾਰੀਆਂ ਕਮੀਆਂ ਹਨ, ਜੋ ਇਸ 'ਤੇ ਅਧਾਰਤ ਦਲੀਲਾਂ ਨੂੰ ਬਿਨਾਂ ਸ਼ੱਕ ਕਮਜ਼ੋਰ ਬਣਾਉਂਦੀਆਂ ਹਨ। ਫਿਰ ਵੀ ਬਹੁਤ ਹੀ ਸੂਝਵਾਨ, ਪਰ ਯੂਰੋਕੇਂਦ੍ਰਿਕ ਪੱਛਮੀ ਸਿਧਾਂਤਾਂ 'ਤੇ ਨਿਰਭਰ ਹੋਣ ਦੀ ਬਜਾਏ, ਮੈਨੂੰ ਇਸ ਪੁਸਤਕ ਵਿੱਚ ਇਹਨਾਂ ਵਿਮਰਸ਼ਾਂ 'ਤੇ ਨਿਰਭਰ ਹੋਣਾ ਕਿਤੇ ਬਿਹਤਰ ਸੱਭਿਆਚਾਰਕ ਅਤੇ ਆਲੋਚਨਾਤਮਕ ਸਿਧਾਂਤ ਲੱਗਿਆ ਹੈ। ਇਹ ਆਲੋਚਨਾ ਨੂੰ ਅਮੂਰਤ ਸਿਧਾਂਤਕ ਸੰਰਚਨਾ ਸਮਝਣ ਦੀ ਬਜਾਏ ਇੱਕ ਸੱਭਿਆਚਾਰਕ ਉਪ-ਪ੍ਰਣਾਲੀ ਵਜੋਂ ਦੇਖਦਾ ਹੈ।

ਪੱਛਮ ਦੀ ਨਕਲ ਕਰਨ ਦੀ ਭਾਰਤੀ ਪ੍ਰਵਿਰਤੀ ਦੀ ਆਲੋਚਨਾ ਕਰਨਾ ਕੋਈ ਬਹੁਤਾ ਅਰਥ ਨਹੀਂ ਰੱਖਦਾ। ਵੀਹਵੀਂ ਸਦੀ ਦੇ ਸਭ ਤੋਂ ਮੌਲਿਕ ਭਾਰਤੀ ਚਿੰਤਕ-ਐੱਮ.ਐੱਨ. ਰਾਏ ਅਤੇ ਮਹਾਤਮਾ ਗਾਂਧੀ ਵੀ ਪੱਛਮੀ ਵਿਚਾਰਾਂ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ। ਸੱਭਿਆਚਾਰਕ ਰੂਪ ਅਤੇ ਬੌਧਿਕ ਸੰਸਥਾਵਾਂ ਲਗਾਤਾਰ ਬਦਲਦੀਆਂ ਰਹਿੰਦੀਆਂ ਹਨ ਅਤੇ ਕੋਈ ਵੀ ਉੱਤਰ-ਬਸਤੀਵਾਦੀ ਸਮਾਜ ਬਸਤੀਵਾਦੀ ਕਾਲ ਤੋਂ ਬਿਨਾਂ ਪ੍ਰਭਾਵਿਤ ਹੋਏ ਬਾਹਰ ਨਿਕਲ ਆਉਣ ਦਾ ਦਾਅਵਾ ਨਹੀਂ ਕਰ ਸਕਦਾ। ਬਸਤੀਵਾਦੀ ਅਤੀਤ ਤੋਂ ਇੰਝ ਹੀ ਛੁਟਕਾਰਾ ਨਹੀਂ ਮਿਲ ਸਕਦਾ, ਪਰ ਅਤੀਤ ਵਿਚ ਪੈਦਾ ਹੋਈਆਂ ਬੌਧਿਕ ਪ੍ਰਣਾਲੀਆਂ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਉਠਾਉਣਾ ਫਾਇਦੇਮੰਦ ਹੈ। ਬਸਤੀਵਾਦੀ ਅਨੁਭਵ ਬਸਤੀਵਾਦੀ ਸਮਾਜਾਂ ਵਿੱਚ ਬਹੁਤ ਸਾਰੀਆਂ ਟਕਰਾਅਪੂਰਨ ਪ੍ਰਵਿਰਤੀਆਂ ਨੂੰ ਜਨਮ ਦਿੰਦਾ ਹੈ। ਇੱਕ ਬਹੁਤ ਹੀ ਸਪੱਸ਼ਟ ਰੁਝਾਨ ਹੁੰਦਾ ਹੈ ਕਿ ਬਸਤੀਵਾਦੀਆਂ ਦੀ ਨਕਲ ਕੀਤੀ ਜਾਵੇ ਅਤੇ ਉਨ੍ਹਾਂ ਦੀ ਪ੍ਰਵਾਨਗੀ ਹਾਸਲ ਕੀਤੀ ਜਾਵੇ, ਪਰ ਇਹ ਰਾਸ਼ਟਰਵਾਦੀ ਭਾਵਨਾਵਾਂ ਨੂੰ ਉਭਾਰਨ ਵਾਲਾ ਵੀ ਹੋ ਸਕਦਾ ਹੈ, ਜੋ ਬਸਤੀਵਾਦੀ ਪ੍ਰਭਾਵਾਂ ਦਾ ਵਿਰੋਧ ਕਰਨ ਦੀ ਪ੍ਰਵਿਰਤੀ ਨੂੰ ਜਨਮ ਦੇ ਸਕਦਾ ਹੈ। ਨਾਲ ਹੀ ਇਹ ਪੁਨਰ-ਜਾਗਰਣਵਾਦੀ ਰੋਮਾਂਸਵਾਦ ਅਤੇ ਕਠੋਰ ਯਥਾਰਥਵਾਦੀ ਰਾਜਨੀਤੀ ਨੂੰ ਵੀ ਜਨਮ ਦੇ ਸਕਦਾ ਹੈ। ਇਹਨਾਂ ਆਪਸੀ ਵਿਰੋਧੀ ਪ੍ਰਵਿਰਤੀਆਂ ਦਾ ਇੱਕੋ ਸਮੇਂ ਚੱਲਦਿਆਂ ਇੱਕ ਅਜੀਬ ਕਿਸਮ ਦੀ ਸੱਭਿਆਚਾਰਕ ਗਤੀਸ਼ੀਲਤਾ ਦਾ ਜਨਮ ਹੁੰਦਾ ਹੈ। ਬਸਤੀਵਾਦੀ ਸੱਭਿਆਚਾਰ ਇੱਕੋ ਸਮੇਂ ਪ੍ਰਚੰਡ ਪ੍ਰਗਤੀਸ਼ੀਲ ਅਤੇ ਜੰਗਜੂ ਪਿਛਾਂਹਖਿੱਚੂ ਹੋ ਜਾਂਦਾ ਹੈ ਅਤੇ ਇਸ ਦੇ ਨਤੀਜੇ ਵਜੋਂ ਉਸ ਵਿੱਚ ਗਤੀਹੀਣ ਬਣੇ ਰਹਿਣ ਦੀ ਸੰਭਾਵਨਾ ਹੁੰਦੀ ਹੈ। ਇਸ ਸੱਭਿਆਚਾਰਕ ਖੜੋਤ ਨੂੰ ਸਮਝਣ ਵਿੱਚ ਢੁਕਵੇਂ ਇਤਿਹਾਸ ਸ਼ਾਸਤਰ ਦੀ ਬਹੁਤ ਮਹੱਤਵਪੂਰਨ ਭੂਮਿਕਾ ਹੋਵੇਗੀ।

ਮਨਮਰਜ਼ੀ ਨਾਲ ਹੋਣ ਵਾਲੀ ਇਤਿਹਾਸ ਦੀ ਮੂਲਵਾਦੀ ਪੁਨਰ-ਸਿਰਜਣਾ ਅਸਲੀ ਸੱਭਿਆਚਾਰਕ ਤਬਦੀਲੀਆਂ ਅਤੇ ਉਹਨਾਂ ਨੂੰ ਸਮਝਣ ਦੇ ਬੌਧਿਕ ਤਰੀਕਿਆਂ ਵਿਚਕਾਰ ਪਾੜੇ ਨੂੰ ਵਧਾਉਂਦੀ ਹੈ। ਇਸੇ ਤਰ੍ਹਾਂ ਆਧੁਨਿਕੀਕਰਨ ਦੀਆਂ ਪ੍ਰਕਿਰਿਆਵਾਂ ਦੀ ਵਿਚਾਰਧਾਰਕ, ਮਨਮਾਨੀ ਅਤੇ ਏਕੀਕ੍ਰਿਤ ਪ੍ਰਗਤੀ ਵਜੋਂ ਧਾਰਨਾ, ਬੌਧਿਕ ਸੰਸਥਾਵਾਂ- ਜਿਵੇਂ ਕਿ ਸਾਹਿਤਕ ਆਲੋਚਨਾ ਨੂੰ ਤਸੱਲੀਬਖਸ਼ ਢੰਗ ਨਾਲ ਨਹੀਂ ਸਮਝਾ ਸਕਦੀ। ਸਾਹਿਤਕ ਆਲੋਚਨਾ ਪਰੰਪਰਾ ਜਾਂ ਤਬਦੀਲੀ ਦੇ ਵਿਚਾਰਧਾਰਕ ਪੈਰਾਡਾਈਮ ਵਿੱਚ ਫਿੱਟ ਨਹੀਂ ਬੈਠਦੀਆਂ। ਮੌਜੂਦਾ ਪੁਸਤਕ ਭਾਰਤੀ ਸਾਹਿਤਕ ਆਲੋਚਨਾ ਦੇ ਸੰਕਟ ਦੇ ਪ੍ਰਮੁੱਖ ਪਹਿਲੂਆਂ ਦੀ ਵਿਆਖਿਆ ਕਰਨ ਦਾ ਇੱਕ ਨਿਮਰ ਅਤੇ ਪ੍ਰਤੀਬੱਧ ਯਤਨ ਹੈ।

ਹਰ ਸਾਹਿਤ ਆਪਣੀ ਕਿਸਮ ਦੇ ਸਾਹਿਤਕ ਇਤਿਹਾਸ ਲੇਖਣ ਦੀ ਮੰਗ ਕਰਦਾ ਹੈ। ਭਾਰਤ ਵਿੱਚ ਇਹ ਖੇਤਰ ਲੱਗਭੱਗ ਅਣਗੌਲਿਆ ਹੀ ਰਿਹਾ ਹੈ। ਇਸ ਅਣਗਹਿਲੀ ਦਾ ਸਭ ਤੋਂ ਵੱਡਾ ਨਤੀਜਾ ਇਹ ਹੈ ਕਿ ਭਾਰਤੀ ਸੱਭਿਆਚਾਰ ਅਤੇ ਸਾਹਿਤ ਬਾਰੇ ਯੂਰਪੀਅਨ ਇੰਡੋਲੋਜਿਸਟ ਜਿਵੇਂ ਕਿ ਵਿਲੀਅਮ ਜੋਨਸ, ਅਲਬ੍ਰੇਖਟ ਵੇਬਰ, ਜਾਰਜ ਗ੍ਰਿਅਰਸਨ, ਮੌਰਿਸ ਵਿੰਟਰਨਿਤਜ਼ ਆਦਿ ਦੁਆਰਾ ਸਥਾਪਤ ਕੀਤਾ ਗਿਆ ਸਮਝ ਦਾ ਆਮ ਢਾਂਚਾ ਅਜੇ ਵੀ ਕਾਰਜਸ਼ੀਲ ਹੈ। ਕਹਿਣ ਦਾ ਮਤਲਬ ਇਹ ਨਹੀਂ ਕਿ ਸਾਹਿਤਕ ਇਤਿਹਾਸ ਦੇ ਖੇਤਰ ਵਿੱਚ ਭਾਰਤੀ ਵਿਦਵਾਨਾਂ ਦੁਆਰਾ ਕੋਈ ਕੰਮ ਹੀ ਨਹੀਂ ਕੀਤਾ ਗਿਆ, ਲੇਕਿਨ ਇਸ ਤਰ੍ਹਾਂ ਦੇ ਲੇਖਣ ਨੇ ਸਮਝ ਦੇ ਆਮ ਇੰਡੋਲੋਜੀਕਲ ਢਾਂਚੇ ਨੂੰ ਕਾਇਮ ਰੱਖਿਆ, ਜਿਸ ਵਿੱਚ ਇਹ ਬੁਨਿਆਦੀ ਗੱਲ ਵੀ ਸ਼ਾਮਲ ਸੀ ਕਿ ਭਾਰਤੀ ਆਧੁਨਿਕ ਸਾਹਿਤ ਦੀ ਸ਼ੁਰੂਆਤ ਅੰਗਰੇਜ਼ੀ ਬਸਤੀਵਾਦੀ ਦੌਰ ਦੇ ਸਮਾਨਾਰਥੀ ਅਤੇ ਸਮਕਾਲੀ ਹੈ। ਇੰਡੋਲੋਜੀ ਦੇ ਸੰਸਥਾਪਕ ਸਰ ਵਿਲੀਅਮ ਜੋਨਸ ਨੇ 1786 ਵਿੱਚ ਆਪਣੇ 'ਤੀਜੇ ਸਾਲਾਨਾ ਵਿਮਰਸ਼' ਵਿੱਚ ਐਲਾਨ ਕੀਤਾ ਕਿ 'ਭਾਰਤ ਦੇ ਇਤਿਹਾਸ ਸੰਬੰਧੀ ਇਹਨਾਂ ਤਮਾਮ ਜਾਂਚਾਂ ਨੂੰ ਮੈਂ ਆਪਣੀ ਖੋਜ ਵਿੱਚ 11ਵੀਂ ਸਦੀ ਦੇ ਮੁਸਲਮਾਨਾਂ ਦੀ ਜਿੱਤ ਤੱਕ ਸੀਮਿਤ ਰੱਖਾਂਗਾ, ਜਦੋਂਕਿ ਇਹ ਜਿੰਨਾ ਸੰਭਵ ਹੋ ਸਕੇ, ਓਨਾ ਪਿੱਛੇ, ਮਾਨਵਜਾਤੀ ਦੇ ਸ਼ੁਰੂਆਤੀ ਸਬੂਤਾਂ ਤੱਕ, ਲੈ ਜਾਣ ਦੀ ਕੋਸ਼ਿਸ਼ ਕਰਾਂਗਾ।'

ਇਸ ਦ੍ਰਿਸ਼ਟੀਕੋਣ ਦੇ ਪ੍ਰਭਾਵ ਹੇਠ ਪ੍ਰਾਚੀਨ ਭਾਰਤ 'ਸ਼ਾਨਾਮੱਤਾ' ਬਣ ਜਾਂਦਾ ਹੈ ਅਤੇ ਅੰਗਰੇਜ਼ਾਂ ਦੇ ਅਧੀਨ ਭਾਰਤ 'ਪ੍ਰਗਤੀਸ਼ੀਲ' ਬਣ ਜਾਂਦਾ ਹੈ ਪਰ ਵਿਚਕਾਰਲੀਆਂ ਸਦੀਆਂ ਸੱਭਿਆਚਾਰਕ ਰੂਪ ਨਾਲ ਅਸੱਭਿਅਤਾ ਦਾ ਭੰਡਾਰ ਬਣ ਜਾਂਦੀਆਂ ਹਨ। ਇਹ ਵਿਧੀਗਤ ਸਹੂਲਤ ਇਤਿਹਾਸਕਾਰੀ ਪਰੰਪਰਾ ਵਿੱਚ ਬਦਲ ਜਾਂਦੀ ਹੈ ਅਤੇ ਇਸ ਨੂੰ ਭਾਰਤੀ ਸਾਹਿਤਕ ਇਤਿਹਾਸ ਦੇ ਨਿਰਵਿਵਾਦ ਸਿਧਾਂਤ ਵਜੋਂ ਸਵੀਕਾਰ ਕਰ ਲਿਆ ਜਾਂਦਾ ਹੈ। ਸਪੱਸ਼ਟ ਤੌਰ 'ਤੇ ਅਜਿਹੀ ਗੁੰਮਰਾਹਕੁੰਨ ਇਤਿਹਾਸਕਾਰੀ ਤੋਂ ਵਿਕਸਤ ਹੋਣ ਵਾਲੀ ਸਾਹਿਤਕ ਆਲੋਚਨਾ ਨਵੀਂ ਸਿਧਾਂਤਕ ਜ਼ਮੀਨ ਲੱਭਣ ਦੇ ਅਯੋਗ ਹੁੰਦੀ ਹੈ। ਇਸ ਲਈ ਇਹ ਪੁਸਤਕ ਸਾਹਿਤਕ ਆਲੋਚਨਾ ਦੇ ਸੰਕਟ ਦਾ ਵਰਣਨ ਕਰਨ ਤੋਂ ਬਾਅਦ, ਭਾਰਤੀ ਸਾਹਿਤਕ ਆਲੋਚਨਾ ਦੀ ਇਤਿਹਾਸਕਾਰੀ ਦੀ ਤਜਵੀਜ਼ ਪੇਸ਼ ਕਰੇਗੀ।

**ਗਣੇਸ਼ ਦੇਵੀ ਦੀ ਪੁਸਤਕ 'ਸਮ੍ਰਿਤੀ ਲੋਪ ਤੋਂ ਬਾਅਦ'**
**(ਆਫ਼ਟਰ ਐਮਨਿਜ਼ਿਆ) ਦੀ ਭੂਮਿਕਾ 'ਚੋਂ**

**ਸੰਪਰਕ-94174-05636**

# ਪੰਜਾਬ ! ਅਜੇ ਵੀ ਸੰਭਲ ਜਾ

**ਡਾ. ਗੁਰਬਖ਼ਸ਼ ਸਿੰਘ ਭੰਡਾਲ**

ਸਾਡਾ ਬੀਤਿਆ ਹੋਇਆ ਕੱਲ੍ਹ, ਹੰਢਾਇਆ ਜਾ ਰਿਹਾ ਅੱਜ ਅਤੇ ਆਉਣ ਵਾਲੇ ਕੱਲ੍ਹ ਨੇ, ਬੀਤੇ ਹੋਏ ਕੱਲ੍ਹ ਅਤੇ ਅੱਜ ਵਿਚੋਂ ਹੀ ਆਪਣੇ ਆਪ ਨੂੰ ਵਿਸਥਾਰਨਾ ਹੁੰਦਾ। ਭਵਿੱਖ ਨੇ ਕਿਹੜੀ ਦਿਸ਼ਾ ਲੈਣੀ, ਕਿਹੜੀਆਂ ਧਾਰਨਾਵਾਂ ਨੂੰ ਪਹਿਲ ਦੇਣੀ ਅਤੇ ਕਿਸ ਰਾਹੀਂ ਆਪਣੀਆਂ ਨਸਲਾਂ ਨੂੰ ਅਗਵਾਈ ਦੇਣੀ ਅਤੇ ਸਮਾਜ ਦੇ ਨਕਸ਼ਾਂ ਨੂੰ ਕਿਹੜਾ ਰੂਪ ਦੇਣਾ, ਇਹ ਸਭ ਅੱਜ ਵਿੱਚੋਂ ਹੀ ਨਜ਼ਰ ਆਉਂਦਾ। ਜਿਹੜੀਆਂ ਕੌਮਾਂ ਭਵਿੱਖ-ਮੁਖੀ ਸੋਚ ਤੋਂ ਵਿਰਵੀਆਂ ਹੋਣ, ਉਹ ਬਹੁਤ ਜਲਦੀ ਦੁਨੀਆ ਦੇ ਨਕਸ਼ੇ ਤੋਂ ਅਲੋਪ ਹੋ ਜਾਂਦੀਆਂ। ਬੀਤੇ ਸਮੇਂ ਦੌਰਾਨ ਮਸਕੀਨ ਜੀ ਦਾ ਆਪਣੇ ਲੈਕਚਰਾਂ ਦੌਰਾਨ ਕਿਹਾ ਕਿੰਨਾ ਵੱਡਾ ਸੱਚ ਹੈ ਕਿ ਪਿਛਲੇ 70 ਸਾਲਾਂ ਤੋਂ ਸਾਡੇ ਰਾਜਸੀ, ਧਾਰਮਿਕ ਅਤੇ ਸਮਾਜਿਕ ਲੀਡਰਾਂ ਵਿਚ ਨਿੱਜੀ ਮੁਫ਼ਾਦਾਂ ਦੇ ਹਾਵੀ ਹੋਣ ਕਾਰਨ ਪੰਜਾਬ ਦਾ ਇੰਨਾ ਨੁਕਸਾਨ ਹੋਇਆ ਹੈ, ਜਿਸ ਦੀ ਭਰਪਾਈ ਅਸੰਭਵ ਹੈ।

ਅੱਜ ਦੇ ਪੰਜਾਬ ਦੀ ਤਵਾਰੀਖ਼ ਨੂੰ (1980-90) ਦੇ ਕਾਲੇ ਦੌਰ ਵਿਚੋਂ ਬਾਖ਼ੂਬੀ ਪੜ੍ਹਿਆ ਅਤੇ ਸਮਝਿਆ ਜਾ ਸਕਦਾ। ਉਸ ਦੌਰ ਵਿਚ ਕੁਝ ਚਾਹੇ ਜਾਂ ਅਣਚਾਹੇ, ਸਰਕਾਰੀ, ਅਰਧ-ਸਰਕਾਰੀ ਜਾਂ ਗੈਰ-ਸਰਕਾਰੀ, ਸਿਆਸੀ ਜਾਂ ਗੈਰ-ਸਿਆਸੀ ਆਗੂਆਂ ਵੱਲੋਂ ਜੋ ਕੁਝ ਵੀ ਕੀਤਾ ਗਿਆ, ਉਸ ਦਾ ਹਰਜਾਨਾ ਕਈ ਪੀੜ੍ਹੀਆਂ ਤੱਕ ਪੰਜਾਬੀਆਂ ਨੂੰ ਭੁਗਤਣਾ ਪੈਣਾ। ਇਹ ਵੀ ਹੋ ਸਕਦਾ ਹੈ ਕਿ ਉਦੋਂ ਤੱਕ ਪੰਜਾਬ ਅਤੇ ਪੰਜਾਬੀਅਤ ਆਪਣੀ ਪੁਰਖੀ ਧਰਾਤਲ ਅਤੇ ਵਿਰਾਸਤ ਤੋਂ ਹੀ ਵਿਰਵੀ ਹੋ ਜਾਵੇ, ਕਿਉਂਕਿ ਜਿਸ ਰਫ਼ਤਾਰ ਨਾਲ ਪੰਜਾਬ ਦੀ ਸਮਾਜਿਕ ਬਣਤਰ ਵਿਚ ਤਬਦੀਲੀ ਆ ਰਹੀ ਹੈ, ਇਸ ਦੇ ਭਵਿੱਖੀ ਅਸਰਾਂ ਤੋਂ ਅੱਖਾਂ ਮੀਟ ਰਹੇ ਆਗੂਆਂ ਨੂੰ ਸ਼ਾਇਦ ਅਹਿਸਾਸ ਨਾ ਹੋਵੇ ਕਿ ਉਹ ਕਿੰਨੇ ਅਕ੍ਰਿਤਘਣ ਸਨ, ਜੋ ਪੰਜਾਬ ਦੇ ਮਾਣਮੱਤੇ ਬਿੰਬ ਨੂੰ ਖਤਮ ਕਰਨ ਲਈ ਕਸੂਰਵਾਰ ਸਾਬਤ ਹੋਣਗੇ।

ਕਾਲੇ ਦੌਰ ਵਿਚ ਕਾਲਜ ਵਿਚ ਪੜ੍ਹਾਉਣ ਕਾਰਨ, ਮੈਂ ਉਸ ਸਮੇਂ ਨੌਜਵਾਨਾਂ ਦੀ ਸੋਚ ਅਤੇ ਉਨ੍ਹਾਂ ਦੇ ਜੀਵਨੀ ਬਿਰਤਾਂਤ ਦੇ ਬਹੁਤ ਸਾਰੇ ਰੰਗਾਂ ਨੂੰ ਨੇੜਿਉਂ ਦੇਖਣ ਅਤੇ ਇਸ ਦੇ ਮਾਰੂ ਪ੍ਰਭਾਵਾਂ ਦੀਆਂ ਕਈ ਪਰਤਾਂ ਨੂੰ ਹੁਣ ਚਿਤਵਦਾ ਹਾਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਸਮੇਂ ਕਾਲਜਾਂ, ਸਕੂਲਾਂ ਜਾਂ ਯੂਨੀਵਰਸਿਟੀਆਂ ਵਿਚ ਆਪਣੇ ਆਕਾਵਾਂ ਦੇ ਕਹਿਣ ਤੋਂ ਜੋ ਕੁਝ ਹੁੰਦਾ ਸੀ, ਉਸ ਦੇ ਨਤੀਜੇ ਹੁਣ ਸਾਰਿਆਂ ਦੇ ਸਾਹਮਣੇ ਹਨ। ਸੰਘਰਸ਼ ਕਰ ਰਹੀ ਲੀਡਰਸ਼ਿਪ ਵਿਚ ਕੁਝ ਅਜਿਹੇ ਤੱਤਾਂ ਦਾ ਸ਼ਾਮਲ ਹੋ ਜਾਣਾ ਸੁਭਾਵਕ ਹੁੰਦਾ, ਜੋ ਸਿਰਫ਼ ਆਪਣੇ ਨਿੱਜੀ ਹਿੱਤਾਂ ਖਾਤਰ ਹੀ ਕਿਸੇ ਧਿਰ ਨਾਲ ਜੁੜਦੇ ਅਤੇ ਕਈ ਵਾਰ ਆਪਣੇ ਫ਼ਾਇਦੇ ਲਈ ਆਪਣਿਆਂ ਦਾ ਸਿਵਾ ਸੇਕਣ ਤੋਂ ਵੀ ਗੁਰੇਜ਼ ਨਹੀਂ ਕਰਦੇ।

ਕਾਲਜ ਵਿਚ ਪੜ੍ਹਾਉਂਦਿਆਂ ਮੇਰੇ ਨਾਲ ਬਹੁਤ ਕੁਝ ਅਜਿਹਾ ਵਾਪਰਿਆ, ਪਰ ਤਿੰਨ ਕੁ ਘਟਨਾਵਾਂ ਤਾਂ ਮੇਰੇ ਚੇਤਿਆਂ ਵਿਚ ਅਕਸਰ ਖ਼ਲਲ ਪੈਦਾ ਕਰਦੀਆਂ। ਮੈਨੂੰ ਪਰੇਸ਼ਾਨ ਕਰਦੀਆਂ ਅਤੇ ਪ੍ਰਸ਼ਨ ਵੀ ਕਰਦੀਆਂ ਕਿ ਇੰਝ ਵੀ ਹੋ ਸਕਦਾ? ਇਸ ਵਿੱਚੋਂ ਕਿਸ ਦਾ ਕੀ ਲਾਭ ਜਾਂ ਨੁਕਸਾਨ ਹੋਇਆ? ਕੀ ਕਿਸੇ ਨੂੰ ਇਸ ਦਾ ਕੋਈ ਅਹਿਸਾਸ ਵੀ ਹੈ ਜਾਂ ਨਹੀਂ?

ਦਰਅਸਲ ਬੀਤੇ ਦਾ ਵਰਤਾਰਾ ਹੀ ਕਿਸੇ ਖ਼ਿੱਤੇ, ਕੌਮ ਜਾਂ ਜਨ-ਸਮੂਹ ਦੀ ਭਵਿੱਖੀ ਤਸਵੀਰ ਹੁੰਦਾ। ਸੱਚ ਵੀ ਇਹੀ ਆ ਕਿ ਮੌਜੂਦਾ ਪੰਜਾਬ ਦੀ ਤਸਵੀਰ ਉਨ੍ਹਾਂ ਸਮਿਆਂ ਵਿਚ ਹੀ ਸਿਰਜੀ ਗਈ ਸੀ, ਜਿਸ ਦੀ ਪੁਸ਼ਤਪਨਾਹੀ ਸਾਡੇ ਰਾਜਸੀ ਅਤੇ ਧਾਰਮਿਕ ਲੀਡਰਾਂ ਨੇ ਕੀਤੀ ਸੀ। ਇਸ ਦਾ ਹਰਜਾਨਾ ਪੰਜਾਬ ਅਤੇ ਇਸ ਦੇ ਲੋਕ ਭੁਗਤ ਰਹੇ ਹਨ ਅਤੇ ਇਸ ਨੇ ਪੰਜਾਬ ਦੇ ਭਵਿੱਖ 'ਤੇ ਕਈ ਪ੍ਰਸ਼ਨ ਚਿੰਨ੍ਹ ਵੀ ਖੁਣ ਦਿੱਤੇ ਹਨ।

1985 ਦਾ ਸਾਲ। ਮੈਂ ਸਰਕਾਰੀ ਕਾਲਜ ਹੁਸ਼ਿਆਰਪੁਰ ਵਿਚ ਪੜ੍ਹਾਉਂਦਾ ਸੀ। ਸਾਲਾਨਾ ਇਮਤਿਹਾਨਾਂ ਵਿਚ ਮੇਰੀ ਡਿਊਟੀ ਖਾਲਸਾ ਕਾਲਜ ਮਾਹਿਲਪੁਰ ਲੱਗੀ ਅਤੇ ਮੇਰੇ ਸੁਪਰਡੈਂਟ ਪ੍ਰੋ. ਪੀ ਐੱਨ ਕਪਿਲ ਸਨ। ਹਰ ਰੋਜ਼ ਹੁਸ਼ਿਆਰਪੁਰ ਤੋਂ ਮਾਹਿਲਪੁਰ ਡਿਊਟੀ 'ਤੇ ਜਾਣਾ ਅਤੇ ਸ਼ਾਮ ਨੂੰ ਵਾਪਸ ਆ ਜਾਣਾ। ਇਕ ਦਿਨ ਮੈਂ ਇਕ ਲੜਕੇ ਨੂੰ ਕਿਤਾਬ ਖੋਲ੍ਹ ਕੇ ਨਕਲ ਕਰਦਿਆਂ ਫੜ ਲਿਆ ਤਾਂ ਉਹ ਧੱਕੇ ਅਤੇ ਰੋਅਬ ਨਾਲ ਕਹਿਣ ਲੱਗਾ ਕਿ ਤੈਨੂੰ ਪਤਾ ਨਹੀਂ ਮੈਂ ਕੌਣ ਆਂ? ਮੈਂ ਤਾਂ ਨਕਲ ਇੰਝ ਹੀ ਕਰੂੰਗਾ। ਮੈਂ ਉਸ ਦਾ ਪੇਪਰ ਵੀ ਲੈ ਲਿਆ ਅਤੇ ਕਿਤਾਬ ਵੀ। ਤਾਂ ਉਹ ਗੁੱਸੇ ਨਾਲ ਕਹਿਣ ਲੱਗਾ ਕਿ ਤੂੰ ਜਾਣਾ ਤਾਂ ਬੱਸ 'ਤੇ ਹੀ ਆ। ਦੇਖੂੰਗਾ ਕਿਵੇਂ ਤੂੰ ਜਾਨਾਂ ਬੱਸ ਅੱਡੇ ਤੀਕ? ਜਦ ਮੈਂ ਉਸ ਨੂੰ ਕਿਹਾ ਕਿ ਮੈਂ ਬੱਸ 'ਤੇ ਹੀ ਹੁਸ਼ਿਆਰਪੁਰ ਤੋਂ ਆਉਂਦਾ ਹਾਂ ਅਤੇ ਬੱਸ 'ਤੇ ਹੀ ਜਾਂਦਾ ਹਾਂ। ਤੇ ਉਸ ਨੂੰ ਇਮਤਿਹਾਨ ਦੇ ਹਾਲ ਵਿੱਚੋਂ ਬਾਹਰ ਕੱਢ ਦਿੱਤਾ। ਦਰਅਸਲ ਉਸ ਸਮੇਂ ਕੁਝ ਅਜਿਹੇ ਵਿਗੜੇ ਹੋਏ ਵਿਦਿਆਰਥੀ ਹੁੰਦੇ ਸਨ, ਜੋ ਸੁਪਰਵਾਈਜ਼ਰ ਨੂੰ ਡਰਾ-ਧਮਕਾ ਕੇ ਨਕਲ ਮਾਰਨਾ ਆਪਣਾ ਹੱਕ ਸਮਝਦੇ ਸਨ। ਜਦ ਕੋਈ ਨਾ ਡਰਦਾ ਤਾਂ ਫਿਰ ਉਨ੍ਹਾਂ ਨੂੰ ਆਪਣੀ ਔਕਾਤ ਪਤਾ ਲੱਗ ਜਾਂਦੀ। ਮਹੀਨਾ ਭਰ ਚੱਲੇ ਇਮਤਿਹਾਨਾਂ ਦੌਰਾਨ ਉਹ ਵਿਦਿਆਰਥੀ ਮੁੜ ਕਿਧਰੇ ਨਜ਼ਰ ਨਹੀਂ ਆਇਆ।

ਅਕਸਰ ਹੀ ਉਸ ਸਮੇਂ ਮਾਹੌਲ ਹੀ ਇਸ ਤਰ੍ਹਾਂ ਦਾ ਸੀ ਕਿ ਹਰ ਕੋਈ ਖਾੜਕੂਆਂ ਦਾ ਨਾਂਅ ਲੈ ਕੇ ਹਰ ਗਲਤ ਕੰਮ ਕਰਨਾ ਆਪਣੀ ਹੈਂਕੜ ਸਮਝਦਾ ਸੀ। ਖਾੜਕੂ ਲਹਿਰ ਵਿਚ ਬਹੁਤ ਸਾਰੇ ਅਜਿਹੇ ਤੱਤ ਸ਼ਾਮਲ ਸਨ, ਜਿਨ੍ਹਾਂ ਦਾ ਮਕਸਦ ਸਿਰਫ਼ ਨਿੱਜੀ ਹਿੱਤਾਂ ਦੀ ਪੂਰਤੀ ਸੀ। ਅਜਿਹੇ ਦੌਰ ਵਿਚ ਬਹੁਤ ਸਾਰੇ ਪ੍ਰੋਫੈਸਰ ਅਤੇ ਟੀਚਰ ਵੀ ਬੇਬੱਸ ਹੋਏ ਨਕਲ ਕਰਨ ਵਾਲਿਆਂ ਨੂੰ ਰੋਕਦੇ ਨਹੀਂ ਸਨ। ਨਕਲ ਦਾ ਰੁਝਾਨ ਆਮ ਸੀ। ਇਹ ਨਕਲ ਦਾ ਵਰਤਾਰਾ ਕਿੰਨੇ ਵੱਡੇ ਪੱਧਰ 'ਤੇ ਸੀ ਕਿ ਉਨ੍ਹਾਂ ਸਮਿਆਂ ਵਿਚ ਬਹੁਤ ਸਾਰੇ ਟੀਚਰ ਅਤੇ ਪ੍ਰੋਫੈਸਰ ਨਕਲ ਨਾਲ ਲਏ ਹੋਏ ਨੰਬਰਾਂ ਸਦਕਾ ਹੀ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਭਰਤੀ ਹੋ ਗਏ। ਅਜਿਹੇ ਕੁਝ ਤਾਂ ਬੜੇ ਮਾਣ ਨਾਲ ਕਿਹਾ ਕਰਦੇ ਸਨ ਕਿ ਨਾ ਤਾਂ ਅਸੀਂ ਪੜ੍ਹੇ ਹਾਂ ਅਤੇ ਨਾ ਹੀ ਅਸੀਂ ਪੜ੍ਹਾਉਣਾ ਹੈ। ਇਸ ਨਕਲ ਨੇ ਪੰਜਾਬ ਵਿਚਲੇ ਵਿਦਿਅਕ ਢਾਂਚੇ ਦਾ ਅਜਿਹਾ ਨੁਕਸਾਨ ਕੀਤਾ ਕਿ ਜਿਸ ਦੀ ਭਰਪਾਈ ਨਹੀਂ ਹੋ ਰਹੀ, ਤਾਂ ਹੀ ਸਾਡੀ ਆਉਣ ਵਾਲੀ ਨਸਲ ਦੇ ਸੁਪਨੇ ਆਈ ਏ ਐੱਸ, ਇੰਜੀਨੀਅਰ, ਡਾਕਟਰ, ਪ੍ਰੋਫੈਸਰ ਬਣਨ ਤੋਂ ਆਈਲੈਟਸ ਤੀਕ ਸੁੰਗੜ ਗਏ। ਅਸੀਂ ਤਾਂ ਆਈਲੈਟਸ ਵੀ ਦੋ ਨੰਬਰ ਵਿਚ ਕਰਨ ਲੱਗ ਪਏ। ਜਦ ਨਕਲ ਤੁਹਾਡੀ ਸੋਚ ਵਿਚ ਰਚ ਜਾਵੇ ਤਾਂ ਇਹ ਇਕ ਅਜਿਹੀ ਨਾਮੁਰਾਦ ਆਦਤ ਹੁੰਦੀ, ਜਿਸ ਤੋਂ ਛੁਟਕਾਰਾ ਪਾਉਣਾ ਲੱਗਭੱਗ ਅਸੰਭਵ ਹੁੰਦਾ। ਪੰਜਾਬ ਵਿਦਿਅਕ ਪੱਖੋਂ ਦੀਵਾਲੀਏ ਦੀ ਹੱਦ ਤੀਕ ਪਹੁੰਚ ਚੁੱਕਾ ਹੈ, ਜਿਸ ਲਈ ਬਹੁਤ ਸਾਰੇ ਪੱਖਾਂ ਸਮੇਤ ਕਾਲੇ ਦੌਰ ਵਿਚ ਨਕਲ ਦੀ ਪ੍ਰਥਾ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ ਹੈ।

1986 ਵਿਚ ਮੇਰੀ ਬਦਲੀ ਰਣਧੀਰ ਕਾਲਜ ਕਪੂਰਥਲਾ ਦੀ ਹੋ ਗਈ। 1988 ਦਾ ਮਾਰਚ ਮਹੀਨਾ। ਇਕ ਦਿਨ ਸਾਝਰੇ ਹੀ ਘਰ ਦਾ ਬੂਹਾ ਕਿਸੇ ਨੇ ਆ ਖੜਕਾਇਆ। ਮੈਂ ਬੂਹਾ ਖੋਲ੍ਹ ਕੇ ਦੇਖਿਆ ਤਾਂ ਲੋਈਆਂ ਦੀ ਬੁੱਕਲ ਮਾਰੀ, ਦੋ ਸਰਦਾਰ ਬਾਹਰ ਖੜੇ ਸਨ। ਉਨ੍ਹਾਂ ਨੇ ਮੈਨੂੰ ਪੁੱਛਿਆ ਕਿ ਤੁਸੀਂ ਪ੍ਰੋ. ਭੰਡਾਲ ਹੀ ਹੋ? ਜਦ ਮੈਂ ਹਾਂ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ ਅੰਦਰ ਚੱਲੋ, ਤੁਹਾਡੇ ਨਾਲ ਗੱਲ ਕਰਨੀ ਹੈ। ਮੈਂ ਗਲੀ ਨਾਲ ਲੱਗਦੇ ਕਮਰੇ ਦਾ ਬੂਹਾ ਖੋਲ੍ਹਿਆ। ਉਹ ਅੰਦਰ ਆ ਕੇ ਬਹਿ ਗਏ। ਉਨ੍ਹਾਂ ਦਾ ਸੁਵੱਖਤੇ ਇਸ ਤਰ੍ਹਾਂ ਆਉਣਾ, ਲਿਬਾਸ ਅਤੇ ਤੌਰ-ਤਰੀਕੇ ਅਜਿਹੇ ਸਨ ਕਿ ਮੈਂ ਜਾਣ ਗਿਆ ਕਿ ਕੁਝ ਤਾਂ ਖਾਸ ਹੈ, ਜਿਸ ਲਈ ਇਹ ਅਣਜਾਣ ਸੱਜਣ ਆਏ ਹਨ? ਹੋ ਸਕਦਾ ਹੈ ਕਿ ਲੋਈ ਦੀ ਬੁੱਕਲ ਹੇਠ ਹਥਿਆਰ ਵੀ ਹੋਣ। ਮੈਂ ਸਹਿਜ ਹੋ ਕੇ ਉਨ੍ਹਾਂ ਨੂੰ ਚਾਹ-ਪਾਣੀ ਪੁੱਛਿਆ। ਇਕ ਸੱਜਣ ਦੇ ਦੋ ਟੁੱਕ ਬੋਲ ਸਨ ਕਿ ਅਸੀਂ ਚਾਹ-ਪਾਣੀ ਪੀਣ ਨਹੀਂ ਆਏ, ਸਗੋਂ ਬਹੁਤ ਜ਼ਰੂਰੀ ਕੰਮ ਲਈ ਆਏ ਆਂ ਅਤੇ ਤੁਹਾਨੂੰ ਕਰਨਾ ਹੀ ਪੈਣਾ? ਅਣਜਾਣ ਵਿਅਕਤੀ ਦੇ ਮੂੰਹੋਂ ਕੰਮ ਕਰਨ ਦੀ ਸ਼ਰਤ ਰੱਖਣੀ ਜਦ ਕਿ ਕੰਮ ਦਾ ਤਾਂ ਪਤਾ ਹੀ ਨਾ ਹੋਵੇ, ਨੇ ਮੇਰੇ ਮਨ ਵਿਚ ਦੁਬਿਧਾ ਜ਼ਰੂਰ ਪੈਦਾ ਕਰ ਦਿੱਤੀ ਕਿ ਪਤਾ ਨਹੀਂ ਕਿਹੜਾ ਕੰਮ ਮੈਥੋਂ ਕਰਵਾਉਣ ਆਏ ਹਨ? ਨਾਲ ਦਾ ਸਾਥੀ ਖੰਗੂਰਾ ਮਾਰ ਕੇ ਬੋਲਿਆ ਕਿ ਅਸੀਂ ਤਰਨ ਤਾਰਨ ਵੱਲੋਂ ਆਏ ਆਂ। ਸਾਡਾ ਮੁੰਡਾ ਸੈਨਿਕ ਸਕੂਲ ਵਿਚ ਪੜ੍ਹਦਾ ਹੈ। ਪ੍ਰੀਮੈਡੀਕਲ ਦੇ ਪੇਪਰ ਹੋ ਰਹੇ ਹਨ ਅਤੇ ਕੱਲ੍ਹ ਨੂੰ ਤੁਹਾਨੂੰ ਉਸ ਦਾ ਫਿਜ਼ੀਕਸ ਦਾ ਪੇਪਰ ਹੱਲ ਕਰਨਾ ਪਵੇਗਾ। ਪੇਪਰ ਅਸੀਂ ਲੈ ਆਵਾਂਗੇ, ਤੁਸੀਂ ਹੱਲ ਕਰਨਾ ਹੈ। ਧਮਕੀਨੁਮਾ ਹੁਕਮ। ਮੈਂ ਜ਼ਰਾ ਸਖ਼ਤੀ, ਪਰ ਧੀਰਜ ਨਾਲ ਜਵਾਬ ਦਿੱਤਾ ਕਿ ਮੈਂ ਨਕਲ ਲਈ ਫ਼ਿਜ਼ੀਕਸ ਦਾ ਪੇਪਰ ਹੱਲ ਨਹੀਂ ਕਰਾਂਗਾ। ਤੁਹਾਡੇ ਬੱਚੇ ਨੇ ਫ਼ਿਜ਼ੀਕਸ ਦਾ ਕੁਝ ਵੀ ਸਮਝਣਾ ਹੋਵੇ, ਮੇਰੇ ਘਰ ਦੇ ਦਰਵਾਜ਼ੇ ਖੁੱਲ੍ਹੇ ਹਨ। ਮੈਨੂੰ ਬਹੁਤ ਖੁਸ਼ੀ ਹੋਵੇਗੀ ਬੱਚੇ ਨੂੰ ਪੜ੍ਹਾ ਕੇ, ਪਰ ਨਕਲ ਨਹੀਂ ਕਰਵਾ ਸਕਦਾ। ਉਨ੍ਹਾਂ ਦੋਹਾਂ ਨੇ ਮੇਰੇ ਵੰਨੀਂ ਜ਼ਰਾ ਘੂਰ ਕੇ ਦੇਖਿਆ ਅਤੇ ਫਿਰ ਚਾਹ ਪੀਤਿਆਂ ਬਗੈਰ ਹੀ ਕਮਰਿਉਂ ਬਾਹਰ ਹੋ ਗਏ।


ਉਸ ਕਾਲੇ ਦੌਰ ਦੇ ਇਸੀ ਵਰਤਾਰੇ ਦਾ ਕਹਿਰ ਅਸੀਂ ਪੰਜਾਬੀ ਹੰਢਾ ਰਹੇ ਹਾਂ। ਪਿੰਡਾਂ ਵਿੱਚੋਂ ਗੁੰਮ ਨੇ ਪਾਹੜਿਆਂ ਦੇ ਘਰ। ਟਾਟ 'ਤੇ ਬਹਿ ਕੇ ਪੜ੍ਹਨ ਵਾਲੇ ਪਿੰਡ ਦੇ ਜਵਾਕ ਪ੍ਰੋਫੈਸਰ, ਡਾਕਟਰ, ਇੰਜੀਨੀਅਰ ਜਾਂ ਵੱਡੇ ਅਫਸਰ ਬਣਨ ਦਾ ਸੁਪਨਾ ਲੈਂਦੇ ਸਨ ਅਤੇ ਪੂਰਾ ਕਰਦੇ ਸਨ। ਇਸ ਨਕਲ ਦੀ ਬਿਮਾਰੀ ਨੇ ਸੁਪਨਿਆਂ ਨੂੰ ਖਾ ਲਿਆ। ਅਸੀਂ ਵਿਦੇਸ਼ ਦੀ ਦੌੜ ਵਿਚ ਅਜਿਹੇ ਸ਼ਾਮਲ ਹੋਏ ਕਿ ਸਾਡੇ ਹੱਥੋਂ ਪੰਜਾਬ ਵੀ ਗਿਆ। ਪੰਜਾਬੀਆਂ ਨੇ ਪੰਜਾਬ ਵਿਹਲਾ ਕਰ ਦਿੱਤਾ। ਹੁਣ ਬਾਹਰਲੇ ਸੂਬਿਆਂ ਤੋਂ ਆਏ ਲੋਕਾਂ ਨੇ ਪੰਜਾਬੀਅਤ ਅਤੇ ਪੰਜਾਬ ਦੀ ਸਮਾਜਿਕ ਬਣਤਰ ਅਤੇ ਤਾਣੇ-ਬਾਣੇ ਨੂੰ ਪੰਜਾਬੀਅਤ ਤੋਂ ਦੂਰ ਕਰ ਦਿੱਤਾ ਏ। ਪੰਜਾਬੀ ਇਹ ਸਮਝ ਹੀ ਨਾ ਸਕੇ ਕਿ ਉਚੇਰੀ ਪੜ੍ਹਾਈ ਤੋਂ ਬਗੈਰ ਅਸੀਂ ਹਾਕਮ ਬਣਨ ਦੀ ਬਜਾਏ ਗੁਲਾਮ ਬਣਨ ਵੰਨੀਂ ਉਲਾਰ ਹੋ ਰਹੇ ਹਾਂ। ਪੰਜਾਬ ਦੀ ਉਪਰਲੀ ਅਫਸਰਸ਼ਾਹੀ ਵਿਚ ਪੰਜਾਬੀ ਨਾਦਾਰਦ ਹਨ। ਅਜੋਕੇ ਪੰਜਾਬ ਦੇ ਸੱਚ ਨੂੰ ਬੀਤੇ ਵਿਚੋਂ ਅਸਾਨੀ ਨਾਲ ਹੀ ਸਮਝਿਆ ਜਾ ਸਕਦਾ ਹੈ।

ਉਹ ਵਕਤ ਹੀ ਅਜਿਹਾ ਸੀ ਕਿ ਹਰ ਕੋਈ ਖਾੜਕੂਆਂ ਦਾ ਨਾਂਅ ਵਰਤ ਕੇ ਇਸ ਸਥਿਤੀ ਨੂੰ ਆਪਣੇ ਨਿੱਜੀ ਮੁਫ਼ਾਦ ਲਈ ਵਰਤ ਰਿਹਾ ਸੀ। ਕੋਈ ਨਹੀਂ ਸੀ ਰੋਕਣ ਤੇ ਟੋਕਣ ਵਾਲਾ, ਕਿਉਂਕਿ ਨਿਡਰ ਪੰਜਾਬੀਆਂ ਨੂੰ ਡਰ ਨੇ ਗ੍ਰਸਿਆ ਹੋਇਆ ਸੀ। ਹਰ ਕਰਮਚਾਰੀ ਜਾਂ ਬੰਦਾ ਖੁਦ ਨੂੰ ਬਚਾਉਣ ਦੇ ਆਹਰ ਵਿਚ ਸੀ। ਸਮੁੱਚੇ ਪੰਜਾਬੀ ਦੁਵੱਲੀ ਮਾਰ ਹੇਠ ਸਨ ਅਤੇ ਆਖਰ ਨੂੰ ਨੁਕਸਾਨ ਤਾਂ ਪੰਜਾਬੀਆਂ ਨੇ ਹੀ ਪੰਜਾਬ ਅਤੇ ਪੰਜਾਬੀਆਂ ਦਾ ਕਰ ਦਿੱਤਾ।

90ਵਿਆਂ ਦੀ ਗੱਲ ਹੈ ਕਿ ਮੈਂ ਕਲਾਸ ਨੂੰ ਪ੍ਰੈਕਟੀਕਲ ਕਰਵਾ ਰਿਹਾ ਸੀ ਤਾਂ ਪ੍ਰਿੰਸੀਪਲ ਦਫ਼ਤਰ ਤੋਂ ਇਕ ਚਪੜਾਸੀ ਇਕ ਨਿਹੰਗ ਨੂੰ ਲੈ ਕੇ ਮੇਰੇ ਕੋਲ ਆਇਆ ਅਤੇ ਕਿਹਾ ਕਿ ਮੈਡਮ ਪ੍ਰਿੰਸੀਪਲ ਹੁਰਾਂ ਦਾ ਕਹਿਣਾ ਹੈ ਕਿ ਇਸ ਦੀ ਗੱਲ ਸੁਣੀ ਜਾਵੇ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

## ਬਾਲ ਕੋਨਾ



ਜਸਕਰਨ ਸਿੰਘ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ



ਜੋਤ ਕੌਰ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ




ਖੁਸ਼ਪ੍ਰੀਤ ਕੌਰ, ਪੰਜਵੀਂ, ਸਰਕਾਰੀ ਪ੍ਰਾਇਮਰੀ ਸਕੂਲ ਉਡਤ, ਭਗਤ ਰਾਮ



ਯਸ਼ਿਕਾ, ਦੂਜੀ, ਡਾਲਫਿਨ ਪਲੇਵੇ ਪਬਲਿਕ ਸਕੂਲ, ਸ੍ਰੀ ਮੁਕਤਸਰ ਸਾਹਿਬ